☬ ੧ਓ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
# ਦੀ ਬਾਣੀ
# ਦੇ ਆਧਾਰ ਤੇ
# ਦਸਮ ਗ੍ਰੰਥ ਦੀ ਵਿਚਾਰ

ਦੂਜੀ ਵਾਰ, ਮਾਰਚ 2008 (ਵਿਸਤ੍ਰਿਤ ਜਿਲਦ)

ਡਾ. ਗੁਰਮੁਖ ਸਿੰਘ

☬

**Dasam Granth**
**Dee Vichar**

*by*

**Dr. Gurmukh Singh**
B.Sc., DHS (Homeo)

ਪਹਿਲੀ ਵਾਰ : ਫਰਵਰੀ 2007

ਦੂਜੀ ਵਾਰ : ਮਾਰਚ 2008 (ਵਿਸਤ੍ਰਿਤ ਜਿਲਦ)

**ਲੇਖਕ :**

ਡਾ. ਗੁਰਮੁਖ ਸਿੰਘ

© ਸਭ ਹੱਕ ਲੇਖਕ ਦੇ ਰਾਖਵੇਂ ਹਨ।

**ਪੁਸਤਕ ਮਿਲਣ ਦਾ ਪਤਾ :**

**INDIA**

**Dasam Granth Vichar Manch International**
NH5/106F, NIT Faridabad, Haryana. *Tel.:* 9811512636
*E-mail :* dasamgranth_vicharmanch@yahoo.com

**Gurmat Sukhi Jeevan Jaach Vishvavidyalya**
**Dr. Gurmukh Singh** B-6/58 Safdarjung Enclave, New Delhi - 110029
*Tel.:* 2610 2376. *E-mail :* gurmukh_sarjit@hotmail.com

**U. K. -** **Harbinder Singh** 53 Greywood Drive, Mytchett Lake Road, Mytchett Camberley, Surrey, UK. *Tel.:* 00441252-511955.
*E-mail :* binder25@yahoo.com

**U.S.A. -** **Yash Sodhi** 11201 Devereux, Manor Lane, Fair Fax Station, Virginia (VA22039) *Tel.:* 703-425-7701. *E-mail :* ysodhi@gmail.com
**Arvinder Kaur** *E-mail:* akbhutani@gmail.com

**Website : www.khalsaidentity.com**

**Price :** Rs. 100, $8, £6

# ਤਤਕਰਾ


| | | |
|---|---|---|
| i. | ਦੋ ਸ਼ਬਦ | 4 |
| 1. | ਭਾਗ 1 - ਦਸਮ ਗ੍ਰੰਥ ਦੀ ਵਿਚਾਰ ਦਾ ਸਾਰ | 5 |
| 2. | ਭਾਗ 2 - ਦਸਮ ਗ੍ਰੰਥ ਦੀ ਸੰਖੇਪ ਜਾਣਕਾਰੀ ਤੇ ਸੰਕਲਨ | 25 |
| 3. | ਭਾਗ 3 - ਦਸਮ ਗ੍ਰੰਥ, ਪੁਰਾਤਨ ਇਤਿਹਾਸਕ ਪੁਸਤਕਾਂ ਤੇ ਰਹਿਤਨਾਮੇ | 34 |
| 4. | ਭਾਗ 4 - ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ | 41 |
| 5. | ਭਾਗ 5 - ਗੁਰਬਾਣੀ ਉਪਦੇਸ਼ ਦਾ ਸਾਰ | 48 |
| 6. | ਭਾਗ 6 - ਵੇਦ ਬਾਣੀ ਬਾਰੇ ਗੁਰਬਾਣੀ ਕੀ ਉਪਦੇਸ਼ ਦਿੰਦੀ ਹੈ | 62 |
| 7. | ਭਾਗ 7 - **ਗੁਰਬਾਣੀ ਉਪਦੇਸ਼ ਤੋਂ ਅਕਾਲ ਪੁਰਖ ਤੇ ਕਾਲ ਪੁਰਖ ਦਾ ਭੇਦ** | 76 |
| 8. | ਭਾਗ 8 - **ਦਸਮ ਗ੍ਰੰਥ ਦੀਆਂ ਰਚਨਾਵਾਂ** | 83 |
| | 1. ਜਾਪੁ ਸਾਹਿਬ (ਦਸਮ ਗ੍ਰੰਥ ਪੰਨਾ 1 ਤੋਂ 10) | 94 |
| | 2. ਅਕਾਲ ਉਸਤਤਿ (ਦਸਮ ਗ੍ਰੰਥ ਪੰਨਾ 11 ਤੋਂ 34) | 101 |
| | 3. ਬਚਿਤ੍ਰ ਨਾਟਕ (ਦਸਮ ਗ੍ਰੰਥ ਪੰਨਾ 39 ਤੋਂ 73) | 119 |
| | 4. ਵਾਰ ਸ੍ਰੀ ਭਗਉਤੀ ਜੀ ਕੀ (ਦਸਮ ਗ੍ਰੰਥ ਪੰਨਾ 119) | 145 |
| | 5. ਅਬ ਗਿਆਨ ਪ੍ਰਬੋਧ (ਦਸਮ ਗ੍ਰੰਥ ਪੰਨਾ 127 ਤੋਂ 155) | 148 |
| | 6. ਅਬ ਚਉਬੀਸ ਅਵਤਾਰ (ਦਸਮ ਗ੍ਰੰਥ ਪੰਨਾ 155 ਤੋਂ 709) | 155 |
| | 7. ਰਾਮਕਲੀ ਪਾ:10 (ਦਸਮ ਗ੍ਰੰਥ ਪੰਨਾ 709) | 163 |
| | 8. 33 ਸਵੈਯੇ (ਦਸਮ ਗ੍ਰੰਥ ਪੰਨਾ 712 ਤੋਂ 716) | 168 |
| | 9. ਖਾਲਸਾ ਮਹਿਮਾ (ਦਸਮ ਗ੍ਰੰਥ ਪੰਨਾ 716) | 170 |
| | 10. ਸ਼ਸਤਰ ਨਾਮ ਮਾਲਾ (ਦਸਮ ਗ੍ਰੰਥ ਪੰਨਾ 717 ਤੋਂ 808) | 174 |
| | 11.ਅਬ ਤ੍ਰਿਯਾ ਚਰਿਤ੍ਰ (ਦਸਮ ਗ੍ਰੰਥ ਪੰਨਾ 809 ਤੋਂ 1388) | 179 |
| | 12.ਜ਼ਫ਼ਰਨਾਮਾ ਪਾ:10 (ਦਸਮ ਗ੍ਰੰਥ ਪੰਨਾ 1389 ਤੋਂ 1427) | 189 |
| 9. | ਅੰਤਕਾ | 200 |




# ਦੋ ਸ਼ਬਦ

ਸ੍ਰ. ਤਰਸੇਮ ਸਿੰਘ, ਸਾਡੇ ਘਰ ਦੇ ਨੇੜੇ ਰਹਿੰਦੇ ਹਨ। ਨਿਤਨੇਮੀ ਤੇ ਗੁਰਮਤਿ ਸਿਮਰਣ ਵਿੱਚ ਪਰਪੱਕ ਹਨ। ਕਦੇ ਕਦੇ ਦਾਸ ਦੇ ਘਰ ਆ ਜਾਂਦੇ ਹਨ ਤਾਂ ਗੁਰਮਤਿ ਵਿਚਾਰਾਂ ਹੋ ਜਾਂਦੀਆਂ ਹਨ। ਸੰਨ 2005 ਦੇ ਸ਼ੁਰੂ ਵਿੱਚ ਉਹਨਾਂ ਨੇ ਪੁੱਛਿਆ, ਕੀ 'ਦੇਹ ਸਿਵਾ ਬਰ ਮੋਹਿ ਇਹੈ' ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ, ਕੀ ਪਾ:10 ਸ਼ਿਵ ਪਤਨੀ ਤੋਂ ਵਰ ਮੰਗਦੇ ਹਨ ? ਦਾਸ ਨੇ ਕਿਹਾ, ਮੈਨੂੰ ਦਸਮ ਗ੍ਰੰਥ ਦੀ ਜਾਣਕਾਰੀ ਨਹੀਂ, ਪਰ ਜੋ ਤੁਸੀਂ ਕਹਿੰਦੇ ਹੋ ਠੀਕ ਜਾਪਦਾ ਹੈ। ਇਸੇ ਤਰ੍ਹਾਂ ਉਹਨਾਂ ਨੇ ਆਰਤੀ 'ਸੰਖਨ ਕੀ ਧੁੰਨ ਘੰਟਨ ਕੀ' ਬਾਰੇ ਵੀ ਵਿਚਾਰ ਸਮਝਾਈ ਤੇ ਮੈਂ ਉਹ ਹੀ ਉੱਤਰ ਦਿੱਤਾ - ਮੈਨੂੰ ਦਸਮ ਗ੍ਰੰਥ ਦੀ ਜਾਣਕਾਰੀ ਨਹੀਂ।

ਫਿਰ ਉਹਨਾਂ ਨੇ ਕਹਿਣਾ ਸ਼ੁਰੂ ਕੀਤਾ, ਤੁਸੀਂ ਗੁਰਬਾਣੀ ਦੀ ਕਥਾ/ਵਿਚਾਰ ਕਰਦੇ ਹੋ, ਤੁਸੀਂ ਦਸਮ ਗ੍ਰੰਥ ਨੂੰ ਪੜ੍ਹ ਕੇ ਆਪਣੀ ਰਾਏ ਦਿਉ। ਮੈਂ ਦੋ ਹੋਰ ਗੁਰਬਾਣੀ ਵਿਚਾਰ ਕਰਨ ਵਾਲੇ ਸਿੰਘਾਂ ਨੂੰ ਵੀ ਇਹ ਕੰਮ ਕਰਨ ਲਈ ਬੇਨਤੀ ਕੀਤੀ ਹੈ। ਜੂਨ 2005 ਤਕ ਇਸ ਤਰ੍ਹਾਂ ਹੀ ਗੱਲਬਾਤ ਹੁੰਦੀ ਰਹੀ। ਅੰਤ ਵਿੱਚ ਮੈਂ ਕਿਹਾ ਕਿ ਦਾਸ ਦਸਮ ਗ੍ਰੰਥ ਨੂੰ ਪੜ੍ਹ ਕੇ ਆਪਣੇ ਵਿਚਾਰ ਦੱਸ ਦੇਵੇਗਾ। ਉਹਨਾਂ ਨੇ ਮੈਨੂੰ ਦਸਮ ਗ੍ਰੰਥ, ਦਸਮ ਗ੍ਰੰਥ ਦੇ ਟੀਕੇ ਤੇ ਵਿਦਵਾਨਾਂ ਦੀਆਂ ਆਪਸ ਵਿੱਚ ਵਿਰੋਧੀ ਵਿਚਾਰਾਂ ਦੀਆਂ ਪੁਸਤਕਾਂ ਦਿੱਤੀਆਂ। ਦਾਸ ਨੇ ਉਹਨਾਂ ਦੇ ਕਹਿਣੇ ਤੇ ਕੰਮ ਸ਼ੁਰੂ ਕੀਤਾ। ਹਥਲੀ ਪੁਸਤਕ ਤਕਰੀਬਨ 8 ਮਹੀਨਿਆਂ ਦੇ ਅਧਿਐਨ ਦਾ ਨਤੀਜਾ ਹੈ।

ਮੈਂ ਨਹੀਂ ਜਾਣਦਾ ਸੀ ਕਿ ਵਿਚਾਰ ਦੇ ਨਤੀਜੇ ਇਤਨੇ ਅਚੰਭੇ ਵਾਲੇ ਹੋਣਗੇ। ਮੈਂ ਸ੍ਰ. ਤਰਸੇਮ ਸਿੰਘ ਦਾ ਧੰਨਵਾਦੀ ਹਾਂ ਜਿੰਨ੍ਹਾਂ ਨੇ ਮੈਨੂੰ ਇਸ ਅਤਿਅੰਤ ਜ਼ਰੂਰੀ ਕੰਮ ਕਰਨ ਲਈ ਪ੍ਰੇਰਨਾ ਕੀਤੀ। ਇਸ ਤੋਂ ਬਾਦ ਮੈਨੂੰ ਗੁਰਬਾਣੀ ਤੇ ਵੇਦਾਂ ਸ਼ਾਸਤਰਾਂ ਬਾਰੇ ਗੁਰਬਾਣੀ ਦੇ ਉਪਦੇਸ਼ ਤੇ ਭੇਦ ਬੜੇ ਸਪਸ਼ਟ ਰੂਪ ਵਿੱਚ ਸਮਝ ਵਿੱਚ ਆ ਗਏ।

ਦਸਮ ਗ੍ਰੰਥ ਦੀ ਵਿਚਾਰ ਕਰਨ ਦੇ ਦੌਰਾਨ ਵੀ ਸ੍ਰ. ਤਰਸੇਮ ਸਿੰਘ ਆਉਂਦੇ ਰਹੇ, ਤੇ ਲੋੜ ਅਨੁਸਾਰ ਪੁਸਤਕਾਂ ਆਦਿ ਵੀ ਉਪਲਬਧ ਕਰਾਉਂਦੇ ਰਹੇ। ਵਿਚਾਰ ਪੂਰੀ ਹੋਣ ਦੇ ਬਾਦ, ਉਹਨਾਂ ਨੇ ਖਰੜਾ ਪੜ੍ਹਿਆ ਤੇ ਪੂਰੀ ਤਰ੍ਹਾਂ ਸੰਤੁਸ਼ਟ ਹੋ ਗਏ। ਦਾਸ ਉਹਨਾਂ ਦਾ ਧੰਨਵਾਦੀ ਹੈ।

## ਭਾਗ ੧

### ਦਸਮ ਗ੍ਰੰਥ ਦੀ ਵਿਚਾਰ ਦਾ ਸਾਰ

ਗੁਰੂ ਨਾਨਕ ਸਾਹਿਬ ਨੇ ਹਿੰਦੂ ਘਰਾਨੇ ਵਿੱਚ ਜਨਮ ਲਿਆ। ਗੁਰੂ ਨਾਨਕ ਸਾਹਿਬ ਤੇ ਪੰਜ ਹੋਰ ਗੁਰੂਆਂ ਨੇ ਗੁਰਬਾਣੀ ਉਚਾਰ ਕੇ ਸਾਰੇ ਸੰਸਾਰ ਨੂੰ ਸੱਚੇ ਨਾਮ ਧਰਮ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਵੇਦ ਮਤ, ਵੇਦਾਂ, ਸ਼ਾਸਤਰਾਂ, ਸਿੰਮ੍ਰਿਤੀਆਂ ਨੂੰ ਮੰਨਣ ਵਾਲੇ ਹਿੰਦੂਆਂ, ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰਾਂ ਨੂੰ ਇਕੋ ਜਿਹਾ ਨਾਮ ਧਰਮ ਦਾ ਉਪਦੇਸ਼ ਦਿੱਤਾ। ਬ੍ਰਾਹਮਣ, ਜਗਤ ਗੁਰੂ ਸੀ। ਖੱਤ੍ਰੀ ਜੰਗਾਂ ਵਿੱਚ ਜੂਝਣ ਵਾਲਾ ਸਮਾਜ ਦਾ ਵਰਗ ਸੀ। ਵੈਸ਼ ਵਿਆਪਾਰੀ ਤੇ ਸ਼ੂਦ੍ਰ ਸਭ ਦੀ ਸੇਵਾ ਕਰਨ ਵਾਲਾ ਜਨਮ ਦੇ ਆਧਾਰ ਤੇ ਸੀ। ਗੁਰੂ ਜੀ ਨੇ ਕਿਹਾ ਕਿ ਸਭ ਨਰ ਨਾਰੀ ਦੇ ਹੱਕ ਬਰਾਬਰ ਹਨ।

ਗੁਰੂ ਜੀ ਨੇ ਗੁਰਬਾਣੀ ਰਾਹੀਂ ਗੁਰਉਪਦੇਸ਼ ਦੀ ਤੁਲਨਾ ਵੇਦ ਮਤ ਨਾਲ ਕੀਤੀ ਤੇ ਵੇਦ ਮਤ ਨੂੰ ਮੂਲੋਂ ਹੀ ਭੁੱਲਾ ਮਾਰਗ ਸਿੱਧ ਕੀਤਾ।

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਸਿੱਖ ਗੁਰੂਆਂ ਨੇ ਇੱਕ ਹੀ ਉਪਦੇਸ਼ ਦਿੱਤਾ। ਕੁਝ ਬ੍ਰਾਹਮਣ ਤੇ ਹੋਰ ਹਿੰਦੂ, ਨਾਮ ਧਰਮ ਦੇ ਸੱਚੇ ਮਾਰਗ ਨੂੰ ਸਮਝ ਕੇ ਸਿੱਖ ਸਜੇ।

ਬ੍ਰਾਹਮਣ ਨੂੰ, ਗੁਰੂ ਹੋਣ ਤੇ ਸਮਾਜ ਵਿੱਚ ਪੂਜਾ ਯੋਗ ਹੋਣ ਦਾ ਅਧਿਕਾਰ ਛਿਨ ਜਾਣਾ ਮੰਜ਼ੂਰ ਨਹੀਂ ਸੀ। ਬ੍ਰਾਹਮਣ, ਸਿੱਖ ਗੁਰੂਆਂ ਦੇ ਸਮੇਂ ਤੋਂ ਗੁਰਮਤਿ ਦਾ ਵਿਰੋਧ, ਜਾਇਜ਼ ਤੇ ਨਾਜਾਇਜ਼ ਤਰੀਕਿਆਂ ਨਾਲ ਕਰਨ ਲੱਗਾ।

### ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼

### ਨਾਮ ਧਰਮ ਤੇ ਗੁਰਮਤਿ ਅਨੁਸਾਰ ਵੇਦ ਮਤ

### ਨਾਮ ਧਰਮ

**ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥**

**ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੫॥**

(ਪੰਨਾ 1387, ਗੁਰੂ ਗ੍ਰੰਥ ਸਾਹਿਬ)

ਨਾਮ ਦੇ ਅਰਥ ਹਨ ਇਕੋ ਇੱਕ ਸਦੀਵ ਹਸਤੀ, ਰੂਪ ਰੇਖ ਰੰਗ ਤੋਂ ਨਿਆਰੀ ਜੋਤਿ ਰੂਪ, ਅਕਾਲ ਪੁਰਖ ਪਾਰਬ੍ਰਹਮ "*ਪਰਮ ਜੋਤਿ ਪੂਰਨ ਪੁਰਖੁ*"।





ਗੁਰਬਾਣੀ **ਇੱਕ ਏਕੰਕਾਰ ਅਕਾਲ ਪੁਰਖ**, ਉਸਦੇ ਸੰਸਾਰ ਵਿੱਚ ਆਤਮ ਪਸਾਰੇ ਵਾਲੇ ਸਰੂਪ **ਓਅੰਕਾਰ**, ਤੇ ਉਸਦੇ ਸੰਸਾਰ ਦੇ ਜੀਵ ਜੰਤਾਂ ਵਾਲੇ ਕੂੜ ਰੂਪ, **ਮਾਯਾਵੀ ਸਰੂਪ** ਦੀ ਵਿਚਾਰ ਸਮਝਾਉਂਦੀ ਹੈ।

ਨਾਮ ਇੱਕ ਏਕੰਕਾਰ, ਅਕਾਲ ਪੁਰਖ ਇਕੋ ਇੱਕ ਸੱਤ ਹਸਤੀ ਹੈ, Reality ਹੈ। ਉਹ ਰੱਬ ਹੈ, ਪਰਮਾਤਮਾ ਹੈ, ਪਰਮੇਸਵਰ ਹੈ, "*ਪਉਰਾਤਨ ਪੁਰਖੁ*" ਹੈ, ਜਪ ਸਿਮਰਣ ਅਰਾਧਨਾ, ਸਿਫਤ ਸਲਾਹ ਯੋਗ ਹੈ।

**ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥**

**ਦੂਸਰ ਆਨ ਨ ਅਵਰੁ ਪੁਰਖੁ ਪਉਰਾਤਨੁ ਸੁਣੀਐ ॥**

(ਪੰਨਾ 1386, ਗੁਰੂ ਗ੍ਰੰਥ ਸਾਹਿਬ)

ਵੇਦ ਮਤ ਨਾਮ ਰੂਪ ਅਕਾਲ ਪੁਰਖ ਨੂੰ ਨਹੀਂ ਜਾਣਦਾ ਪਛਾਣਦਾ। ਇੱਕ ਏਕੰਕਾਰ, ਸੰਸਾਰ ਨੂੰ ਰਚਨ ਵਾਲਾ ਅਕਾਲ ਪੁਰਖ, ਸੰਸਾਰ ਤੋਂ ਪਾਰ ਹਸਤੀ ਹੈ। ਵੇਦ ਮਤ ਕੇਵਲ ਕਾਲ ਪੁਰਖ ਤੇ ਆਕਾਰ ਵਾਲੀ ਸ੍ਰਿਸ਼ਟੀ ਨੂੰ ਜਾਣਦਾ ਹੈ। ਕਾਲ ਨੂੰ ਇਕੋ ਇੱਕ ਸਦੀਵ ਹਸਤੀ, ਅਕਾਲ ਪੁਰਖ ਨੇ ਉਪਾਇਆ। ਕਾਲ ਪੁਰਖ, ਅਕਾਲ ਪੁਰਖ ਦੀ ਉਪਾਈ ਮਾਇਆ ਹੈ।

### ਵੇਦ ਸਿਮ੍ਰਿਤ ਸ਼ਾਸਤਰਾਂ ਦੀ ਵਿਚਾਰ, ਗੁਰਬਾਣੀ ਅਨੁਸਾਰ

**ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥**

**ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥**

(ਪੰਨਾ 154, ਗੁਰੂ ਗ੍ਰੰਥ ਸਾਹਿਬ)

(ਚਾਰੇ ਵੇਦ ਆਕਾਰ ਵਾਲੀ ਸ੍ਰਿਸ਼ਟੀ, ਤ੍ਰਿਗੁਣੀ ਮਾਇਆ ਦਾ ਵਖਿਆਨ ਕਰਦੇ ਹਨ। ਤੁਰੀਆ ਅਵਸਥਾ, ਤ੍ਰਿਗੁਣ ਮਾਇਆ ਆਕਾਰ ਵਾਲੀ ਸ੍ਰਿਸ਼ਟੀ ਤੋਂ ਪਾਰ ਦੀ ਅਵਸਥਾ, ਸਤਿਗੁਰੂ ਤੋਂ ਜਾਣੀ ਜਾਂਦੀ ਹੈ।)

ਸਿਮ੍ਰਿਤ ਸ਼ਾਸਤ੍ਰ ਨਾਮ ਤੱਤ ਨੂੰ ਨਹੀਂ ਪਛਾਣਦਾ। ਮੂਰਖ ਅੰਧਾ ਹੈ।

**ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥ ਮੂਰਖੁ ਅੰਧਾ ਤਤੁ ਨ ਪਛਾਣੈ ॥**

**ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥**

(ਪੰਨਾ 1061, ਗੁਰੂ ਗ੍ਰੰਥ ਸਾਹਿਬ)

(ਸਿਮ੍ਰਿਤ ਸ਼ਾਸਤਰਾਂ ਨੂੰ ਕਰਤੇ ਨੇ ਭਰਮ ਵਿੱਚ ਰਖਿਆ ਹੈ, ਤਤ ਨੂੰ ਨਹੀਂ ਪਛਾਣਦਾ।)

ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥

ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ ॥

ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖ ਦੁਆਰੁ ॥

(ਪੰਨਾ 1276, ਗੁਰੂ ਗ੍ਰੰਥ ਸਾਹਿਬ)

(ਬੇਦ ਬਾਣੀ ਤ੍ਰਿਗੁਣੀ ਸੰਸਾਰ ਦੀ ਵਿਚਾਰ ਸਮਝਾਉਂਦੀ ਹੈ, ਬੇਦ ਬਾਣੀ ਨਾਮ ਤੱਤ ਨੂੰ ਨਹੀਂ ਜਾਣਦੀ, ਨਾਮ ਤੋਂ ਬਿਨਾ ਜਮਡੰਡ ਲੱਗਦਾ ਹੈ ਤੇ ਜੀਵ ਜਨਮ ਮਰਨ ਦੇ ਗੇੜ ਵਿੱਚ ਰਹਿੰਦਾ ਹੈ।)

## ਬ੍ਰਾਹਮਣ ਬਾਰੇ ਗੁਰਬਾਣੀ ਉਪਦੇਸ਼

ਵੇਦ ਮਤ ਅਨੁਸਾਰ **ਬ੍ਰਾਹਮਣ**, ਖੱਤ੍ਰੀ, ਵੈਸ਼, ਸ਼ੂਦਰ ਸਭ ਦਾ ਗੁਰੂ ਹੈ।

* ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥

ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥

(ਪੰਨਾ 1377, ਗੁਰੂ ਗ੍ਰੰਥ ਸਾਹਿਬ)

* ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥

ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥

(ਪੰਨਾ 1369, ਗੁਰੂ ਗ੍ਰੰਥ ਸਾਹਿਬ)

* ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥

(ਪੰਨਾ 232, ਗੁਰੂ ਗ੍ਰੰਥ ਸਾਹਿਬ)

(ਬ੍ਰਾਹਮਣ ਅੰਧਾ ਗੁਰੂ ਹੈ, ਇਸ ਦੇ ਆਖੇ ਲੱਗ ਕੇ ਕਿਸੇ ਦੂਜੇ ਦੀ ਅਰਾਧਨਾ ਕਰਕੇ ਹਉਂ ਦਾ ਭਰਮ ਨਹੀਂ ਜਾਂਦਾ।)

ਬ੍ਰਾਹਮਣ ਮੂਲ ਛੱਡ ਕੇ, ਦੂਜਿਆਂ, ਕਾਲ ਪੁਰਖ, ਬ੍ਰਹਮਾ, ਬਿਸਨ, ਮਹੇਸ਼ ਤੇ ਹੋਰ ਅਨੇਕਾਂ ਦੇਵੀ ਦੇਵਤਿਆਂ ਦੀ ਉਸਤਤਿ, ਆਰਾਧਨਾ ਦਾ ਉਪਦੇਸ਼ ਦਿੰਦਾ ਹੈ। ਇਹ ਸਭ ਦੂਜੇ ਹਨ, ਜੰਮਦੇ ਮਰਦੇ ਰਹਿੰਦੇ ਹਨ।

ਗੁਰਬਾਣੀ ਕਹਿੰਦੀ ਹੈ :

* ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ





ਵਿਚਿ ਹਉਮੈ ਕਾਰ ਕਮਾਈ ॥ (ਪੰਨਾ 735, ਗੁਰੂ ਗ੍ਰੰਥ ਸਾਹਿਬ)

* ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥

ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥

(ਪੰਨਾ 423, ਗੁਰੂ ਗ੍ਰੰਥ ਸਾਹਿਬ)

(ਬ੍ਰਹਮਾ, ਕਰਤੇ, ਇਕੋ ਇੱਕ ਹਸਤੀ ਅਕਾਲ ਪੁਰਖ ਦੇ ਹੁਕਮ ਨੂੰ ਨਹੀਂ ਜਾਣਦਾ, ਨਰਕਾਂ ਸੁਰਗਾਂ ਵਿੱਚ ਘੁੰਮਦਾ ਹੈ। ਬ੍ਰਹਮਾ ਨਹੀਂ ਜਾਣਦਾ ਕਿ ਉਹ ਇੱਕ ਦੇ ਹੁਕਮ ਨਾਲ ਉਪਜਿਆ ਹੈ।)

ਬ੍ਰਹਮਾ, ਬਿਸਨ, ਮਹੇਸ ਅਕਾਲ ਪੁਰਖ ਦੀ ਮਾਇਆ ਹਨ। ਇਹ ਕਰਤੇ ਨੂੰ ਨਹੀਂ ਜਾਣਦੇ, ਜਿਸਨੇ ਇਹਨਾਂ ਨੂੰ ਸੰਸਾਰ ਦੇ ਧੰਧੇ ਵਿੱਚ ਲਾਇਆ ਹੈ।

* ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥

ਸਿਰਿ ਸਿਰਿ ਧੰਧੈ ਆਪੇ ਲਾਏ ॥

(ਪੰਨਾ 1051, ਗੁਰੂ ਗ੍ਰੰਥ ਸਾਹਿਬ)

## ਗੁਰਬਾਣੀ ਦਾ ਇਸ਼ਟ, ਇਕੋ ਇੱਕ ਸਦੀਵ ਹਸਤੀ - ਜੋਤਿ ਰੂਪ ਅਕਾਲ ਪੁਰਖ - ਪਾਰਬ੍ਰਹਮ

ਗੁਰਬਾਣੀ ਦਾ ਇਸ਼ਟ, ਰੱਬ, ਭਗਵਾਨ ਇਕੋ ਇੱਕ ਸਤ ਤੇ ਸਦੀਵ ਹਸਤੀ ਇੱਕ ਏਕੰਕਾਰ ਅਕਾਲ ਪੁਰਖ ਹੈ। ਗੁਰਬਾਣੀ ਇੱਕ ਦੀ ਸਿਫਤ ਸਾਲਾਹ, ਜਪ ਸਿਮਰਣ ਆਰਾਧਨਾ ਦਾ ਉਪਦੇਸ਼ ਦਿੰਦੀ ਹੈ।

* ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥

(ਪੰਨਾ 1113, ਗੁਰੂ ਗ੍ਰੰਥ ਸਾਹਿਬ)

ਸਤਿਗੁਰੂ ਨੇ ਇੱਕ ਨੂੰ ਦੇਖਿਆ ਹੈ, ਤੇ ਸਿੱਖ ਸੇਵਕ ਨੂੰ ਦਿਖਾ ਦਿੰਦਾ ਹੈ।

* ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥

ਅਗਮ ਅਗੋਚਰੁ ਰੂਪੁ ਨ ਰੇਖਿਆ ॥

**ਖੋਜਤ ਖੋਜਤ ਘਟਿ ਘਟਿ ਦੇਖਿਆ ॥**

**ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥**

**ਗੁਰ ਪਰਸਾਦਿ ਪਰਮ ਪਦੁ ਪਾਈ ॥**

(ਪੰਨਾ 838, ਗੁਰੂ ਗ੍ਰੰਥ ਸਾਹਿਬ)

ਗੁਰਬਾਣੀ ਫੁਰਮਾਣ ਹੈ ਜੋ ਇਕੋ ਇੱਕ ਹਸਤੀ ਅਕਾਲ ਪੁਰਖ ਨੂੰ ਛੱਡ ਕੇ ਕਿਸੇ ਹੋਰ ਇਸ਼ਟ, ਦੇਵੀ,ਦੇਵਤਾ, ਕਾਲ ਪੁਰਖ, ਕਾਲ, ਮਹਾਕਾਲ, ਬ੍ਰਹਮਾ ਬਿਸਨ ਮਹੇਸ, ਭਗਉਤੀ, ਦੁਰਗਾ ਆਦਿ ਦੀ ਉਸਤਤਿ ਆਰਾਧਨਾ ਕਰਦੇ ਹਨ, ਉਹ ਮੂੜ ਮੁਗਧ ਹਨ, ਖੋਤੇ ਹਨ।

* **ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥**

(ਪੰਨਾ 1267, ਗੁਰੂ ਗ੍ਰੰਥ ਸਾਹਿਬ)

* **ਮਾਈ ਰੀ ਆਨ ਸਿਮਰਿ ਮਰਿ ਜਾਂਹਿ ॥**

**ਤਿਆਗਿ ਗੋਬਿਦੁ ਜੀਅਨ ਕੋ ਦਾਤਾ ਮਾਇਆ ਸੰਗਿ ਲਪਟਾਹਿ ॥੧॥**

**ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥**

(ਪੰਨਾ 1225, ਗੁਰੂ ਗ੍ਰੰਥ ਸਾਹਿਬ)

(ਜੋ ਨਾਮ ਨੂੰ ਵਿਸਾਰ ਕੇ ਕਿਸੇ ਹੋਰ ਰਾਹ ਤੇ ਚਲਦੇ ਹਨ, ਉਹ ਘੋਰ ਨਰਕ ਵਿੱਚ ਜਾਂਦੇ ਹਨ।)

## ਇਸ਼ਟ ਦੀ ਉਸਤਤਿ, ਜਪ ਸਿਮਰਣ ਆਰਾਧਨਾ ਦੇ ਫਲ

ਜਿਸਨੂੰ ਸਿਮਰਾਂਗੇ, ਜਿਸ ਦੀ ਉਸਤਤਿ ਕਰਾਂਗੇ, ਉਸ ਦੇ ਗੁਣ ਅਵਗੁਣ ਸੇਵਕ ਵਿੱਚ ਆ ਜਾਂਦੇ ਹਨ। ਧਿਆਨ ਕਰਨ ਵਾਲਾ ਉਸ ਵਿੱਚ ਅਭੇਦ ਹੋ ਜਾਂਦਾ ਹੈ, ਜਿਸ ਨੂੰ ਅਰਾਧਿਆ ਹੈ।

ਨਾਮ ਰੂਪ ਅਕਾਲ ਪੁਰਖ ਗੁਣੀ ਭਰਪੂਰ ਹੈ। ਸਤਿਗੁਰੂ ਤੋਂ ਉਪਦੇਸ਼ ਲੈ ਕੇ ਨਾਮ ਦਾ ਜਪ ਸਿਮਰਣ ਕਰਨ ਵਾਲੇ ਗੁਣੀ ਭਰਪੂਰ ਹੋ ਜਾਂਦੇ ਹਨ। ਸਤਿਗੁਰੂ ਦੀ ਕਿਰਪਾ ਨਾਲ ਹਉਂ ਦਾ ਭਰਮ (ਮੈਂ, ਮੇਰੀ ਦਾ ਭਰਮ) ਕੱਟਿਆ ਜਾਂਦਾ ਹੈ। ਨਾਮ ਜੋਤਿ ਵਿੱਚ ਹੀ ਅਭੇਦ ਹੋ ਜਾਂਦੇ ਹਨ, ਤੇ ਉਹਨਾਂ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ।





* **ਜੈਸਾ ਸੇਵੈ ਤੈਸੋ ਹੋਇ ॥** (ਪੰਨਾ 1113, ਗੁਰੂ ਗ੍ਰੰਥ ਸਾਹਿਬ)

* **ਜੈ ਸਿਉ ਰਾਤਾ ਤੈਸੋ ਹੋਵੈ ॥** (ਪੰਨਾ 411, ਗੁਰੂ ਗ੍ਰੰਥ ਸਾਹਿਬ)

ਦੇਵੀ ਦੇਵਤੇ ਅਕਾਲ ਪੁਰਖ ਦੀ ਉਪਾਈ ਮਾਇਆ ਹਨ, ਅਕਾਲ ਪੁਰਖ ਦੇ ਭੈ ਵਿੱਚ ਕਾਰ ਕਰਦੇ ਹਨ, ਹਉਂ ਦੇ ਭਰਮ ਵਿੱਚ ਹਨ। ਇਹ ਅਉਗੁਣਾਂ ਵਾਲੇ ਹਨ, ਇਹਨਾਂ ਦੀ ਉਸਤਤਿ ਅਰਾਧਨਾ ਕਰਨ ਵਾਲੇ ਇਹਨਾਂ ਜਿਹੇ ਹੋ ਜਾਂਦੇ ਹਨ, ਤੇ ਜਨਮ ਮਰਨ ਦੇ ਗੇੜ ਵਿੱਚ ਰਹਿੰਦੇ ਹਨ।

### ਇਕੋ ਇੱਕ ਸੱਤ ਹਸਤੀ/ਨਾਮ ਜੋਤਿ (ਪਰਮ ਨਿਰਮਲ ਚੇਤਨਾ) ਦਾ ਸੰਸਾਰ ਵਿੱਚ ਆਤਮ ਪਾਸਾਰਾ

ਨਾਮ ਜੋਤਿ, ਪਰਮ ਨਿਰਮਲ ਚੇਤਨਾ, ਪਰਮ ਜੋਤਿ (Supreme Pure Consciousness) ਆਪਣੇ ਗੁਣ ਹੁਕਮ ਨਾਲ ਸੰਸਾਰ ਵਿੱਚ ਪਸਰੀ, ਨਿਰਾਕਾਰ ਇੱਕ ਏਕੰਕਾਰ ਅਕਾਲ ਪੁਰਖ ਨੇ ਓਅੰਕਾਰ ਧੁੰਨ ਉਚਾਰ ਕੇ ਆਤਮ ਪਸਾਰਾ ਕੀਤਾ। ਓਅੰਕਾਰ ਸਰੂਪ ਇੱਕ ਏਕੰਕਾਰ ਪਾਰਬ੍ਰਹਮ ਦਾ ਪਸਾਰੇ ਵਾਲਾ ਸਰੂਪ ਹੈ। ਓਅੰਕਾਰ, ਪਾਰਬ੍ਰਹਮ ਹੈ, ਨਿਰਗੁਣ ਬ੍ਰਹਮ ਹੈ।

ਇੱਕ ਏਕੰਕਾਰ, ਕਰਤੇ ਦਾ ਓਅੰਕਾਰ ਸਰੂਪ ਸਦਾ ਸੱਤ ਨਹੀਂ। ਇੱਕ ਕਾਲ ਚੱਕਰ ਤੋਂ ਬਾਦ ਨਾਮ ਜੋਤਿ, ਇਕੋ ਇੱਕ ਹਸਤੀ ਵਿੱਚ ਸਮਾ ਜਾਂਦਾ ਹੈ। ਫਿਰ ਸੰਸਾਰ ਨਹੀਂ ਰਹਿੰਦਾ, ਕੇਵਲ ਸੁੰਨ ਸਮਾਧ ਵਿੱਚ ਸਦਾ ਸੱਤ ਜੋਤਿ ਰਹਿੰਦੀ ਹੈ।

**ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥**

(ਪੰਨਾ 276, ਗੁਰੂ ਗ੍ਰੰਥ ਸਾਹਿਬ)

ਸੰਸਾਰ ਤੇ ਜੀਵ ਜੰਤ, ਦੇਵੀ ਦੇਵਤੇ, ਬੇਦ ਸਿਮ੍ਰਿਤ ਸ਼ਾਸਤ੍ਰ ਉਸ ਦੀ ਉਪਾਈ ਮਾਇਆ ਹਨ, ਕੂੜ ਰੂਪ ਹਨ। ਸੰਸਾਰ Illusion ਹੈ, ਸੱਤ ਨਹੀਂ। ਇਕੋ ਇੱਕ ਹਸਤੀ ਅਕਾਲ ਪੁਰਖ ਜੀਵਾਂ ਦੇ ਰੂਪ ਧਾਰ ਕੇ ਆਪ ਖੇਡ ਰਿਹਾ ਹੈ। ਸੰਸਾਰ ਉਸਦਾ ਸਰਗੁਣ ਸਰੂਪ ਹੈ। ਸੰਸਾਰ ਦੇ ਜੀਵ ਜੰਤ ਕਰਮਾਂ ਅਨੁਸਾਰ ਹੁਕਮ ਵਿੱਚ ਜੰਮਦੇ ਮਰਦੇ ਪਲਦੇ ਰਹਿੰਦੇ ਹਨ।

ਸੰਸਾਰ ਦੀ ਉਤਪਤੀ ਤੇ ਕਾਲ (ਸਮਾਂ) ਓਅੰਕਾਰ ਧੁੰਨ ਤੋਂ ਆਰੰਭ ਹੋਇਆ।

* **ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥**

**ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥**

(ਪੰਨਾ 885, ਗੁਰੂ ਗ੍ਰੰਥ ਸਾਹਿਬ)

ਓਅੰਕਾਰ ਧੁੰਨ, ਅਨਹਤ ਸ਼ਬਦ, ਅਨਹਦ ਸ਼ਬਦ ਦੀਆਂ ਬੇਅੰਤ ਸੰਗੀਤਕ ਧੁੰਨਾਂ ਸੰਸਾਰ ਵਿੱਚ ਹਰ ਸਮੇਂ ਹਰ ਪਾਸੇ ਚਲ ਰਹੀਆਂ ਹਨ। ਪਾਰਬ੍ਰਹਮ ਧੁੰਨ ਰੂਪ ਹੈ। ਸੰਗੀਤਕ ਧੁੰਨਾਂ ਵਿੱਚ ਨਾਮ ਪਰਮ ਨਿਰਮਲ ਚੇਤਨਾ ਤੇ ਹੁਕਮ ਹੈ। ਧੁੰਨਾਂ ਤੋਂ ਸੰਸਾਰ ਦੇ ਜੀਵ ਜੰਤ, ਪੱਥਰ ਪਹਾੜ, ਸੂਰਜ, ਹੁਕਮ ਨਾਲ ਹਰ ਸਮੇ ਜੰਮ ਪਲ ਮਰ ਰਹੇ ਹਨ।

ਗੁਰਸਿੱਖ ਸਤਿਗੁਰ ਤੋਂ ਉਪਦੇਸ਼ ਲੈ ਕੇ, ਗੁਰਮਤਿ ਜੁਗਤੀ ਨਾਲ ਗੁਰਮਤਿ ਨਾਮ ਸਿਮਰਣ, ਸਿਫਤ ਸਾਲਾਹ ਕਰਕੇ ਨਾਮ ਵਿੱਚ ਰੱਤਾ, ਨਿਰਮਲ ਤੇ ਗੁਣਾਂ ਵਾਲਾ ਬਣਦਾ ਹੈ। ਸਹਜ ਅਵਸਥਾ, ਪਰਮ ਪਦ ਵਿੱਚ ਭਰਮ ਜਾਏ ਤਾਂ ਅਨਹਦ ਦੀਆਂ ਸੰਗੀਤਕ ਧੁੰਨਾਂ ਸੁਣਦੀਆਂ ਹਨ। ਇਸ ਅਵਸਥਾ ਵਿੱਚ ਜਨਮ ਮਰਨ ਨਹੀਂ ਰਹਿੰਦਾ ਹੈ।

* **ਅਨਹਦੁ ਵਾਜੈ ਨਿਜ ਘਰਿ ਵਾਸਾ ॥**(ਪੰਨਾ 161, ਗੁਰੂ ਗ੍ਰੰਥ ਸਾਹਿਬ)

(ਅਨਹਦ ਸ਼ਬਦ ਵੱਜਿਆ ਤਾਂ ਸਵੈ ਸਰੂਪ ਵਿੱਚ ਵਾਸਾ ਹੋਇਆ।)

* **ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥**

(ਪੰਨਾ 91, ਗੁਰੂ ਗ੍ਰੰਥ ਸਾਹਿਬ)

* **ਸਿਮਰਿ ਸਿਮਰਿ ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ ॥**

**ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ ॥**

(ਪੰਨਾ 987, ਗੁਰੂ ਗ੍ਰੰਥ ਸਾਹਿਬ)

## ਗੁਰਬਾਣੀ ਦਾ ਇਸ਼ਟ ਭਗਵਾਨ, ਰੱਬ, ਜੋਤਿ ਰੂਪ ਅਕਾਲ ਪੁਰਖ ਨਾਮ ਜੋਤਿ ਦੇ ਗੁਣ

ਗੁਰਬਾਣੀ ਦਾ ਇਸ਼ਟ, ਨਾਮ ਜੋਤਿ, ਤ੍ਰੈ ਗੁਣ ਮਾਇਆ Cosmos ਤੋਂ ਪਾਰ ਨਾਮ ਜੋਤਿ, ਪਰਮਾਤਮਾ ਹੈ। ਸ਼ਾਂਤ ਸ਼ੀਤਲ ਥਿਰ, ਆਨੰਦ ਸਰੂਪ, ਗਿਆਨ ਸਰੂਪ, Infallible Intelligence, ਗੁਣੀ ਭਰਪੂਰ ਹੈ, ਸਦ ਜੀਵਤ ਹੈ। ਉਸ ਵਿੱਚ ਭਰਮ ਭੈ ਨਹੀਂ, ਇਕੋ ਇੱਕ ਹੈ।





## ਵੇਦ ਸਿਮ੍ਰਿਤ ਸ਼ਾਸਤਰਾਂ ਦਾ ਇਸ਼ਟ

ਵੇਦ ਸਿਮ੍ਰਿਤ ਸ਼ਾਸਤਰਾਂ ਦਾ ਇਸ਼ਟ ਕਾਲ, ਕਾਲ ਪੁਰਖ, ਮਹਾਕਾਲ, ਕਾਲੀ, ਬ੍ਰਹਮਾ ਬਿਸਨ ਮਹੇਸ਼ ਤੇ ਅਨੇਕਾਂ ਦੇਵੀ ਦੇਵਤੇ ਹਨ, ਜੋ ਇੱਕ ਹੀ ਸ਼ਕਤੀ ਦੇ ਅਨੇਕਾਂ ਨਾਮ ਹਨ। ਇਹ **ਇਕੋ ਇੱਕ ਹਸਤੀ ਅਕਾਲ ਪੁਰਖ** ਦੀ ਉਪਾਈ ਮਾਇਆ ਹਨ, ਭੈ ਭਰਮ ਵਿੱਚ ਹਨ, ਅਉਗੁਣਾਂ ਵਿਕਾਰਾਂ ਵਾਲੇ ਹਨ, ਜੰਮਦੇ ਮਰਦੇ ਰਹਿੰਦੇ ਹਨ। ਇਹਨਾਂ ਦੀ ਉਸਤਤਿ ਜਪ ਸਿਮਰਣ ਕਰਨ ਵਾਲੇ ਇਹਨਾਂ ਵਰਗੇ ਹੀ ਹੋ ਜਾਂਦੇ ਹਨ ਤੇ ਜੰਮਦੇ ਮਰਦੇ ਹਨ।

ਦਸਮ ਗ੍ਰੰਥ ਪੜ੍ਹ ਕੇ ਪਤਾ ਲੱਗਦਾ ਹੈ, ਕਿ ਰਚਨਾਵਾਂ ਦਾ ਮੰਗਲਾਚਰਣ, ਕਿਸੇ ਦੇਵੀ ਦੇਵਤੇ ਦੀ ਉਸਤਤਿ ਤੇ ਅਰਾਧਨਾ ਤੋਂ ਸ਼ੁਰੂ ਹੁੰਦਾ ਹੈ। ਰਚਨਾ ਲਿਖਣ ਵਾਲਾ ਦੇਵੀ ਦੇਵਤਿਆਂ ਦਾ ਉਪਾਸ਼ਕ ਹੈ। ਇਸ ਤੋਂ ਅੱਗੇ ਲਿਖਿਆ ਹੈ - ਸ੍ਰੀ ਮੁਖਵਾਕ ਪਾ:10

ਗੁਰੂ ਗੋਬਿੰਦ ਸਿੰਘ ਜੀ, ਗੁਰੂ ਨਾਨਕ ਸਾਹਿਬ ਦੇ ਦਸਵਾਂ ਸਰੂਪ ਹਨ, ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸਉਪਣ ਵਾਲੇ ਹਨ। ਗੁਰੂ ਗੋਬਿੰਦ ਸਿੰਘ ਜੀ ਗੁਰਬਾਣੀ ਦੀ ਸਿੱਖਿਆ ਦੇ ਖਿਲਾਫ਼ ਦੇਵੀ ਦੇਵਤਿਆਂ ਦੀ ਉਸਤਤਿ ਤੇ ਜਪ ਸਿਮਰਣ ਵਾਲੀ ਕੋਈ ਰਚਨਾ ਨਹੀਂ ਰਚ ਸਕਦੇ।

**ਦਸਮ ਗ੍ਰੰਥ ਦੀਆਂ ਰਚਨਾਵਾਂ ਦੇ ਲੇਖਕ ਦਾ ਅੰਤਮ ਨਿਰਣਾ ਕੇਵਲ ਇਸ਼ਟ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ। ਗੁਰਬਾਣੀ ਉਪਦੇਸ਼ ਵਿਰੁੱਧ ਕੋਈ ਦਲੀਲ ਕੋਈ ਕੀਮਤ ਨਹੀਂ ਰਖਦੀ।**

**ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥**

(ਪੰਨਾ 769, ਗੁਰੂ ਗ੍ਰੰਥ ਸਾਹਿਬ)

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥**

**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**

**ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥**

(ਪੰਨਾ 920, ਗੁਰੂ ਗ੍ਰੰਥ ਸਾਹਿਬ)

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਬੇਦ ਬਾਣੀ ਪੜ੍ਹਣ ਸੁਣਨ ਦਾ ਉਪਦੇਸ਼ ਨਹੀਂ ਦੇ ਸਕਦੇ। ਬੇਦ ਬਾਣੀ ਨੂੰ ਰਿਸ਼ੀਆਂ ਨੇ ਲਿਖਿਆ ਹੈ, ਤੇ ਇਸਨੂੰ ਸੁਣਨ ਵਾਲੇ ਵੀ ਕੱਚੇ ਹਨ। ਦਸਮ ਗ੍ਰੰਥ ਦੀਆਂ ਸਭ ਰਚਨਾਵਾਂ ਵੇਦ ਬਾਣੀ ਤੇ

ਆਧਾਰਿਤ ਹਨ।

## ਸਿੱਖ ਭੇਸ ਵਿੱਚ ਬ੍ਰਾਹਮਣ ਜਾਂ ਵੇਦ ਮਤ ਦੇ ਅਨੁਸਾਰੀ ਬੇਨਾਮ ਲਿਖਾਰੀਆਂ ਦਾ ਸਿੱਖ ਮਤ ਨਾਲ ਵਿਉਂਤ ਅਨੁਸਾਰ ਧੋਖਾ

## ਪੁਰਾਤਨ ਸਿੱਖ ਇਤਿਹਾਸਕ ਪੁਸਤਕਾਂ ਤੇ ਰਹਿਤਨਾਮੇ

ਗੁਰੂ ਗੋਬਿੰਦ ਸਿੰਘ ਜੀ 1708 ਈਸਵੀ ਵਿੱਚ ਜੋਤੀ ਜੋਤਿ ਸਮਾਏ। ਇਸ ਤੋਂ ਬਾਦ ਬੰਦਾ ਬਹਾਦਰ ਦੀ ਸ਼ਹਾਦਤ ਹੋਈ, ਤੇ ਮੁਗ਼ਲ ਹਕੂਮਤ, ਸਿੱਖਾਂ ਦਾ ਸੰਘਾਰ ਕਰਨ ਵਿੱਚ ਜੁੱਟੀ। ਸਿੱਖ ਛੋਟੇ ਛੋਟੇ ਟੋਲਿਆਂ ਵਿੱਚ ਜਾਨ ਬਚਾਉਣ ਲਈ ਜੰਗਲਾਂ ਵਿੱਚ ਰਹਿਣ ਲੱਗੇ।

ਇਸ ਭਿਆਨਕ ਸਮੇਂ ਵਿੱਚ ਨਿਰਮਲਿਆਂ ਤੇ ਉਦਾਸੀ ਮਹੰਤਾਂ ਨੇ ਸਿੱਖ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੀਤੀ। ਇਹ ਵੇਦ ਮਤ ਨੂੰ ਚੰਗੀ ਤਰ੍ਹਾਂ ਸਮਝਣ ਵਾਲੇ ਵਿਦਵਾਨ ਸਨ। ਇਹਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਧਰਮ ਪ੍ਰਚਾਰ ਸ਼ੁਰੂ ਕੀਤਾ। ਇਹ ਵੇਦਾਂ ਸ਼ਾਸਤਰਾਂ ਨੂੰ ਸੱਤ ਮੰਨਦੇ ਸਨ। ਇਹ ਆਪਣੀ ਕਥਾ ਵਿਚਾਰ ਤੇ ਪੁਸਤਕਾਂ ਵਿੱਚ ਵੇਦਾਂ ਸ਼ਾਸਤਰਾਂ ਸਿਮ੍ਰਿਤੀਆਂ ਨੂੰ ਤੇ ਦੇਵੀ ਦੇਵਤਿਆਂ ਨੂੰ ਸੱਤ ਮੰਨ ਕੇ, ਗੁਰਬਾਣੀ ਦੇ ਅਰਥ ਵਿਚਾਰ ਵੇਦਕ ਰੰਗਤ ਵਿੱਚ ਕਰਦੇ ਸਨ।

ਸੰਨ 1728 ਤੋਂ ਬਾਦ 18ਵੀਂ ਤੇ 19ਵੀਂ ਸਦੀ ਵਿੱਚ ਅਨੇਕਾਂ ਪੁਸਤਕਾਂ, ਰਹਿਤਨਾਮੇ ਤੇ ਜਨਮ ਸਾਖੀਆਂ ਵਜੂਦ ਵਿੱਚ ਆਏ। ਇਹਨਾਂ ਵਿੱਚ ਬਚਿਤ੍ਰ ਨਾਟਕ (ਅੱਜ ਦਾ ਦਸਮ ਗ੍ਰੰਥ) ਗੁਰਬਿਲਾਸ ਪਾ:10, ਸਰਬ ਲੋਹ ਗ੍ਰੰਥ, ਰਹਿਤਨਾਮਾ ਦਯਾ ਸਿੰਘ ਆਦਿ ਸ਼ਾਮਲ ਹਨ।

ਇਹਨਾਂ ਗ੍ਰੰਥਾਂ ਅਤੇ ਪੁਸਤਕਾਂ ਨੂੰ ਪੁਰਾਤਨ ਸਿੱਖ ਇਤਿਹਾਸ ਕਿਹਾ ਜਾਂਦਾ ਹੈ। ਇਹਨਾਂ ਪੁਸਤਕਾਂ ਦਾ ਮੰਤਵ, ਗੁਰ ਪਾਤਸ਼ਾਹੀਆਂ ਦੇ ਜੀਵਨ ਤੇ ਗੁਰ ਉਪਦੇਸ਼ ਨੂੰ, ਦੇਵੀ ਦੇਵਤਿਆਂ ਤੇ ਵੇਦ ਮਤ ਦੇ ਉਪਦੇਸ਼ ਨਾਲ ਇਸ ਤਰ੍ਹਾਂ ਨਾਲ ਸੀ-ਪਰੋ ਕੇ ਪੇਸ਼ ਕਰਨਾ ਹੈ, ਕਿ ਸਿੱਖ ਮਤ, ਵੇਦ ਮਤ ਦੇ ਪੁਰਾਤਨ ਇਤਿਹਾਸ ਦਾ ਅਟੁੱਟ ਹਿੱਸਾ ਬਣ ਜਾਵੇ। ਵੇਦਾਂ ਪੁਰਾਣਾਂ ਅਨੁਸਾਰ ਦੇਵੀ ਦੇਵਤੇ ਸਨਾਤਨ ਧਰਮ ਦੀਆਂ ਪੂਜਨ ਯੋਗ ਹਸਤੀਆਂ ਹਨ, ਜਿਨ੍ਹਾਂ ਨੂੰ ਭਗਵਾਨ ਜਾਂ ਇਸ਼ਟ ਕਰਕੇ ਮੰਨਿਆ ਹੈ। ਸਿੱਖ ਗੁਰੂਆਂ ਦੇ ਪੂਰਵਜ ਵੀ ਰਾਮ, ਕ੍ਰਿਸ਼ਨ ਆਦਿ ਦੀ ਵੰਸ਼ ਵਿਚ ਜੋੜੇ ਗਏ। ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਬਾਦ ਦਸ ਸਿੱਖ ਗੁਰੂ ਵੀ ਸਨਾਤਨ ਧਰਮ ਦਾ ਚਲਦਾ ਇਤਿਹਾਸ ਬਣਾ ਦਿੱਤਾ ਗਿਆ। ਇਹਨਾਂ ਵਿਚਾਰਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਅਸੀਂ ਅਖੌਤੀ ਸਿੱਖ ਇਤਿਹਾਸ ਦੇ ਕੁਝ ਹਵਾਲੇ ਹੇਠਾਂ ਦਿੱਤੇ ਹਨ।





ਪੁਸਤਕਾਂ ਦਾ ਮਜ਼ਮੂਨ, ਸ਼ੈਲੀ ਤੇ ਤਕਨੀਕ ਇਕੋ ਜਿਹੀ ਹੈ। ਗ੍ਰੰਥਾਂ ਵਿੱਚ ਮੰਗਲਾਚਰਣ ਦੇਵੀ ਦੇਵਤਿਆਂ ਦੇ ਸਿਮਰਣ ਤੇ ਉਸਤਤਿ ਨਾਲ ਹੋਇਆ ਹੈ। ਇਸ ਤੋਂ ਬਾਦ ਲਿਖਿਆ ਹੈ - ਸ੍ਰੀ ਮੁਖਵਾਕ ਪਾ:10 - ਬ੍ਰਾਹਮਣ ਲੇਖਕ ਅਨੁਸਾਰ ਪਾ:10, ਗ੍ਰੰਥ ਦੇ ਲਿਖਾਰੀ ਹਨ ਤੇ ਦੇਵੀ ਦੇਵਤਿਆਂ ਦੇ ਉਪਾਸ਼ਕ ਵੀ ਹਨ।

## I. ਅਖੌਤੀ ਦਸਮ ਗ੍ਰੰਥ ਦੀਆਂ ਰਚਨਾਵਾਂ

(ਪਹਿਲਾਂ ਇਸਨੂੰ ਬਚਿਤ੍ਰ ਨਾਟਕ ਕਰਕੇ ਜਾਣਿਆ ਜਾਂਦਾ ਸੀ)

1. **ਦਸਮ ਗ੍ਰੰਥ ਪੰਨਾ** 39

ਅਬ ਬਚਿਤ੍ਰ ਨਾਟਕ ਗ੍ਰੰਥ ਲਿਖਯਤੇ

ਸ੍ਰੀ ਮੁਖਵਾਕ ਪਾ:10

ਰਚਨਾ **ਸ੍ਰੀ ਕਾਲ ਜੀ** ਕੀ ਉਸਤਤਿ ਤੋਂ ਸ਼ੁਰੂ ਹੁੰਦੀ ਹੈ। ਪਹਿਲੇ ਅਧਿਆਏ ਤੋਂ ਬਾਦ ਲਿਖਿਆ ਹੈ

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥ

ਸ੍ਰੀ ਕਾਲ ਜੀ ਕੀ ਉਸਤਤਿ ਪ੍ਰਥਮ ਅਧਿਆਏ ਸੰਪੂਰਨਮ।

ਨਮਸਕਾਰ ਸ੍ਰੀ ਖੜਗ ਕੋ (ਸ੍ਰੀ ਖੜਗ ਦੇਵੀ ਦਾ ਸ਼ਕਤੀ ਰੂਪ ਹੈ),

ਕਰੋ ਸੋ ਹਿਤ ਚਿਤ ਲਾਇ, ਪੂਰਨ ਕਰੋ ਗ੍ਰੰਥ ਇਹ ਤੁਮ ਮੁਹਿ ਕਰੋ ਸਹਾਇ

(ਸ੍ਰੀ ਕਾਲ ਜੀ ਤੁਸੀਂ ਮੇਰੀ ਸਹਾਇਤਾ ਕਰੋ ਤਾਂ ਮੈਂ ਗ੍ਰੰਥ ਨੂੰ ਪੂਰਾ ਕਰ ਲਵਾਂ)।

**ਪੰਨਾ** 54 **- ਆਤਮ ਕਥਾ**

ਅਬ ਮੈ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧ ਮੁਹਿ ਆਨੋ।

ਸਪਤ ਸ੍ਰਿੰਗ ਤਿਹ ਨਾਮ ਕਹਾਵਾ। ਪੰਡਰਾਜ ਜਹ ਜੋਗੁ ਕਮਾਵਾ।

ਤਹ ਹਮ ਅਧਿਕ ਤਪਸਿਆ ਸਾਧੀ। ਮਹਾਕਾਲ ਕਾਲਕਾ ਆਰਾਧੀ।

ਚਤੁਰ ਕਵੀ ਨੇ ਗੁਰੂ ਗੋਬਿੰਦ ਸਿੰਘ ਨੂੰ ਪਿਛਲੇ ਜਨਮਾਂ ਵਿੱਚ ਮਹਾਭਾਰਤ ਵਿੱਚ ਪਾਂਡਵਾਂ ਦੇ ਪਿਤਾ ਨਾਲ ਜੋੜ ਦਿੱਤਾ, ਤੇ ਗੁਰੂ ਗੋਬਿੰਦ ਸਿੰਘ ਪਾਸੋਂ ਕਹਾਇਆ, "ਜਿਸ ਸਥਾਨ ਤੇ ਪੰਡਰਾਜ ਨੇ ਜੋਗ ਕਮਾਇਆ ਸੀ, ਉਥੇ ਮੈਂ ਮਹਾਕਾਲ ਕਾਲਕਾ ਨੂੰ ਆਰਾਧਿਆ ਸੀ"।

2. **ਦਸਮ ਗ੍ਰੰਥ ਪੰਨਾ 119 - ਵਾਰ ਸ੍ਰੀ ਭਗਉਤੀ ਜੀ ਕੀ**

ੴ ਵਾਹਿਗੁਰੂ ਜੀ ਕੀ ਫ਼ਤਹ।। ਸ੍ਰੀ ਭਗਉਤੀ ਜੀ ਸਹਾਇ।।

ਵਾਰ ਸ੍ਰੀ ਭਗਉਤੀ ਜੀ ਕੀ।। ਪਾ:10।।

ਪ੍ਰਥਮ ਭਗਉਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ।

ਕਵੀ ਪਾ:10 ਪਾਸੋਂ ਕਹਾ ਰਿਹਾ ਹੈ, ਮੈਂ ਪਹਿਲਾਂ ਭਗਉਤੀ ਦੇਵੀ ਨੂੰ ਸਿਮਰਦਾ ਹਾਂ, ਇਸ ਤੋਂ ਪਿਛੋਂ ਨੌ ਪਾਤਸ਼ਾਹੀਆਂ ਦੇ ਨਾਮ ਹਨ। ਕਵੀ ਨੇ ਦਸ ਪਾਤਸ਼ਾਹੀਆਂ ਨੂੰ ਭਗਉਤੀ ਦਾ ਉਪਾਸ਼ਕ ਬਣਾ ਦਿੱਤਾ।

ਨੋਟ : 10 ਪਾਤਸ਼ਾਹੀਆਂ ਇਤਿਹਾਸਕ ਹਸਤੀਆਂ ਹਨ, ਦੇਵੀ ਦੇਵਤਿਆਂ ਦੇ ਚਰਿਤ੍ਰ ਤੇ ਕਹਾਣੀਆਂ ਮਿਥਿਹਾਸ ਹਨ। ਇਹ ਕਹਾਣੀਆਂ ਰਿਸ਼ੀਆਂ ਮੁਨੀਆਂ ਨੇ ਲਿਖੀਆਂ ਹਨ।

3. **ਦਸਮ ਗ੍ਰੰਥ ਪੰਨਾ 155 - ਚਉਬੀਸ ਅਵਤਾਰ**

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ।। ਪਾ:10।।

ਪ੍ਰਿਥਮ ਕਾਲ ਸਭ ਜਗ ਕੋ ਤਾਤਾ।। ਤਾ ਤੇ ਭਯੋ ਤੇਜ ਬਿਖਿਆਤਾ।।

ਸੋਈ ਭਵਾਨੀ ਨਾਮ ਕਹਾਈ।। ਜਿਨ ਸਗਰੀ ਯਹ ਸ੍ਰਿਸਟ ਉਪਾਈ।।

ਕਵੀ ਨੇ ਪਾ:10 ਦੇ ਮੁਖ ਤੋਂ ਅਖਵਾਇਆ ਹੈ, ਸਾਰੀ ਸ੍ਰਿਸ਼ਟੀ ਭਗਉਤੀ ਦੇਵੀ ਨੇ ਉਪਾਈ।

ਨੋਟ : ਗੁਰਬਾਣੀ ਅਨੁਸਾਰ ਸ੍ਰਿਸ਼ਟੀ ਇਕੋ ਇੱਕ ਹਸਤੀ ਜੋਤਿ ਰੂਪ ਅਕਾਲ ਪੁਰਖ ਨੇ ਉਪਾਈ। ਦੇਵੀ ਵੀ ਉਸ ਦੀ ਉਪਾਈ ਮਾਇਆ ਹੈ।

## II. ਪੁਸਤਕ ਸ੍ਰੀ ਸਰਬ ਲੋਹ ਗ੍ਰੰਥ ਸਾਹਿਬ -

**ਸਟੀਕ ਸਿੰਘ ਸਾਹਿਬ ਬਾਬਾ ਸੰਤ ਸਿੰਘ, ਬੁੱਢਾ ਦਲ**

ਸਿੱਖ ਜਗਤ ਵਿੱਚ ਸਰਬ ਲੋਹ ਗ੍ਰੰਥ ਵੀ ਦਸਮ ਗ੍ਰੰਥ ਦੀ ਤਰ੍ਹਾਂ ਪਾ:10 ਕ੍ਰਿਤ ਮੰਨਿਆ ਗਿਆ ਹੈ। ਇਸ ਦੇ ਅੰਸ਼ ਕੀਰਤਨੀ ਪੋਥੀਆਂ ਵਿੱਚ ਹਨ। ਇਸ ਪੁਸਤਕ ਦੇ 1575 ਪੰਨੇ ਹਨ। ਇਸ ਪੁਸਤਕ ਵਿੱਚ ਸਰਬ ਲੋਹ ਦੇਵਤਾ, ਤੇ ਦੇਵੀ ਦੇਵਤਿਆਂ ਨੇ ਅਨੇਕਾਂ ਸਰੂਪਾਂ ਦੀ ਉਸਤਤਿ ਹੈ, ਤੇ ਦੈਂਤਾਂ ਨਾਲ ਯੁੱਧਾਂ ਦਾ ਵਰਣਨ ਹੈ।





ਪਾ:10 ਦੇ ਮੁਖੋਂ ਅਖਵਾਇਆ ਗਿਆ ਹੈ ਕਿ ਉਹ ਦੇਵੀ ਦੇਵਤਿਆਂ ਦੀ ਉਸਤਤਿ ਤੇ ਸਿਮਰਣ ਕਰਦੇ ਹਨ। ਇਹਨਾਂ ਦੀ ਸਹਾਇਤਾ ਤੋਂ ਬਿਨਾ ਪਾ:10 ਕੁਝ ਵੀ ਨਹੀਂ ਕਰ ਸਕਦੇ।

ਇਸ ਪੁਸਤਕ ਵਿੱਚ ਪਾ:10 ਦੀ ਸ਼ਖਸੀਅਤ ਤੇ ਖ਼ਾਲਸੇ ਦਾ ਵੀ ਵਰਣਨ ਹੈ। ਪਾ:10 ਤੇ ਖ਼ਾਲਸਾ, ਗੁਰਸਿੱਖਾਂ ਵਿੱਚ ਖੱਤ੍ਰੀ ਹਨ, ਜੰਗ ਯੁੱਧ ਕਰਦੇ ਹਨ। ਤੁਰਕ ਦੈਂਤ ਹਨ। ਪਾ:10 ਤੇ ਖ਼ਾਲਸਾ ਗਊ ਬ੍ਰਾਹਮਣ ਰਖਸ਼ਕ ਹਨ।

ਟੀਕਾਕਾਰ ਬਾਬਾ ਸੰਤਾ ਸਿੰਘ ਕਹਿੰਦੇ ਹਨ, ਸਰਬ ਲੋਹ ਗ੍ਰੰਥ ਦੀ ਸ਼ੈਲੀ ਤੇ ਤਕਨੀਕ ਚੰਡੀ ਚਰਿਤ੍ਰ ਨਾਲ ਮਿਲਦੀ ਜੁਲਦੀ ਹੈ।

ਸਰਬ ਲੋਹ ਗ੍ਰੰਥ ਦਾ ਮੰਗਲਾਚਰਣ, ਦਸਮ ਗ੍ਰੰਥ ਦੀਆਂ ਰਚਨਾਵਾਂ ਨਾਲ ਮਿਲਦਾ ਹੈ। ਗ੍ਰੰਥ ਇਥੋਂ ਆਰੰਭ ਹੁੰਦਾ ਹੈ - ਗ੍ਰੰਥ ਦਾ ਪਹਿਲਾ ਭਾਗ -

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ।।

ਸ੍ਰੀ ਭਵਾਨੀ ਜੀ ਸਹਾਇ। ਉਸਤਤਿ ਸ੍ਰੀ ਮਾਯਾ ਲਛਮੀ ਜੀ ਕੀ।

ਸ੍ਰੀ ਮੁਖਵਾਕਯ ਪਾਤਿਸਾਹੀ 10

ਦੋਹਿਰਾ।। ਛਾਯਾ ਰੂਪੀ ਹੋਇ ਕੈ, ਬਿਚਰਤ ਸ੍ਰੀ ਗੋਪਾਲ।।

*(ਪਰਮੇਸਰ ਮਾਯਾ ਰੂਪ ਹੋ ਕੇ ਸੰਸਾਰ ਵਿੱਚ ਵਿਚਰਦਾ ਹੈ।)*

ਆਪਹਿ ਲਛਮੀ ਬਪੁ ਧਰੈ, ਜੀਉ ਜੰਤੁ ਪ੍ਰਤਿਪਾਲ।। 1।।

ਸ੍ਰੀ ਮਾਯਾ ਮੁਖਿ ਕਰੋ ਉਚਾਰ।। ਦਰਿਦ੍ਰ ਸਾਗਰ ਤੇ ਲੇਹੁ ਉਬਾਰਿ।।1।।

*(ਮੈਂ ਸ੍ਰੀ ਮਾਯਾ ਮੁਖ ਤੋਂ ਉਚਰਦਾ ਹਾਂ, ਤੁਸੀਂ ਸੰਸਾਰ, ਦੁਖ ਦੇ ਸਾਗਰ ਤੋਂ ਉਬਾਰ ਲਵੋ।)*

ਦੋਹਿਰਾ।। ਆਦਿ ਭਵਾਨੀ ਈਸਰੀ ਮਾਯਾ, ਜਾ ਕੋ ਨਾਮ।।

*(ਆਦਿ ਭਵਾਨੀ ਦਾ ਨਾਮ ਮਾਯਾ ਹੈ।)*

ਇਨ ਬਿਨ ਸਰੈ ਨ ਏਕ ਛਿਨ, ਪੂਰਨ ਹੋਤ ਨ ਕਾਮ।। 2।।

*(ਆਦਿ ਭਵਾਨੀ ਈਸਰੀ, ਜਿਸ ਦਾ ਨਾਮ ਮਾਯਾ ਹੈ, ਇਸ ਤੋਂ ਬਿਨਾ ਕੋਈ ਕੰਮ ਪੂਰਾ ਨਹੀਂ ਹੁੰਦਾ।)*

ਸੁਖਦਾਇਕ ਮੰਗਲਕਰਨ, ਪ੍ਰਤਿਪਾਲੇ ਬਹੁ ਭਾਂਤਿ।।

ਸੁਬੁਧਿਦੈਨ ਜੈ ਜੈ ਕਰਨਿ, ਮਾਯਾ ਸ੍ਰੀ ਜਗਮਾਤਿ।। 3।।

*(ਮਾਯਾ ਜਗਤ ਦੀ ਮਾਤਾ ਹੈ।)*

ਬਿਸਨੁਪਦ ਸਾਰੰਗ ਛਪਯ।।

ਜਗਬੰਦਨਿ ਜਗਨਾਥ, ਜਗਤਪਾਲਕ ਹਰਿ ਅੰਬੈ।।

ਪ੍ਰਜਾਨਾਥ ਜਗਨਾਥ, ਸੇਵਿ ਰੱਛਕ ਜਗਦੰਬੈ।।

ਜਗਤਾਰਨਿ, ਭਯਹਰਨਿ, ਪ੍ਰਜਾਪਤਿ ਆਦਿ ਭਵਾਨੀ।।

ਮਾਯਾ ਕੋ ਬਪੁ ਧਾਰਿ, ਜਗਤ ਮਹਿ ਅਲਖ ਲਖਾਨੀ।।

ਅਪਦ ਬਿਨਾਸਨਿ ਸੁਖ ਕਰਨ, ਦਾਸ ਰੱਛਕ ਹਰਿ ਮਾਯਾ।।

ਤੀਨ ਲੋਕ ਸਭਿ ਬਸਿ ਕਰਨਿ, ਅਮਿਤਿ ਗਤਿ ਪ੍ਰਗਟ ਸੁਭਾਯਾ।।

*(ਇਹਨਾਂ ਪਦਿਆਂ ਵਿੱਚ ਮਾਇਆ ਦੇ ਅਨੇਕਾਂ ਨਾਮ ਦਿੱਤੇ ਹਨ ਤੇ ਕਿਹਾ ਗਿਆ ਹੈ, ਮਾਯਾ ਪਾ:10 ਦੀ ਰੱਛਕ ਹੈ।)*

.... ਅਥ ਸ੍ਰੀ ਸਰਬਲੋਹ-ਅਵਤਾਰ, ਮਹਾਕਾਲ-ਜੂ-ਧਾਰਤ-ਭਏ,

ਬਿਸਨੁਪਦ ਛੰਦ ਦੀਪਕ।।

*(ਮਹਾਕਾਲ ਦਾ ਅਵਤਾਰ ਸਰਬ ਲੋਹ ਹੈ।)*

ਸਰਬ ਅੰਗ ਬਜਰੰਗ, ਸਰਬਅੰਗ ਬਜਰੰਗ ਹੇ,

*(ਵਜਰ ਜਿਹੇ ਕਰੜੇ ਹਨ ਜਿਸ ਦੇ ਅੰਗ।)*

ਧਾਰਯੋ ਪੁਰਖੁ ਅਸੰਗ ਹੇ, ਸਰਬਲੋਹ ਅਵਤਾਰ।

*(ਸਰਬਲੋਹ ਅਵਤਾਰ ਨੇ ਅਵਤਾਰ ਧਾਰਿਆ।)*

ਸੁਰ ਸੰਤਨ ਕੇ ਹੇਤ, ਸੁਰ ਸੰਤਨ ਕੇ ਹੇਤ ਹੇ,

*(ਦੇਵਤਿਆਂ ਤੇ ਸੰਤਾਂ ਦੇ ਵਾਸਤੇ)*

**ਰਛਕ ਗੋ, ਛਿਤਿ, ਨੇਤ ਹੇ, ਮਹਾਕਾਲ ਕਰਤਾਰ।**

***(ਗਊ ਤੇ ਧਰਤੀ ਦੀ ਰਖਿਆ ਕਰਨ ਵਾਲਾ ਤੇ ਸੰਸਾਰ ਦੀ ਪੈਦਾਇਸ਼ ਕਰਨ ਵਾਲਾ ਅਵਤਾਰ ਮਹਾਕਾਲ ਹੈ।)***

ਸਰਬ ਲੋਹ ਗ੍ਰੰਥ ਦੇ ਇਸ ਭਾਗ ਵਿੱਚ ਸਿੱਖ ਗੁਰੂਆਂ ਤੇ ਖ਼ਾਲਸੇ ਦਾ ਵਰਣਨ ਵੀ ਹੈ।

ਜੇ ਜੇ ਅਸੁਰ ਪ੍ਰਭੁ-ਸੰਤਨ-ਦੋਹੀ, ਹਰਿ ਮਾਰਗ ਮਹਿ ਬਿਘਨ ਕਰੰਤੇ।

*(ਜੋ-ਜੋ ਦੈਂਤ ਸੰਤਾਂ ਦੇ ਦ੍ਰੋਹੀ, ਹਰੀ ਦੇ ਮਾਰਗ ਵਿੱਚ ਵਿਘਨ ਪਾਂਦੇ)*

ਤੇ ਤੇ ਦੁਸ਼ਟ ਪਛਾਰੇ ਸਤਿਗੁਰੁ, ਮਨਾਏ ਭਗਵਤੀ ਅਰੁ ਭਗਵੰਤੇ।





*(ਗੁਰੂ ਗੋਬਿੰਦ ਸਿੰਘ ਜੀ ਨੇ ਭਗਵਤੀ ਤੇ ਦੁਰਗਾ ਨੂੰ ਮਨਾ ਕੇ ਪਛਾੜ ਦਿੱਤੇ।)*

ਭੁਸੁਰ ਗੋਦੋਹੀ ਜੇ ਦੁਸ਼ਟਨ, ਧਰਮ ਜੁੱਧ ਕਰਿ ਅਸੁਰ ਦਲੰਤੇ।

*(ਜੋ ਜੋ ਬ੍ਰਾਹਮਣ ਤੇ ਗਊ ਦੇ ਦੋਖੀ ਦੈਂਤਯ ਹਨ, ਉਹਨਾਂ ਨੂੰ ਧਰਮ ਯੁੱਧ ਕਰਕੇ ਨਾਸ਼ ਕਰ ਦਿੰਦੇ ਹਨ।)*

ਸੋਧ ਸੁਧਾਰ ਬਰਨ ਆਸ਼੍ਰਮ ਕਉ, ਮਥ ਕਰਿ ਤੱਤ ਖਾਲਸੇ ਮੰਤੇ।

ਅਕਾਲ ਪੁਰਖ ਕੀ ਆਗਯਾ ਪਾਇ, ਪ੍ਰਗਟਿ ਭਯੋ ਰੂਪ-ਮੁਨਿਵਰ ਕੋ।

*(ਅਕਾਲ ਪੁਰਖ ਦੀ ਆਗਿਆ ਪਾਕੇ ਜਟਾਧਾਰੀ ਖਾਲਸਾ ਬਣਿਆ)*

ਗੁਰਮਤਿ ਅਨੁਸਾਰ ਗੁਰੂ ਸਾਹਿਬ ਮੁਸਲਮਾਨਾਂ ਦੇ ਦੁਸ਼ਮਣ ਨਹੀਂ ਸਨ, ਨਾ ਹੀ ਬ੍ਰਾਹਮਣ ਗਊ ਦੇ ਰਖਿਅਕ ਸਨ। ਗੁਰੂ ਜੀ ਦੇ ਦਰਬਾਰ ਵਿੱਚ ਮੁਸਲਮਾਨ, ਹਿੰਦੂ ਆਉਂਦੇ ਸਨ, ਤੇ ਸਭ ਨਾਲ ਇਕੋ ਜਿਹਾ ਸਲੂਕ ਹੁੰਦਾ ਸੀ। ਬ੍ਰਾਹਮਣ, ਸ਼ੂਦਰ ਤੇ ਮੁਸਲਮਾਨ ਦਾ ਇੱਕ ਹੀ ਦਰਜਾ ਸੀ। ਗੁਰਮਤਿ ਗਿਆਨ ਦੇ ਆਧਾਰ ਤੇ ਜੋ ਵੀ ਗੁਰੂ ਜੀ ਦਾ ਸਿੱਖ ਬਣਨਾ ਚਾਹੇ, ਉਹ ਧਰਮ ਪਰਿਵਰਤਨ ਕਰ ਸਕਦਾ ਸੀ।

ਪਦਾ 5 ਪੰਥ ਖ਼ਾਲਸਾ ਭਯੋ ਪੁਨੀਤਾ, ਪ੍ਰਭੁ ਆਗਯਾ ਕਰਿ ਉਦਿਤ-ਭਏ।

ਮਿਟਯੋ ਦ੍ਵੈਤ ਸੰਜੁਗਤਿ ਉਪਾਧਿਨਿ, ਅਸੁਰ ਮਲੇਛਨ ਮੂਲ ਗਏ।

ਧਰਮ ਪੰਥ ਖਾਲਸ ਪ੍ਰਚੁਰ-ਭਯੋ, ਸਤਿ ਸ਼ਿਵੰ ਪੁਨਯ ਰੂਪ ਜਏ।

ਕਛ, ਕੇਸ, ਕ੍ਰਿਪਾਨਨ ਮੁਦ੍ਰਿਤ, ਗੁਰ ਭਗਤਾ ਰਾਮਦਾਸ ਭਏ।

*(ਖਾਲਸਾ ਪੰਥ, ਪ੍ਰਭੂ ਆਗਿਆ ਨਾਲ ਪ੍ਰਗਟ ਹੋਇਆ। ਦੈਂਤਾਂ ਤੇ ਮਲੇਛਾਂ ਦੀਆਂ ਜੜ੍ਹਾਂ ਪੁੱਟੀਆਂ ਗਈਆਂ। ਖਾਲਸਾ ਪੰਥ ਫੈਲ ਗਿਆ, ਪਵਿੱਤਰ ਪਰਮੇਸਰ ਸਰੂਪ ਜਨਮੇ ਹਨ। ਕਛ, ਕੇਸ, ਕ੍ਰਿਪਾਨ ਨਾਲ ਸਜੇ ਹੋਏ, ਭਗਤ ਕੀਰਤਨੀਏ ਹੋਏ।)*

ਭਗਵਤੀ ਮਾਤਾ ਅਤੇ ਕਾਲ ਪੁਰਖ ਪਿਤਾ ਹੈ ਜਿਨ੍ਹਾਂ ਨੇ ਖਾਲਸਾ ਰੂਪ ਪੁਤ੍ਰ ਨੂੰ ਗੋਦ ਲਿਆ ਹੈ।

ਉਪਰ ਦਿੱਤੀ ਸਰਬ ਲੋਹ ਗ੍ਰੰਥ ਦੇ ਅੰਸ਼ਾਂ ਦੀ ਵਿਚਾਰ ਤੋਂ ਸਿੱਧ ਹੈ ਕਿ ਇਹ ਗ੍ਰੰਥ ਕਿਸੇ ਬ੍ਰਾਹਮਣ ਕਵੀ ਨੇ ਰਚਿਆ ਹੈ। ਰਚਨਾ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਤੇ ਖਾਲਸਾ ਖਤ੍ਰੀ ਹਨ, ਗਊ ਬ੍ਰਾਹਮਣ ਦੀ ਰਖਿਆ ਲਈ ਪ੍ਰਗਟ ਹੋਏ ਇਹਨਾਂ ਨੇ ਸਨਾਤਨ ਧਰਮ ਦੇ ਦੇਵੀ ਦੇਵਤਿਆਂ ਦੀ ਤਰ੍ਹਾਂ ਦੈਂਤਾਂ (ਤੁਰਕਾਂ) ਨੂੰ ਮਾਰਿਆ। ਇਸ ਤਰ੍ਹਾਂ ਸਿੱਖ ਮਤ ਵੇਦ ਮਤ ਵਿੱਚ ਘੁਲਮਿਲ ਗਿਆ।

## III. **ਰਹਿਤਨਾਮੇ**

ਪੁਰਾਤਨ ਸਿੱਖ ਇਤਿਹਾਸ ਵਿੱਚ ਅਨੇਕਾਂ ਰਹਿਤਨਾਮੇ ਹਨ ਜੋ ਸੰਨ 1725 ਤੋਂ ਬਾਦ ਵਜੂਦ ਵਿੱਚ ਆਏ। ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ 'ਰਹਿਤਨਾਮੇ' ਵਿੱਚ ਇਹਨਾਂ ਦੀ ਜਾਣਕਾਰੀ ਦਿੱਤੀ ਹੈ। ਉਹ ਕਹਿੰਦੇ ਹਨ -

**ਰਹਿਤਨਾਮੇ ਲਿਖਣ ਵਾਲੇ ਬ੍ਰਾਹਮਣ ਜਾਂ ਸਿੱਖ ਸਨ ਜਿਨ੍ਹਾਂ ਦੇ ਨਾਮ ਤੋਂ ਅਸੀਂ ਜਾਣੂ ਨਹੀਂ। ਇਹਨਾਂ ਰਹਿਤਨਾਮਿਆਂ ਨੂੰ ਪ੍ਰਮਾਣਿਕ ਬਣਾਉਣ ਲਈ ਪਾ:੧੦ ਦੇ ਨਿਕਟਵਰਤੀ ਬਜੁਰਗ ਸਿੱਖਾਂ ਨਾਲ ਸਬੰਧਿਤ ਕੀਤਾ ਗਿਆ, ਜਿਵੇ ਕਿ ਭਾਈ ਨੰਦ ਲਾਲ ਜੀ, ਭਾਈ ਪ੍ਰਹਿਲਾਦ ਸਿੰਘ ਆਦਿ।**

ਰਹਿਤਨਾਮਿਆਂ ਵਿੱਚ ਕਿਹਾ ਗਿਆ ਹੈ ਕਿ ਇਹ ਰਹਿਤਾਂ ਸਿੱਖਾਂ ਨੂੰ ਪਾ:10 ਨੇ ਸੁਣਾਈਆਂ। ਇਹ ਗੱਲ ਸਾਫ ਹੈ ਕਿ ਕੋਈ ਵੀ ਰਹਿਤਨਾਮਾ ਸ੍ਰੀ ਮੁਖਵਾਕ ਜਾਂ ਪਾ:10 ਰਚਿਤ ਨਹੀਂ। ਅਸੀਂ ਰਹਿਤਨਾਮਾ ਭਾਈ ਦਯਾ ਸਿੰਘ ਵਿੱਚੋਂ ਇੱਕ ਉਦਾਹਰਣ ਦਿੰਦੇ ਹਾਂ।

**ਰਹਿਤਨਾਮਾ ਭਾਈ ਦਯਾ ਸਿੰਘ -**

ਸ੍ਰੀ ਦਸਵੀਂ ਪਾਤਸ਼ਾਹੀ ਅਨੰਦ ਪੁਰ ਮੈਂ ਬੈਠੇ ਥੇ, ਦਯਾ ਸਿੰਘ ਜੀ ਪ੍ਰਸ਼ਨ ਕੀਆ 'ਜੁ ਮਹਾਰਾਜ ਜੀ ! ਰਹਿਤਨਾਮਾ ਕਹੀਏ ਜਿਸ ਕੇ ਸੁਨਨੇ ਸੇ ਮੁਕਤ ਹੋਇ।'

ਉਤਰ - ਜਬ ਦੇਵੀ ਪ੍ਰਗਟ ਭਈ ਔਰ ਪਾਂਚ ਪਯਾਰੇ ਸਾਵਧਾਨ ਹੂਏ, ਤਬ ਸਬ ਦੇਵਤਾ ਆਏ। '੧ਓ ਸਤਿਨਾਮ' ਉਪਦੇਸ਼ ਮੰਤ੍ਰ ਸ੍ਰੀ ਗੁਰੂ ਨਾਨਕ ਜੀ ਕੀ ਸ਼ਕਤਿ ਨੇ ਦੀਆ, ਔਰ ਜੰਤ੍ਰ ਵਾਹਿਗੁਰੂ ਮੋਹਨ ਬਸੀਕਰਨ ਨੇ ਦੀਆ, ਤੰਤ੍ਰ ਜਲ ਅਮਰ ਬਰੁਣ ਵਾਸਤੇ ਚਿਤ ਦ੍ਰਿੜਤਾ ਦੇ ਦੀਆ, ਮਿਸਟਾਨ ਇੰਦ੍ਰ ਨੇ ਦੀਆ, ਬੁਧੀ ਮੀਠੀ ਰਹਨ ਨਮਿਤ ਅਰ ਲੋਹ ਪਾਤਰ ਯਮਰਾਜ ਅੰਮ੍ਰਿਤ ਪਾਵਣੇ ਨਿਮਿਤ ਦੀਆ, ਸਰਬਲੋਹ ਕੀ ਕਰਦ ਕਾਲ ਜੀ ਦਈ, ਯੁਧ ਕੇ ਵਾਸਤੇ, ਕੇਸ ਚੰਡੀ ਜੀ ਦੀਏ, ਬਾਹਨੀ ਕੱਛ ਹਨੂ ਜੀ ਦਈ, ਜਪੁਜੀ ਮੁਕਤ ਕੋ ਪਾਠ ਦੀਆ, ਅਨੰਦ ਚਿਤ ਸ਼ਾਂਤ ਲੀਏ ਗੁਰੂ ਅਮਰ ਜੀ ਦੀਨਾ, ਚੌਪਈ, ਸ੍ਵੈਯੇ ਸ੍ਰੀ ਮੁਖ ਦ੍ਰਿੜ ਚਿਤ ਤੇ ਜੁੱਧ ਨਿਮਿਤ। ਚਾਰ ਪਦਾਰਥ ਖੰਡੇ ਕੀ ਪਾਹੁਲ ਤੇ ਦੀਏਂ ਸਿਖੋਂ ਕੋ ਸਰਕਰ ਬਿਸ਼ਨੂ ਜੀ ਦੀਨੀ, ਮੈਦਾ ਮਹਾਂਦੇਵ ਜੀ ਦੀਨਾ, ਘੀਵ ਬਹਮੇ ਨੇ ਦੀਆ ਤ੍ਰਿਭਾਵ ਕਾ ਕੜਾਹ ਪ੍ਰਸਾਦ ਕੀਆ।

ਰਹਿਤਨਾਮੇ ਅਨੁਸਾਰ ਦਯਾ ਸਿੰਘ ਦੇ ਪ੍ਰਸ਼ਨ ਦਾ ਉਤਰ ਗੁਰੂ ਗੋਬਿੰਦ





ਸਿੰਘ ਜੀ ਨੇ ਇਸ ਪ੍ਰਕਾਰ ਦਿੱਤਾ।

ਜਦੋਂ ਦੇਵੀ ਪ੍ਰਗਟ ਹੋਈ ਤੇ ਪੰਜ ਪਿਆਰੇ ਸਾਵਧਾਨ ਹੋਏ ਤਦੋਂ ਸਭ ਦੇਵਤਾ ਆਏ, '੧ਓ ਸਤਿਨਾਮ' ਉਪਦੇਸ਼ ਮੰਤ੍ਰ ਗੁਰੂ ਨਾਨਕ ਸਾਹਿਬ ਦੀ ਸ਼ਕਤੀ ਨੇ ਦਿੱਤਾ, ਜੰਤ੍ਰ ਵਾਹਿਗੁਰੂ ਮੋਹਨ ਬਸੀਕਰਨ ਨੇ ਦਿੱਤਾ, ਤੰਤ੍ਰ ਜਲ ਅਮਰ ਬਰੁਣ ਚਿੱਤ ਦ੍ਰਿੜਤਾ ਲਈ ਦਿੱਤਾ, **ਮਿਸ਼ਟਾਨ ਇੰਦ੍ਰ ਦੇਵਤਾ ਨੇ ਦਿੱਤਾ, ਬੁੱਧੀ ਮੀਠੀ ਰਹਨ ਨਮਿਤ ਅਰ ਲੋਹ ਦਾ ਬਾਟਾ, ਯਮਰਾਜ, ਅੰਮ੍ਰਿਤ ਪਾਵਣੇ ਨਮਿਤ ਦੀਆ, ਸਰਬ ਲੋਹ ਕੀ ਕਰਦ ਕਾਲ ਜੀ ਦਈ, ਬੁੱਧ ਕੇ ਵਾਸਤੇ, ਕੇਸ ਚੰਡੀ ਜੀ ਦੀਏ, ਬਾਹਨੀ ਕੱਛ ਹਨੂਮਾਨ ਨੇ ਦਿੱਤੀ, ਜਪੁਜੀ ਮੁਕਤ ਕੋ ਪਾਠ ਦੀਆ... ਆਦਿ। ਕੜਾਹ ਪ੍ਰਸ਼ਾਦਿ ਬਨਾਣ ਲਈ ਮੈਦਾ ਮਹਾਂਦੇਵ ਜੀ ਦੀਨਾ, ਘੀਵ ਬ੍ਰਹਮੇ ਨੇ ਦੀਆ।**

(ਰਹਿਤਨਾਮੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਫ ਕਰਦ ਫੇਰੀ। ਬਾਕੀ ਸਾਰਾ ਕੰਮ ਦੇਵੀ ਦੇਵਤਿਆਂ ਨੇ ਕੀਤਾ। ਇਹ ਰਹਿਤਨਾਮੇ 1936 ਵਿੱਚ ਛਪੀ ਰਹਿਤ ਮਰਯਾਦਾ ਦੇ ਸਰੋਤਾਂ ਵਿੱਚੋਂ ਸਨ।)

**ਸ੍ਰੀ ਸਤਿਗੁਰ ਵਾਚ**

ਜੋ ਅਕਾਲ ਰੂਪ ਹੈ, ਨੀਲ ਬਸਤ੍ਰ ਪਹਿਰਾਇ।

ਜਪੇ ਜਾਪ ਸੁਰ ਬਰ ਅਕਾਲ, ਸਰਬਲੋਹ ਪਹਿਰਾਇ।

ਸਰਬ ਲੋਹ ਚਕ੍ਰ ਕਰਦ... ਛਲਾਇ।

ਸ੍ਰੀ ਅਕਾਲ ਉਸਤਤਿ ਕਰੇ, ਚੰਡੀ ਕੰਠ ਸੁਧਾਰ।...

ਊਚਾ ਬੁੰਗਾ ਜੋ ਸਜੈ ਨਾਮ ਨਿਹੰਗ ਸੁਜਾਨ।...

ਸਸਤਰ ਤਨ ਮੈ ਧਾਰੇ, ਬਿਨਾ ਮਯਾਨ ਤੇ ਤੇਗ ਹਾਥ ਮੈ ਰਾਖੈ।...

ਕ੍ਰਿਪਾਨ ਸੀਸ ਪੈ ਰਾਖ ਕੈ, ਬੁੰਗਾ ਊਚਾ ਧਾਰ।...

ਲੋਹ ਪਾਤ੍ਰ ਮੈ ਛਕੈ, ਨੀਲ ਪੀਲ ਧਾਰੇ ਬਸਤ੍ਰ।...

**ਅਬ ਬਿਹੰਗਮ ਕੇ ਲੱਖਨ**

(ਗੁਰਮਤਿ ਬ੍ਰਹਮਚਾਰੀ ਬਣਨ ਦਾ ਵਿਰੋਧ ਕਰਦੀ ਹੈ।)

ਜਗਤ ਮੈ ਮਾਯਾ ਕਾ ਸੰਗ ਤਿਆਗ ਕਰੈ, ਇਸਤ੍ਰੀ ਕੋ ਦੇਖਤ ਭਾਗੇ ਧਨ ਕੇ ਹੇਤ ਨ ਲਾਗੇ, ਸਵਾ ਗਜ ਕੀ ਕੱਛ ਰਾਖੈ, ਏਕ ਸਰਬਲੋਹ ਕੀ ਗੜਵੀ ਰਖੈ, ਏਕਾਕੀ ਬਿਚਰੈ, ਧਾਤੂ ਕੋ ਸਪਰਸ਼ ਨ ਕਰੇ, ਸਹਰ ਮੈ ਨਾ ਰਹੈ, ਅਸਵਾਰੀ ਪੈ ਨਾ ਚੜ੍ਹੇ, ਔਰ ਗੁਰਦੁਆਰੇ ਮੇ ਫਿਰਤਾ ਰਹੈ। ਇਸਤ੍ਰੀ ਕੇ ਹਾਥ ਕਾ ਅੰਨ ਜਲ ਨਾ ਛਕੇ।

ਇਸ ਤਰ੍ਹਾਂ ਜਾਪਦਾ ਹੈ ਕਿ ਸਾਡੇ ਨਿਹੰਗ ਸਿੰਘ, ਸਰਬ ਲੋਹੀਏ ਤੇ ਬਿਹੰਗਮ ਤੇ ਸੰਪਰਦਾਵਾਂ ਨੇ ਇਹਨਾਂ ਰਹਿਤਨਾਮਿਆਂ ਨੂੰ ਪਾ:10 ਦੇ ਹੁਕਮ ਮੰਨ ਲਿਆ। ਇਸ ਤਰ੍ਹਾਂ ਪੰਥ ਵਿੱਚ ਵੰਡੀਆਂ ਪੈ ਗਈਆਂ।

## ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ

ਗੁਰੂ ਕਾ ਸਿੱਖ ਹੋਇ ਕੈ ਤੁਰਕਣੀ ਨਾਲ ਸੰਗ ਨ ਕਰੈ। ਤੁਰਕ ਨੂੰ ਧਰਮ ਕਰਮ ਗਊ ਦੋਖੀ ਜਾਣੈ - ਗੁਰੂ ਕਾ ਬਚਨ ਹੈ।

ਗੁਰੂ ਕਾ ਸਿੱਖ ਬਿਆਹੁ ਕਰੇ ਆਪਨੇ ਆਸ਼ਰਮ ਕੁਲ ਦੀ ਇਸਤਰੀ ਨਾਲ ਬਰਤਨ ਕਰੇ। ਜੋ ਬ੍ਰਾਹਮਣ ਗੁਰੂ ਕਾ ਹੋਵੈ, ਤਾਂ ਉਸ ਦੀ ਸੇਵਾ ਟਹਲ ਕਰਣੀ ਦੁਵਾ ਨਫਾ। ਜੋ ਜਗਤ ਦਾ ਗੁਰੂ ਹੋ ਇਕੈ ਗੁਰੂ ਸਰਨਿ ਆਵੈ ਤਾ ਦੂਣਾ ਮਰਾਤਬਾ।

ਗੁਰੂ ਕੇ ਸਿੱਖ ਕਾ ਅਦਬ ਕਰੇ ਪੂਜਾ ਕਰੈ।

ਗੁਰੂ ਕਾ ਸਿੱਖ ਜੋ ਧਰਮਸ਼ਾਲੀ ਹੋਵੈ, ਕੈਸਾ ਹੋਵੈ ? ਗ੍ਰਿਹਸਤੀ ਨਾ ਹੋਵੈ।

(ਗੁਰਮਤਿ ਵਿਰੁੱਧ)

ਧਰਮਸਾਲਾ ਵਿੱਚ ਜਨਾਨਾ ਘਰ ਨ ਹੋਵੈ।

ਇਸ ਰਹਿਤਨਾਮੇ ਵਿੱਚ ਖੰਡੇ ਦਾ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਹੈ, ਰਹਿਤਾਂ ਵੀ ਹਨ।

ਇਸ ਤਰ੍ਹਾਂ ਦੇ ਅਨੇਕ ਰਹਿਤਨਾਮਿਆਂ ਵਿੱਚ ਖੰਡੇ ਦੀ ਪਹੁਲ ਤਿਆਰ ਕਰਨ ਲਈ ਜਿਹੜੀਆਂ ਬਾਣੀਆਂ ਪੜੀਆਂ, ਵੱਖ ਵੱਖ ਹਨ। ਇਸੀ ਤਰ੍ਹਾਂ ਅਨੇਕਾਂ ਰਹਿਤਾਂ ਵੀ ਹਨ।

1936 ਵਿੱਚ ਸਿੱਖ ਰਹਿਤ ਮਰਯਾਦਾ ਬਨਾਉਣ ਵਾਲੇ ਬੁੱਧੀਜੀਵੀਆਂ ਨੇ ਗੁਰਮਤਿ ਦੇ ਸਤਿਗੁਰੂ, ਤੇ ਵੇਦਮਤ ਦੇ ਦੇਵੀ ਤੇ ਦੇਵਤਿਆਂ ਨੂੰ ਕਿਵੇਂ ਵੱਖ ਵੱਖ ਕੀਤਾ ਤੇ ਗੁਰਮਤਿ ਅਨੁਕੂਲ ਰਹਿਤ ਮਰਯਾਦਾ ਬਨਾਈ ? ਇਹ ਸਮਝ ਤੋਂ ਬਾਹਰ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੀਆਂ ਰਹਿਤਾਂ, ਕੁਰਹਿਤਾਂ, ਹੁਕਮ ਰੂਪ ਵਿੱਚ ਦਿੱਤੀਆਂ, ਇਸ ਦਾ ਕੋਈ ਇਤਿਹਾਸਕ ਸਬੂਤ ਸਾਡੇ ਕੋਲ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੰਪੂਰਨ ਉਪਦੇਸ਼ ਦਿੰਦੀ ਹੈ। ਇਸ ਅਨੁਸਾਰ ਸਿੱਖੀ ਦੀ ਪਹਿਚਾਨ ਵਿੱਚ ਕੇਸ ਤੇ ਦਾਹੜੀ ਸ਼ਾਮਲ ਹਨ। ਹੋਰ ਰਹਿਤਾਂ/ਕੁਰਹਿਤਾਂ ਵੀ ਬਾਣੀ ਵਿੱਚ ਦਰਜ ਹਨ।

ਸਪਸ਼ਟ ਹੈ ਕਿ ਅੱਜ ਦੀ ਪੰਥਕ ਰਹਿਤ ਮਰਯਾਦਾ ਸਿੱਖੀ ਦੇ ਦੁਸ਼ਮਣ





ਬ੍ਰਾਹਮਣ ਦੀਆਂ ਲਿਖਤਾਂ ਤੇ ਆਧਾਰਿਤ ਹੈ। ਇਸ ਸਮੇਂ ਪੰਥ ਦੇ ਆਗੂਆਂ ਤੇ ਸੰਸਥਾਵਾਂ ਲਈ ਜ਼ਰੂਰੀ ਹੈ ਕਿ ਉਹ ਗੁਰਬਾਣੀ ਨੂੰ ਮੁੱਖ ਰਖ ਕੇ ਨਵੀਂ ਰਹਿਤ ਮਰਯਾਦਾ ਬਨਾਉਣ। ਇਸ ਤਰੀਕੇ ਨਾਲ ਅਸੀਂ ਬ੍ਰਾਹਮਣ ਦੀਆਂ ਰਚਨਾਵਾਂ ਦੇ ਆਧਾਰ ਤੇ ਨਿਤਨੇਮ, ਕੀਰਤਨ, ਖੰਡੇ ਦੀ ਪਹੁਲ ਦੇ ਤਰੀਕੇ, ਤੇ ਪ੍ਰਥਮ ਭਗਉਤੀ ਸਿਮਰਿ ਕੈ ਵਾਲੀ ਅਰਦਾਸ ਤੋਂ ਛੁੱਟ ਸਕਦੇ ਹਾਂ।

ਦਸਮ ਗ੍ਰੰਥ ਦੀਆਂ ਰਚਨਾਵਾਂ ਵੇਦ ਬਾਣੀ ਨੂੰ ਮੰਨਨ ਵਾਲੇ ਕਵੀਆਂ ਨੇ ਲਿਖੀਆਂ ਹਨ। ਦੇਵੀ ਦੇਵਤਿਆਂ ਦੇ ਮੰਗਲਾਚਰਣ ਤੇ ਉਸਤਤਿ ਤੋਂ ਬਾਦ ਮੰਦੀ ਨੀਯਤ ਨਾਲ ਸ੍ਰੀ ਮੁਖਵਾਕ ਪਾ:10 ਲਿਖਿਆ ਹੈ। ਇਤਿਹਾਸਕ ਹਸਤੀਆਂ ਪਾ:10 ਤੇ ਸਿੱਖ ਗੁਰੂਆਂ ਨੂੰ ਵੇਦ ਮਤ ਦੇ ਮਿਥਿਹਾਸਕ, ਦੇਵੀ ਦੇਵਤਿਆਂ ਨਾਲ ਜੋੜ ਕੇ ਰਚਨਾਵਾਂ ਨੂੰ ਵੇਦਕ ਰੀਤੀ ਵਿੱਚ ਲਿਖਿਆ ਗਿਆ ਹੈ। ਇਹਨਾਂ ਅਨੁਸਾਰ ਪਾ:10 ਸਿੱਖ ਗੁਰੂਆਂ ਵਿੱਚ ਖੱਤ੍ਰੀ ਹਨ, ਜੋ ਮੁਗਲ ਦੈਤਾਂ ਨਾਲ ਜੰਗਾਂ ਵਿੱਚ ਜੂਝੈ। ਖ਼ਾਲਸਾ, ਸਿੱਖਾਂ ਵਿੱਚ ਖੱਤ੍ਰੀ ਹੈ।

ਦਸਮ ਗ੍ਰੰਥ ਦੀਆਂ ਰਚਨਾਵਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੇ ਖ਼ਾਲਸੇ ਨੂੰ ਦੇਵੀ ਦੇ ਉਪਾਸ਼ਕ ਤੇ ਸ਼ਸਤਰਾਂ, ਅਸਤਰਾਂ ਦੀ ਪੂਜਾ ਕਰਨ ਵਾਲੇ ਬਣਾ ਦਿੱਤਾ।

ਦਸਮ ਗ੍ਰੰਥ ਦੀ ਰਚਨਾ ਸ਼ਸਤਰ ਨਾਮ ਮਾਲ ਪੁਰਾਣ (ਪੰਨਾ 717) ਵਿੱਚ ਬ੍ਰਾਹਮਣ ਕਵੀ ਨੇ ਗੁਰੂ ਗੋਬਿੰਦ ਸਿੰਘ ਨੂੰ ਭਗਉਤੀ ਦੀ ਅਰਾਧਨਾ ਕਰਨ ਵਾਲੇ ਤੇ ਭਗੌਤੀ ਦੇ ਅਨੇਕਾਂ ਰੂਪਾਂ ਵਿੱਚ ਸ਼ਸਤਰਾਂ ਦਾ ਪੁਜਾਰੀ ਦੱਸਿਆ ਹੈ।

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥
ਸੈਫ਼ ਸਰੋਹੀ ਸਹੈਥੀ ਯਹੈ ਹਮਾਰੇ ਪੀਰ॥

(ਸਸਤਰ ਅਸਤਰ ਮੇਰੇ ਪੀਰ ਅਥਵਾ ਗੁਰੂ ਹਨ।)

ਇਸ ਰਚਨਾ ਵਿੱਚ ਭਗਉਤੀ ਨੂੰ ਕਿਹਾ ਹੈ -

ਤੀਰ ਤੁਹੀ ਸੈਹਥੀ ਤੁਹੀ ਤੁਹੀ ਤਬਰ ਤਰਵਾਰ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ॥

**ਖ਼ਾਲਸੇ ਬਾਰੇ ਦਸਮ ਗ੍ਰੰਥ**

* ਖ਼ਾਲਸਾ ਮੇਰੋ ਰੂਪ ਹੈ ਖਾਸ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥
* ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥
  ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥

ਗੁਰੂ ਗੋਬਿੰਦ ਸਿੰਘ ਤੇ ਖ਼ਾਲਸੇ ਦੀ ਇਹ ਪਛਾਣ ਚਤੁਰ ਬ੍ਰਾਹਮਣ

ਕਵੀ ਨੇ ਬਣਾਈ ਹੈ।

ਗੁਰੂ ਨਾਨਕ ਸਾਹਿਬ ਤੇ ਗੁਰਸਿੱਖਾਂ ਦੀ ਪਛਾਣ ਗੁਰਸਿੱਖਾਂ ਲਈ ਇਸ ਤਰ੍ਹਾਂ ਹੈ।

ਗੁਰੂ ਗੋਬਿੰਦ ਸਿੰਘ ਜੀ, ਗੁਰੂ ਨਾਨਕ ਦੀ ਦਸਵੀਂ ਜੋਤਿ ਹਨ, ਗੁਰੂ ਗੋਬਿੰਦ ਸਿੰਘ ਪਾਰਬ੍ਰਹਮ ਪਰਮੇਸਰ ਆਪ ਹਨ।

**ਗੁਰਸਿੱਖ**

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ।।

(ਜਿਨ੍ਹਾਂ ਨੇ ਇਕੋ ਇੱਕ ਹਸਤੀ ਅਕਾਲ ਪੁਰਖ ਦੀ ਪ੍ਰੇਮਾ ਭਗਤੀ ਕੀਤੀ, ਉਹ ਗੁਰਮਤਿ ਸਿਮਰਣ, ਭਗਤੀ ਸਦਕਾ ਨਿਰਮਲ ਹੋ ਗਏ।)

ਪਹਿਲੀਆਂ ਨੌਂ ਪਾਤਸ਼ਾਹੀਆਂ ਦੇ ਸਮੇਂ ਵਿੱਚ ਗੁਰੂ ਹਰਿ ਗੋਬਿੰਦ ਸਾਹਿਬ ਵੀ ਜੰਗਾਂ ਵਿੱਚ ਜੂਝੇ ਤੇ ਜਿੱਤਾਂ ਪ੍ਰਾਪਤ ਕੀਤੀਆਂ। ਇਹ ਕੰਮ ਬ੍ਰਾਹਮਣ ਦੇ ਬਣਾਏ ਗੁਰੂ ਗੋਬਿੰਦ ਸਿੰਘ ਤੇ ਬ੍ਰਾਹਮਣ ਦੇ ਰਚੇ ਖ਼ਾਲਸੇ ਤੋਂ ਬਿਨਾ ਹੁੰਦਾ ਰਿਹਾ। ਗੁਰਬਾਣੀ ਉਪਦੇਸ਼ ਸੰਪੂਰਣ ਸਿੱਖ ਮਤ ਦਾ ਉਪਦੇਸ਼ ਹੈ।

ਸਿੱਖ ਆਗੂਆਂ ਨੇ 1936 ਦੀ ਰਹਿਤ ਮਰਯਾਦਾ ਇਸ ਭੁੱਲ ਵਿੱਚ ਬਣਾਈ ਕਿ ਇਹ ਰਚਨਾਵਾਂ ਪਾ:10 ਕ੍ਰਿਤ ਹਨ। ਉਸ ਸਮੇਂ (1936) ਤਕ ਸਿੱਖ ਦਸਮ ਗ੍ਰੰਥ, ਤੇ ਬ੍ਰਾਹਮਣ ਜਾਂ ਸਿੱਖੀ ਭੇਸ ਵਿੱਚ ਬ੍ਰਾਹਮਣ ਦੀਆਂ, ਵੇਦ ਮਤ ਵਿੱਚ ਰੰਗੀਆਂ, ਅਨੇਕਾਂ ਪੁਰਾਤਨ ਪੁਸਤਕਾਂ, ਰਹਿਤਨਾਮਿਆਂ, ਜਨਮ ਸਾਖੀਆਂ, ਸਰਬ ਲੋਹ ਗ੍ਰੰਥ ਨੂੰ ਇਸ ਵਿਸ਼ਵਾਸ ਵਿੱਚ ਪੜ੍ਹ ਚੁੱਕੇ ਸਨ ਕਿ ਰਚਨਾਵਾਂ ਪਾ:10 ਕ੍ਰਿਤ ਹਨ ਜਾਂ ਸਿੱਖਾਂ ਨੇ ਲਿਖੀਆਂ ਹਨ। ਉਹਨਾਂ ਦੀ ਮਤ ਬੁੱਧ ਚੇਤਨਾ ਵਿੱਚ ਦੇਵੀ ਦੇਵਤਿਆਂ ਦੀ ਉਸਤਤਿ ਵਸ ਧੱਸ ਚੁੱਕੀ ਸੀ। ਗੁਰਬਾਣੀ ਤੇ ਵੇਦ ਮਤ ਦੇ ਵਿਚਾਰ ਘੁਲਮਿਲ ਚੁੱਕੇ ਸਨ। ਅੰਮ੍ਰਿਤ ਰੂਪ ਗੁਰਬਾਣੀ ਵਿੱਚ ਬਿਖ ਰੂਪ ਵੇਦ ਬਾਣੀ ਘੁਲਮਿਲ ਚੁੱਕੀ ਸੀ। ਸਿੱਖਾਂ ਦੀ ਸੱਚ ਝੂਠ ਦਾ ਨਿਰਣਾ ਕਰਨ ਵਾਲੀ ਬਿਬੇਕ ਬੁੱਧੀ ਦਾ ਅਭਾਵ ਸੀ।

ਸਿੱਖ ਰਹਿਤ ਮਰਯਾਦਾ ਵਿੱਚ ਦਸਮ ਗ੍ਰੰਥ ਦੀਆਂ ਬਾਣੀਆਂ, ਨਿਰਮਲਿਆਂ ਤੇ ਉਦਾਸੀ ਮਹੰਤਾਂ ਦਾ ਉਪਦੇਸ਼, ਅਖੌਤੀ ਪੁਰਾਤਨ ਸਿੱਖ ਇਤਿਹਾਸ ਦੀਆਂ ਬਾਣੀਆਂ ਆ ਗਈਆਂ। ਪੰਥ ਨੇ ਅਕਾਲ ਤਖ਼ਤ ਦੀ ਮਰਯਾਦਾ ਨੂੰ ਸਹੀ ਮੰਨ ਕੇ ਕੱਚੀਆਂ ਬਾਣੀਆਂ ਦਾ ਪਾਠ ਕਰਨਾ ਸ਼ੁਰੂ ਕੀਤਾ।

ਸਿੱਖ ਨੌਂਜਵਾਨ, ਸਿੱਖ ਮਤ ਅਤੇ ਵੇਦ ਮਤ ਵਿੱਚ ਫਰਕ ਸਮਝ ਨਾ ਸਕੇ। ਪੰਜਾਬ ਵਿੱਚ ਤੇ ਵਿਦੇਸ਼ਾਂ ਵਿੱਚ ਬਹੁ-ਗਿਣਤੀ ਵਿੱਚ ਕੇਸ ਕਤਲ ਕਰਾ ਕੇ ਪਤਿਤ ਹੋਣਾ, ਇਹਨਾਂ ਲਈ ਮਾਇਨੇ ਨਹੀਂ ਰੱਖਦਾ ਸੀ। ਪਤਿਤਪੁਨੇ ਦਾ





ਮੁੱਢ ਕਾਰਣ, ਸਾਡਾ ਅੱਜ ਦਾ ਉਪਦੇਸ਼ ਤੇ ਰਲਿਆ ਮਿਲਿਆ ਕਥਾ ਤੇ ਕੀਰਤਨ ਹੈ।

## ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਆਧਾਰ ਤੇ ਨਿਰਣੈ

1. ਪਾ:10 ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਬਾਣੀ ਨਹੀਂ ਰਚੀ।

2. ਦਸਮ ਗ੍ਰੰਥ ਤੇ ਸਰਬ ਲੋਹ ਗ੍ਰੰਥ ਦੀਆਂ ਰਚਨਾਵਾਂ ਵੇਦਮਤ, ਦੇਵੀ ਦੇਵਤਿਆਂ ਦੀ ਪੂਜਾ ਅਰਾਧਨਾ ਕਰਨ ਵਾਲੇ ਸਨਾਤਨੀ ਵਿਚਾਰਾਂ ਅਨੁਸਾਰ ਬ੍ਰਾਹਮਣ ਨੇ ਲਿਖੇ ਹਨ।

3. 1725 ਤੋਂ ਬਾਦ 18ਵੀਂ ਤੇ 19ਵੀਂ ਸਦੀ ਵਿੱਚ ਪੁਰਾਤਨ ਸਿੱਖ ਇਤਿਹਾਸ ਦੀਆਂ ਅਨੇਕਾਂ ਪੁਸਤਕਾਂ ਵੇਦਮਤ ਨੂੰ ਮੰਨਨ ਵਾਲੇ ਬ੍ਰਾਹਮਣ ਜਾਂ ਸਿੱਖੀ ਭੇਸ ਵਿੱਚ ਬ੍ਰਾਹਮਣ ਨੇ ਵੇਦਕ ਵਿਚਾਰਧਾਰਾ ਅਨੁਸਾਰ ਰਚੇ ਹਨ। ਗੁਰੂ ਪਾਤਸ਼ਾਹੀਆਂ ਦੇ ਨਾਮ ਦੇਵੀ ਦੇਵਤਿਆਂ ਦੀ ਸ਼੍ਰੇਣੀ ਵਿੱਚ ਰਖੇ ਗਏ ਹਨ।

(ਦੇਵੀ ਦੇਵਤੇ ਅਕਾਲ ਪੁਰਖ ਦੀ ਮਾਇਆ ਦਾ ਰੂਪ ਹੈ।)

4. ਇਸ ਸਮੇਂ ਪੰਥ ਦੇ ਬੁੱਧੀਜੀਵੀਆਂ ਤੇ ਆਗੂਆਂ ਲਈ ਜ਼ਰੂਰੀ ਕੰਮ ਹੈ, ਕਿ ਉਹ ਇਹਨਾਂ ਪੁਸਤਕਾਂ ਦੀ ਪੁਨਰ ਵਿਚਾਰ ਕਰਕੇ, ਇਹਨਾਂ ਨੂੰ ਬ੍ਰਾਹਮਣ ਦਾ ਸਿੱਖ ਮਤ ਵਿਰੋਧੀ ਧੋਖੇ ਵਾਲਾ ਇਤਿਹਾਸ ਘੋਸ਼ਿਤ ਕਰਨ ਤੇ ਲੇਬਲ ਕਰਨ। ਇਹਨਾਂ ਪੁਸਤਕਾਂ ਨੂੰ ਸਿੱਖ ਲਾਇਬਰੇਰੀਆਂ ਵਿੱਚੋਂ ਕੱਢ ਦਿੱਤਾ ਜਾਵੇ। ਸਿੱਖ ਪ੍ਰਕਾਸ਼ਕ ਇਹਨਾਂ ਪੁਸਤਕਾਂ ਨੂੰ ਵੇਚਣਾ ਤੇ ਛਾਪਣਾ ਬੰਦ ਕਰਨ।

5. ਸਾਡੇ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਹਨ। ਸਿੱਖ ਮਤ ਬਾਰੇ ਸਾਰੀ ਜਾਣਕਾਰੀ ਗੁਰਬਾਣੀ ਤੋਂ ਲਈ ਜਾਵੇ। ਕੋਈ ਹੋਰ ਪੁਸਤਕ ਗੁਰਬਾਣੀ ਉਪਦੇਸ਼ ਤੋਂ ਵੱਖ ਕੋਈ ਜਾਣਕਾਰੀ ਨਹੀਂ ਦੇ ਸਕਦੀ।

ਕੁਝ ਸੱਜਣਾਂ ਦੀ ਵਿਚਾਰ ਹੈ ਕਿ ਇਹ ਕੰਮ ਨਾਮੁਮਕਿਨ ਹੈ। ਗੁਰੂ ਜੀ ਦਾ ਓਟ ਆਸਰਾ ਲੈ ਕੇ ਜੇ ਅਸੀਂ ਇਹ ਕੰਮ ਮਨ ਤਨ ਧਨ ਨਾਲ ਕਰੀਏ ਤਾਂ ਇਹ ਮੁਮਕਿਨ ਹੋ ਜਾਵੇਗਾ।

## ਭਾਗ ੨

# ਦਸਮ ਗ੍ਰੰਥ ਦੀ ਸੰਖੇਪ ਜਾਣਕਾਰੀ ਤੇ ਸੰਕਲਨ

ਜਿਸ ਗ੍ਰੰਥ ਨੂੰ ਅੱਜ ਦਸਮ ਗ੍ਰੰਥ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਉਸਦੀ ਸੰਪਾਦਨਾ ਪਾਤਸ਼ਾਹੀ ਦਸਵੀਂ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨਹੀਂ ਕੀਤੀ ਤੇ ਨਾ ਹੀ ਕਰਾਈ ਹੈ, ਬਲਕਿ ਉਹਨਾਂ ਦੇ ਜੋਤੀ ਜੋਤਿ ਸਮਾਉਣ ਤੋਂ 13 ਸਾਲਾਂ ਪਿਛੋਂ ਸੰਮਤ 1778 ਵਿੱਚ, ਜਾਂ ਕਈ ਵਿਦਵਾਨਾਂ ਅਨੁਸਾਰ 17 ਸਾਲ ਪਿਛੋਂ ਹੋਈ।

ਦਸਮ ਗ੍ਰੰਥ ਵੱਖ-ਵੱਖ ਰਚਨਾਵਾਂ ਦਾ ਸੰਗ੍ਰਹਿ ਹੈ। ਕੁਝ ਵਿਦਵਾਨਾਂ ਅਨੁਸਾਰ ਭਾਈ ਮਨੀ ਸਿੰਘ ਨੇ ਖਿੰਡੀਆਂ ਪੁੰਡੀਆਂ ਰਚਨਾਵਾਂ ਪਾ:10 ਦੇ ਜੋਤੀ ਜੋਤ ਸਮਾਉਣ ਤੋਂ ਬਾਦ ਸਿੱਖਾਂ ਦੇ ਘਰਾਂ ਤੋਂ ਇਕੱਤਰ ਕਰਕੇ ਮਾਤਾ ਸੁੰਦਰੀ ਪਾਸ ਭੇਜੀਆਂ। ਭਾਈ ਮਨੀ ਸਿੰਘ ਨੂੰ ਰਚਨਾਵਾਂ ਪੜ੍ਹਨ ਤੇ ਇਹਨਾਂ ਦੀ ਪੜਚੋਲ ਕਰਨ ਦਾ ਸਮਾਂ ਨਹੀਂ ਮਿਲਿਆ।

ਦਸਮ ਗ੍ਰੰਥ ਦੀਆਂ ਪੁਰਾਤਨ ਹਸਤ ਲਿਖਤ ਬੀੜਾਂ ਦੇ ਤਤਕਰੇ ਵਿੱਚ ਲਿਖਿਆ ਹੈ, 'ਤਤਕਰਾ ਗ੍ਰੰਥ ਜੀ ਕਾ ਲਿਖਿਆ'। ਦਸਮ ਗ੍ਰੰਥ ਨਾਮ ਦੀ ਕੋਈ ਪੁਸਤਕ ਨਹੀਂ ਸੀ।

ਦਸਮ ਗ੍ਰੰਥ ਦੀਆਂ ਰਚਨਾਵਾਂ ਵਿੱਚ ਕਾਲ, ਮਹਾਕਾਲ, ਕਾਲੀ, ਭਗਉਤੀ, ਚੰਡੀ, ਦੁਰਗਾ ਤੇ ਅਵਤਾਰਾਂ ਰਾਮ, ਕ੍ਰਿਸ਼ਨ ਆਦਿ ਅਨੇਕਾਂ ਦੇਵੀ ਦੇਵਤਿਆਂ ਦੀਆਂ ਕਥਾਵਾਂ, ਦੇਵੀ ਦੇਵਤਿਆਂ ਦੀਆਂ ਦੈਂਤਾਂ ਨਾਲ ਜੁੱਧਾਂ ਦੀਆਂ ਵਾਰਾਂ, ਦੇਵੀ ਦੇਵਤਿਆਂ ਦੀ ਸਿਫਤ ਸਾਲਾਹ, ਤੇ ਪੂਜਾ ਅਰਾਧਨਾ ਦਾ ਬਖਾਨ ਹੈ। ਦਸਮ ਗ੍ਰੰਥ ਵਿੱਚ ਜਾਪ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਔਰੰਗਜ਼ੇਬ ਨੂੰ ਲਿਖੀ ਚਿੱਠੀ, ਜ਼ਫ਼ਰਨਾਮਾ ਵੀ ਸ਼ਾਮਲ ਹਨ।

ਦਸਮ ਗ੍ਰੰਥ ਦੀਆਂ ਰਚਨਾਵਾਂ ਵੇਦ ਮਤ ਦੇ ਧਾਰਨੀ ਦੇਵੀ ਦੇਵਤਿਆਂ ਦੀ ਉਸਤਤਿ ਅਰਾਧਨਾ ਕਰਨ ਵਾਲੇ ਹਿੰਦੂ ਕਵੀਆਂ ਨੇ ਲਿਖੀਆਂ ਹਨ। ਰਚਨਾਵਾਂ ਵਿੱਚ ਕਵੀ ਸਯਾਮ ਨੇ 500 ਤੋਂ ਵੱਧ ਵਾਰ ਆਪਣਾ ਨਾਮ ਲਿਖਿਆ। ਰਚਨ ਵਾਲੇ ਕਵੀ ਰਾਮ ਤੇ ਗੋਬਿੰਦ ਵੀ ਹਨ।

ਦਸਮ ਗ੍ਰੰਥ ਦੇ ਬਹੁਤੇ ਹਿੱਸੇ ਵਿੱਚ ਹਿੰਦੂ ਧਰਮ ਗ੍ਰੰਥਾਂ ਦਾ ਅਨੁਵਾਦ ਹੈ।

ਬਚਿਤ੍ਰ ਨਾਟਕ ਪੰਨਾ 37 - 708 = 671 ਪੰਨੇ

ਸ਼ਸਤਰ ਨਾਮ ਮਾਲਾ ਪੰਨਾ 717 - 743 = 26 ਪੰਨੇ

ਤ੍ਰਿਯਾ ਚਰਿਤ੍ਰ ਪੰਨਾ 809 - 1386 = 577 ਪੰਨੇ





ਹਿੰਦੂ ਧਰਮ ਗ੍ਰੰਥਾਂ ਦਾ ਅਨੁਵਾਦ - 1274 ਪੰਨੇ।

ਤਕਰੀਬਨ ਸਾਰੀਆਂ ਰਚਨਾਵਾਂ ਦਾ ਆਰੰਭ ਕਵੀ ਨੇ ਆਪਣੇ ਇਸ਼ਟ ਕਾਲ ਜਾਂ ਭਗਉਤੀ ਦੇਵੀ ਦੀ ਉਸਤਤਿ ਨਾਲ ਕੀਤਾ ਹੈ। ਉਸ ਤੋਂ ਮਗਰੋਂ - ੧ੴ ਵਾਹਿਗੁਰੂ ਜੀ ਕੀ ਫ਼ਤਹਿ, ਸ੍ਰੀ ਮੁਖਵਾਕ ਪਾ:10 ਵੀ ਲਿਖਿਆ ਹੈ।

ਸਿੱਖ ਵਿਦਵਾਨਾਂ ਨੇ ਰਚਨਾਵਾਂ ਨੂੰ ਪਾ:10 ਕ੍ਰਿਤ, ਇਸ ਬਿਨਾ ਤੇ ਮੰਨ ਲਿਆ ਕਿ ਸਿਰਲੇਖ ਵਿੱਚ ਲਿਖਿਆ ਹੈ, ਸ੍ਰੀ ਮੁਖਵਾਕ ਪਾ:10। ਵਿਦਵਾਨਾਂ ਨੇ ਇਹ ਜਾਂਚ ਨਹੀਂ ਕੀਤੀ ਕਿ ਰਚਨਾਵਾਂ ਹਿੰਦੂ ਧਰਮ ਦੇ ਧਾਰਮਿਕ ਵਿਸ਼ਵਾਸਾਂ ਅਨੁਸਾਰ, ਦੇਵੀ ਦੇਵਤਿਆਂ ਦੀ ਪੂਜਾ ਅਰਾਧਨਾ ਦਾ ਬਖਾਨ ਕਰਦੀਆਂ ਹਨ। ਪਰ ਗੁਰਬਾਣੀ ਵੇਦ ਸ਼ਾਸਤਰ ਸਿਮ੍ਰਿਤੀਆਂ ਦੀ, ਦੇਵੀ ਦੇਵਤਿਆਂ ਦੀ ਉਸਤਤਿ, ਅਰਾਧਨਾ ਦਾ ਖੰਡਨ ਕਰਦੀ ਹੈ। ਇਸ ਲਈ ਇਹ ਰਚਨਾਵਾਂ ਗੁਰਬਾਣੀ ਉਪਦੇਸ਼ ਵਿਰੁੱਧ ਪ੍ਰਚਾਰ ਹੈ।

ਦਸ ਸਿੱਖ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ, ਸਾਰੇ ਸੰਸਾਰ ਨੂੰ ਉਪਦੇਸ਼ ਦਿੱਤਾ, ਤੇ ਭਾਰਤ ਵਿੱਚ ਹਿੰਦੂਆਂ ਦੇ ਤੀਰਥ ਅਸਥਾਨਾਂ ਤੇ ਜੋਗੀਆਂ ਦੇ ਟਿਕਾਣਿਆਂ ਤੇ ਜਾ ਕੇ ਅਨੇਕਾਂ ਦੇਵੀ ਦੇਵਤਿਆਂ ਦੀ ਪੂਜਾ ਅਰਾਧਨਾ ਤੇ ਵੇਦ ਮਤ ਦੇ ਉਪਦੇਸ਼ਾਂ ਦਾ ਖੰਡਨ ਕੀਤਾ। ਗੁਰਬਾਣੀ ਨੇ ਇਕੋ ਇੱਕ ਸਦੀਵ ਹਸਤੀ ਜੋਤਿ ਰੂਪ ਪਾਰਬ੍ਰਹਮ ਅਕਾਲ ਪੁਰਖ ਤੇ ਪੂਰੇ ਸਤਿਗੁਰੂ ਦੀ ਸਿਫਤ ਸਾਲਾਹ ਤੇ ਜਪ ਸਿਮਰਣ ਧਿਆਨ ਦਾ ਉਪਦੇਸ਼ ਦਿੱਤਾ।

ਬ੍ਰਾਹਮਣ ਨੇ ਗੁਰੂ ਸਾਹਿਬਾਨ ਦੇ ਸਮੇਂ ਵਿੱਚ ਗੁਰਮਤਿ ਉਪਦੇਸ਼ ਦਾ ਵਿਰੋਧ ਕੀਤਾ ਸੀ। ਦਸਮ ਗ੍ਰੰਥ ਤੇ ਇਹਨਾਂ ਪੁਰਾਤਨ ਪੁਸਤਕਾਂ ਦੇ ਮਾਧਿਅਮ ਨਾਲ ਇਹ ਵਿਰੋਧ ਅਜੇ ਵੀ ਜਾਰੀ ਹੈ। ਸਮਾਂ ਆ ਗਿਆ ਹੈ ਕਿ ਗੁਰਸਿੱਖ ਬ੍ਰਾਹਮਣ ਦੀ ਕੂਟ ਨੀਤੀ ਨੂੰ ਸਮਝ ਲੈਣ।

ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਸੰਪੂਰਨ ਗੁਰੂ ਤੇ ਰਹਿਨੁਮਾ ਹਨ। ਗੁਰਬਾਣੀ ਦੀ ਵਿਚਾਰ ਦੇ ਆਧਾਰ ਤੇ ਰਚਨਾਵਾਂ ਦੀ ਪਰਖ ਕਰਨ ਨਾਲ ਨਿਰਣਾਇਕ ਫੈਸਲੇ ਹੋ ਸਕਦੇ ਹਨ।

ਸਿੱਖ ਵਿਦਵਾਨਾਂ, ਸੰਸਥਾਵਾਂ, ਜਥੇਬੰਦੀਆਂ, ਸੰਤ ਸਮਾਜ ਪਾਸ ਸਨਿਮਰ ਬੇਨਤੀ ਹੈ ਕਿ ਹਥਲੀ ਪੁਸਤਕ ਵਿੱਚ ਗੁਰਮਤਿ ਵਿਚਾਰ ਨੂੰ ਧਿਆਨ ਨਾਲ ਪੜ੍ਹਨ, ਤੇ ਨਵੇਂ ਫੈਸਲੇ ਗੁਰਮਤਿ ਅਨੁਕੂਲ ਲੈਣ।

ਸਿੱਖ ਧਰਮ ਆਪਣੇ ਆਪ ਵਿੱਚ ਸੰਪੂਰਨ, ਵੱਖਰਾ, ਸਭ ਤੋਂ ਉਤਮ ਧਰਮ ਹੈ। ਸਿੱਖ ਧਰਮ ਨੂੰ ਹੋਰ ਕਿਸੇ ਧਰਮ ਤੋਂ ਕੋਈ ਸਿੱਖਿਆ ਜਾਂ ਪ੍ਰੇਰਨਾ ਲੈਣ ਦੀ ਜ਼ਰੂਰਤ ਨਹੀਂ। ਹੋਰ ਸੰਸਾਰ ਦੇ ਧਰਮ ਗੁਰਬਾਣੀ ਤੋਂ ਸਿੱਖਿਆ ਲੈ ਸਕਦੇ ਹਨ। ਸਿੱਖ ਧਰਮ ਵੇਦਕ ਧਰਮ ਦਾ ਵਰਗ ਜਾਂ ਸ਼ਾਖਾ ਨਹੀਂ। ਗੁਰਬਾਣੀ ਵੇਦ ਮਤ ਨੂੰ ਭੁੱਲਾ ਮਾਰਗ ਦੱਸਦੀ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਗੁਰੂ ਗੋਬਿੰਦ ਸਿੰਘ ਜੀ ਨੇ ਸੌਂਪੀ ਤੇ ਆਪ ਇਸ ਸੰਪੂਰਨ ਗ੍ਰੰਥ ਨੂੰ, ਗੁਰੂ ਮੰਨ ਕੇ ਮੱਥਾ ਟੇਕਿਆ। ਗੁਰਸਿੱਖਾਂ ਨੂੰ ਤੇ ਸਾਰੇ ਸੰਸਾਰ ਨੂੰ ਗੁਰਉਪਦੇਸ਼ ਦੀ ਪੂਰੀ ਜਾਣਕਾਰੀ ਲਈ ਹੋਰ ਕਿਸੇ ਗ੍ਰੰਥ ਦੀ ਜ਼ਰੂਰਤ ਨਹੀਂ।

ਹੁਣ ਪ੍ਰਕਾਸ਼ਤ ਹੋ ਰਹੀ ਬੀੜ ਦਾ ਨਾਮ ਦਸਮ ਗ੍ਰੰਥ ਹੈ। ਦਸਮ ਗ੍ਰੰਥ ਨਾਮ ਭੁਲੇਖਾ ਪਾਉਂਦਾ ਹੈ ਕਿ ਰਚਨਾਵਾਂ ਪਾ.10 ਦੀਆਂ ਹਨ। ਵਿਦਵਾਨਾਂ ਨੇ ਇਹ ਮੰਨ ਕੇ ਹੀ ਇਸ ਗ੍ਰੰਥ ਦੇ ਟੀਕੇ ਕੀਤੇ ਕਿ ਰਚਨਾਵਾਂ ਪਾ:10 ਦੀਆਂ ਹਨ ਤੇ ਜਿਥੇ ਕਿਤੇ ਮਤ ਬੁਧ ਨੇ ਨਹੀਂ ਮੰਨਿਆ ਕਿ ਇਹ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਨ ਵਾਲੇ ਪਾ.10 ਦੀਆਂ ਨਹੀਂ ਹੋ ਸਕਦੀਆਂ, ਉਹਨਾਂ ਨੇ ਦਲੀਲਾਂ ਘੜ ਕੇ ਪੜ੍ਹਣ ਵਾਲੇ ਨੂੰ ਇਹ ਭਰੋਸਾ ਕਰਾਉਣ ਦੀ ਕੋਸ਼ਿਸ਼ ਕੀਤੀ ਕਿ ਇਹਨਾਂ ਦਲੀਲਾਂ ਦੇ ਆਧਾਰ ਤੇ ਸਾਨੂੰ ਇਹ ਰਚਨਾਵਾਂ ਪਾ.10 ਦੀਆਂ ਮੰਨ ਲੈਣੀਆਂ ਚਾਹੀਦੀਆਂ ਹਨ।

ਵਿਦਵਾਨਾਂ ਵਿੱਚ ਇਸ ਗ੍ਰੰਥ ਸਬੰਧੀ ਪਰਸਪਰ ਵਿਰੋਧੀ ਵਿਚਾਰ ਇਸ ਦੇ ਸੰਕਲਨ ਕਾਲ ਤੋਂ ਹੀ ਚਲ ਰਿਹਾ ਸੀ।

ਕੁਝ ਵਿਦਵਾਨ ਸਾਰੀਆਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਮੰਨਦੇ ਹਨ। ਕੁਝ ਵਿਦਵਾਨਾਂ ਅਨੁਸਾਰ ਇਸ ਵਿੱਚ ਬਹੁਤ ਥੋੜਾ ਅੰਸ਼ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਲਿਖਿਆ ਹੈ, ਬਾਕੀ ਹਿੱਸਾ ਦਰਬਾਰੀ ਕਵੀਆਂ ਜਾਂ ਹੋਰ ਵੇਦਾਂ ਸ਼ਾਸਤਰਾਂ ਸਿੰਮ੍ਰਿਤੀਆਂ ਤੇ ਦੇਵੀ ਦੇਵਤਿਆਂ ਦੀ ਆਰਾਧਨਾ ਕਰਨ ਵਾਲੇ ਕਵੀਆਂ ਦਾ ਲਿਖਿਆ ਹੈ।

ਸਾਰੇ ਵਿਦਵਾਨਾਂ ਨੇ ਆਪਣੇ ਆਪਣੇ ਵਿਚਾਰ ਪੁਸਤਕਾਂ ਤੇ ਲੇਖਾਂ ਰਾਹੀਂ ਪ੍ਰਗਟ ਕੀਤੇ ਹਨ। ਇੱਕ ਹੋਰ ਵਿਚਾਰ ਹੁਣ ਪ੍ਰਗਟ ਹੋ ਰਹੀ ਹੈ ਕਿ ਕੀ ਪਾ.10 ਨੇ ਕੋਈ ਬਾਣੀ ਰਚੀ ?

ਦਸਮ ਗ੍ਰੰਥ ਦੀਆਂ ਰਚਨਾਵਾਂ ਦੀ ਵਿਚਾਰ ਅਸੀਂ ਇਹ ਸੰਕਲਪ ਧਾਰਨ ਕਰਕੇ ਨਾ ਕਰੀਏ ਕਿ ਇਹ ਰਚਨਾਵਾਂ ਪਾ.10 ਦੀਆਂ ਹਨ, ਬਲਕਿ ਇਸ ਵਿਚਾਰ ਨੂੰ ਮੁੱਖ ਰੱਖ ਕੇ ਕਰੀਏ ਕਿ ਰਚਨਾ ਪਾ.10 ਦੀ ਹੋ ਸਕਦੀ ਹੈ ਜਾਂ ਕਿਸੇ ਹੋਰ ਕਵੀ ਦੀ ਹੋ ਸਕਦੀ ਹੈ ? ਨਿਰਣਾ ਗੁਰਬਾਣੀ ਨੇ ਕਰਨਾ ਹੈ।

ਕੁਝ ਵਿਚਾਰ ਸ੍ਰ. ਗੁਰਬਖਸ਼ ਸਿੰਘ ਗੁਲਸ਼ਨ ਦੀ ਪੁਸਤਕ 'ਦਰਪਣ ਸਿੱਖ ਮਰਯਾਦਾ' ਵਿਚੋਂ ਤੇ ਇਸ ਦੇ ਆਧਾਰ ਤੇ ਨਤੀਜੇ -

> ਪੰਨਾ 78 - ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਉਪ੍ਰੰਤ ਖ਼ਾਲਸੇ ਉਪਰ ਬਹੁਤ ਜ਼ੁਲਮ ਹੋਏ। ਆਉਣ ਵਾਲੇ ਤਕਰੀਬਨ 60 ਵਰ੍ਹੇ ਖ਼ਾਲਸਾ ਨਾ ਤਾਂ ਆਪ ਟਿੱਕ ਕੇ ਬੈਠ ਸਕਿਆ ਤੇ ਨਾ ਹੀ ਆਪਣੇ ਗੁਰਧਾਮਾਂ ਦੀ ਸੇਵਾ ਸੰਭਾਲ ਕਰ ਸਕਿਆ, ਜਿਸ ਕਰਕੇ ਪ੍ਰਬੰਧ ਉਦਾਸੀਆਂ ਅਤੇ





> ਨਿਰਮਲਿਆਂ ਦੇ ਹੱਥਾਂ ਵਿੱਚ ਚਲਾ ਗਿਆ। ਇਹਨਾਂ ਵਿਦਵਾਨਾਂ ਨੇ ਕਾਸ਼ੀ ਦੇ ਬ੍ਰਾਹਮਣਾਂ ਪਾਸੋਂ ਸੰਸਕ੍ਰਿਤ ਦੇ ਹਿੰਦੂ ਗ੍ਰੰਥਾਂ ਦੀ ਵਿਦਿਆ ਪ੍ਰਾਪਤ ਕੀਤੀ ਸੀ। ਇਹਨਾਂ ਦੀ ਵਿਚਾਰ, ਤੇ ਗੁਰਬਾਣੀ ਦੀ ਕਥਾ ਵੀ ਵੇਦਾਂ ਸ਼ਾਤਸਰਾਂ ਦੇ ਅਰਥ ਮੁਖ ਰੱਖ ਕੇ ਹੋਈ। ਇਹ ਵੇਦਾਂ ਸ਼ਾਸਤਰਾਂ ਦੇ ਉਪਦੇਸ਼ ਨੂੰ ਸਤ ਮੰਨਦੇ ਰਹੇ, ਇਹ ਕਹਿੰਦੇ ਸਨ ਪਹਿਲੇ ਵੇਦ ਸਤ ਤੇ ਮਗਰੋਂ ਗੁਰਬਾਣੀ। ਗੁਰਬਾਣੀ ਦੇ ਵੇਦਾਂ ਸ਼ਾਸਤਰਾਂ ਦੇ ਉਪਦੇਸ਼ ਨੂੰ ਨਕਾਰਣ ਵਾਲੋ ਉਪਦੇਸ਼ ਨੂੰ ਇਹ ਕਬੂਲ ਨਹੀਂ ਕਰ ਸਕੇ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਟੀਕੇ, ਇਸ ਸਨਾਤਨੀ ਵਿਚਾਰਧਾਰਾ ਦੇ ਪ੍ਰਭਾਵ ਵਿੱਚ ਹੋਏ। ਗੁਰਬਾਣੀ ਦੀ ਇੱਕ-ਇੱਕ ਤੁਕ ਦੇ ਅਨੇਕਾਂ ਅਰਥ ਕਰਨ ਦਾ ਰਿਵਾਜ ਹੋ ਗਿਆ।

ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਦੇ ਅਰਥ, ਗੁਰਬਾਣੀ ਵਿਆਕਰਣ ਰਚ ਕੇ ਵਿਆਕਰਣ ਅਨੁਸਾਰ ਕਰਨ ਦੀ ਕੋਸ਼ਿਸ਼ ਕੀਤੀ, ਤੇ ਗੁਰਬਾਣੀ ਦੇ ਅਰਥ ਗੁਰਬਾਣੀ ਵਿੱਚ ਅਨੇਕਾਂ ਥਾਂ ਤੇ ਕੀਤੇ ਗੁਰਬਾਣੀ ਅਰਥਾਂ ਤੋਂ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੋ. ਸਾਹਿਬ ਸਿੰਘ ਤੇ ਭਾਈ ਵੀਰ ਸਿੰਘ ਦੇ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਅਜਕਲ ਸਿੱਖ ਪੰਥ ਵਿੱਚ ਕਥਾ ਦਾ ਆਧਾਰ ਹਨ। ਪ੍ਰੋ. ਸਾਹਿਬ ਸਿੰਘ ਤੇ ਭਾਈ ਵੀਰ ਸਿੰਘ ਦੇ ਸਮੇਂ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਪਾ.10 ਕ੍ਰਿਤ ਮੰਨਿਆ ਜਾਂਦਾ ਸੀ।

ਪ੍ਰੋ. ਸਾਹਿਬ ਸਿੰਘ ਨੇ ਮੂਲ ਮੰਤ੍ਰ ਦਾ ਟੀਕਾ ਕਰਦਿਆਂ, ੧ਓਂ ਨੂੰ ਇੱਕ ਸ਼ਬਦ ਲੈ ਕੇ ਅਰਥ ਕੀਤੇ ਹਨ। ਟੀਕੇ ਵਿੱਚ ਲਿਖਿਆ ਹੈ ਕਿ ੧ਓਂ ਉਚਾਰਨ ਵੇਲੇ ਇਸ ਦੇ ਤਿੰਨ ਹਿੱਸੇ ਕੀਤੇ ਜਾਂਦੇ ਹਨ। ਇਸ ਦਾ ਪਾਠ ਹੈ ਇੱਕ ਓਅੰਕਾਰ। ਤਿੰਨ ਹਿੱਸੇ ਵਖੋਂ ਵੱਖ ਉਚਾਰਿਆ ਇਉਂ ਬਣਦੇ ਹਨ - ੧ - ਇੱਕ। ਓਅੰ। - ਕਾਰ। ਓਅੰ ਸੰਸਕ੍ਰਿਤ ਦਾ ਸ਼ਬਦ ਹੈ। ਮਹਾਨ ਕੋਸ਼ ਅਨੁਸਾਰ ਇਸ ਦੇ ਤਿੰਨ ਅਰਥ ਹਨ: 1. ਓਅੰ ਪਵਿੱਤਰ ਅੱਖਰ ਮੰਨਿਆ ਜਾਂਦਾ ਹੈ। 2. ਓਅੰ ਦਾ ਅਰਥ ਹੈ - ਜੀ ਹਾਂ। 3. ਓਅੰ - ਬ੍ਰਹਮ।

ਪ੍ਰੋ: ਸਾਹਿਬ ਸਿੰਘ ਅਨੁਸਾਰ ਇਹਨਾਂ ਵਿਚੋਂ ਕਿਹੜਾ ਅਰਥ ਇਸ ਸ਼ਬਦ ਦਾ ਇਥੇ ਲਿਆ ਜਾਣਾ ਹੈ ਇਸ ਨੂੰ ਦ੍ਰਿੜ ਕਰਨ ਲਈ ਓਅੰ ਦੇ ਪਹਿਲਾਂ ੧ ਲਿਖ ਦਿੱਤਾ ਹੈ। ਇਸ ਦਾ ਭਾਵ ਇਹ ਹੈ ਕਿ ਇਥੇ ਓਅੰ ਦਾ ਅਰਥ ਹੈ ਉਹ ਹਸਤੀ ਜੋ ਇੱਕ ਹੈ। ਇਸ ਤਰ੍ਹਾਂ ਓਅੰ ਇਕੋ ਇੱਕ ਬ੍ਰਹਮ ਹੈ।

ਪ੍ਰੋ: ਸਹਿਬ ਸਿੰਘ ਤੇ ਸਾਡੇ ਵਿਦਵਾਨਾ ਨੇ ਇਹਨਾ ਦਲੀਲਾਂ ਦੇ ਅਧਾਰ ਤੇ ਅਖਰ ਓਅੰ ਨੂੰ ਇੱਕੋ ਇੱਕ ਬ੍ਰਹਮ ਦਾ ਲਖਾਇਕ ਮੰਨ ਲਿਆ।

ਅੱਜ ਸਾਡੀ ਵਿਚਾਰ ਦਾ ਵਿਸ਼ਾ ਇਹ ਹੈ।

* <u>ਗੁਰਬਾਣੀ ਵਿਚ ਗੁਰੂ ਜੀ ਨੇ ਅਖਰ ਓਅੰ ਨੂੰ ਕਿਤੇ ਵੀ ਬ੍ਰਹਮ</u>

ਨਹੀਂ ਕਿਹਾ।

* ਅਖਰ ਓਅੰ, ਗੁਰਬਾਣੀ ਦੇ ਅਖਰ ਓਅੰਕਾਰ ਦਾ ਸੰਖੇਪ ਨਹੀ।

* ਗੁਰੂਬਾਣੀ ਵਿੱਚ ਜਿੱਥੇ ਵੀ ਅੱਖਰ ਓਅੰ ਵਰਤਿਆ ਗਿਆ ਹੈ, ਉਸ ਦੇ ਅਰਥ ਹਨ, "(ਆਰੰਭ ਵਿਚ ਜਾਂ ਪਹਿਲਾਂ)" ਜਿਸ ਤਰ੍ਹਾਂ "ਓਅੰ ਸਾਧ ਸਤਿਗੁਰ ਨਮਸਕਾਰੰ" (ਪ:250 ਗੁਰੂ ਗ੍ਰੰਥ ਸਾਹਿਬ)।

* ਵੇਦ ਮਤ ਵਿਚ ਅੱਖਰ ਓਅੰ ਨੂੰ ਬ੍ਰਹਮ ਕਿਹਾ ਗਿਆ ਹੈ। ਵੇਦ ਮਤ ਵਿਚ ਅੱਖਰ ਓਅੰ ਨੂੰ ਓਮਨਮੋ, ਓਮਕਾਰ ਤੇ ਓਅੰਕਾਰ ਵੀ ਕਿਹਾ ਗਿਆ ਹੈ। ਵੇਦ ਮਤ ਗੁਰਬਾਣੀ ਦੇ ਅਖਰ ਓਅੰਕਾਰ ਨੂੰ ਨਹੀ ਜਾਣਦਾ।

* ਗੁਰਬਾਣੀ ਵਿਚ ਗੁਰੂ ਜੀ ਅੱਖਰ ਓਮ ਨੂੰ ਓਨਮ ਲਿਖ ਕੇ, ਪਾਂਡੇ ਨੂੰ ਅਖਰ ਓਅੰ ਦੇ ਅਰਥ ਸਮਝਾਉਂਦੇ ਹਨ। ਗੁਰਮਤ ਉਪਦੇਸ਼ ਅਨੁਸਾਰ ਓਮ 'ਤ੍ਰਿਭਵਨ ਸਾਰ' ਹੈ। ਮਾਇਆ ਦਾ ਜੰਜਾਲ ਹੈ। ਵੇਦ ਮਤ ਓਅੰ ਨੂੰ ਬ੍ਰਹਮ ਕਹਿੰਦਾ ਹੈ। ਗੁਰਬਾਣੀ ਅਨੁਸਾਰ ਅੱਖਰ "ਓਅੰਕਾਰ" ਇੱਕ ਏਕੰਕਾਰ, ਪਾਰਬ੍ਰਹਮ ਦੇ ਸੰਸਾਰ ਵਿਚ ਪਸਾਰਾ ਕਰਨ ਲਈ ਆਤਮ ਪਸਾਰੇ ਦਾ ਅਖਰ ਹੈ, ਇਕ ਏਕੇਕਾਰ, "ਓਅੰਕਾਰ" ਸਰੂਪ" ਵਿਚ ਓਦੋਂ ਤਕ ਪਸਰਿਆ ਰਹੇਗਾ ਜਿਤਨੀ ਦੇਰ ਇਕ ਕਾਲ ਚੱਕਰ ਹੈ। ਬ੍ਰਹਮ ਦਾ ਲਿਖਾਇਕ ਅੱਖਰ ਓਅੰਕਾਰ ਇੱਕ ਕਾਲ ਚੱਕਰ ਤੋ ਬਾਦ ਇੱਕ ਏਕੰਕਾਰ, ਅਬਿਨਾਸੀ ਇਕੋ ਇਕ ਹਸਤੀ ਵਿਚ ਹੀ ਸਮਾ ਜਾਵੇਗਾ। ਇਸ ਤਰ੍ਹਾਂ ਇਕ ਏਕੰਕਾਰ ਨੇ ਆਤਮ ਪਸਾਰਾ ਕਈ ਵਾਰ ਕੀਤਾ। *ਕਈ ਬਾਰ ਪਸਰਿਓ ਪਾਸਾਰ ਸਦਾ ਸਦਾ ਇਕ ਏਕੰਕਾਰ* (ਪ: 276)।

* ਗੁਰਬਾਣੀ ਦਾ ਅੱਖਰ ਇਕ ਏਕੰਕਾਰ ਤੇ ਓਅੰਕਾਰ ਵਖ-ਵਖ ਅਖਰ ਹਨ। ਗਰੂ ਜੀ ਨੇ ਇਹਨਾ ਦੋਨਾਂ ਅਖਰਾਂ ਦੇ ਵਖ-ਵਖ ਅਰਥ ਸਮਝਾਏ ਹਨ।

ਗੁਰਬਾਣੀ ਦਾ ਅੱਖਰ ਓਅੰਕਾਰ, ਇੱਕੋ ਇੱਕ ਸਦੀਵ ਹਸਤੀ ਇੱਕ ਏਕੰਕਾਰ ਦਾ ਸੰਸਾਰ ਵਿੱਚ ਪਸਾਰਾ ਹੈ। ਇੱਕ ਏਕੰਕਾਰ, ਪਾਰਬ੍ਰਹਮ, ਅਕਾਲ ਪੁਰਖ ਹੈ। ਓਅੰਕਾਰ ਪਾਰਬ੍ਰਹਮ ਹੈ, ਇੱਕ ਕਾਲ ਚੱਕਰ ਤੋਂ ਬਾਦ ਇਕੋ ਏਕੰਕਾਰ ਵਿੱਚ ਸਮਾ ਜਾਂਦਾ ਹੈ।

ਵੇਦ ਮਤ ਦਾ ਅੱਖਰ ਓਮ (ਜਾਂ ਓਮਕਾਰ), ਵੇਦ ਮਤ ਅਨੁਸਾਰ ਬ੍ਰਹਮ ਹੈ। ਗੁਰਬਾਣੀ ਓਮ ਨੂੰ ਮਾਇਆ ਦਾ ਜੰਜਾਲ ਕਹਿੰਦੀ ਹੈ। ਓਮ ਭਰਮ ਭੈ ਵਾਲੀ ਮੈਲੀ ਚੇਤਨਾ ਹੈ, Life Consciousness of the Universe ਹੈ। ਵੇਦ ਮਤ ਇੱਕ ਏਕੰਕਾਰ, ਅਕਾਲ ਪੁਰਖ ਨੂੰ ਨਹੀਂ ਜਾਣਦਾ ਪਛਾਣਦਾ। ਵੇਦ ਮਤ ਗੁਰਬਾਣੀ ਦੇ ਅੱਖਰ ਓਅੰਕਾਰ ਨੂੰ ਵੀ ਨਹੀਂ ਜਾਣਦਾ।

ਗੁਰਬਾਣੀ ਵਿਚ ਗੁਰੂ ਜੀ ਓਮ ਨੂੰ ਜੋਤੀ ਕਹਿੰਦੇ ਹਨ। ਬਾਣੀ ਦਖਣੀ





ਓਅੰਕਾਰ ਵਿਚ ਗੁਰੂ ਜੀ ਨੇ ਪਾਂਡੇ ਨੂੰ ਉਪਦੇਸ਼ ਦਿੰਦਿਆ ਕਿਹਾ ਹੈ, ਹੇ ਪਾਂਡੇ ਤੂੰ ਬਾਲਕਾਂ ਦੀ ਪੱਟੀ ਉਤੇ ਅਖਰ ਓਮ ਕਿਉਂ ਲਿਖਦਾ ਹੈ, ਇਹ ਤਾਂ ਮਾਇਆ ਦਾ ਜੰਜਾਲ ਹੈ।

**ਓਅੰਕਾਰ ਦੀ ਵਿਚਾਰ - ਓਅੰਕਾਰ ਪਸਰਿਆ ਇੱਕ ਏਕੰਕਾਰ ਪਾਰਬ੍ਰਹਮ ਹੈ ਜਿਸ ਤੋ ਸਮਾਂ ਸ਼ੁਰੂ ਹੋਇਆ ਤੇ ਸੰਸਾਰ ਦੀ ਉਤਪਤੀ ਹੋਈ।**

**ਵੇਦ ਮਤ ਦੇ ਅਖਰ ਓਮ (ਓਨਮ ਦੀ ਵਿਚਾਰ)**

*ਓਨਮ ਅਖਰ ਸੁਣਹੁ ਬੀਚਾਰੁ।। ਓਨਮ ਅਖਰੁ ਤ੍ਰਿਭਵਣ ਸਾਰੁ।।*

*ਸੁਣਿ ਪਾਡੇ ਕਿਆ ਲਿਖਹੁ ਜੰਜਾਲਾ।। ਲਿਖ ਰਾਮ ਨਾਮ ਗੁਰਮੁਖਿ ਗੋਪਾਲਾ।।*

*(ਹੇ ਪਾਡੇ ਤੂੰ ਓਨਮ ਅਖਰ (ਓਮ) ਦੀ ਵਿਚਾਰ ਸੁਣ। ਓਨਮ ਅਖਰ ਤਿਨਾਂ ਭਵਨਾਂ ਦਾ ਸਾਰ ਤਤ ਹੈ। ਤੂੰ ਬਾਲਕਾਂ ਦੀ ਪੱਟੀ ਓੱਤੇ ਮਾਇਆ ਦਾ ਲਖਾਇਕ ਅੱਖਰ ਓਮ ਕਿਓਂ ਲਿਖਦਾ ਹੈਂ। ਤੂੰ ਪਟੀ ਓਤੇ ਪੂਰੇ ਸਤਗੁਰ ਦੇ ਉਪਦੇਸ਼ ਅਨੁਸਾਰ ਗੁਰਮੰਤ੍ਰ ਨਾਮ ਅਖਰ ਲਿਖ ਜੋ ਇਕ ਏਕੰਕਾਰ ਬ੍ਰਹਮ ਦਾ ਲਖਾਇਕ ਹੈ।)*

ਵੇਦ ਮਤ ਅੱਖਰ ਓਮ ਨੂੰ ਸਤ ਮਨਦਾ ਹੈ ਤੇ ਓਮ ਨੂੰ ਕਾਲ ਪੁਰਖ, ਮਹਾਂਕਾਲ, ਕਾਲ ਵੀ ਕਹਿੰਦਾ ਹੈ। ਵੇਦ ਮਤ ਓਮ, ਕਾਲ, ਮਹਾਕਾਲ ਦੀ ਅਰਾਧਨਾ ਦਾ ਉਪਦੇਸ਼ ਦਿੰਦਾ ਹੈ। ਵੇਦ ਮਤ ਓਮ ਨੂੰ ਬ੍ਰਹਮ, ਪ੍ਰਮੇਸ਼ਵਰ, ਅਕਾਲ ਵੀ ਕਹਿੰਦਾ ਹੈ।

ਗੁਰਬਾਣੀ ਅਨੁਸਾਰ ਵੇਦਾਂ ਨੂੰ ਇਕ ਏਕੰਕਾਰ ਜੋਤ ਰੂਪ ਅਕਾਲ ਪੁਰਖ ਦੀ ਪਛਾਣ ਨਹੀ। ਵੇਦ ਮਤ ਗੁਰਬਾਣੀ ਦੇ ਅਖਰ ਓਅੰਕਾਰ ਨੂੰ ਨਹੀ ਪਛਾਣਦਾ।

ਗੁਰਬਾਣੀ ਨੂੰ ਵੇਦ ਮਤ ਦੇ ਰੰਗ ਵਿਚ ਵਿਚਾਰਣ ਦੇ ਇਤਿਹਾਸਕ ਕਾਰਣ ਹਨ। ਪਾ:10 ਦੇ ਜੋਤੀ-ਜੋਤ ਸਮਾਣ ਤਕ ਤਕਰੀਬਨ 60 ਸਾਲ ਸਿੱਖ ਰਾਜਸੀ ਜੁਲਮ ਦੇ ਸ਼ਿਕਾਰ ਹੋਏ। ਆਪਣੀ ਜਾਨ ਦੇ ਖਤਰੇ ਕਰਕੇ ਸਿਖ ਪਿੰਡਾਂ ਵਿਚ ਨਹੀਂ ਰਹਿੰਦੇ ਸਨ। ਸਿਖਾਂ ਨੇ ਆਪਣਾ ਟਿਕਾਣਾ ਜੰਗਲਾਂ ਵਿਚ ਬਣਾਇਆ ਜਿਥੇ ਛੋਟੇ ਛੋਟੇ ਜੱਥੇ ਘੁੰਮਦੇ ਸਨ ਤੇ ਆਪਣਾ ਟਿਕਾਣਾ ਬਦਲਦੇ ਰਹਿੰਦੇ ਸਨ। ਇਸ ਭਿਆਨਕ ਸਮੇ ਵਿਚ ਵੇਦ ਮਤ ਦੇ ਸ਼ਰਧਾਲੂ ਤੇ ਗਿਆਨੀ, ਉਦਾਸੀ ਮਹੰਤਾਂ ਤੇ ਨਿਰਮਲਿਆਂ ਨੇ ਸਿਖ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੀਤੀ। ਉਹਨਾਂ ਨੇ ਗੁਰਬਾਣੀ ਦੇ ਅਰਥ ਵੇਦਕ ਵਿਚਾਰਾਂ ਦੇ ਅਧੀਨ ਕੀਤੇ ਤੇ ਸਿਖਾਂ ਨੇ ਵੇਦ ਮਤ ਦੇ ਰੰਗੇ ਵਿਚਾਰਾਂ ਨੂੰ ਸੱਤ ਮੱਨ ਲਿਆ। ਇਸ ਤਰ੍ਹਾਂ ਪੁਸ਼ਤ ਦਰ ਪੁਸ਼ਤ ਵਿਚਾਰ ਹੁੰਦੇ ਰਹੇ ਸਾਡੀ ਇਸ ਪਰਮਪਰਾਗਤ ਭੁਲ ਨੂੰ ਕੇਵਲ

ਗੁਰਬਾਨੀ ਵਿਚਾਰ ਦਰੁਸਤ ਕਰ ਸਕਦੀ ਹੈ।

ਇਹ ਵਿਚਾਰਾਂ ਕਰਨ ਦਾ ਮਨੋਰਥ ਇਹ ਸਮਝਨ ਲਈ ਹੈ ਕਿ ਸਮੇਂ ਦੀ ਚਾਲ ਨਾਲ ਪੰਥ ਵਿੱਚ ਵੈਦਕ ਵਿਚਾਰਧਾਰਾ, ਘਰ ਕਰ ਗਈ। ਨਿਰਮਲੇ ਤੇ ਉਦਾਸੀ ਮਹੰਤਾਂ ਦੀ ਰਹੁ ਰੀਤੀ ਦਾ ਪ੍ਰਭਾਵ ਸਾਡੀ ਸਿੱਖ ਰਹਿਤ ਮਰਯਾਦਾ ਵਿੱਚ ਵੀ ਆ ਗਿਆ। ਪੰਥ ਦੇ ਉੱਘੇ ਵਿਚਾਰਵਾਨਾਂ ਤੇ ਸੰਸਥਾਵਾਂ ਨੇ ਸਿੱਖ ਰਹਿਤ ਮਰਯਾਦਾ ਬਨਾਣ ਵੇਲੇ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਪਾ:10 ਦੀ ਬਾਨੀ ਮੰਨ ਕੇ ਜਾਪ ਸਾਹਿਬ, ਸਵਯੇ, ਕਬਿਓਬਾਚ ਬੇਨਤੀ ਚੌਪਈ ਖੰਡੇ ਦਾ ਅੰਮ੍ਰਿਤ ਤਿਆਰ ਕਰਨ ਵੇਲੇ ਤੇ ਨਿਤਨੇਮ ਦੀ ਬਾਨੀਆਂ ਵਿੱਚ ਸ਼ਾਮਲ ਕਰ ਦਿੱਤਾ। ਸਿੱਖ ਰਹਿਤ ਮਰਯਾਦਾ 1936 ਵਿੱਚ ਛਪੀ।

ਇਹਨਾਂ ਸਭ ਭੁੱਲਾਂ ਦਾ ਸੁਧਾਰ ਕੇਵਲ ਗੁਰਬਾਨੀ ਉਪਦੇਸ਼ ਨੂੰ ਸਮਝ ਕੇ ਗੁਰਬਾਨੀ ਗਿਆਨ ਦੇ ਆਧਾਰ ਤੇ ਹੀ ਹੋ ਸਕਦਾ ਹੈ। ਗੁਰਬਾਨੀ ਉਪਦੇਸ਼ ਅਗੇ ਉਹਨਾਂ ਪਰਮਪਰਾਵਾਂ ਜਾਂ ਧਾਰਨਾਵਾਂ ਲਈ ਕੋਈ ਥਾਂ ਨਹੀਂ ਜੋ ਗੁਰਬਾਨੀ ਅਨੁਕੂਲ ਨਹੀਂ। ਅਸੀਂ ਵਿਚਾਰ ਇਸ ਮੂਲ ਅਧਾਰ ਨੂੰ ਮੰਨ ਕੇ ਕਰਨੀ ਹੈ ਕਿ ਗੁਰਬਾਨੀ ਨਿਰੋਲ ਸੱਤ ਹੈ।

ਸ੍ਰ. ਗੁਰਬਖਸ਼ ਸਿੰਘ ਗੁਲਸ਼ਨ ਨੇ ਪੁਸਤਕ '*ਦਰਪਣ ਸਿੱਖ ਰਹਿਤ ਮਰਯਾਦਾ*' ਵਿੱਚ ਸਿੱਖ ਰਹਿਤ ਮਰਯਾਦਾ ਦੇ ਸੋਮੇ ਇਹ ਦੱਸੇ ਹਨ :

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ।
- ਦਸ਼ਮੇਸ਼ ਜੀ ਦੀ ਸ੍ਰੀ ਮੁਖਵਾਕ ਬਾਣੀ।
- ਭਾਈ ਗੁਰਦਾਸ ਜੀ ਦੀ ਰਚਨਾ।
- ਭਾਈ ਨੰਦ ਲਾਲ ਜੀ ਦੀ ਰਚਨਾ।
- ਜਨਮ ਸਾਖੀਆਂ, ਵੱਖ ਵੱਖ ਗੁਰਸਿੱਖਾਂ ਦੇ ਰਹਿਤਨਾਮੇ, ਗੁਰ ਪ੍ਰਤਾਪ ਸੂਰਜ ਗ੍ਰੰਥ ਆਦਿ। (ਪੰਨਾ 46)

ਲੇਖਕ ਕਹਿੰਦਾ ਹੈ, ਸ੍ਰੀ ਦਸ਼ਮੇਸ਼ ਜੀ ਦੀ ਬਾਣੀ ਦਸਮ ਗ੍ਰੰਥ ਵਿੱਚ ਦਰਜ ਮਿਲਦੀ ਹੈ। ਕੁਝ ਵਿਅਕਤੀ ਤਾਂ ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਹੀ ਦਸ਼ਮੇਸ਼ ਜੀ ਦੀ ਕਿਰਤ ਮੰਨਦੇ ਹਨ, ਜਦ ਕਿ ਬਾਕੀ ਇਸ ਖ਼ਿਆਲ ਨਾਲ ਸਹਿਮਤੀ ਨਹੀਂ ਰਖਦੇ। ਸਿੱਖ ਰਹਿਤ ਮਰਯਾਦਾ ਦੀ ਵਿਆਖਿਆ ਦੌਰਾਨ ਲੇਖਕ ਨੇ ਕੇਵਲ ਉਨ੍ਹਾਂ ਬਾਣੀਆਂ ਦਾ ਹੀ ਹਵਾਲਾ ਦਿੱਤਾ ਹੈ, ਜਿੰਨ੍ਹਾਂ ਬਾਬਤ ਪੰਥਕ ਪਰਵਾਨਗੀ ਸੀ।

**ਲੇਖਕ ਖੰਡੇ ਦਾ ਅੰਮ੍ਰਿਤ ਤਿਆਰ ਕਰਨ ਬਾਰੇ ਲਿਖਦਾ ਹੈ ਕਿ ਸਾਨੂੰ ਧਿਆਨ ਰਖਣ ਦੀ ਲੋੜ ਹੈ ਕਿ ਅਕਤੂਬਰ 1936 ਈਸਵੀ ਵਿੱਚ ਸਾਰੇ ਪੱਖਾਂ ਨੂੰ ਵੀਚਾਰਨ ਉਪ੍ਰੰਤ ਹੀ ਪੰਜ ਬਾਣੀਆਂ ਬਾਬਤ ਪੰਥਕ ਫੈਸਲਾ ਕੀਤਾ ਗਿਆ ਸੀ। ਇਸ ਤੋਂ**





**ਪਹਿਲਾਂ ਸਾਡੇ ਕਿਸੇ ਇਤਹਾਸਕ ਗ੍ਰੰਥ ਜਾਂ ਕਿਸੇ ਵੀ ਰਹਿਤਨਾਮੇ ਵਿੱਚ ਇਹਨਾਂ ਜਾਂ ਹੋਰ ਪੰਜ ਬਾਣੀਆਂ ਦਾ ਅੰਮ੍ਰਿਤ ਦਾ ਬਾਟਾ ਤਿਆਰ ਕੀਤੇ ਜਾਣ ਸਮੇਂ ਪੜ੍ਹਣ ਦਾ ਹਵਾਲਾ ਨਹੀਂ ਮਿਲਦਾ। (ਪੰਨਾ 204)**

**ਪੰਥਕ ਰਹਿਤ ਮਰਯਾਦਾ - ਸਿੱਖ ਵਿਦਵਾਨਾਂ ਤੇ ਪੰਥਕ ਜਥੇ ਬੰਦੀਆਂ ਨੇ 1936 ਵਿੱਚ ਇਸ ਗਲਤ ਵਿਸ਼ਵਾਸ਼ ਵਿੱਚ ਬਣਾਈ ਕਿ ਦਸਮ ਗ੍ਰੰਥ ਵਿੱਚ ਪਾ:10 ਦੀਆਂ ਰਚਿਤ ਬਾਣੀਆਂ ਹਨ।**

**ਜਾਹਰ ਹੈ ਜਾਪੁ ਸਾਹਿਬ, ਸਵੱਯੈ ਤੇ ਕਬਿਯੋਬਾਚ ਬੇਨਤੀ ਚੌਪਈ, ਇਸ ਭੁੱਲ ਵਿੱਚ ਦਰਜ ਕੀਤੀ ਗਈ ਕਿ ਦਸਮ ਗ੍ਰੰਥ ਪਾ:10 ਦੀਆਂ ਰਚਨਾਵਾਂ ਦਾ ਸੰਗ੍ਰਹਿ ਹੈ। ਕਿਹੜੀ ਬਾਣੀ ਖੰਡੇ ਦਾ ਅੰਮ੍ਰਿਤ ਤਿਆਰ ਕਰਦਿਆਂ ਪੜ੍ਹੀ ਗਈ, ਇਸਦਾ ਕੋਈ ਸੁਰਾਗ ਸਾਡੇ ਕੋਲ ਨਹੀਂ - ਨਿਤਨੇਮ ਦੀਆਂ ਬਾਣੀਆਂ ਵਿੱਚ ਵੀ ਜਾਪੁ ਸਾਹਿਬ, 10 ਸਵੱਯੈ ਤੇ ਕਬਯੋ ਬਾਚ ਬੇਨਤੀ।। ਚੌਪਈ।। ਇਸੇ ਭੁੱਲ ਵਿੱਚ ਦਰਜ ਹੋਏ। ਸਾਡੀ ਦਸਮ ਗ੍ਰੰਥ ਦੀ ਵਿਚਾਰ ਉਪਰ ਦਿੱਤੀ ਸਿੱਖ ਪੰਥ ਦੀ ਧਾਰਨਾ ਤੋਂ ਨਿਰਪੱਖ ਹੋ ਕੇ, ਕੇਵਲ ਗੁਰਬਾਣੀ ਉਪਦੇਸ਼ ਦੇ ਆਧਾਰ ਤੇ ਕਰਨ ਦਾ ਯਤਨ ਹੈ।**

ਗਿਆਨੀ ਗੁਰਦਿੱਤ ਸਿੰਘ ਨੇ ਗਿਆਨੀ ਦਿੱਤ ਸਿੰਘ ਦੀ ਲਿਖਤ *ਦੁਰਗਾ ਪ੍ਰਬੋਧ* ਦੇ ਮੁਖਬੰਧ ਵਿੱਚ, ਅਜ ਤੋ 150 ਸਾਲ ਪਹਿਲਾਂ ਤਕਰੀਬਨ ਸੰਨ 1850 ਈਸਵੀ ਵਿਚ ਵਿਦਿਆ ਪ੍ਰਾਪਤੀ ਦੇ ਢੰਗਾਂ ਦਾ ਵਰਨਣ ਕੀਤਾ ਹੈ।

"ਉਸ ਸਮੇਂ ਵਿਦਿਆ ਦੇ ਕੇਂਦਰ ਸਾਧੂਆਂ ਦੇ ਡੇਰੇ ਹੀ ਹੁੰਦੇ ਸਨ, ਜਿਥੇ ਪੁਰਾਤਨ ਵਿਦਿਆ ਦੇ ਗ੍ਰੰਥਾਂ ਦਾ ਪਠਨ ਪਾਠ ਕੀਤਾ ਜਾਂਦਾ ਸੀ। ਪ੍ਰਾਚੀਨ ਗ੍ਰੰਥਾਂ ਦੇ ਅਧਿਆਤਮਕ ਗਿਆਨ ਦੇ ਨਾਲ-ਨਾਲ ਸ਼ਾਸਤ੍ਰ ਤੇ ਵੇਦਾਂ, ਉਪਨਿਸ਼ਦਾਂ, ਤੇ ਵਿਦਿਆ ਦੇ ਦੂਜੇ ਅੰਗਾਂ ਨੂੰ ਪੜ੍ਹਾਇਆ ਜਾਂਦਾ ਸੀ। ਵਿਦਵਾਨ ਓਸੇ ਨੂੰ ਸਮਝਿਆ ਜਾਂਦਾ ਸੀ ਜਿਸ ਨੇ ਵੇਦ-ਵਿਆਕਰਣ ਵਿਚਾਰਿਆ ਹੋਵੇ।

ਸਿੱਖ ਵਿਦਿਅਕ ਸੰਸਥਾਵਾਂ ਚਲਾਉਣ ਅਤੇ ਹੋਰ ਕਾਰਜ ਸਾਧਨ ਲਈ, ਸਿੰਘ ਸਭਾ ਲਹਿਰ ਸ਼੍ਰੀ ਅਮ੍ਰਿਤਸਰ 1873 ਈ ਵਿਚ ਬਣਾਈ ਗਈ, ਅਨਜਾਣ ਸਿੱਖਾਂ ਉਤੇ ਸਭ ਤੋ ਵਧ ਪ੍ਰਭਾਵ ਹਿੰਦੂਆਂ ਦੀ ਦੇਵੀ ਪੂਜਾ ਦਾ ਸੀ।"

ਇਸ ਪੁਸਤਕ ਦੇ, 'ਦੋ ਸ਼ਬਦ' ਵਿਚ ਪ੍ਰਿੰਸੀਪਲ ਹਰਿਭਜਨ ਸਿੰਘ, ਸਿੱਖ ਮਿਸ਼ਨਰੀ ਕਾਲਜ ਨੇ ਹੇਠ ਲਿਖੇ ਵਿਚਾਰ ਪ੍ਰਗਟ ਕੀਤੇ ਹਨ।

ਸਿੱਖਾਂ ਬਾਰੇ ਇਹ ਆਮ ਗਲ ਕਹੀ ਜਾਂਦੀ ਹੈ ਕਿ ਸਿੱਖਾਂ ਨੇ ਇਤਿਹਾਸ ਬਣਾਇਆ ਤਾਂ ਹੈ, ਪਰ ਲਿਖਿਆ ਨਹੀਂ। ਅਸੀਂ ਇਸ ਦੇ ਨਾਲ ਇਹ ਗੱਲ ਵੀ ਜੋੜਣ ਵਿੱਚ ਕੋਈ ਸੰਕੋਚ ਨਹੀ ਕਰਦੇ ਕਿ ਜਿਹੜਾ ਇਤਿਹਾਸ

(ਕਥਿਤ) ਸਿਖ ਲਿਖਾਰੀਆਂ ਨੇ ਲਿਖਿਆ ਹੈ ਉਸ ਵਿਚੋਂ ਬਹੁਤ ਅਜੇਹਾ ਹੈ ਜਿਸ ਉਤੇ ਬ੍ਰਾਹਮਣੀ ਵਿਚਾਰਾ ਦੀ ਪੁੱਠ ਚੜ੍ਹੀ ਹੋਈ ਹੈ। ਜਨਮ ਸਾਖੀਆਂ, ਗੁਰਬਿਲਾਸਾਂ ਅਤੇ ਸੂਰਜ ਪ੍ਰਕਾਸ਼ ਗ੍ਰੰਥ ਆਦਿਕ ਗ੍ਰੰਥ, ਸਭ ਦਾ ਇਹੀ ਹਾਲ ਹੈ। ਇਸ ਸਭ ਕਾਸੇ ਦਾ ਨਤੀਜਾ ਇਹ ਹੋਇਆ ਹੈ ਕਿ ਗੁਰੂ ਪਾਤਿਸ਼ਾਹੀਆਂ ਦੀ ਜੋ ਸ਼ਖਸੀਅਤ ਇਨ੍ਹਾ ਇਤਿਹਾਸਕ ਗ੍ਰੰਥਾ ਵਿਚੋ ਉਭਰਦੀ ਹੈ, ਉਹ ਉਸ ਸ਼ਖਸੀਅਤ ਤੋ ਬਹੁਤ ਭਿੰਨ ਹੈ, ਜੋ ਗੁਰਬਾਣੀ ਵਿਚ ਸਪਸ਼ਟ ਹੁੰਦੀ ਹੈ।

"ਗੁਰਬਿਲਾਸ ਪਾਤਸ਼ਾਹੀ ਦਸਵੀਂ ਦੇ ਕਰਤਾ ਭਾਈ ਸੁਖਾ ਸਿੰਘ ਨੇ ਦੇਵੀ ਪੂਜਾ ਸੰਬੰਧੀ ਇੱਕ ਲੱਮੀ ਚੌੜੀ ਸਾਖੀ ਲਿਖੀ ਹੈ। ਇਸ ਪੁਸਤਕ ਦੇ ਦਸਵੇ ਅਧਿਆਇ ਅਨੁਸਾਰ ਦਸਮ ਪਿਤਾ ਨੇ ਉਜੈਨ ਨਿਵਾਸੀ ਬ੍ਰਾਹਮਣ ਦੱਤਾ ਨੰਦ ਰਾਹੀਂ ਦੁਰਗਾ ਦੇਵੀ ਦਾ ਪੂਜਨ ਕਰਵਾਇਆ ਸੀ।

ਸਰੂਪ ਦਾਸ (ਭੱਲਾ) ਨੇ ਮਹਿਮਾ ਪ੍ਰਕਾਸ਼ ਅਤੇ ਭਾਈ ਸੰਤੋਖ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਆਪਣੇ ਆਪਣੇ ਢੰਗ ਨਾਲ ਦੁਰਗਾ ਦੇਵੀ ਦੇ ਪੂਜਨ ਦਾ ਵਿਸਥਾਰ ਦਿੱਤਾ ਹੈ।

ਇਹੋ ਜਿਹੀਆਂ ਲਿਖਤਾਂ ਨੇਂ ਸਿਖਾਂ ਨੂੰ ਬ੍ਰਾਹਮਣ ਵਾਦ ਦੀ ਉਸ ਦਲ ਦਲ ਵਿੱਚ ਫਸਾ ਦਿੱਤਾ ਜਿਸ ਵਿਚੋਂ ਗੁਰੂ ਸਹਿਬਾਨ ਨੇ ਭਾਰੇ ਯਤਨ ਕਰ ਕੇ ਕਢਿਆ ਸੀ। ਇਸ ਗਲ ਦਾ ਸਿਹਰਾ ਸਿੰਘ ਸਭਾ ਲਹਿਰ ਦੇ ਸੇਵਕਾਂ ਸਿਰ ਬਝਦਾ ਹੈ, ਜਿਨ੍ਹਾਂ ਨੇ ਸਿੱਖਾ ਨੂੰ ਬ੍ਰਹਮਣਵਾਦਿ ਦੀ ਦਲ-ਦਲ ਵਿਚੋਂ ਕਢਣ ਲਈ ਅਨਥਕ ਯਤਨ ਕੀਤੇ।"

ਮਹਾਨ ਕੋਸ਼ ਵਿੱਚ ਜੋ ਪੰਜਾਬੀ ਦੀ ਮੰਨੀ ਹੋਈ ਡਿਕਸ਼ਨਰੀ ਹੈ, ਭਾਈ ਕਾਹਨ ਸਿੰਘ ਨੇ ਬਹੁਤ ਸਾਰੇ ਅਰਥ ਇਸ ਭੁੱਲ ਵਿਚ ਕੀਤੇ ਹਨ ਕਿ ਦਸਮ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਟੀਕਿਆਂ ਤੇ ਗੁਰੂ ਪਾਤਸ਼ਾਹਾਂ ਦੇ ਜੀਵਨ ਬ੍ਰਿਤਾਂਤਾਂ ਵਿਚ ਵੀ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਪਾ:10 ਦੀਆਂ ਰਚਨਾਵਾਂ ਮੰਨਣ ਕਰ ਕੇ ਵੇਦਾਂ ਸ਼ਾਸਤਰਾਂ ਦਾ ਬਹੁਤ ਪ੍ਰਭਾਵ ਹੈ। ਸਿੱਖੀ ਸਿਧਾਂਤ ਦੀਆਂ ਪੁਸਤਕਾਂ ਤੇ ਹੋਰ ਜਨਮ ਸਾਖੀਆਂ ਵਿੱਚ ਵੀ ਵੇਦਮਤ ਦਾ ਰੰਗ ਹੈ।

ਇਸ ਲਈ ਜਰੂਰੀ ਹੈ ਕਿ ਅਸੀਂ ਗੁਰਮਤਿ ਦੀ ਜਾਣਕਾਰੀ ਵਧ ਤੋਂ ਵਧ ਗੁਰਬਾਣੀ ਵਿਚਾਰ ਤੋਂ ਪ੍ਰਾਪਤ ਕਰੀਏ। ਇਸ ਤਰ੍ਹਾਂ ਅਸੀਂ ਵਾਦ ਵਿਵਾਦ ਤੋਂ ਬਚ ਸਕਦੇ ਹਾਂ।



## ਭਾਗ ੩

# ਦਸਮ ਗ੍ਰੰਥ, ਪੁਰਾਤਨ ਇਤਿਹਾਸਕ ਪੁਸਤਕਾਂ ਤੇ ਰਹਿਤਨਾਮੇ

ਕੁਝ ਸੱਜਣ ਸਵਾਲ ਪੁੱਛਦੇ ਹਨ, ਪਾ:10 ਨੇ ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਕਿਹੜੀਆਂ ਬਾਣੀਆਂ ਦਾ ਪਾਠ ਕੀਤਾ ? ਜਵਾਬ ਲੱਭਣ ਲਈ ਪੁਰਾਤਨ ਸਿੱਖ ਇਤਿਹਾਸ ਦੀ ਖੋਜ ਕਰਨੀ ਜ਼ਰੂਰੀ ਹੈ।

ਪਾ:10 ਗੁਰੂ ਗੋਬਿੰਦ ਸਿੰਘ ਜੀ ਦੇ 1708 ਈਸਵੀ ਵਿੱਚ ਜੋਤੀ ਜੋਤ ਸਮਾਉਨ ਤੋਂ ਬਾਦ, ਅਨੇਕਾਂ ਪੁਸਤਕਾਂ ਵਜੂਦ ਵਿੱਚ ਆਈਆਂ, ਜਿਨ੍ਹਾਂ ਨੂੰ ਅਸੀਂ ਪੁਰਤਾਨ ਸਿੱਖ ਇਤਿਹਾਸ ਕਹਿੰਦੇ ਹਾਂ।

ਹਥਲੀ ਪੁਸਤਕ ਵਿੱਚ ਅਸੀਂ ਦਸਮ ਗ੍ਰੰਥ ਦੀਆਂ ਰਚਨਾਵਾਂ ਦੀ ਵਿਚਾਰ ਗੁਰਬਾਣੀ ਆਧਾਰ ਤੇ ਕੀਤੀ ਹੈ ਤੇ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਦਸਮ ਗ੍ਰੰਥ ਦੀਆਂ ਸਭ ਰਚਨਾਵਾਂ ਗੁਰਮਤਿ ਉਪਦੇਸ਼ ਵਿਰੁੱਧ ਹਨ ਤੇ ਸਿੱਖਾਂ ਨੂੰ ਵੇਦ ਮਤ ਦਾ ਫਿਰਕਾ ਬਨਾਉਣ ਦਾ ਬ੍ਰਾਹਮਣ ਦਾ ਉਪਰਾਲਾ ਹੈ।

ਦਸ ਪਾਤਸ਼ਾਹੀਆਂ ਦੇ ਸਮੇਂ ਵਿੱਚ ਵੀ ਬ੍ਰਾਹਮਣ ਨੇ ਸਿੱਖ ਮਤ ਦਾ ਵਿਰੋਧ ਕੀਤਾ ਸੀ, ਤੇ ਨਕਲੀ ਸਾਹਿਤ ਤੇ ਬਾਣੀ ਰਚ ਕੇ ਗੁਰਬਾਣੀ ਉਪਦੇਸ਼ ਵਿੱਚ ਵੇਦ ਮਤ ਰਲਾਉਣ ਦਾ ਉਪਰਾਲਾ ਕੀਤਾ ਸੀ।

ਗੁਰੂ ਅਰਜਨ ਸਾਹਿਬ ਨੇ ਬਾਣੀ ਆਪ ਪੋਥੀ ਵਿੱਚ ਦਰਜ ਕਰਾਈ ਤੇ ਇਸ ਦੇ ਅੰਕ ਇਸ ਤਰ੍ਹਾਂ ਨਾਲ ਲਿਖੇ ਕਿ ਇਸ ਵਿੱਚ ਕੋਈ ਮਿਲਾਵਟ ਨਾ ਹੋ ਸਕੇ। ਅੱਜ ਸਿੱਖ ਗੁਰੂਆਂ ਦੀ ਬਾਣੀ ਤੇ ਗੁਰੂ ਅਰਜਨ ਸਾਹਿਬ ਦੀ ਪਰਵਾਨ ਕੀਤੀ ਭਗਤਾਂ ਦੀ ਬਾਣੀ, ਪਵਿੱਤਰ ਪਾਵਨ ਗੁਰੂ ਗ੍ਰੰਥ ਸਾਹਿਬ ਵਿੱਚ ਸੁਰੱਖਿਅਤ ਹੈ।

## ਪੁਰਾਤਨ ਇਤਿਹਾਸਕ ਪੁਸਤਕਾਂ ਤੇ ਰਹਿਤਨਾਮੇ

ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਦ ਦੇ ਭਿਆਨਕ ਸਮੇਂ ਵਿੱਚ ਅਨੇਕਾਂ ਪੁਸਤਕਾਂ ਤੇ ਰਹਿਤਨਾਮੇ, 18ਵੀਂ ਤੇ 19ਵੀਂ ਸਦੀ ਵਿੱਚ ਛਪੇ। ਇਹਨਾਂ ਨੂੰ ਪੁਰਾਤਨ ਸਿੱਖ ਇਤਿਹਾਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕੁਝ ਪੁਸਤਕਾਂ ਤੇ ਰਹਿਤਨਾਮਿਆਂ ਦੇ ਨਾਮ ਅਸੀਂ ਹੇਠਾਂ ਲਿਖੇ ਹਨ :

* ਗੁਰਬਿਲਾਸ ਪਾ:10, ਭਾਈ ਸੁਖਾ ਸਿੰਘ, ਸੰਨ 1727
* ਗੁਰਬਿਲਾਸ ਪਾ:10, ਕੋਇਰ ਸਿੰਘ, ਸੰਨ 1751
* ਬੰਸਾਵਲੀ ਨਾਮਾ, ਕੇਸਰ ਸਿੰਘ ਛਿੱਬਰ, ਸੰਨ 1770
* ਗੁਰੂ ਕੀਆਂ ਸਾਖੀਆਂ, ਸਰੂਪ ਸਿੰਘ ਕੌਸ਼ਕ, ਸੰਨ 1790
* ਸੂਰਜ ਪ੍ਰਕਾਸ਼, ਕਵੀ ਸੰਤੋਖ ਸਿੰਘ, ਸੰਨ 1843
* ਪੰਥ ਪ੍ਰਕਾਸ਼, ਸੰਨ 1880
* ਸਰਬ ਲੋਹ ਗ੍ਰੰਥ
* ਤਨਖ਼ਾਹ ਨਾਮਾ, ਨੰਦ ਲਾਲ
* ਰਹਿਤਨਾਮਾ, ਪ੍ਰਹਿਲਾਦ ਸਿੰਘ
* ਰਹਿਤਨਾਮਾ, ਦਯਾ ਸਿੰਘ
* ਰਤਨ ਮਾਲ
* ਰਹਿਤਨਾਮਾ, ਹਜ਼ੂਰੀ ਭਾਈ ਚਉਪਾ ਸਿੰਘ

ਪਿਆਰਾ ਸਿੰਘ ਪਦਮ ਨੇ 1995 ਵਿੱਚ ਛਪੀ ਪੁਸਤਕ 'ਰਹਿਤਨਾਮੇ' ਵਿੱਚ ਇਹਨਾਂ ਪੁਰਾਤਨ ਪੁਸਤਕਾਂ ਦੀ ਜਾਣਕਾਰੀ ਦਿੱਤੀ ਹੈ। ਸੰਖੇਪ ਵਿੱਚ ਪਿਆਰਾ ਸਿੰਘ ਪਦਮ ਦੇ ਵਿਚਾਰ ਇਹ ਹਨ :

**ਰਹਿਤਨਾਮੇ ਲਿਖਨ ਵਾਲੇ ਬ੍ਰਾਹਮਣ ਜਾਂ ਸਿੱਖ ਸਨ, ਜਿਨ੍ਹਾਂ ਦੇ ਨਾਮ ਤੋਂ ਅਸੀਂ ਜਾਣੂ ਨਹੀਂ। ਇਹਨਾਂ ਰਹਿਤਨਾਮਿਆਂ ਨੂੰ ਪ੍ਰਮਾਣਿਕ ਬਣਾਉਣ ਲਈ ਪਾ:੧੦ ਦੇ ਨਿਕਟਵਰਤੀ ਬਜੁਰਗ ਸਿੱਖਾਂ ਨਾਲ ਸਬੰਧਤ ਕੀਤਾ ਗਿਆ, ਜਿਵੇਂ ਕਿ ਭਾਈ ਨੰਦ ਲਾਲ, ਭਾਈ ਦਯਾ ਸਿੰਘ, ਭਾਈ ਪ੍ਰਹਿਲਾਦ ਸਿੰਘ ਆਦਿ। ਰਹਿਤਨਾਮਿਆਂ ਵਿਚ ਕਿਹਾ ਗਿਆ ਹੈ ਕਿ ਗੁਰੂ ਜੀ ਨੇ ਇਹ ਰਹਿਤਾਂ ਸਿੱਖਾਂ ਨੂੰ ਸੁਣਾਈਆਂ। ਇੱਕ ਗੱਲ ਸਾਫ਼ ਹੈ ਕਿ ਕੋਈ ਰਹਿਤਨਾਮਾ ਸ੍ਰੀ ਮੁਖਵਾਕ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਰਚਿਤ ਨਹੀਂ।**

ਸਵਾਲ ਹੈ ਕਿ ਪਾ:10 ਦੇ ਅਨੰਦਪੁਰ ਸਾਹਿਬ ਵਿੱਚ 1699 ਈਸਵੀ ਵਿੱਚ ਖੰਡੇ ਦੀ ਪਾਹੁਲ ਤਿਆਰ ਕਰਨ ਦਾ ਬ੍ਰਿਤਾਂਤ ਤੇ ਰਹਿਤਾਂ ਦਾ ਗਿਆਨ ਇਹਨਾਂ ਲੇਖਕਾਂ ਨੂੰ ਇਤਨੀ ਦੇਰ ਬਾਦ ਕਿਵੇਂ ਹੋਇਆ ? ਪਾ:10 ਦੇ ਸਮੇਂ ਵਿੱਚ ਸਿੱਖ ਲਿਖਾਰੀਆਂ ਦਾ ਰਚਿਆ ਇਤਿਹਾਸ, ਕੁਦਰਤੀ ਕਾਰਣਾਂ, ਹਨੇਰੀਆਂ ਤੇ ਨਦੀਆਂ ਵਿੱਚ ਹੜ੍ਹ ਆਉਣ ਕਰਕੇ ਨਸ਼ਟ ਹੋ ਗਿਆ ਸੀ। ਜੋ ਬਚਿਆ, ਉਸਨੂੰ ਸਿੱਖ ਵਿਰੋਧੀ ਤਾਕਤਾਂ ਨੇ ਨਸ਼ਟ ਕਰ ਦਿੱਤਾ।

ਜੋ ਇਤਿਹਾਸ ਸੰਨ 1720 ਤੋਂ ਬਾਦ ਰਚਿਆ ਗਿਆ, ਉਹ ਬ੍ਰਾਹਮਣਾਂ ਜਾਂ ਵੇਦ ਮਤ ਵਾਲੇ ਭੇਖੀ ਸਿੱਖਾਂ ਨੇ ਵੇਦ ਮਤ ਦੇ ਅਨੇਕਾਂ ਵਿਸ਼ਵਾਸਾਂ ਅਨੁਸਾਰ ਰਚਿਆ। ਇਹਨਾਂ ਪੁਸਤਕਾਂ ਰਹਿਤਨਾਮਿਆਂ ਵਿੱਚ ਵੇਦ ਮਤ ਦੇ ਅਨੇਕਾਂ ਫਿਰਕਿਆਂ ਤੇ ਵੱਖ-ਵੱਖ ਗੁਰਬਾਣੀ ਵਿਰੁੱਧ ਉਪਦੇਸ਼ ਤੇ ਅੰਧ ਵਿਸ਼ਵਾਸ ਸ਼ਾਮਲ





ਹਨ, ਜਿਸ ਤਰ੍ਹਾਂ ਦੇਵੀ ਦੇਵਤੇ, ਬ੍ਰਹਮਚਰਿਯ, ਅਫੀਮ, ਭੰਗ, ਸ਼ਰਾਬ ਦੇ ਨਸ਼ੇ, ਸ਼ਰਾਧ, ਥਿਤ, ਵਾਰ, ਪੂਰਨਮਾਸ਼ੀ, ਤੀਰਥ ਇਸ਼ਨਾਨ ਆਦਿ। ਇਹ ਗੁਰਮਤਿ ਵਿਰੁੱਧ ਕੂੜ ਇਤਿਹਾਸ, ਬ੍ਰਾਹਮਣ ਦੀ ਕੂਟ ਨੀਤੀ ਦਾ ਪ੍ਰਮਾਣ ਹੈ। ਇਸ ਦੀ ਗੁਰਬਾਣੀ ਦੇ ਆਧਾਰ ਤੇ ਸੰਖੇਪ ਵਿਚਾਰ ਅਸੀਂ ਇਸ ਲੇਖ ਵਿੱਚ ਕੀਤੀ ਹੈ।

ਗੁਰਸਿੱਖਾਂ ਨੇ ਇਹਨਾਂ ਪੁਸਤਕਾਂ ਨੂੰ ਗੁਰਮਤਿ ਦੀ ਕਸਵੱਟੀ ਤੇ ਲਾਏ ਬਿਨਾ ਪੁਰਾਤਨ ਸਿੱਖ ਇਤਿਹਾਸ ਮੰਨ ਲਿਆ। ਇਹਨਾਂ ਪੁਸਤਕਾਂ ਦੇ ਹਵਾਲੇ ਅੱਜ ਵੀ ਸਾਡੀਆਂ ਸਿੱਖ ਸਿਧਾਂਤਾਂ ਦੀਆਂ ਪੁਸਤਕਾਂ ਵਿੱਚ ਦਿੱਤੇ ਜਾਂਦੇ ਹਨ। ਸਾਡੀ ਅਨਗਹਿਲੀ ਕਰਕੇ ਬ੍ਰਾਹਮਣ ਆਪਣੀ ਚਾਲ ਵਿੱਚ ਕਾਮਯਾਬ ਹੋ ਗਿਆ। ਇਸ ਸਮੇਂ ਸਾਡੀਆਂ ਗੁਰਮਤਿ ਸਬੰਧੀ ਸਭ ਪੁਸਤਕਾਂ ਵੇਦ ਮਤ ਦੇ ਵਿਸ਼ਵਾਸਾਂ ਨਾਲ ਰੰਗੀਆਂ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਜੇ ਵੀ ਬਿਨਾ ਮਿਲਾਵਟ ਹੈ।

## ਸਰਬ ਲੋਹ ਗ੍ਰੰਥ

ਸਰਬ ਲੋਹ ਗ੍ਰੰਥ ਦੇ ਪੰਜਾਂ ਅਧਿਆਏ ਵਿੱਚ ਮਹਾਕਾਲ ਦੇ ਅਵਤਾਰ ਸਰਬ ਲੋਹ ਦੀ ਵਿਜਯ ਕਥਾ ਹੈ, ਜੋ ਉਸਨੇ ਭੀਮਾਨਾਦ ਤੇ ਬ੍ਰਿਜਨਾਥ ਆਦਿ ਦੈਂਤਾਂ ਨੂੰ ਮਾਰ ਕੇ ਪਾਈ। ਇਸ ਦੀ ਕਥਾ ਵਸਤੂ ਕਿਸੇ ਪੁਰਾਤਨ ਸੰਸਕ੍ਰਿਤ ਗ੍ਰੰਥ ਤੇ ਅਧਾਰਿਤ ਹੈ। ਸਰਬ ਲੋਹ ਗ੍ਰੰਥ ਗੁਰਬਾਣੀ ਉਪਦੇਸ਼ ਵਿਰੁੱਧ ਹੈ। ਇਹ ਗ੍ਰੰਥ ਕਿਸ ਨੇ ਲਿਖਿਆ ਇਹ ਪਤਾ ਨਹੀਂ।

## ਸਾਖੀ ਰਹਿਤ ਕੀ ਭਾਈ ਨੰਦ ਲਾਲ ਵਿੱਚੋਂ

*ਸ਼ਰਾਧ ਆਵਨ ਤਾਂ ਛਤੀ ਪ੍ਰਕਾਰ ਕਾ ਪ੍ਰਸਾਦਿ ਕਰੈ।*
*ਕਰਕੈ ਤਿਆਰ ਪ੍ਰਸਾਦੁ, ਅਤੇ*
*ਖ਼ਾਲਸੇ ਨੂੰ ਸੱਦ ਕੇ ਅਨੰਦ ਪੜੇ, ਅਰਦਾਸ ਕਰੇ।*
*ਸਿੱਖਾਂ ਨੂੰ ਪ੍ਰਸਾਦਿ ਖਵਾਵੈ।*
*ਇਸ ਦਾ ਦਿਤਾ ਥਾਇ ਪੜੇ ਅਤੇ ਪਿਤਰਾਂ ਨੂੰ ਭੀ ਪਹੁੰਚੇ।*
(ਵਿਚਾਰ ਗੁਰਮਤਿ ਵਿਰੁੱਧ ਹੈ।)
*ਤਾਂ ਗੁਰੂ ਗੋਬਿੰਦ ਕਹਿਆ, ਜੋ ਭਾਈ ਸਿੱਖਾਂ ਨੂੰ ਹੁਕਮ ਹੈ*
*ਜੁ ਗ੍ਰਿਸਤਿ ਬੈਰਾਗ ਖਲੋਣਾ ਅਤੇ ਭਾਈ,*
***ਇਸਤਰੀ ਦੇ ਜਾਮੇ ਤੇ ਵਿਸਾਹ ਨਹੀਂ ਕਰਨਾ।***
***ਅੰਤਹਿ ਦਾ ਲਾਹਾ ਇਸਤ੍ਰੀ ਕਉ ਨਹੀਂ ਦੇਵਣਾ।***
ਨੋਟ : ਗੁਰੂ ਗੋਬਿੰਦ ਸਿੰਘ ਇਹ ਹੁਕਮ ਨਹੀਂ ਦੇ ਸਕਦੇ। ਇਹ

ਗੁਰਬਾਣੀ ਉਪਦੇਸ਼ ਵਿਰੁੱਧ ਵਿਚਾਰ ਹੈ। ਗੁਰਬਾਣੀ ਇਸਤ੍ਰੀ ਨੂੰ ਬਰਾਬਰੀ ਦਾ ਦਰਜਾ ਦਿੰਦੀ ਹੈ।

## ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

*ਹੁਕਮ ਹੋਆ ਸਿਰੀ ਮੁਖਵਾਕ ਪਾ:10, ਲਾਲ ਦਰਿਆਈ ਕੇ ਪ੍ਰਥਾਏ*
*ਮੇਰੋ ਹੁਕਮ ਮਾਨਹਿ ਨਹੀ, ਕਰਿਹ ਨ ਸਿਖ ਕੀ ਸੇਵ*
*ਸੋ ਬੀਰਜ ਮਲੇਛ ਕੋ, ਪਰਗਟ ਪਛਾਨਹੁ ਭੇਵ*
(ਇਸ ਤਰ੍ਹਾਂ ਦੇ ਬਚਨ ਪਾ:10 ਦੇ ਨਹੀਂ ਹੋ ਸਕਦੇ।)

## ਰਹਿਤਨਾਮਾ ਭਾਈ ਦਯਾ ਸਿੰਘ

ਕਵੀ ਖੰਡੇ ਦੀ ਪਾਹੁਲ ਤਿਆਰ ਕਰਨ ਦਾ ਬ੍ਰਿਤਾਂਤ ਸੁਨਾਉਂਦਾ ਹੈ।

ਸ੍ਰੀ ਦਸਵੀਂ ਪਾਤਸ਼ਾਹੀ ਅਨੰਦ ਪੁਰ ਮੈਂ ਬੈਠੇ ਥੇ, ਦਯਾ ਸਿੰਘ ਜੀ ਪ੍ਰਸ਼ਨ ਕੀਆ 'ਜੁ ਮਹਾਰਾਜ ਜੀ ! ਰਹਿਤਨਾਮਾ ਕਹੀਏ ਜਿਸ ਕੇ ਸੁਨਨੇ ਸੇ ਮੁਕਤਿ ਹੋਇ।'

**ਉਤਰ - ਜਬ ਦੇਵੀ ਪ੍ਰਗਟ ਭਈ ਔਰ ਪਾਂਚ ਪਯਾਰੇ ਸਾਵਧਾਨ ਹੂਏ, ਤਬ ਸਬ ਦੇਵਤਾ ਆਏ। '੧ਓਂ ਸਤਿਨਾਮ' ਉਪਦੇਸ਼ ਮੰਤ੍ਰ ਸ੍ਰੀ ਗੁਰੂ ਨਾਨਕ ਜੀ ਕੀ ਸ਼ਕਤਿ ਨੇ ਦੀਆ, ਔਰ ਜੰਤ੍ਰ ਵਾਹਿਗੁਰੂ ਮੋਹਨ ਬਸੀਕਰਨ ਨੇ ਦੀਆ, ਤੰਤ੍ਰ ਜਲ ਅਮਰ ਬਰੁਣ ਵਾਸਤੇ ਚਿਤ ਦਿੜਤਾ ਦੇ ਦੀਆ, ਮਿਸਟਾਨ ਇੰਦ੍ਰ ਨੇ ਦੀਆ, ਬੁਧੀ ਮੀਠੀ ਰਹਨ ਨਮਿਤ ਅਰ ਲੋਹ ਪਾਤਰ ਯਮਰਾਜ ਅੰਮ੍ਰਿਤ ਪਾਵਣੇ ਨਿਮਿਤ ਦੀਆ, ਸਰਬਲੋਹ ਕੀ ਕਰਦ ਕਾਲ ਜੀ ਦਈ, ਯੁਧ ਕੇ ਵਾਸਤੇ, ਕੇਸ ਚੰਡੀ ਜੀ ਦੀਏ, ਬਾਹਨੀ ਕੱਛ ਹਨੂ ਜੀ ਦਈ, ਜਪੁਜੀ ਮੁਕਤ ਕੋ ਪਾਠ ਦੀਆ, ਅਨੰਦ ਚਿਤ ਸ਼ਾਂਤ ਲੀਏ ਗੁਰੂ ਅਮਰ ਜੀ ਦੀਨਾ, ਘੀਵ ਬ੍ਰਹਮੇ ਨੇ ਦੀਆ ਤ੍ਰਿਭਾਵ ਕਾ ਕੜਾਹ ਪ੍ਰਸਾਦ ਕੀਆ, ਜੇ ਤੀਨ ਭਾਵ ਤੇ ਘਟ ਕਰੇ ਤੋ ਗੁਰੂ ਜੀ ਕੋ ਨ ਪਹੁੰਚੇ ਔਰ ਜਦ ਅੰਮ੍ਰਿਤ ਛਕਾਨਾ ਹੋ ਤਬ ਪ੍ਰਸਾਦ ਗੁੜ ਕਾ ਨ ਕਰੇ। ਇਸ ਬਿਧਿ ਸੋਂ ਸਬ ਦੇਵਤਾ ਅੰਸ ਦੈਤ ਭਏ ਔਰ ਜੋ ਚਾਰ ਬਰਨ ਮੈਂ ਅੰਮ੍ਰਿਤ ਪਾਨ ਕਰੇਗਾ ਸੋ ਮੁਕਤ ਹੋਗਾ ਔਰ ਨੀਚਾਦਿ ਭੀ ਗਤੀ ਕੋ ਪਾਵਹਿੰਗੇ।**

**(ਕਵੀ ਲਿਖਦਾ ਹੈ ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਦੇਵੀ ਪ੍ਰਗਟ ਹੋਈ ਤਾਂ ਸਭ ਦੇਵਤੇ ਆਏ। ਉਪਦੇਸ਼ ਮੰਤ੍ਰ ਗੁਰੂ ਨਾਨਕ ਜੀ ਦੀ ਸ਼ਕਤੀ ਨੇ ਦਿੱਤਾ, ਜੰਤ੍ਰ ਮੰਤ੍ਰ ਦੇਵਤਿਆਂ ਨੇ ਦਿੱਤੇ। ਕਾਲ ਦੇਵਤਾ ਨੇ ਸਰਬ ਲੋਹ ਕੀ ਕਰਦ ਬੁਧ ਲਈ ਦਿੱਤੀ, ਕੇਸ ਚੰਡੀ ਨੇ ਦਿੱਤੇ, ਹਨੂਮਾਨ ਨੇ ਕਛ ਦਿੱਤੀ। ਕੜਾਹ ਪ੍ਰਸਾਦਿ ਬਨਾਉਣ ਲਈ ਸਮੱਗਰੀ ਦੇਵਤਿਆਂ ਨੇ ਦਿੱਤੀ।)**





ਜਹਾਂ ਸਰਬਤ੍ਰ ਖਾਲਸਾ ਹੋ ਤਹਾਂ ਬੀਚ ਗ੍ਰੰਥ ਸਾਹਬ ਰਖ ਲੈਣਾ, ਅੰਗ ਸੰਗ ਪੰਜ ਸਿੰਘ ਮਿਲੈ ਅੰਮ੍ਰਿਤ ਛਕਨੇ ਵਾਲੇ ਨੂੰ। ਪਹਿਲੇ ਕਛ ਪਹਰਾਨੀ, ਕੇਸ਼ ਇਕੱਠੇ ਕਰ ਜੂੜਾ, ਦਸਤਾਰ ਸਜਾਵਨੀ, ਗਾਤ੍ਰੇ ਸ੍ਰੀ ਸਾਹਬ ਹਾਥ ਜੋੜਿ ਖੜਾ ਰਹੈ। ਕੜਾਹ ਜੀ ਬੀਚ ਧਰੇ ਉਤਮ ਸਿੰਘ ਲੋਹ ਪਾਤ੍ਰ ਮੈਂ ਸ੍ਰੀ ਅੰਮ੍ਰਿਤਸਰ ਜੀ ਕਾ ਅੰਮ੍ਰਿਤ ਪਾਵੈ, ਪ੍ਰਥਮ ਸੰਪੂਰਨ ਜਪੁਜੀ ਸਾਹਿਬ ਆਦਿ ਅੰਤ ਪੂਰਨ, ਪੂਰਨ ਜਾਪੁ ਜੀ ਆਦਿ ਅੰਤ ਕਾ ਪਾਠ ਕਰੇ ਚੌਪਈ, ਪੰਜ ਪੰਜ ਸਵੈਯੇ ਭਿੰਨ ਭਿੰਨ ੧ ਸ੍ਰਾਵਗ ੨ ਦੀਨਨ ਕੀ ਪ੍ਰਤਿਪਾਲ ੩ ਪਾਪ ਸੰਬੂਹ ਬਿਨਾਸਨ ੪ ਸਤਿ ਸਦੈਵ ਸਦਾ ਬ੍ਰਤ ੫ ਪਉੜੀ ਅਨੰਦ ਜੀ ਕੀ, ਕਰਦ ਅੰਮ੍ਰਿਤ ਬੀਚ ਫੇਰੇ ਅਪਨੀ ਓਰ ਕੋ। ਪੁਨਹ ਏਕ ਸਿੰਘ ਸਰਬਤ੍ਰ ਆਗਿਆ ਲੈ, ਹਥਿ ਮੈਂ ਕਟੋਰਾ ਬਾਂਏ ਹਾਥ ਪਰ ਦਾਇਆਂ ਰਖ ਕੈ ਛਕੈ। ਵਹ ਕਹੇ - ਬੋਲੋ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ। ਇਸ ਭਾਂਤ ਪਾਂਚ ਪਾਂਚ ਚੂਲੇ ਛਕਾਵੈ, ਨੇਤ੍ਰ ਮੋ ਪਾ ਫ਼ਤੇ ਬੁਲਾਵੈ, ਕੇਸ ਮੋ ਪਾਵੈ ਗੁਰਮੰਤ੍ਰ ਸਤਿਨਾਮ ਦੇ ਰਹਤ ਦਸਣੀ, ਨਾਮ ਰੱਖਣਾ। ੧।

ਸਵਾ ਰੁਪਯ ਤਨਖ਼ਾਹ, ਅਰਦਾਸ ਕਰਨੀ, ਉਸ ਕਾਲ ਸਭ ਰਲ ਕਰਿ ਛਕੇ ਪ੍ਰਸਾਦ ਕੜਾਹ, ਪੀਛੇ ਅਪਨੇ ਅਪਨੇ ਬਰਤਨ ਮੈਂ ਛਕੇ, **ਅੰਮ੍ਰਿਤ ਛਕਾਵਨ ਵਾਲੇ ਗੁਰਦੇਵ ਕੋ ਬਸਤ੍ਰ ਸ਼ਸਤ੍ਰ ਕਰਿ ਪੂਜੇ।**

(ਵੇਦ ਮਤ ਵਿੱਚ ਬ੍ਰਾਹਮਣ ਗੁਰੂ ਹੈ।)

ਅਕਾਲ ਪੁਰਖ ਕਾ ਅਵਤਾਰ ਪ੍ਰਗਟ ਕੀਆ ਖ਼ਾਲਸਾ।

ਪੰਜ ਭੁਜੰਗੀ ਹੈਂ - ਮਹਾਂ ਮੁਕਤੇ ਨਾਮ - ਰਾਮ ਸਿੰਘ, ਫਤਹਿ ਸਿੰਘ, ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ - ਇਨਹੁੰ ਪਾਂਚੋਂ ਸਿੰਘੋਂ ਨੇ ਹਾਥ ਸੇ ਅੰਮ੍ਰਿਤ ਛਕਾ ਥਾ। ਜੋ ਗੁਰਦੇਵ ਅੰਮ੍ਰਿਤ ਛਕਾਨੇ ਵਾਲਾ। ੧ ਸਤਗੁਣੀ ਨਿਰਲੋਭੀ ਸੁਕਦੇਵ ਹੈ, ੨ ਤਮਗੁਣੀ ਦੁਰਬਾਸਾ ਸਮ, ੩ ਕਾਮੀ ਰਾਜਨੀਤੀ ਕ੍ਰਿਸ਼ਨ ਤੁਲ, ੪ ਮੋਹ ਜੁਗ ਕਰ ਵਸ਼ਿਸ਼ਟ ਸ੍ਰੂਪ, ੫ ਹੰਕਾਰੀ ਬਿਸਵਾਮਿਤ੍ਰ ਰੂਪ, ੬ ਅਚਾਰੀ ਬਿਆਸ, ੭ ਸਮਾਧਿ ਸਿਥਿਤ ਕਪਿਲ, ੮ ਭਿਖੁਯਕ ਜਾਗਵਲਿਕ, ੯ ਕਰਮਕਾਂਡੀ ਜੈਮਨਿ ਤੁਲ, ੧੦ ਪਾਤੰਜਲੀ ਸ਼ੇਸ਼ ਤੁਲ।

(ਉਪਰ ਦਿੱਤੀ ਸਾਰੀ ਰਹਿਤ ਵਿੱਚ ਦੇਵੀ ਦੇਵਤੇ ਪ੍ਰਧਾਨ ਹਨ।)

## ਗੁਰਬਾਣੀ ਦੇ ਕੁਝ ਹੁਕਮ :

* *ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥*

(ਪੰਨਾ 1035, ਗੁਰੂ ਗ੍ਰੰਥ ਸਾਹਿਬ)

* *ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥*

*ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥*

(ਪੰਨਾ 1162, ਗੁਰੂ ਗ੍ਰੰਥ ਸਾਹਿਬ)

* *ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥*

(ਪੰਨਾ 735, ਗੁਰੂ ਗ੍ਰੰਥ ਸਾਹਿਬ)

* *ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥*

*ਸਿਰਿ ਸਿਰਿ ਧੰਧੈ ਆਪੇ ਲਾਏ ॥*

(ਪੰਨਾ 1051, ਗੁਰੂ ਗ੍ਰੰਥ ਸਾਹਿਬ)

*ਸ੍ਰੀ ਸਤਿਗੁਰ ਵਾਚ* (ਪੰਨਾ 75, ਰਹਿਤਨਾਮਾ)
*ਸੋ ਅਕਾਲੀ ਰੂਪ ਹੈ, ਨੀਲ ਬਸਤ੍ਰ ਪਹਿਰਾਏ*

*ਜਪੇ ਜਾਪੁ ਗੁਰਬਰ ਅਕਾਲ, ਸਰਬ ਲੋਹ ਪਹਿਰਾਏ। ......*

*ਸ੍ਰੀ ਅਕਾਲ ਉਸਤਤਿ ਕਰੇ, ਚੰਡੀ ਕੰਠ ਸੁਧਾਰਿ*

*ਊਚਾ ਬੁੰਗਾ ਜੋ ਸਜੈ ਨਾਮ ਨਿਹੰਗ ਸੁਜਾਨ....*

*ਸਸਤ੍ਰ ਤਨ ਮੈ ਧਾਰੈ, ਬਿਨਾ ਮਿਆਨ ਤੇ ਤੇਗ ਹਾਥ ਮੈ ਰਾਖੈ.....*

*ਵੈਸਾਖੀ ਦੀਪਮਾਲਾ ਅੰਮ੍ਰਿਤਸਰ ਕਰੇ, ਹੋਲਾ ਅਨੰਦਪੁਰ ਕਰੇ,*
*ਅਬਚਲ ਨਗਰ ਜਾਇ, ਕੁਲ ਸੰਬੂਹ ਤਰੇ।*

## ਅਬ ਬਿਹੰਗਮ ਕੇ ਲਖੱਨ

ਜਗਤ ਮੈ ਮਾਯਾ ਕਾ ਸੰਗ ਤਯਾਗ ਕਰ ਰਹੈ, ਇਸਤ੍ਰੀ ਕੋ ਦੇਖਤ ਭਾਗੇ, ਧਨ ਕੇ ਹੇਤ ਨ ਲਾਗੇ, ਸਵਾ ਗਾਜ ਕੀ ਕੱਛ ਰਾਖੇ, ਏਕ ਸਰਬ ਲੋਹ ਕੀ ਗੜਵੀ ਰਖੈ, ਏਕਾਕੀ ਬਿਚਰੈ, ਧਾਤੁ ਕੋ ਸਪਰਸ਼ ਨ ਕਰੇ, ਸ਼ਹਰ ਮੈ ਨਾ ਰਹੈ, ਅਸਵਾਰੀ ਮੈ ਨ ਚੜੈ, ਔਰ ਗੁਰਦੁਆਰੇ ਮੈ ਫਿਰਤਾ ਰਹੈ।...ਇਸਤ੍ਰੀ ਕੇ ਹਾਥ ਕਾ ਅੰਨ ਨ ਛਕੇ।

(ਵੇਦ ਮਤ ਦਾ ਬ੍ਰਹਮਚਰਿਯ ਵਰਗ, ਸਿੱਖਾਂ ਵਿੱਚ ਬਿਹੰਗਮ ਬਣ ਗਏ। ਗੁਰਬਾਣੀ ਗ੍ਰਿਹਸਤ ਜੀਵਨ ਵਿੱਚ ਰਹਿਣ ਦਾ ਉਪਦੇਸ਼ ਦਿੰਦੀ ਹੈ।)



ਦਸਮ ਗ੍ਰੰਥ ਦੀ ਵਿਚਾਰ

## ਰਹਿਤਨਾਮਾ ਭਾਈ ਦੇਸਾ ਸਿੰਘ

*ਰਤੀ ਅਫੀਮ ਜੁ ਮਾਸਾ ਭੰਗ।*
*ਇਨ ਕੋ ਖਾਵਹਿ ਕਦੀ ਨਿਸੰਗ।* (31)
*ਇਸ ਤੇ ਅਧਿਕ ਨ ਅਮਲ ਵਧਾਵੈ।*
*ਵਧੇ ਅਮਲ ਤਉ ਨਰ ਦੁਖ ਪਾਵੈ।*

**ਸਾਡੇ ਵੱਖ-ਵੱਖ ਫਿਰਕੇ, ਜਿਸ ਤਰ੍ਹਾਂ ਨਿਹੰਗ, ਬਿਹੰਗਮ, ਸਰਬਲੋਹੀਏ ਨੀਲੇ ਬਾਣੇ ਵਾਲੇ ਆਦਿ ਇਸ ਕੂੜੇ ਪੁਰਾਤਨ ਇਤਿਹਾਸ ਦੀ ਉਪਜ ਹਨ। ਅਸੀਂ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਮੁਤਾਬਕ ਸਭ ਸਿੱਖਾਂ ਲਈ ਇੱਕ ਰਹਿਤਨਾਮਾ ਬਣਾ ਲਈਏ, ਤਾਂ ਸਭ ਗੁਰਸਿੱਖ ਇੱਕ ਹੋ ਸਕਦੇ ਹਾਂ।**

## ਗੁਰਬਿਲਾਸ ਪਾ:੧੦ (ਸੁਖ ਸਿੰਘ)

ਇਸ ਵਿੱਚ ਲਿਖਿਆ ਹੈ ਕਿ
*ਸਸਤਰ ਅਸਤ੍ਰ ਸਿਮਰਹੁ ਬਰ ਬੁਧਾ,*
*ਖਲ ਦਲ ਸਾਥ ਕਰਹੁ ਨਿਤ ਜੁਧਾ।*

## ਗੁਰਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ)

*ਪਉ ਸੁਧਾ ਅਰ ਖੇਲਹੁ ਸ਼ਿਕਾਰ।*
*ਸਸਤਰ ਬਿਦਯਾ ਜਿਮ ਹੋਇ ਸੰਭਾਰੁ।*

ਸਾਡੇ ਉਪਰ ਦਿੱਤੇ ਕੂੜੇ ਪੁਰਾਤਨ ਇਤਿਹਾਸ ਤੋਂ ਕੋਈ ਨਿਰਣਾ ਨਹੀਂ ਲਿਆ ਜਾ ਸਕਦਾ ਕਿ ਪਾ:10 ਨੇ ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਕਿਹੜੀਆਂ ਬਾਣੀਆਂ ਪੜ੍ਹੀਆਂ। ਪਾ:10 ਦੇ ਸਮੇਂ ਦੀਆਂ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਨਸ਼ਟ ਹੋ ਚੁਕੀਆਂ ਹਨ।

ਇਸ ਸਮੇਂ ਸਾਡੇ ਪੁਰਾਤਨ ਸਿੱਖ ਇਤਿਹਾਸ ਨੂੰ, ਜੋ 1727 ਤੋਂ ਬਾਦ ਵਜੂਦ ਵਿੱਚ ਆਇਆ, ਗੁਰਬਾਣੀ ਦੀ ਕਸਵੱਟੀ ਉੱਤੇ ਪਰਖਨ ਦੀ ਬਹੁਤ ਜ਼ਰੂਰਤ ਹੈ। ਇਸ ਵਿੱਚੋਂ ਬਹੁਤ ਇਤਿਹਾਸਕ ਪੁਸਤਕਾਂ, ਬ੍ਰਾਹਮਣ ਜਾਂ ਸਿੱਖੀ ਭੇਸ਼ ਵਿੱਚ ਬ੍ਰਾਹਮਣ ਨੇ ਲਿਖੀਆਂ। ਪੰਥਕ ਸਹਿਮਤੀ ਤੋਂ ਬਾਦ ਗੁਰਮਤਿ ਵਿਰੋਧੀ ਪੁਸਤਕਾਂ ਨੂੰ ਸਿੱਖ ਇਤਿਹਾਸ ਵਿੱਚੋਂ ਖਾਰਜ ਕਰਨਾ ਜ਼ਰੂਰੀ ਹੈ। ਇਹ ਰਚਨਾਵਾਂ ਗੁਰਮਤਿ ਵਿਰੋਧੀ ਕੂਟ ਨੀਤੀ ਹੈ।

## ਭਾਗ ੪

# ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ

ਗੁਰੂ ਅਰਜਨ ਸਾਹਿਬ ਨੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਇਕਤ੍ਰ ਕੀਤੀ ਤੇ ਗੁਰ ਵਿਅਕਤੀ ਦਾ ਨਾਮ ਦੱਸਣ ਲਈ ਮ:੧, ਮ:੨, ਮ:੩, ਮ:੪, ਮ:੫ ਪੋਥੀ ਵਿੱਚ ਲਿਖਵਾਇਆ। ਸਿੱਖ ਗੁਰੂਆਂ ਨੂੰ ਬਾਣੀ ਬ੍ਰਹਮ ਤੋਂ ਆਈ, ਤੇ ਬਾਣੀ ਵਿੱਚ ਇਕੋ ਇਕ ਸਦੈਵੀ ਹਸਤੀ, ਇਕ ਏਕੰਕਾਰ ਜੋਤਿ ਰੂਪ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਪੂਰਾ ਅਖਰੀ ਗਿਆਨ ਹੈ। ਸਿੱਖ ਗੁਰੂਆਂ ਨੂੰ ਬਾਣੀ ਗਿਆਨ ਧਿਆਨ ਵਿੱਚ ਆਈ। ਗੁਰੂ ਅਰਜਨ ਸਾਹਿਬ ਨੇ ਕਿਹਾ - *'ਪੋਥੀ ਪਰਮੇਸਰੁ ਕਾ ਥਾਨ', 'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡ ਅਵਰ ਨ ਕੋਇ', 'ਬਾਣੀ ਗੁਰੂ ਗੁਰੂ ਹੈ ਬਾਣੀ'*। ਗੁਰਬਾਣੀ ਵਿੱਚ ਪਾਰਬ੍ਰਹਮ ਨੂੰ ਅਨੁਭਵ ਕਰਨ ਲਈ ਗੁਰਉਪਦੇਸ਼ ਹੈ। ਪਾਰਬ੍ਰਹਮ ਦੀ ਸੂਝ-ਬੂਝ, ਅਨੁਭਵ, ਗੁਰਮਤਿ ਨਾਮ ਸਿਮਰਣ ਤੋਂ ਹੁੰਦਾ ਹੈ, ਆਤਮਕ ਵਿਸ਼ਾ ਹੈ, ਮਤ ਬੁਧ ਵਿਚਾਰ ਤੋਂ ਉਪਰ ਦਾ ਆਤਮਕ ਗਿਆਨ ਹੈ। ਗੁਰੂ ਨਾਨਕ ਸਾਹਿਬ ਨੇ ਸੱਤ ਪੁਰਖ ਨੂੰ ਦੇਖਿਆ ਹੈ ਤੇ ਉਸ ਦਾ ਗਿਆਨ ਬਖਸ਼ਿਆ ਹੈ।

*ਸਤਿ ਪੁਰਖ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥*
(ਪੰਨਾ 286, ਗੁਰੂ ਗ੍ਰੰਥ ਸਾਹਿਬ)

ਗੁਰੂ ਅਰਜਨ ਸਾਹਿਬ ਨੇ ਪੋਥੀ ਵਿੱਚ ਕੁਝ ਐਸੇ ਭਗਤਾਂ ਦੀ ਬਾਣੀ ਦਰਜ ਕਰਾਈ, ਜਿੰਨ੍ਹਾਂ ਨੇ ਪੂਰੇ ਸਤਿਗੁਰੂ ਤੋਂ ਉਪਦੇਸ਼ ਲੈ ਕੇ ਇਕੋ ਇਕ ਸਦੈਵੀ ਹਸਤੀ, ਜੋਤਿ ਰੂਪ ਦਾ ਜਾਪ ਸਿਮਰਣ ਅਰਾਧਨਾ ਕੀਤੀ ਤੇ ਪਰਮਪਦ ਤੇ ਪਹੁੰਚ ਗਏ, ਉਹ ਸਭ ਬ੍ਰਹਮ ਗਿਆਨੀ ਸਨ। ਐਸੇ ਭਗਤਾਂ ਤੇ ਬ੍ਰਹਮ ਵਿੱਚ ਕੋਈ ਭੇਦ ਨਹੀਂ।

*ਬ੍ਰਹਮ ਗਿਆਨੀ ਆਪਿ ਨਿਰੰਕਾਰੁ॥*
(ਪੰਨਾ 274, ਗੁਰੂ ਗ੍ਰੰਥ ਸਾਹਿਬ)

ਬ੍ਰਹਮ ਗਿਆਨੀ ਜਨਮ ਮਰਨ ਵਿੱਚ ਨਹੀਂ, ਸਦ ਜੀਵਤ ਹੈ, ਅਬਿਨਾਸੀ ਹੈ, ਸਦਾ ਆਨੰਦ ਦੀ ਹਾਲਤ ਵਿੱਚ ਸੰਸਾਰ ਵਿੱਚ ਜਿਊਂਦਾ ਹੈ। ਬਾਣੀ ਇਹ ਵੀ





ਸਮਝਾਉਂਦੀ ਹੈ ਕਿ ਬਾਣੀ ਵਿੱਚ ਉਪਦੇਸਿਆ ਨਾਮ ਧਰਮ ਚਹੁ ਜੁਗਾਂ ਵਿੱਚ ਸੀ ਤੇ ਜੋ ਵੀ ਭਗਤ-ਜਨ ਕਿਸੇ ਸਮੇਂ ਵੀ ਪਰਮ ਪਦ ਤਕ ਪਹੁੰਚੇ, ਉਹਨਾਂ ਨੇ ਇਹ ਮਰਾਤਬਾ ਨਾਮ ਧਰਮ ਤੇ ਚਲ ਕੇ ਹੀ ਪਾਇਆ।

ਹਰਿਮੰਦਰ ਸਾਹਿਬ ਵਿੱਚ ਪੋਥੀ ਦਾ ਪ੍ਰਕਾਸ਼ ਨਿਤ ਨੇਮ ਨਾਲ ਹੁੰਦਾ ਸੀ। ਗੁਰੂ ਅਰਜਨ ਸਾਹਿਬ ਤੇ ਸੰਗਤ ਪੋਥੀ ਨੂੰ ਮੱਥਾ ਟੇਕ ਕੇ ਨਿਤ ਨੇਮ ਨਾਲ ਦੀਵਾਨ ਸਜਾਉਂਦੇ ਸਨ ਤੇ ਹਰਿ ਜਸ ਕਰਦੇ ਸਨ। ਗੁਰੂ ਅਰਜਨ ਸਾਹਿਬ ਤੋਂ ਬਾਦ ਗੁਰੂ ਤੇਗ਼ ਬਹਾਦਰ ਸਾਹਿਬ ਨੇ ਬਾਣੀ ਰਚੀ। ਗੁਰੂ ਗੋਬਿੰਦ ਸਿੰਘ ਜੀ ਨੇ ਪੋਥੀ ਵਿੱਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਾਈ। ਇਸ ਤਰ੍ਹਾਂ ਗ੍ਰੰਥ ਸੰਪੂਰਨ ਹੋਇਆ। ਸੰਭਵ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀ ਰਚੀ ਹੁੰਦੀ ਤਾਂ ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਾ ਦਿੰਦੇ, ਜਿਸ ਤਰ੍ਹਾਂ ਗੁਰੂ ਅਰਜਨ ਸਾਹਿਬ ਨੇ ਆਪਣੀ ਰਚੀ ਬਾਣੀ ਪੋਥੀ ਵਿੱਚ ਦਰਜ ਕਰਾਈ।

ਦਸ ਮਨੁੱਖੀ ਜਾਮਿਆਂ ਵਿੱਚ ਗੁਰੂ ਜੀ ਚਰਨ ਪਾਹੁਲ ਦੇ ਕੇ ਗੁਰਦੀਖਿਆ ਦਿੰਦੇ ਸਨ ਤੇ ਸਿੱਖਿਆ ਦਿੰਦੇ ਸਨ, ਸ਼ੁਧ ਮਨ ਗੁਰਮੰਤ੍ਰ ਨਾਮ ਦਾ ਜਪ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਸਨ, ਜਿਸ ਨਾਲ ਇਕੋ ਇਕ ਹਸਤੀ ਅਕਾਲ ਪੁਰਖ ਦੀ ਅਰਾਧਨਾ ਹੁੰਦੀ ਹੈ। 1699 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਹੁਲ ਦੀ ਥਾਂ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਗੁਰਦੀਖਿਆ ਦਾ ਵਿਧਾਨ ਪ੍ਰਚਲਤ ਕੀਤਾ।

* *ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ॥*
*ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥*
(ਪੰਨਾ 729, ਗੁਰੂ ਗ੍ਰੰਥ ਸਾਹਿਬ)

* *ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰਮੰਤੁ॥*
(ਪੰਨਾ 321, ਗੁਰੂ ਗ੍ਰੰਥ ਸਾਹਿਬ)

* *ਹਰਿ ਹਰਿ ਨਾਮੁ ਸਲਾਹੀਐ ਸਚੁ ਕਾਰ ਕਮਾਵੈ॥*
*ਦੂਜੀ ਕਾਰੈ ਲਗਿਆ ਫਿਰਿ ਜੋਨੀ ਪਾਵੈ॥*
*(ਪੰਨਾ 791, ਗੁਰੂ ਗ੍ਰੰਥ ਸਾਹਿਬ)*

(ਗੁਰਮੰਤ੍ਰ ਨਾਮ ਤੋਂ ਇਲਾਵਾ ਹੋਰ ਕਿਸੇ ਦੀ ਅਰਾਧਨਾ, ਸਿਫਤ ਸਾਲਾਹ ਦੂਜੀ ਕਾਰ ਹੈ - ਇਸ ਤਰ੍ਹਾਂ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ।)

# ਦਸ ਪਾਤਸ਼ਾਹੀਆਂ ਦੀ ਸ਼ਖ਼ਸੀਅਤ ਗੁਰੂ ਰੂਪ ਗੁਰਬਾਣੀ ਤੋਂ

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ।।*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ।।*

(ਪੰਨਾ 1408, ਗੁਰੂ ਗ੍ਰੰਥ ਸਾਹਿਬ)

*ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।।*

(ਪੰਨਾ 1395, ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਇਕ ਹੀ ਗੁਰੂ ਜੋਤਿ ਸੀ। ਸਭ ਦਾ ਉਪਦੇਸ਼ ਇਕ ਹੀ ਸੀ। ਗੁਰੂ ਸਤਿਗੁਰੂ ਤੇ ਪਾਰਬ੍ਰਹਮ ਪਰਮੇਸਰ ਵਿੱਚ ਕੋਈ ਭੇਦ ਨਹੀਂ।

*ਗੁਰਦੇਵ ਸਤਿਗੁਰ ਪਾਰਬ੍ਰਹਮੁ ਪਰਮੇਸਰ*
*ਗੁਰਦੇਵ ਨਾਨਕ ਹਰਿ ਨਮਸਕਰਾ।।*

(ਪੰਨਾ 250, ਗੁਰੂ ਗ੍ਰੰਥ ਸਾਹਿਬ)

ਗੁਰਬਾਣੀ, ਖਸਮ ਦੀ ਬਾਣੀ ਹੈ। ਗਿਆਨ ਧਿਆਨ ਵਿੱਚ ਧੁਰੋਂ ਆਈ ਹੈ। ਗੁਰਬਾਣੀ ਇੱਕੋ ਇੱਕ ਏਕੰਕਾਰ, ਜੋਤਿ ਦਾ ਗਿਆਨ ਬਖਸ਼ਦੀ ਹੈ।

*ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚ ਆਈ।।*

(ਪੰਨਾ 1243, ਗੁਰੂ ਗ੍ਰੰਥ ਸਾਹਿਬ)

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ।।*

(ਪੰਨਾ 722, ਗੁਰੂ ਗ੍ਰੰਥ ਸਾਹਿਬ)

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।।*

(ਪੰਨਾ 982, ਗੁਰੂ ਗ੍ਰੰਥ ਸਾਹਿਬ)

ਸਿੱਖ ਮਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਆਪਣੇ ਪਹਿਲੇ ਧਰਮ ਦੇ ਅਕੀਦੇ ਤਿਆਗਣੇ ਜ਼ਰੂਰੀ ਹਨ।

ਗੁਰੂ ਅੰਗਦ ਸਾਹਿਬ (ਪਹਿਲੇ ਭਾਈ ਲਹਿਣਾ ਜੀ), ਗੁਰੂ ਨਾਨਕ ਸਾਹਿਬ ਦੀ ਸ਼ਰਨ ਵਿੱਚ ਆਉਣ ਤੋਂ ਪਹਿਲਾਂ ਦੇਵੀ ਦੇਵਤਿਆਂ ਦੇ ਉਪਾਸਕ ਸਨ ਤੇ ਹਰ ਸਾਲ ਤੀਰਥ ਯਾਤਰਾ ਲਈ ਆਪਣੇ ਜੱਥੇ ਸਮੇਤ ਜਾਂਦੇ ਸਨ।





ਉਹਨਾਂ ਨੂੰ ਵੇਦਾਂ, ਸ਼ਾਸਤਰਾਂ, ਸਿੰਮ੍ਰਿਤੀਆਂ ਦਾ ਗਿਆਨ ਸੀ ਤੇ ਇਹਨਾਂ ਧਰਮ ਪੁਸਤਕਾਂ ਦੇ ਦੱਸੇ ਰਾਹ ਤੇ ਬ੍ਰਾਹਮਣੀ ਧਰਮ ਕਮਾਉਂਦੇ ਸਨ। ਇਕ ਵੇਰ ਉਹ ਯਾਤਰਾ ਨੂੰ ਜਾਂਦਿਆਂ ਰਸਤੇ ਵਿੱਚ ਕਰਤਾਰਪੁਰ, ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਆਏ। ਫਿਰ ਉਹ ਦੇਵੀ ਦੇ ਦਰਸ਼ਨਾਂ ਲਈ ਨਹੀਂ ਗਏ। ਗੁਰੂ ਸ਼ਰਨ ਆਉਣ ਤੋਂ ਬਾਦ, ਉਹ ਗੁਰੂ ਦਰਬਾਰ ਵਿੱਚ ਰਹੇ। ਭਾਈ ਲਹਿਣਾ ਜੀ ਨੇ ਆਪਣੇ ਵੇਦ ਸ਼ਾਸਤਰਾਂ ਸਿੰਮ੍ਰਿਤੀਆਂ ਵਾਲੇ ਧਰਮ ਵਿਸ਼ਵਾਸ ਤਿਆਗ ਦਿੱਤੇ ਤੇ ਗੁਰੂ ਨਾਨਕ ਸਾਹਿਬ ਦੀ ਸੇਵਾ ਵਿੱਚ ਰਹੇ, ਗੁਰਉਪਦੇਸ਼ ਸੁਣਿਆ ਤੇ ਮੰਨਿਆ ਤੇ ਭਗਤੀ ਕੀਤੀ। ਗੁਰੂ ਨਾਨਕ ਸਾਹਿਬ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਭਾਈ ਲਹਿਣਾ ਨੂੰ ਗੁਰੂ ਜੋਤਿ ਸੌਂਪ ਕੇ ਗੁਰਗੱਦੀ ਤੇ ਬਿਠਾ ਕੇ ਉਹਨਾਂ ਨੂੰ ਗੁਰੂ ਅੰਗਦ ਕਿਹਾ। ਗੁਰੂ ਨਾਨਕ ਨੇ ਗੁਰੂ ਅੰਗਦ ਸਾਹਿਬ ਨੂੰ ਮੱਥਾ ਟੇਕਿਆ, ਤੇ ਆਪ ਦੂਜੇ ਸਥਾਨ ਤੇ ਚਲੇ ਗਏ।

(ਗੁਰੂ) ਅਮਰਦਾਸ ਜੀ ਕਰਮਕਾਂਡੀ ਸਨ, ਵੀਹ ਵਾਰ ਗੰਗਾ ਇਸ਼ਨਾਨ ਲਈ ਗਏ। ਉਹਨਾਂ ਨੇ ਵੀ ਜਦੋਂ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ, ਤਾਂ ਸਾਰੇ ਪਿਛਲੇ ਵਿਚਾਰ ਤਿਆਗ ਕੇ ਗੁਰਮਤਿ ਭਗਤੀ ਸਿਮਰਣ ਕੀਤਾ ਤੇ ਅੰਤ ਵਿੱਚ ਗੁਰੂ ਅੰਗਦ ਸਾਹਿਬ ਨੇ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਸੌਂਪੀ।

ਗੁਰੂ ਨਾਨਕ ਸਾਹਿਬ ਦੇ ਦਸਵੇਂ ਜਾਮੇ ਵਿੱਚ, ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਸਿਰ ਲੈ ਕੇ ਕੀਤੀ। ਪੰਜ ਪਿਆਰੇ ਹਿੰਦੂ ਪਰਿਵਾਰਾਂ ਦੇ ਉਚੀਆਂ ਨੀਵੀਆਂ ਜਾਤਾਂ ਦੇ ਸਿੱਖ ਸਨ। ਗੁਰੂ ਨਾਨਕ ਤੋਂ ਲੈ ਕੇ ਦਸਮ ਗੁਰੂ ਦੇ ਗੁਰਉਪਦੇਸ਼ ਅਨੁਸਾਰ ਜਿਸ ਨੇ ਸਿੱਖ ਮਤ ਵਿੱਚ ਦਾਖਲ ਹੋਣਾ ਹੈ, ਉਹ ਆਪਣੇ ਪਹਿਲੇ ਹਿੰਦੂ ਧਰਮ ਦੇ ਜਾਂ ਮੁਸਲਮਾਨੀ ਧਰਮ ਦੇ ਜਾਂ ਹੋਰ ਕਿਸੇ ਧਰਮ ਦੇ ਅਕੀਦੇ ਤਿਆਗੇ, ਤਾਂ ਹੀ ਉਹ ਸਹੀ ਗੁਰਮਤਿ ਰਾਹ ਤੇ ਚਲ ਕੇ ਪਰਮ ਗਤੀ ਪ੍ਰਾਪਤ ਕਰ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀ ਦਾ ਪਾਠ ਕਰਕੇ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਤੇ ਪੰਜ ਪਿਆਰਿਆਂ ਨੂੰ ਪਿਲਾਇਆ, ਚਰਨ ਪਾਹੁਲ ਦੀ ਥਾਂ ਖੰਡੇ ਦੀ ਪਹੁਲ ਦਿੱਤੀ। ਸਾਡੇ ਕੋਲ ਇਤਿਹਾਸਕ ਜਾਣਕਾਰੀ ਨਹੀਂ ਜਿਸ ਤੋਂ ਇਹ ਪਤਾ ਲੱਗ ਸਕੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੀਆਂ ਬਾਣੀਆਂ ਦਾ ਪਾਠ ਖੰਡੇ ਦੀ ਪਹੁਲ ਤਿਆਰ ਕਰਨ ਸਮੇਂ ਕੀਤਾ। ਗੁਰੂ ਜੀ ਨੇ ਸਿੱਖ ਸੇਵਕ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ਗੁਰੂ ਨਾਨਕ ਸਾਹਿਬ ਦਾ ਗਿਆਰਵਾਂ ਰੂਪ ਗੁਰੂ ਗ੍ਰੰਥ ਸਾਹਿਬ ਜੀ ਹਨ ਤੇ ਹਮੇਸ਼ਾ ਗੁਰਬਾਣੀ ਗੁਰੂ ਰੂਪ ਵਿੱਚ ਉਪਦੇਸ਼ ਦਾਤਾ ਰਹਿਨਗੇ।। ਇਸ ਤਰ੍ਹਾਂ ਦੇਹ ਰੂਪ ਵਿੱਚ ਗੁਰੂ ਦੀ ਪ੍ਰਥਾ ਸਮਾਪਤ ਹੋਈ।

ਗੁਰਬਾਨੀ ਦਾ ਉਪਦੇਸ਼ ਹੈ :

*ਸਚਾ ਸਤਿਗੁਰੂ ਸਚੀ ਬਾਣੀ ਜਿਨਿ ਸਚ ਵਿਖਾਲਿਆ ਸੋਈ।।*

(ਪੰਨਾ 769, ਗੁਰੂ ਗ੍ਰੰਥ ਸਾਹਿਬ)

*ਸਤਿਗੁਰੂ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ।।*

(ਪੰਨਾ 304, ਗੁਰੂ ਗ੍ਰੰਥ ਸਾਹਿਬ)

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।।*

*ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।।*

*ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ।।*

(ਪੰਨਾ 920, ਗੁਰੂ ਗ੍ਰੰਥ ਸਾਹਿਬ)

ਸਾਡੀ ਵਿਚਾਰ ਇਹਨਾਂ ਗੁਰਬਾਨੀ ਦੀਆਂ ਤੁਕਾਂ ਨੂੰ ਮੁਖ ਰਖ ਕੇ ਕੀਤੀ ਜਾਵੇਗੀ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਰੂਪ ਵਿੱਚ ਬਾਣੀ ਪੜ੍ਹ ਕੇ ਖੰਡੇ ਦਾ ਅੰਮ੍ਰਿਤ ਤਿਆਰ ਕਰਨ, ਤੇ ਗੁਰੂ ਜੀ ਨੂੰ ਉਸੇ ਮਰਯਾਦਾ ਨਾਲ ਛਕਾਉਣ। ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦਾ ਅੰਮ੍ਰਿਤ ਪਾਨ ਕੀਤਾ, ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ, ਤੇ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਸਜੇ।

ਹੁਣ ਗੁਰੂ ਗ੍ਰੰਥ ਸਾਹਿਬ ਗੁਰੂ ਹਨ ਤੇ ਅੱਗੇ ਨੂੰ ਵੀ ਹੋਣਗੇ। ਜੋ ਕੋਈ ਮਾਈ ਭਾਈ, ਕਿਸੇ ਧਰਮ ਦਾ, ਜਾਤੀ ਦਾ, ਮੁਲਕ ਦਾ, ਸਿੱਖ ਧਰਮ ਵਿੱਚ ਪਰਵੇਸ਼ ਕਰਨਾ ਚਾਹੇ, ਉਹ ਆਪਣੇ ਪਹਿਲੇ ਅਕੀਦੇ ਤੇ ਧਾਰਮਿਕ ਵਿਚਾਰ ਤਿਆਗ ਕੇ ਅੰਮ੍ਰਿਤ ਦੀ ਵਿਧੀ ਪੂਰਵਕ ਦਾਤ ਲੈ ਸਕਦਾ ਹੈ ਤੇ ਸਿੰਘ ਸਜ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸਭ ਸੰਸਾਰ ਲਈ ਇਕੋ ਹੈ, ਇਸਨੂੰ ਸਮਝ ਕੇ ਕੋਈ ਵੀ ਲਾਭ ਉਠਾ ਸਕਦਾ ਹੈ। ਹਿੰਦੂ, ਮੁਸਲਮਾਨ, ਆਦਿ ਸਭ ਗੁਰਦੁਆਰੇ ਜਾ ਸਕਦੇ ਹਨ ਤੇ ਸਿੱਖਿਆ ਸਮਝ ਤੇ ਗ੍ਰਹਿਣ ਕਰ ਸਕਦੇ ਹਨ। ਗੁਰਸਿੱਖਾਂ ਨੂੰ ਕਿਸੇ ਨਾਲ ਕੋਈ ਵਿਤਕਰਾ ਨਹੀਂ। ਪਰਮਪਦ ਦੀ ਪ੍ਰਾਪਤੀ ਉਹਨਾਂ ਨੂੰ ਹੀ ਹੋ ਸਕਦੀ ਹੈ ਜੋ ਵਿਧੀ ਪੂਰਵਕ ਅੰਮ੍ਰਿਤ ਛੱਕ ਕੇ, ਗੁਰਮੰਤ੍ਰ ਨਾਮ ਲੈਣ, ਤਾਂ ਹੀ ਗੁਰਮੰਤ੍ਰ ਨਾਮ ਸ਼ਬਦ ਗੁਰੂ ਰੂਪ ਵਿੱਚ ਸਿੱਖ ਦੀ ਸਹਾਇਤਾ ਕਰਦਾ ਹੈ ਤੇ ਅਨੁਭਵੀ ਗਿਆਨ ਬਖਸ਼ਦਾ ਹੈ।

ਗੁਰਬਾਨੀ ਤੋਂ ਇਲਾਵਾ ਹੋਰ ਕਿਸੇ ਖ਼ਾਸ ਪੁਸਤਕ ਤੇ ਸ਼ਰਧਾ/ਭਾਵਨਾ ਰਖਣੀ ਤੇ ਸ਼ਰਧਾ ਧਾਰ ਕੇ ਪਾਠ ਕੀਰਤਨ ਧਿਆਨ ਆਦਿ ਗੁਰਸਿੱਖ ਲਈ ਵਰਜਿਤ ਹਨ। ਜਿਸ ਤਰ੍ਹਾਂ ਵੇਦ ਮਤ ਦੇ ਸੰਜਮ ਤੇ ਖਟ ਕਰਮ, ਬ੍ਰਹਮਚਰਯ,





ਵਰਤ ਨੇਮ, ਤੀਰਥ ਇਸ਼ਨਾਨ, ਤੀਰਥਾਂ ਦਾ ਭਰਮਨ, ਗੁਰਮਤਿ ਵਿੱਚ ਕੋਈ ਅਹਿਮੀਅਤ ਨਹੀਂ ਰੱਖਦਾ।

*ਤਟ ਤੀਰਥ ਦੇਵ ਦੇਵਾਲਿਆ ਕੇਦਾਰ ਮਥੁਰਾ ਕਾਸੀ।।*

*ਕੋਟਿ ਤੇਤੀਸਾ ਦੇਵਤੇ ਸਣੁ ਇੰਦੈ ਜਾਸੀ।।*

*ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟ ਦਰਸ ਸਮਾਸੀ।।*

*ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ।।*

*ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ।।*

*ਮੁਨਿ ਜੋਗੀ ਦਿਗੰਬਰਾ ਜਮੈ ਸਣ ਜਾਸੀ।।*

*ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ।।*

*ਥਿਰੁ ਪਾਰਬ੍ਰਮ ਪਰਮੇਸਰੋ ਸੇਵਕੁ ਥਿਰੁ ਹੋਸੀ।।*

(ਪੰਨਾ 1100, ਗੁਰੂ ਗ੍ਰੰਥ ਸਾਹਿਬ)

*(ਪਾਰਬ੍ਰਹਮ ਥਿਰ ਅਬਿਨਾਸੀ ਹੈ। ਸਿੱਖ ਸੇਵਕ ਗੁਰਮਤਿ ਭਗਤੀ ਕਰਕੇ ਅਬਿਨਾਸੀ ਹੋ ਜਾਂਦਾ ਹੈ।)*

ਸਿੱਖ ਨੂੰ ਹੁਕਮ ਹੈ ਗ੍ਰਹਿਸਤ ਜੀਵਨ ਵਿੱਚ ਰਹੋ, ਪਰ ਨਾਰੀ ਨੂੰ ਮਾਂ ਧੀ ਭੈਣ ਦੀ ਨਜ਼ਰ ਨਾਲ ਤੱਕੋ, ਹਿੰਦੂ ਧਰਮ ਦੀਆਂ ਉਚੀਆਂ ਨੀਵੀਆਂ ਜਾਤੀਆਂ, ਬ੍ਰਾਹਮਣ ਖਤਰੀ ਵੈਸ਼ ਸ਼ੂਦਰ ਸਮਾਜ ਲਈ ਕਲੰਕ ਹਨ। ਵਰਣ ਵੰਡ ਨਾਲ ਸਮਾਜ ਕਮਜ਼ੋਰ ਹੁੰਦਾ ਹੈ, ਆਪਸੀ ਵੈਰ ਹੁੰਦਾ ਹੈ, ਸ਼ੂਦਰਾਂ ਵਿੱਚ ਹੀਨਤਾ ਦੀ ਭਾਵਨਾ ਆਉਂਦੀ ਹੈ, ਤੇ ਸਮਾਜ ਦਾ ਵੱਡਾ ਹਿੱਸਾ ਸਮਾਜਕ ਉਨਤੀ ਵਿੱਚ ਹਿੱਸਾ ਨਹੀਂ ਪਾ ਸਕਦਾ। ਉਥੇ ਹੀ ਬ੍ਰਾਹਮਣ ਨੂੰ ਹੰਕਾਰ ਦੀ ਭਾਵਨਾ ਆਉਂਦੀ ਹੈ, ਬ੍ਰਾਹਮਣ ਮਾਇਆ ਦਾ ਲੋਭੀ ਹੋ ਜਾਂਦਾ ਹੈ ਤੇ ਬਾਕੀ ਵਰਣ ਜਾਤੀਆਂ ਨੂੰ ਲੁੱਟਦਾ ਹੈ। ਅਭਿਮਾਨ ਤੇ ਦੂਜਿਆਂ ਨੂੰ ਨੀਵਾਂ ਸਮਝਣਾ ਪਰਮੇਸ਼ਰ ਦੀ ਭਗਤੀ ਵਿੱਚ ਰੁਕਾਵਟ ਹੈ। ਐਸੇ ਮਨੁੱਖ ਨੂੰ ਕਦੇ ਵੀ ਪਰਮਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸੰਸਾਰ ਦੇ ਸਾਰੇ ਸੰਬੰਧੀਆਂ ਨੂੰ ਛੱਡ ਕੇ ਆਪਣੀ ਕਲਿਆਨ ਭਾਲਨ ਲਈ ਜੰਗਲਾਂ ਪਹਾੜਾਂ ਵਿੱਚ ਜਾਣਾ, ਮੜ੍ਹੀ ਮਸਾਣਾਂ ਵਿੱਚ ਵਾਸ ਕਰਨਾ, ਤਪ ਆਦਿ ਕਰਨੇ ਕਲਿਆਨਕਾਰੀ ਨਹੀਂ, ਸੱਚੇ ਨਾਮ ਧਰਮ ਦੇ ਵਿਰੁੱਧ ਕੁਰੀਤੀਆਂ ਹਨ। ਸਿੱਖ ਨੂੰ ਹੁਕਮ ਹੈ ਗ੍ਰਹਿਸਤ ਜੀਵਨ ਵਿੱਚ ਰਹੋ, ਧਰਮ ਦੀ ਕਿਰਤ ਕਰੋ, ਧਰਮ ਦੀ ਕਮਾਈ ਵਿਚੋਂ ਲੋੜਵੰਦਾਂ ਨੂੰ ਦਾਨ ਦਿਉ, ਅਵਗੁਣ ਵਿਕਾਰ, ਬੁਰਿਆਈਆਂ ਤਿਆਗੋ, ਗੁਣ ਧਾਰਨ ਕਰੋ, ਚੰਗੇ ਕਰਮ ਕਰੋ, ਸਤਸੰਗਤ ਵਿੱਚ

ਜਾਓ, ਸ਼ੁਧ ਮਨ ਨਾਲ ਗੁਰਮਤਿ ਨਾਮ ਸਿਮਰਨ ਕਰੋ, ਸਤਿਗੁਰੂ ਦੀ ਅਰਾਧਨਾ ਕਰੋ - ਤਾਂ ਪਰਮਪਦ ਦੀ ਪ੍ਰਾਪਤੀ ਹੋ ਸਕਦੀ ਹੈ।

ਨਾਮ ਧਰਮ ਸੰਸਾਰ ਦੇ ਹੋਰ ਸਭ ਧਰਮਾਂ ਤੋਂ ਵਖਰਾ ਹੈ। ਸਤਿਗੁਰੂ ਜੀ ਦਾ ਉਪਦੇਸ਼ ਹੈ ਕਿ ਪੂਰੇ ਸਤਿਗੁਰੂ ਨਾਲ ਮੇਲ, ਸੀਖਿਆ ਦੀਖਿਆ, ਗੁਰਮੰਤ੍ਰ ਨਾਮ, ਗੁਰਸ਼ਬਦ, ਗੁਰਮਤਿ ਸਿਮਰਨ ਤੋਂ ਬਿਨਾ ਪਰਮਾਤਮਾ ਦਾ ਗਿਆਨ ਨਹੀਂ ਹੋ ਸਕਦਾ ਤੇ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ।

ਸਭ ਦੇਵੀ, ਦੇਵਤੇ, ਅਵਤਾਰ, ਪੀਰ, ਪੈਗੰਬਰ ਜਨਮ-ਮਰਨ ਦੇ ਗੇੜ ਵਿੱਚ ਹਨ। ਇਹਨਾਂ ਚੋਂ ਜਿਸਨੇ, ਤੇ ਜਦੋਂ ਪੂਰੇ ਸਤਿਗੁਰੂ ਦੀ ਸ਼ਰਨ ਲਈ ਤਾਂ ਹੀ ਉਹ ਸੰਸਾਰ ਸਾਗਰ ਤੋਂ ਪਾਰ ਹੋਇਆ।

*ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ।।*
*ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ।।*

(ਪੰਨਾ 1100, ਗੁਰੂ ਗ੍ਰੰਥ ਸਾਹਿਬ)



**ਭਾਗ ੫**

# ਗੁਰਬਾਣੀ ਉਪਦੇਸ਼ ਦਾ ਸਾਰ

ਅਸੀਂ ਪਹਿਲਾਂ ਗੁਰਬਾਣੀ ਦੇ ਸਾਰ ਉਪਦੇਸ਼ ਦੀ ਸਮਝ ਮੂਲ ਮੰਤ੍ਰ ਦੀ ਗੁਰਮਤਿ ਵਿਆਖਿਆ ਤੋਂ ਸ਼ੁਰੂ ਕਰਾਂਗੇ। ਮੂਲ ਮੰਤ੍ਰ ਗੁਰਬਾਣੀ ਦਾ ਸਾਰ ਹੈ।

ਉਸ ਤੋਂ ਬਾਅਦ 'ਗੁਰਬਾਣੀ ਗੁਰੂ' ਤੋਂ ਵੇਦ ਬਾਣੀ ਦੀ ਵਿਚਾਰ ਸਮਝਾਂਗੇ। ਵੇਦ ਬਾਣੀ ਆਪਣੇ ਆਪ ਨੂੰ ਸੱਚ ਕਹਿੰਦੀ ਹੈ। ਗੁਰਮਤਿ ਵੇਦ ਬਾਣੀ ਦੇ ਵਿਚਾਰਾਂ ਦਾ ਪੁਰਜੋਰ ਖੰਡਨ ਕਰਦੀ ਹੈ। ਵੇਦ ਬਾਣੀ ਛੱਡੀਏ ਤਾਂ ਗੁਰਮਤਿ ਆਉਂਦੀ ਹੈ। ਗੁਰਮਤਿ ਦੀ ਸਮਝ ਆ ਜਾਵੇ ਤਾਂ ਵੇਦ ਬਾਣੀ ਤੋਂ ਵਿਸ਼ਵਾਸ ਛੁੱਟ ਜਾਂਦਾ ਹੈ।

ਉਸ ਤੋਂ ਬਾਦ ਦਸਮ ਗ੍ਰੰਥ ਦੀ ਰਚਨਾਵਾਂ ਦੀ ਵਿਚਾਰ ਸਾਨੂੰ ਆਸਾਨੀ ਨਾਲ ਸਮਝ ਆਵੇਗੀ। ਗੁਰੂ ਗੋਬਿੰਦ ਸਿੰਘ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦੀ ਹੀ ਗੁਰੂ ਜੋਤਿ ਸੀ, ਗੁਰੂ ਨਾਨਕ ਸਾਹਿਬ ਦਾ ਦਸਵਾਂ ਰੂਪ ਹਨ। ਪਾ:10 ਦੀ ਬਾਣੀ ਗੁਰਬਾਣੀ ਅਨੁਕੂਲ ਹੋਣੀ ਲਾਜ਼ਮੀ ਹੈ।

ਕਵੀਆਂ ਦੀਆਂ ਰਚਨਾਵਾਂ ਵੇਦ ਬਾਣੀ ਦੇ ਆਧਾਰ ਤੇ ਹੋ ਸਕਦੀਆਂ ਹਨ। ਕੁਝ ਕਵੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਸਨ, ਉਹ ਸਿੱਖ ਗੁਰੂਆਂ ਨੂੰ ਮੰਨਦੇ ਸਨ। ਗੁਰੂ ਜੀ ਦੇ ਦਰਬਾਰ ਵਿੱਚ ਹੁੰਦਿਆਂ ਵੀ ਕੁਝ ਕਵੀ ਗੁਰੂ ਜੀ ਦੇ ਸਿੱਖ ਨਹੀਂ ਬਣੇ। ਉਹ ਵੇਦਾਂ-ਸ਼ਾਸਤਰਾਂ-ਸਿੰਮ੍ਰਿਤੀਆਂ ਨੂੰ ਸੱਤ ਮੰਨਦੇ ਰਹੇ, ਉਹਨਾਂ ਦੀਆਂ ਕਵਿਤਾਵਾਂ ਗੁਰਮਤਿ ਤੇ ਵੇਦਕ ਉਪਦੇਸ਼ ਦਾ ਮਿਲ ਗੋਭਾ ਹਨ। ਜੋ ਰਚਨਾਵਾਂ ਗੁਰਸਿੱਖ ਕਵੀਆਂ ਦੀ ਹੋਣਗੀਆਂ, ਉਹ ਵੀ ਬ੍ਰਹਮ ਦੀ ਬਾਣੀ ਦੇ ਤੁਲ ਨਹੀਂ - ਉਹ ਵੀ ਕੱਚੀ ਬਾਣੀ ਹੈ।

## ਮੂਲ ਮੰਤ੍ਰ

### ੧ (ਇੱਕ, ਏਕਾ, ਏਕੰਕਾਰ)

ਗੁਰਬਾਣੀ ੧ ਨੂੰ ਇੱਕ, ਏਕਾ, ਏਕੰਕਾਰ ਕਹਿੰਦੀ ਹੈ। ੧ ਏਕਾ ਏਕੰਕਾਰ ਵਾਹਿਗੁਰੂ ਹੈ।

ਮੂਲ ਮੰਤ੍ਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਾਰ ਉਪਦੇਸ਼ ਹੈ।

ਮੂਲ ਮੰਤ੍ਰ ਦਾ ਪਹਿਲਾ ਅਖਰ ਗਿਣਤੀ ਦਾ ੧ (ਇੱਕ) ਹੈ। ਜਿਸ ਦਾ ਭਾਵ ਹੈ ਇਕੋ ਇਕ ਸਦੈਵੀ ਹਸਤੀ, ਹੋਸ਼ ਵਾਲੀ, ਜੋਤਿ ਰੂਪ ਹੋਂਦ। ਜੋਤਿ ਦੇ ਅਰਥ ਹਨ ਪਰਮ ਨਿਰਮਲ ਚੇਤਨਾ, Supreme Pure Consciousness. ਉਸ ਨੂੰ ਗੁਰੂ ਨਾਨਕ ਸਾਹਿਬ ਇੱਕ ਏਕੰਕਾਰ ਪਾਰਬ੍ਰਹਮ ਕਹਿੰਦੇ ਹਨ। ਇੱਕ ਏਕੰਕਾਰ ਪਾਰਬ੍ਰਹਮ, 'ਰੂਪ ਰੇਖ ਰੰਗ' ਤੋਂ ਨਿਆਰਾ ਹੈ, ਮਨ ਬੁਧੀ ਦੀ ਵਿਚਾਰ ਤੋਂ ਉਪਰ ਸ਼ਖਸੀਅਤ ਹੈ, ਏਕਾ ਪੁਰਖ ਹੈ, ਪਰਮ ਪੁਰਖ ਹੈ। ਇੱਕ ਏਕੰਕਾਰ ਪਾਰਬ੍ਰਹਮ Reality ਹੈ, ਕੋਈ ਕਾਲਪਨਿਕ ਹਸਤੀ ਨਹੀਂ, ਮਨੁੱਖ ਦੀ ਸਮਝ ਤੋਂ ਪਰੇ ਹੈ, ਸੁਘੜ ਸੁਜਾਨ, ਗਿਆਨ ਸਰੂਪ, Infinite, Infallible, Intelligence 'ਏਕਾ ਪੁਰਖ' ਆਪਣੀ ਮਰਜ਼ੀ ਦਾ ਮਾਲਕ ਹੈ, ਜੋ ਭਾਉਂਦਾ ਹੈ ਕਰਦਾ ਹੈ, ਉਸ ਵਿੱਚ ਹੁਕਮ ਸ਼ਕਤੀ ਹੈ, ਆਪਣੇ ਹੁਕਮ ਨਾਲ ਸਭ ਕੰਮ ਕਰਤਾ ਹੋ ਕੇ ਕਰਦਾ ਹੈ ਤੇ ਕਰਾਉਂਦਾ ਹੈ। ਉਸ ਦੇ ਹੁਕਮ ਨੂੰ ਟਾਲਿਆ ਨਹੀਂ ਜਾ ਸਕਦਾ। ਨਿਰਮਲ ਜੋਤਿ ਸਤਯ ਸਰੂਪ ਹੈ, ਸਮੇਂ ਕਾਲ ਤੋਂ ਪਹਿਲਾਂ ਕਾਇਮ ਸੀ, ਹੁਣ ਵੀ ਹੈ ਤੇ ਹਮੇਸ਼ਾ ਅੱਗੇ ਨੂੰ ਵੀ ਕਾਇਮ Real ਹਸਤੀ ਹੈ। ਗੁਰੂ ਜੀ ਉਸਨੂੰ ਅਕਾਲ ਪੁਰਖ ਕਹਿੰਦੇ ਹਨ, ਉਹ ਆਪਣੀ ਮਰਜ਼ੀ ਅਨੁਸਾਰ ਹੁਕਮ ਨਾਲ ਕਾਲ ਸਮਾਂ Time ਨੂੰ ਸ਼ੁਰੂ ਕਰਦਾ ਹੈ ਤੇ ਕਾਲ ਸਮੇਂ ਨੂੰ ਸਮਾਪਤ ਕਰ ਦਿੰਦਾ ਹੈ। ਉਹ ਸਦਾ ਆਨੰਦ ਖੇੜੇ ਵਿੱਚ ਰਹਿੰਦਾ ਹੈ, ਸੱਤ ਚਿੱਤ ਆਨੰਦ ਹੈ। ਉਸ ਨੇ ਆਪਣੇ ਆਪ ਨੂੰ ਆਪ ਉਪਾਇਆ।

ਇੱਕ ਏਕੰਕਾਰ ਜੋਤਿ ਰੂਪ ਪਾਰਬ੍ਰਹਮ ਤੋਂ ਇਲਾਵਾ ਹੋਰ ਕੋਈ ਅਸਲੀਅਤ, Reality ਨਹੀਂ। ਸੰਸਾਰ ਤੇ ਸੰਸਾਰ ਦੇ ਜੀਵ ਜੰਤ, ਉਸਦਾ ਹੀ ਸਰਗੁਣ ਸਰੂਪ ਹੈ। ਸੰਸਾਰ ਦੇ ਜੀਵ ਜੰਤ ਮਨੁੱਖ ਉਸਦਾ ਮਾਯਾਵੀ ਸਰੂਪ ਹੈ, ਕੂੜ ਰੂਪ ਹੈ। ਇਤਨਾ ਹੀ ਸੱਚ ਹੈ ਜੈਸਾ ਸੁਪਨਾ, ਸੰਸਾਰ Illusion ਹੈ, ਜਿਸ ਤਰ੍ਹਾਂ ਸ਼ੀਸ਼ੇ ਵਿੱਚ ਅਕਸ ਛਾਇਆ ਸੱਤ ਦਿੱਸਦੀ ਹੈ ਪਰ ਸੱਤ ਨਹੀਂ। ਇਸ ਤਰ੍ਹਾਂ ਸੰਸਾਰ ਸੱਤ ਨਹੀਂ।

ਸਾਰਾ ਸੰਸਾਰ ਜੀਵ ਜੰਤ, Space ਉਸਨੇ ਹਉਂ ਦਾ ਭਰਮ ਦੇ ਕੇ ਉਪਾਇਆ। ਮਨੁੱਖ ਨੂੰ ਹਉ, ਮੈਂ, ਮੇਰੀ ਵਾਲੀ ਵਖਰੀ ਸ਼ਖਸੀਅਤ ਹੋਣ ਦਾ ਭਰਮ ਹੈ, ਭਰਮ ਅਗਿਆਨਤਾ ਹੈ, ਭੁਲੇਖਾ ਹੈ, ਭਰਮ ਕਰਕੇ ਮਨੁੱਖ ਨੂੰ ਆਪਣੇ ਨਿਜ ਸਰੂਪ ਜੋਤਿ ਰੂਪ ਆਤਮਾ ਦੀ ਪਛਾਣ ਨਹੀਂ। ਆਪਣੇ ਹੀ ਭਰਮ ਨੂੰ ਮਨੁੱਖ ਆਪਣੇ ਕਿਸੇ ਉਦੱਮ ਨਾਲ, ਗਿਆਨ ਨਾਲ, ਸਾਧਨਾ ਨਾਲ, ਕਿਸੇ ਜਪ ਸਿਮਰਨ ਧਿਆਨ ਨਾਲ ਦੂਰ ਨਹੀਂ ਕਰ ਸਕਦਾ।

ਇੱਕੋ ਇੱਕ ਅਬਿਨਾਸੀ ਹਸਤੀ, ਜੋਤਿਰੂਪ ਅਕਾਲ ਪੁਰਖ ਦੇ ਜਪ ਅਤੇ ਸਿਫਤ ਸਲਾਹ ਦਾ ਉਪਦੇਸ਼ ਗੁਰਮਤਿ ਦਿੰਦੀ ਹੈ।





ਗੁਰਕਿਰਪਾ ਨਾਲ ਨਦਰ ਕਰਮ ਬਖਸ਼ਿਸ਼ ਨਾਲ ਭਰਮ ਕਟਿਆ ਜਾਂਦਾ ਹੈ। ਸ਼ਬਦ ਗੁਰੂ (ਗੁਰਮੰਤ੍ਰ ਨਾਮ) ਦੇ ਜਪ ਸਿਮਰਨ ਧਿਆਨ ਬਿਨਾ, ਭਰਮ/ਅਗਿਆਨਤਾ ਦਾ ਪਰਦਾ ਨਹੀਂ ਹਟ ਸਕਦਾ।

ਪੂਰੇ ਸਤਿਗੁਰੂ ਵਿੱਚ ਗਿਆਨ ਸਰੂਪ ਬ੍ਰਹਮ ਜੋਤਿ, ਪਰਤੱਖ ਰੂਪ ਵਿੱਚ ਗੁਰੂ ਰੂਪ ਹੋਕੇ ਵੱਸਦੀ ਹੈ। ਪੂਰੇ ਸਤਿਗੁਰੂ ਤੇ ਪਾਰਬ੍ਰਹਮ ਵਿੱਚ ਕੋਈ ਭੇਦ ਨਹੀਂ। ਪੂਰੇ ਸਤਿਗੁਰੂ ਤੇ ਪਾਰਬ੍ਰਹਮ ਦੀ ਪੂਜਾ, ਜਪ ਸਿਮਰਣ ਅਰਾਧਨਾ, ਧਿਆਨ ਦਾ ਉਪਦੇਸ਼ ਗੁਰਬਾਣੀ ਦਿੰਦੀ ਹੈ। ਇਹ ਹੀ ਇਕ ਤਰੀਕਾ ਹੈ ਜਿਸ ਨਾਲ ਮਨੁੱਖ ਨੂੰ ਆਪਣੇ Real Self, ਨਿਜ ਸਰੂਪ, ਜੋਤਿ ਰੂਪ ਦੀ ਸੂਝ ਬੂਝ ਗਿਆਨ ਹੋ ਸਕਦਾ ਹੈ। ਫਿਰ ਮਨੁੱਖ ਦੀ ਮੈਂ ਮੇਰੀ ਵਾਲੀ ਹਉ ਦੇ ਭਰਮ ਵਾਲੀ ਚੇਤਨਾ, ਭਰਮ ਗਵਾ ਕੇ ਬ੍ਰਹਮ ਜੋਤਿ ਵਿੱਚ ਅਭੇਦ ਹੋ ਜਾਂਦੀ ਹੈ। ਇਹ ਪਰਮਪਦ ਦੀ ਅਵਸਥਾ ਹੈ, ਬ੍ਰਹਮ ਗਿਆਨੀ ਦੀ ਅਵਸਥਾ ਹੈ, ਬ੍ਰਹਮ ਗਿਆਨੀ ਤੇ ਪਾਰਬ੍ਰਹਮ ਵਿੱਚ ਕੋਈ ਭੇਦ ਨਹੀਂ।

ਪੂਰਾ ਸਤਿਗੁਰੂ ਤੇ ਬ੍ਰਹਮ ਗਿਆਨੀ ਇਸ ਪਰਮਪਦ ਦੀ ਅਵਸਥਾ ਵਿੱਚ ਸੰਸਾਰ ਵਿੱਚ ਵਿਚਰਦੇ ਹਨ। ਜੋ ਭਗਤ ਪੂਰੇ ਸਤਿਗੁਰੂ ਤੋਂ ਉਪਦੇਸ਼ ਲੈ ਕੇ ਨਾਮ ਧਰਮ ਦੀ ਕਮਾਈ ਕਰਕੇ ਪਰਮਪਦ ਨੂੰ ਪ੍ਰਾਪਤ ਹੋਏ, ਉਹਨਾਂ ਦੀ ਬਾਣੀ, ਗੁਰੂ ਅਰਜਨ ਦੇਵ ਜੀ ਨੇ ਪੋਥੀ ਵਿੱਚ ਦਰਜ ਕਰਾਈ ਤੇ ਕਿਹਾ *'ਪੋਥੀ ਪਰਮੇਸਰ ਕਾ ਥਾਨ'*, ਪੋਥੀ ਵਿੱਚ ਪਰਮੇਸਰ ਦਾ ਗਿਆਨ ਹੈ ਤੇ ਇਸ ਵਿੱਚ ਪਰਮੇਸਰ ਵੱਸਦਾ ਹੈ। ਪੋਥੀ ਵਿੱਚ ਬ੍ਰਹਮ ਤੋਂ ਆਈ ਬਾਣੀ ਹੈ, ਖਸਮ ਦੀ ਬਾਣੀ ਹੈ, ਗੁਰੂ ਰੂਪ ਹੈ - *'ਬਾਣੀ ਗੁਰੂ ਗੁਰੂ ਹੈ ਬਾਣੀ'*। ਗੁਰਬਾਣੀ ਦੇ ਉਪਦੇਸ਼ ਤੇ ਅਮਲ ਕਰਕੇ ਪਰਮਪਦ ਦੀ ਪ੍ਰਾਪਤੀ ਹੋ ਸਕਦੀ ਹੈ, ਮਨੁੱਖ ਸੱਤ ਚਿਤ ਆਨੰਦ ਅਵਸਥਾ ਵਿੱਚ ਜੀਅ ਸਕਦਾ ਹੈ।

*ਅਦਿਸਟੁ ਅਗੋਚਰੁ ਅਲਖੁ ਸੋ ਦੇਖਿਆ ਗੁਰਮੁਖਿ ਆਖੀ॥*

(ਪੰਨਾ 87, ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਸਾਹਿਬ ਨੇ ਉਸ ਇਕ ਏਕੰਕਾਰ, ਜੋਤਿ ਰੂਪ ਪਾਰਬ੍ਰਹਮ ਦਾ ਜਪ ਸਿਮਰਣ ਧਿਆਨ ਦਾ ਉਪਦੇਸ਼ ਦਿੱਤਾ ਹੈ। ਜਿਸ ਦਾ ਧਿਆਨ ਧਰਾਂਗੇ , ਉਹ ਹੀ ਮਨ ਵਿੱਚ ਵੱਸੇਗਾ, ਤੇ ਧਿਆਨ ਕਰਨ ਵਾਲਾ, ਧਿਆਨ ਤੇ ਜਿਸਦਾ ਧਿਆਨ ਧਰਿਆ ਹੈ, ਇਕ ਹੋ ਜਾਣਗੇ। ਹਉ ਦਾ ਭਰਮ ਗੁਰਕਿਰਪਾ ਨਾਲ ਜਾਂਦਾ ਹੈ, ਮਨੁੱਖ ਦੀ ਮੈਲੀ ਜਿੰਦ, ਜਾਂ ਜੀਵਨ ਜੋਤਿ ਜਿਸ ਨੂੰ ਗੁਰਬਾਣੀ ਜੋਤੀ ਕਹਿੰਦੀ ਹੈ, ਭਰਮ ਗਵਾ ਕੇ ਆਪਣੇ ਨਿਜ ਸਰੂਪ Real Self ਵਿੱਚ ਅਭੇਦ ਹੋ ਜਾਂਦੀ ਹੈ।

ਗੁਰੂ ਜੀ ਨੇ ਗੁਰਬਾਣੀ ਵਿੱਚ ਉਸ ਇਕੋ ਇਕ ਸਦੈਵੀ ਹਸਤੀ ਨੂੰ ਹੋਰ

ਧਰਮਾਂ ਵਿੱਚ ਪਰਮੇਸਰ ਦੇ ਨਾਮਾਂ ਲਈ ਵਰਤੇ ਸ਼ਬਦਾਂ ਦੀ ਵਰਤੋਂ ਵੀ ਕੀਤੀ ਹੈ, ਜਿਸ ਤਰ੍ਹਾਂ ਹਰੀ, ਰਾਮ, ਪ੍ਰਭੂ, ਰਘੁਨਾਥ, ਕ੍ਰਿਸ਼ਨ ਤੇ ਇਸਲਾਮ ਮਤ ਦੇ ਅੱਲਾ ਤੇ ਖ਼ੁਦਾ। ਇਹ ਅਨੇਕ ਪਰਮੇਸ਼ਵਰ ਦੇ ਨਾਮ ਲੈ ਕੇ ਵੀ ਗੁਰੂ ਜੀ ਇੱਕ ਏਕੰਕਾਰ ਦੇ ਜਾਪ ਸਿਮਰਣ ਦਾ ਉਪਦੇਸ਼ ਦਿੰਦੇ ਹਨ।

*ਹਰਿ ਸਿਮਰਿ ਏਕੰਕਾਰ ਸਾਚਾ ਸਭੁ ਜਗਤੁ ਜਿੰਨਿ ਉਪਾਇਆ।।*

(ਪੰਨਾ 1113, ਗੁਰੂ ਗ੍ਰੰਥ ਸਾਹਿਬ)

ਇਥੇ ਸ਼ਬਦ 'ਹਰਿ', ਇੱਕ ਏਕੰਕਾਰ ਦੇ ਸਿਮਰਨ ਲਈ ਵਰਤਿਆ ਹੈ। ਜਿਥੇ ਵੀ ਗੁਰਬਾਨੀ ਪ੍ਰਭੂ ਦੇ ਸਿਮਰਣ ਦਾ ਉਪਦੇਸ਼ ਦਿੰਦੀ ਹੈ, ਭਾਵੇਂ ਰੱਬ ਦਾ ਕੋਈ ਨਾਮ ਵੀ ਵਰਤਿਆ ਹੋਵੇ, ਉਪਦੇਸ਼ ਉਸ ਇੱਕ ਨੂੰ ਸਿਮਰਨ ਦਾ ਹੀ ਹੈ।

ਹਿੰਦੂ ਧਰਮ ਗ੍ਰੰਥ ਵੇਦ ਮਤ ਦੇ ਸ਼ਬਦ ਓਮ, ਕਾਲ ਪੁਰਖ, ਕਾਲ, ਮਹਾਕਾਲ, ਬ੍ਰਹਮਾ, ਵਿਸ਼ਨੂੰ, ਮਹੇਸ, ਤੇ ਅਨੇਕਾਂ ਦੇਵੀਆਂ ਤੇ ਦੇਵਤਿਆਂ ਦੀ ਪੂਜਾ, ਅਰਾਧਨਾ, ਧਿਆਨ ਦਾ ਉਪਦੇਸ਼ ਦਿੰਦੇ ਹਨ। ਇਹ ਸਭ ਦੂਜੇ ਹਨ। ਇਹਨਾਂ ਦੀ ਅਰਾਧਨਾ ਕੁਦਰਤਿ ਤੋਂ ਪਾਰ, ਇੱਕੋ ਇੱਕ ਹਸਤੀ ਪਾਰਬ੍ਰਹਮ ਜੋਤਿ ਰੂਪ ਦਾ ਗਿਆਨ ਨਹੀਂ ਕਰਾ ਸਕਦੀ।

ਗੁਰਬਾਣੀ ਇਕ ਏਕੰਕਾਰ ਜੋਤ ਰੂਪ ਦੇ ਸੰਸਾਰ ਵਿੱਚ ਗੁਪਤ ਪਸਾਰੇ ਨੂੰ ਬ੍ਰਹਮ ਦਾ ਪਸਾਰਾ ਕਹਿੰਦੀ ਹੈ।

*ਬ੍ਰਹਮੁ ਪਸਰਿਆ ਬ੍ਰਹਮੁ ਲੀਲਾ ਗੋਵਿੰਦ ਗੁਣ ਨਿਧਿ ਜਨਿ ਕਹਿਆ।।*
*ਸਿਮਰਿ ਸੁਆਸੀ ਅੰਤਰਜਾਮੀ ਹਰਿ ਏਕੁ ਨਾਨਕ ਰਵ ਰਹਿਆ।।*

(ਪੰਨਾ 458 ਗੁਰੂ ਗ੍ਰੰਥ ਸਾਹਿਬ)

## ਓਅੰਕਾਰ

ਮੂਲ ਮੰਤ੍ਰ ਦਾ ਦੂਜਾ ਅੱਖਰ ਓਅੰਕਾਰ ਹੈ।

ਓਅੰਕਾਰ ਦੀ ਗੁਰਮਤਿ ਵਿਚਾਰ ਇਸ ਤਰ੍ਹਾਂ ਹੈ :

ਓਅੰਕਾਰ ਅਖਰ ਇਕ ਏਕੰਕਾਰ ਜੋਤਿ ਰੂਪ ਅਕਾਲ ਪੁਰਖ ਵਾਹਿਗੁਰੂ ਦਾ ਸੰਸਾਰ ਰਚਨ ਲਈ ਆਤਮ ਪਸਾਰੇ ਦਾ ਸ਼ਬਦ ਹੈ। ਓਅੰਕਾਰ ਧੁੰਨ ਰੂਪ ਅਨਹਤ, ਅਨਹਦ ਸ਼ਬਦ ਦੀਆਂ ਸੰਗੀਤਕ ਧੁੰਨਾਂ ਸੰਸਾਰ ਵਿੱਚ ਹਰ ਸਮੇਂ ਗੁਪਤ ਚਲ ਰਹੀਆਂ ਹਨ। ਬ੍ਰਹਮ/ਨਾਮ ਜੋਤਿ ਦਾ ਪਸਾਰਾ ਇਹਨਾਂ ਧੁੰਨਾਂ ਰਾਹੀਂ ਹੋ ਰਿਹਾ ਹੈ। ਜਿਤਨੀ ਦੇਰ ਸੰਸਾਰ ਤੇ ਜੀਵ ਹਨ ਓਤਨੀ ਦੇਰ ਇਕ ਏਕੰਕਾਰ, ਓਅੰਕਾਰ ਰੂਪ ਵਿਚ ਸੰਸਾਰ ਵਿਚ ਪਸਰਿਆ ਹੈ।

* *ਏਕ ਸਬਦ ਏਕੋ ਪ੍ਰਭ ਵਰਤੈ ਸਭ ਏਕਸ ਤੇ ਉਤਪਤਿ ਚਲੈ।।*

(ਪੰਨਾ 1334, ਗੁਰੂ ਗ੍ਰੰਥ ਸਾਹਿਬ)





* *ਏਕੋ ਏਕ ਰਵਿਆ ਸਭ ਠਾਈ।।* (ਪੰ: 1080, ਗੁਰੂ ਗ੍ਰੰਥ ਸਾਹਿਬ)

ਓਅੰਕਾਰ ਸਰੂਪ ਰਾਹੀਂ, ਇਕ ਹੀ ਸੰਸਾਰ ਵਿਚ ਰਵਿਆ ਹੈ, ਇੱਕ ਏਕੰਕਾਰ ਦੇ ਆਤਮ ਪਸਾਰੇ ਵਾਲੇ ਸਰੂਪ ਓਅੰਕਾਰ ਤੋਂ ਸੰਸਾਰ ਦੀ ਉਤਪਤੀ ਹੋ ਰਹੀ ਹੈ।

ਏਕਾ ਏਕੰਕਾਰ ਛਤੀਹ ਜੁਗ, ਬੇਅੰਤ ਸਮਾਂ ਸੁੰਨ ਸਮਾਧ ਵਿੱਚ ਰਿਹਾ। ਉਦੋਂ ਸੁੰਨ ਸੀ, ਕੁਝ ਵੀ ਨਹੀਂ ਸੀ, Void ਸੀ। ਸੁੰਨ ਸਮਾਧ ਵਿੱਚ ਕੇਵਲ ਜੋਤਿ ਇਕ ਏਕੰਕਾਰ ਪਾਰਬ੍ਰਹਮ ਸੀ। ਉਦੋਂ ਸਮਾਂ, ਕਾਲ, Time, Space, ਆਕਾਸ ਤੇ ਦਿੱਸਦਾ ਸੰਸਾਰ ਨਹੀਂ ਸੀ।

* *ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥*

ਗੁਬਾਰ = ਸੁੰਨ ਅਵਸਥਾ ਵਿੱਚ ਜੋਤਿ

(ਪੰਨਾ 1061, ਗੁਰੂ ਗ੍ਰੰਥ ਸਾਹਿਬ)

ਗੁਰਬਾਣੀ ਦਾ ਅਖਰ ਓਅੰਕਾਰ ਧੁੰਨ ਹੈ, ਇਕ ਏਕੰਕਾਰ ਜੋਤਿ ਰੂਪ ਅਕਾਲ ਪੁਰਖ ਦਾ ਸੰਸਾਰ ਉਪਜਾਉਣ ਲਈ ਇਕ ਦੇ ਆਤਮ ਪਸਾਰੇ ਵਾਲਾ ਅਖਰ ਹੈ।

* *ਕੀਤਾ ਪਸਾਉ ਏਕੋ ਕਵਾਉ।।*

*(ਕਵਾਉ = ਓਅੰਕਾਰ = ਸ਼ਬਦ ਧੁੰਨ = ਅਨਹਤ ਅਨਹਦ ਸ਼ਬਦ ਦੀਆਂ ਧੁੰਨਾਂ)*

* *"ਓਅੰਕਾਰ ਉਤਪਾਤੀ" ਕੀਆ ਦਿਨਸੁ ਸਭ ਰਾਤੀ।।*

*ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥*

*ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥*

ਕਵਾਵੈ = ਓਅੰਕਾਰ ਸ਼ਬਦ ਧੁੰਨ (ਪੰਨਾ 1003, ਗੁਰੂ ਗ੍ਰੰਥ ਸਾਹਿਬ)

* *ਓਅੰਕਾਰ ਏਕੋ ਰਵ ਰਹਿਆ ਸਭ ਏਕਸ ਮਾਹਿ ਸਮਾਵੈਗੋ।।*
*(ਓਅੰਕਾਰ ਰਾਹੀਂ ਇਕ ਹੀ ਰਵ ਰਿਹਾ ਹੈ)*

(ਪੰਨਾ 1310 ਗੁਰੂ ਗ੍ਰੰਥ ਸਾਹਿਬ)।

* *ਓਅੰਕਾਰ ਏਕ ਧੁਨਿ ਏਕੈ ਏਕੈ ਰਾਗ ਅਲਾਪੈ।।*

(ਪੰਨਾ 885 ਗੁਰੂ ਗ੍ਰੰਥ ਸਾਹਿਬ)।

*(ਓਅੰਕਾਰ ਇਕ ਧੁੰਨ ਹੈ - ਅਨਹਤ, ਅਨਹਦ ਸਬਦ ਦੀਆ ਅਨੇਕਾਂ ਸੰਗੀਤਕ ਧੁੰਨਾ ਜੋ ਸੰਸਾਰ ਵਿਚ ਪਸਰੀਆ ਹਨ। ਇਹ ਸੰਗੀਤਕ ਧੁੰਨਾਂ ਬ੍ਰਹਮ ਦਾ ਹੀ ਪਸਰਿਆ ਰੂਪ ਹਨ।)*

*ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥*

*ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥*

(ਪੰਨਾ 1061, ਗੁਰੂ ਗ੍ਰੰਥ ਸਾਹਿਬ)

*ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥*

*(ਇਸ ਤੁਕ ਵਿੱਚ ਓਅੰ = ਆਰੰਭ ਵਿੱਚ)*

*ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥*

*ਸਗਲ ਭਾਤਿ ਕਰਿ ਕਰਹਿ ਉਪਾਇਓ ॥*

*ਜਨਮ ਮਰਨ ਮਨਮੋਹੁ ਬਧਾਇਓ ॥ ਦੂਹੂ ਭਾਤਿ ਤੇ ਆਪਿ ਨਿਰਾਰਾ ॥*

*ਨਾਨਕ ਅੰਤੁ ਨ ਪਾਰਾਵਾਰਾ ॥* (ਪੰਨਾ 250, ਗੁਰੂ ਗ੍ਰੰਥ ਸਾਹਿਬ)

ਜਦੋਂ ਉਸ ਸੁੰਨ ਸਮਾਧ ਵਿੱਚ ਜੋਤਿ ਰੂਪ ਪਾਰਬ੍ਰਹਮ ਦੀ ਮਰਜ਼ੀ ਹੋਈ ਤਾਂ ਉਸਨੇ ਹੁਕਮ ਨਾਲ ਸ਼ਬਦ ਉਚਾਰਿਆ। ਸ਼ਬਦ ਦੇ ਅਰਥ ਹਨ Sound, ਆਵਾਜ਼, ਇਹ ਸ਼ਬਦ ਓਅੰਕਾਰ ਧੁੰਨ ਹੈ, ਸ਼ਬਦ ਧੁੰਨ ਅਨਹਦ ਹੈ (ਜਿਸਦੀ ਹਦ ਨਹੀਂ। ਇਹ ਅਨਹਤ ਸ਼ਬਦ ਹੈ, ਬਿਨਾ ਵਜਾਇਆਂ ਸੰਗੀਤਕ ਧੁੰਨਾਂ ਹਨ, ਧੁੰਨਾਂ ਜਿਸ ਦੀ ਹਦ ਨਹੀਂ। ਇਹਨਾਂ ਧੁੰਨਾਂ ਵਿੱਚ ਬ੍ਰਹਮ ਜੋਤਿ, ਸੰਸਾਰ ਵਿੱਚ ਹਰ ਥਾਂ ਪਸਰੀ ਹੈ, ਇਹ ਬ੍ਰਹਮ ਦਾ ਸੰਸਾਰ ਵਿੱਚ ਗੁਪਤ ਆਤਮ ਪਸਾਰਾ ਹੈ। ਇਸ ਨੂੰ ਗੁਰਬਾਣੀ ਨਾਮ ਜੋਤਿ ਜਾਂ ਨਾਮ ਵੀ ਕਹਿੰਦੀ ਹੈ। ਸਾਰੇ ਸੰਸਾਰ ਵਿੱਚ ਨਾਮ ਨਿਰਮਲ ਪਰਮ ਚੇਤਨਾ (ਜੋਤਿ) ਦਾ ਪਸਾਰਾ ਹੈ। ਇਹ ਹੀ ਅਨਹਤ ਸ਼ਬਦ ਅਨਹਦ ਸੰਸਾਰ ਵਿੱਚ ਪਸਰਿਆ ਹੈ। ਇਹਨਾਂ ਤੋਂ ਹੀ ਬ੍ਰਹਮ/ਨਾਮ ਦੇ ਹੁਕਮ ਨਾਲ ਸੰਸਾਰ ਦੇ ਜੀਵ ਜੰਤ ਖੰਡ ਬ੍ਰਹਮੰਡ, 'ਕਰਤਾ ਰੂਪ ਇਕੋ ਇੱਕ ਪਾਰਬ੍ਰਹਮ' - ਅਕਾਲ ਪੁਰਖ ਆਪ ਪੈਦਾ ਕਰ ਰਿਹਾ ਹੈ, ਪਾਲ ਰਿਹਾ ਹੈ ਤੇ ਮਾਰ ਰਿਹਾ ਹੈ। ਸਾਰੇ ਸੰਸਾਰ ਦੇ 84 ਲੱਖ ਜੂਨਾਂ ਦਾ ਚੱਕਰ, ਜੀਵ ਹੁਕਮ ਵਿੱਚ ਕਰਮਾਂ ਅਨੁਸਾਰ ਭੋਗ ਰਿਹਾ ਹੈ। ਗੁਰਬਾਣੀ ਸਮਝਾਉਂਦੀ ਹੈ ਕਿ ਸਭ ਸੰਸਾਰ ਦਾ ਜਨਮ ਮਰਨ ਕਰਤੇ ਦੇ ਹੁਕਮ ਵਿੱਚ ਹੈ।

ਅਕਾਲ ਪੁਰਖ ਪਾਰਬ੍ਰਹਮ ਦਾ ਪਸਾਰੇ ਵਾਲਾ ਅੱਖਰ ਓਅੰਕਾਰ ਤੇ ਓਅੰਕਾਰ ਧੁੰਨ, ਕਾਇਨਾਤ ਤੋਂ ਬਾਹਰ ਤੇ ਮਤ ਬੁਧ ਤੋਂ ਬਾਹਰ ਦਾ ਸ਼ਬਦ ਹੈ। ਵੇਦ ਮਤ ਓਅੰਕਾਰ ਧੁੰਨ, ਅਨਹਤ ਅਨਹਦ ਸ਼ਬਦ ਦੀਆਂ ਸੰਸਾਰ ਵਿੱਚ ਗੁਪਤ ਚਲ ਰਹੀਆਂ ਧੁੰਨਾਂ ਨੂੰ ਨਹੀਂ ਜਾਣਦਾ ਪਛਾਣਦਾ।

ਪਾਰਬ੍ਰਹਮ ਨੇ ਆਪਣੇ ਆਤਮ ਪਸਾਰੇ ਵਾਲੇ ਸਰੂਪ ਅਨਹਦ ਦੀਆਂ





ਧੁੰਨਾਂ ਤੋਂ ਹਉਂ ਦਾ ਭਰਮ ਦੇ ਕੇ ਸੰਸਾਰ ਦੀ ਚੇਤਨਾ, ਪ੍ਰਾਣ, ਜਿੰਦ, Life consciousness of the universe ਉਪਾਈ, ਤੇ ਸੰਸਾਰ ਦੇ ਵੱਖ-ਵੱਖ ਜੀਵ ਜੰਤ ਰਚੇ।

ਵੇਦ ਮਤ ਦਾ ਅੱਖਰ ਓਮ, ਤੇ ਓਮਕਾਰ ਸੰਸਾਰ ਦੀ ਹਉਂ ਵਾਲੀ ਮੈਲੀ ਚੇਤਨਾ ਹੈ। ਵੇਦ ਮਤ ਉਸ ਨੂੰ ਬ੍ਰਹਮ ਕਹਿੰਦਾ ਹੈ।

ਗੁਰਬਾਣੀ ਅਨੁਸਾਰ ਓਮ ਬ੍ਰਹਮ ਨਹੀਂ ਤ੍ਰਿਭਵਨ ਸਾਰ ਹੈ, ਮਾਇਆ ਦਾ ਜੰਜਾਲ ਹੈ।

ਓਮ ਤੋਂ ਬ੍ਰਹਮਾ ਬਿਸਨ ਮਹੇਸ ਤਿੰਨ ਦੇਵਤਿਆਂ ਦੀ ਤ੍ਰਿਕੁਟੀ ਦੱਸੀ ਜਾਂਦੀ ਹੈ। ਗੁਰਬਾਣੀ ਅਨੁਸਾਰ ਇਹ ਦੇਵਤੇ, ਜਨਮ ਮਰਨ ਦੇ ਗੇੜ ਵਿੱਚ ਘੁੰਮ ਰਹੇ ਹਨ। ਇਹਨਾਂ ਨੂੰ ਗੁਰਬਾਣੀ ਵਿੱਚ ਦਰਸਾਏ ਇੱਕ ਏਕੰਕਾਰ ਅਕਾਲ ਪੁਰਖ ਪਾਰਬ੍ਰਹਮ ਦੇ ਹੁਕਮ ਦੀ ਪਛਾਣ ਨਹੀਂ। ਇਹਨਾਂ ਦੇਵਤਿਆਂ ਨੂੰ ਇੱਕ ਏਕੰਕਾਰ ਤੇ ਉਸਦੇ ਪਸਰੇ ਸਰੂਪ ਓਅੰਕਾਰ ਧੁੰਨ ਦੀ ਪਛਾਣ ਨਹੀਂ।

## ਜਪ, ਸਿਮਰਣ, ਧਿਆਨ ਤੇ ਸਿਫਤ ਸਾਲਾਹ

ਹਰ ਇੱਕ ਧਰਮ ਦਾ ਸੱਚ ਉਸਦਾ ਇਸ਼ਟ ਹੈ। ਹਰ ਇੱਕ ਧਰਮ ਆਪਣੇ ਇਸ਼ਟ ਦੀ ਭਗਤੀ, ਜਪ, ਸਿਮਰਣ ਦਾ ਉਪਦੇਸ਼ ਦਿੰਦਾ ਹੈ।

ਉਪਨਿਸ਼ਦਾਂ ਵਿੱਚ ਓਮ ਦੀ ਉਪਾਸਨਾ, ਧਯਾਨ, ਜਪ ਸਿਮਰਨ ਤੇ ਇਸ ਦੇ ਆਤਮ ਲਾਭ ਬਹੁਤ ਲਿਖੇ ਹਨ।

ਤ੍ਰੈਤੀਯ ਉਪਨਿਸ਼ਦ ਵਿੱਚ ਤਾਂ ਕਿਹਾ ਹੈ : ਓਮਿਤਿ, ਬ੍ਰਹਮ ਓਮਿਤੀਦੰ ਸਰਵਮ (8-1-ਤੇਤ੍ਰਿਯ)। ਓਂ ਹੀ ਬ੍ਰਹਮ ਹੈ, ਓਂ ਹੀ ਇਹ ਸਾਰਾ ਵਿਸ਼ੂ ਹੈ।

ਪ੍ਰਸਨੋਪਨਿਖਦ ਪ ਪ੍ਰਸਨ ਅਨੁਸਾਰ : ਓਂਕਾਰ ਹੀ ਪਰ ਅਰ ਅਪਰ ਬ੍ਰਹਮ ਹੈ। ਵਿਦਵਾਨ ਇਸ ਓਂਕਾਰ ਦਵਾਰਾ 'ਪਰ' ਅਰ 'ਅਪਰ' ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ।

ਗੁਰਬਾਣੀ ਓਅੰ ਦਾ ਧਿਆਨ ਧਰਨ ਦਾ ਉਪਦੇਸ਼ ਨਹੀਂ ਦਿੰਦੀ। ਗੁਰਬਾਣੀ ਅਨੁਸਾਰ ਵੇਦ ਮਤ ਦਾ ਅਖਰ ਓਮ ਤ੍ਰਿਭਵਨ ਸਾਰ ਹੈ। ਮਾਇਆ ਦਾ ਜੰਜਾਲ ਹੈ। ਓਅੰ ਦੀ ਅਰਾਧਨਾ ਕਰਣ ਵਾਲੇ ਜਨਮ ਮਰਣ ਦੇ ਗੇੜ ਵਿਚ ਰਹਿੰਦੇ ਹਨ।

ਵੇਦਾਂ ਅਨੁਸਾਰ ਓਮ ਸੱਤ ਹੈ, ਗੁਰਬਾਣੀ ਓਮ ਨੂੰ ਕਿਤੇ ਸੱਤ ਨਹੀਂ ਕਹਿੰਦੀ।

ਗੁਰਬਾਨੀ ਉਪਦੇਸ਼ ਦਿੰਦੀ ਹੈ ਕਿ ਓਅੰਕਾਰਿ ਸਬਦ ਰਾਹੀ ਇਕ ਏਕੰਕਾਰ ਨੇ ਸੰਸਾਰ ਵਿਚ ਪਸਾਰਾ ਕੀਤਾ ਹੈ। ਤੂੰ ਸੰਸਾਰ ਵਿੱਚ ਪਸਰੀ ਓਅੰਕਾਰ ਧੁੰਨ ਵਿੱਚ ਧਿਆਨ, ਅੰਤਰਮੁੱਖ ਹੋ ਕੇ ਲਗਾ। ਓਅੰਕਾਰ ਧੁੰਨ, ਇੱਕ ਏਕੰਕਾਰ ਅਕਾਲ ਪੁਰਖ ਦਾ ਸੰਸਾਰ ਵਿੱਚ ਪਸਾਰਾ ਹੈ।

* *ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ।।*

(ਪੰਨਾ 688, ਗੁਰੂ ਗ੍ਰੰਥ ਸਾਹਿਬ)

* ***ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥***

(ਪੰਨਾ 1113, ਗੁਰੂ ਗ੍ਰੰਥ ਸਾਹਿਬ)

* ***ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥***
***ਏਕਸ ਕੇ ਗੁਨ ਗਾਉ ਅਨੰਤ ॥***

(ਪੰਨਾ 289, ਗੁਰੂ ਗ੍ਰੰਥ ਸਾਹਿਬ)

* ***ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ ॥***

(ਪੰਨਾ 296, ਗੁਰੂ ਗ੍ਰੰਥ ਸਾਹਿਬ)

* ***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***

(ਪੰਨਾ 954, ਗੁਰੂ ਗ੍ਰੰਥ ਸਾਹਿਬ)

*(ਹਉ ਦਾ ਭਰਮ (ਬਜਰ ਕਪਾਟ) ਗੁਰਸਬਦਿ ਗੁਰਮੰਤ੍ਰ ਨਾਮ ਦੇ ਜਪ ਸਿਮਰਣ ਕਰਨ ਨਾਲ ਖੁਲ੍ਹਦੇ ਹਨ।)*

* ***ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡਿ ਕੀਨੈ ਮੁਕਤਿ ਨ ਹੋਇ ॥*** (ਪੰਨਾ 839, ਗੁਰੂ ਗ੍ਰੰਥ ਸਾਹਿਬ)

*(ਗੁਰਸਬਦਿ/ਗੁਰਮੰਤ੍ਰ ਨਾਮ ਤੋਂ ਬਿਨਾ ਕਿਸੇ ਨੂੰ ਪਰਮ ਪਦ ਦੀ ਪ੍ਰਾਪਤੀ ਨਹੀਂ ਹੋਈ। ਹੋਰ ਸਭ ਤਰ੍ਹਾਂ ਦਾ ਸਿਮਰਨ/ਅਰਾਧਨਾ, ਪਾਖੰਡ ਭਗਤੀ ਹੈ, ਇਸ ਨਾਲ ਭਰਮ ਨਹੀਂ ਜਾਂਦਾ।)*

* ***ਸਤਿਗੁਰੁ ਮਿਲਿਆ ਜਾਣੀਐ ॥ ਜਿਤੁ ਮਿਲਿਐ ਨਾਮੁ ਵਖਾਣੀਐ ॥***
***ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥***

(ਪੰਨਾ 72, ਗੁਰੂ ਗ੍ਰੰਥ ਸਾਹਿਬ)

*(ਸਤਿਗੁਰੂ ਤੋਂ ਬਿਨਾ ਕਿਸੇ ਨੇ ਪਰਮੇਸਰ ਨੂੰ ਨਹੀਂ ਪਾਇਆ।)*





* ***ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥***

(ਪੰਨਾ 1267, ਗੁਰੂ ਗ੍ਰੰਥ ਸਾਹਿਬ)

*(ਜੋ ਇਕੋ ਇਕ ਹਸਤੀ ਪਾਰਬ੍ਰਹਮ, ਅਕਾਲ ਪੁਰਖ ਨੂੰ ਛੱਡ ਕੇ ਹੋਰ ਕਿਸੇ ਦੀ ਅਰਾਧਨਾ ਕਰਦੇ ਹਨ, ਮੂੜ ਮੁਗਧ ਹਨ। ਹੋਰ ਕੋਈ ਜਪ ਤਪ ਗਆਨ, ਕਿਸੇ ਤਰ੍ਹਾਂ ਦਾ ਧਿਆਨ, ਸਿੰਮ੍ਰਿਤ ਸ਼ਾਸਤਰਾਂ ਦੇ ਵਖਿਆਨ ਜੋਗ ਅਭਿਆਸ ਕਰਨ ਨਾਲ ਹਉਂ ਦਾ ਭਰਮ ਨਹੀਂ ਜਾਂਦਾ ਤੇ ਇੱਕ ਵਿੱਚ ਜੀਵ ਦੀ ਸਮਾਈ ਨਹੀਂ ਹੋ ਸਕਦੀ।)*

***ਆਪੇ ਧਰਤੀ ਸਾਜੀਅਨੁ ਆਪੇ ਆਕਾਸੁ ॥***
***ਵਿਚਿ ਆਪੇ ਜੰਤ ਉਪਾਇਅਨੁ ਮੁਖਿ ਆਪੇ ਦੇਇ ਗਿਰਾਸੁ ॥***
***ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣਤਾਸੁ ॥***
***ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਟੇ ਤਾਸੁ ॥***

(ਪੰਨਾ 302, ਗੁਰੂ ਗ੍ਰੰਥ ਸਾਹਿਬ)

*(ਨਾਮ ਦੇ ਅਰਥ ਹਨ ਗੁਰਮਤਿ ਨਾਮ, ਸ਼ਬਦ ਗੁਰੂ, ਵਾਹਿਗੁਰੂ ਦਾ ਜਪ ਸਿਮਰਨ।)*

## ਸਤਿ

ਮੂਲ ਮੰਤ੍ਰ ਦਾ ਤੀਜਾ ਅੱਖਰ ਸਤਿ ਹੈ, ਸਤਿ ਇਕ ਏਕੰਕਾਰ ਦਾ ਗੁਣ ਹੈ। ਇਕ ਏਕੰਕਾਰ, ਜੋਤਿ ਪਰਮ ਪੁਰਖ, ਸੱਤ ਹੈ, Reality ਹੈ, ਇਕੋ ਇਕ ਅਬਿਨਾਸੀ ਹੋਂਦ ਹਸਤੀ, the only one reality, ਜਿਊਂਦੀ ਜਾਗਦੀ ਪਰਮ ਨਿਰਮਲ ਚੇਤਨਾ।

***ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥***
***ਦੂਸਰ ਆਨ ਨ ਅਵਰੁ ਪੁਰਖੁ ਪਊਰਾਤਨੁ ਸੁਣੀਐ ॥***

(ਪੰਨਾ 1386, ਗੁਰੂ ਗ੍ਰੰਥ ਸਾਹਿਬ)

***ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥***

(ਪੰਨਾ 769, ਗੁਰੂ ਗ੍ਰੰਥ ਸਾਹਿਬ)

## ਨਾਮੁ

ਇਕ ਏਕੰਕਾਰ ਪਾਰਬ੍ਰਹਮ ਜੋਤਿ ਰੂਪ ਨੇ ਨਾਮ ਰਚ ਕੇ ਆਤਮ ਪਸਾਰਾ ਕੀਤਾ।

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*

(ਪੰਨਾ 463, ਗੁਰੂ ਗ੍ਰੰਥ ਸਾਹਿਬ)

ਬ੍ਰਹਮ ਜੋਤਿ ਦੇ ਸੰਸਾਰ ਵਿੱਚ ਗੁਪਤ ਹਰ ਥਾਂ ਪਸਰੇ ਸਰੂਪ ਨੂੰ ਗੁਰਬਾਣੀ ਨਾਉ ਜਾਂ ਨਾਮ ਜੋਤਿ ਕਹਿੰਦੀ ਹੈ।

*ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥*

(ਪੰਨਾ 1334, ਗੁਰੂ ਗ੍ਰੰਥ ਸਾਹਿਬ)

ਨਾਮ ਹਾਜ਼ਰਾ ਹਜ਼ੂਰ, ਜ਼ਾਹਰਾ ਜ਼ਹੂਰ ਸਰਬ ਵਿਆਪਕ ਹਸਤੀ ਹੈ। ਨਾਮ ਪਰਮਾਤਮਾ ਹੈ, ਹਰ ਇਕ ਜੀਵ ਵਿੱਚ ਭਰਪੂਰ ਪਰਮ ਨਿਰਮਲ ਚੇਤਨਾ ਹੈ। ਸਭ ਜੀਵਾਂ ਦੀ ਆਤਮਾ ਹੈ, ਆਤਮਾ ਬ੍ਰਹਮ ਹੈ, ਆਤਮਾ ਜੋਤਿ ਹੈ।

ਪੂਰਾ ਸਤਿਗੁਰੂ ਗੁਰਮੰਤ੍ਰ ਨਾਮ, ਵਾਹਿਗੁਰੂ ਸਿੱਖਾਂ ਨੂੰ ਦਿੰਦਾ ਹੈ। ਇਸ ਨਾਮ ਦੇ ਜਪ ਸਿਮਰਣ ਧਿਆਨ ਨਾਲ ਮਨੁੱਖ ਨੂੰ ਆਪਣੇ ਨਿਜ ਸਰੂਪ Real Self, ਆਤਮਾ, ਪਰਮਾਤਮਾ, ਨਾਮ, ਬ੍ਰਹਮ ਦਾ ਗਿਆਨ ਹੁੰਦਾ ਹੈ।

## ਕਰਤਾ

ਕਰਤਾ - ਸਭ ਕੰਮ ਕਰਨ ਤੇ ਕਾਰਉਨ ਵਾਲੀ ਸ਼ਖ਼ਸੀਅਤ ਇੱਕ ਏਕੰਕਾਰ, ਜੋਤਿ ਰੂਪ ਪਾਰਬ੍ਰਹਮ ਸਭ ਕੁਝ ਹੁਕਮ (Divine Will) ਨਾਲ ਕਰਦਾ ਹੈ ਤੇ ਜੀਵਾਂ ਕੋਲੋਂ ਕਰਾਉਂਦਾ ਹੈ। ਕਰਤਾ ਇਕੋ ਇੱਕ ਸਦੈਵੀ ਹਸਤੀ, ਇੱਕ ਏਕੰਕਾਰ ਦਾ ਗੁਣ ਹੈ।

ਸੰਸਾਰ ਰਚਨਾ ਇੱਕ ਏਕੰਕਾਰ ਨੇ ਕਰਤਾ ਰੂਪ ਵਿੱਚ ਆਪਣੇ ਗੁਣ ਹੁਕਮ ਨਾਲ ਓਅੰਕਾਰ ਧੁੰਨ ਉਚਾਰ ਕੇ ਕੀਤੀ। ਸੰਸਾਰ ਵਿੱਚ ਸਭ ਕੁਝ ਕਰਨ ਕਰਾਉਨ ਵਾਲਾ ਕਰਤਾ ਅਕਾਲ ਪੁਰਖ ਹੁਕਮ ਸੱਤਤਾ ਨਾਲ ਕਰਦਾ ਹੈ।

*ਆਪੇ ਕਰੇ ਕਰਾਏ ਆਪੇ ॥ ਆਪੇ ਥਾਪਿ ਉਥਾਪੇ ਆਪੇ ॥*

*ਤੁਝ ਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ ॥*

(ਪੰਨਾ 125, ਗੁਰੂ ਗ੍ਰੰਥ ਸਾਹਿਬ)





*ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥*

*ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ*

*ਜੇਹਾ ਤੁਧੁ ਧੁਰਿ ਲਿਖਿ ਪਾਇਆ ॥* (ਪੰਨਾ 736, ਗੁਰੂ ਗ੍ਰੰਥ ਸਾਹਿਬ)

ਇੱਕ ਏਕੰਕਾਰ, ਜੋਤਿ ਰੂਪ ਅਕਾਲ ਪੁਰਖ ਨੇ ਅਨਹਤ, ਅਨਹਦ ਸ਼ਬਦ ਦੀਆਂ ਸੰਗੀਤਕ ਧੁੰਨਾਂ ਉਚਾਰ ਕੇ ਆਤਮ ਪਸਾਰਾ ਕੀਤਾ। ਕਰਤੇ ਦੇ ਸੰਗੀਤਕ ਧੁੰਨਾਂ ਰੂਪ ਤੋਂ ਸੰਸਾਰ ਦੀ ਹਉਂ ਵਾਲੀ ਮੈਲੀ ਚੇਤਨਾ ਬਣੀ, ਤੇ ਸੰਸਾਰ ਦੇ ਅਨਗਿਣਤ ਜੀਵ ਜੰਤਾਂ ਦੇ ਵੱਖ-ਵੱਖ ਰੂਪ ਬਣੇ। ਸੰਸਾਰ ਦੇ ਵੱਖ-ਵੱਖ ਰੂਪ ਇੱਕ ਦੇ ਹੀ ਅਨੇਕਾਂ ਮਾਯਾਵੀ ਸਰੂਪ ਹਨ। ਸੰਸਾਰ ਤੇ ਸੰਸਾਰ ਦੇ ਜੀਵ ਨਿਰਗੁਣ ਬ੍ਰਹਮ ਦੇ ਹੀ ਸਰਗੁਣ ਸਰੂਪ ਹਨ। ਹਉਂ ਦੇ ਭਰਮ ਕਾਰਣ ਮਨੁੱਖ ਨੂੰ ਸਰਗੁਣ ਸਰੂਪ ਵਿੱਚ ਕਰਤਾ ਤੇ ਕਰਤੇ ਦੀ ਆਪਣੀ ਖੇਡ ਨਹੀਂ ਦਿੱਸਦੀ। ਬ੍ਰਹਮ ਗਿਆਨੀ ਨੂੰ ਸੰਸਾਰ ਤੇ ਸੰਸਾਰ ਦੇ ਜੀਵਾਂ ਵਿੱਚ ਇੱਕ ਏਕੰਕਾਰ, ਕਰਤਾ ਹੀ ਖੇਡਦਾ ਦਿੱਸਦਾ ਹੈ।

## ਪੁਰਖੁ

ਇਕ ਏਕੰਕਾਰ ਜੋਤਿ ਰੂਪ ਬ੍ਰਹਮ ਨੂੰ ਗੁਰਬਾਣੀ ਪੁਰਖ, ਪਰਮ ਪੁਰਖ, ਆਦਿ ਪੁਰਖ, ਕਰਤਾ ਪੁਰਖ, ਸੁਜਾਨ ਪੁਰਖ ਕਹਿੰਦੀ ਹੈ। ਰੂਪ ਰੇਖ ਰੰਗ ਤੋਂ ਬਿਨਾ ਸੰਪੂਰਨ, ਹੋਂਦ ਵਾਲੀ ਚੇਤੰਨ, ਸੁੰਪੂਰਨ ਸ਼ਖ਼ਸੀਅਤ ਹੈ। ਉਹ ਹੀ ਸੰਸਾਰ ਦਾ ਖਸਮ ਹੈ, ਸਭ ਜੀਵ ਉਸ ਦੇ ਹੁਕਮ ਵਿੱਚ ਕਾਰ ਕਰਨ ਵਾਲੀਆਂ ਨਾਰਾਂ ਹਨ।

*ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥*

(ਪੰਨਾ 591, ਗੁਰੂ ਗ੍ਰੰਥ ਸਾਹਿਬ)

*ਨਾ ਤਿਸੁ ਕਾਮੁ ਨ ਨਾਰੀ ॥* (ਪੰਨਾ 597, ਗੁਰੂ ਗ੍ਰੰਥ ਸਾਹਿਬ)

*ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥*

(ਪੰਨਾ 1128, ਗੁਰੂ ਗ੍ਰੰਥ ਸਾਹਿਬ)

## ਨਿਰਭਉ

ਇਕ ਏਕੰਕਾਰ ਜੋਤਿ ਰੂਪ ਪਾਰਬ੍ਰਹਮ ਨੂੰ ਕਿਸੇ ਦਾ ਭਉ ਨਹੀਂ, ਨਿਰਭਉ ਹੈ। ਸਾਰਾ ਸੰਸਾਰ ਜੀਵ ਜੰਤ, ਦੇਵੀ ਦੇਵਤੇ, ਉਸ ਦੇ ਭੈ ਵਿੱਚ

ਹਨ ਤੇ ਉਸ ਦੇ ਹੁਕਮ ਵਿੱਚ ਕਾਰ ਕਰਦੇ ਹਨ।

*ਏਕੇ ਕਉ ਨਾਹੀ ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥*

(ਪੰਨਾ 796, ਗੁਰੂ ਗ੍ਰੰਥ ਸਾਹਿਬ)

*ਤਿਸ ਤੇ ਊਪਰਿ ਨਾਹੀ ਕੋਇ ॥*

*ਕਉਣੁ ਡਰੈ ਡਰੁ ਕਿਸ ਕਾ ਹੋਇ ॥*

(ਪੰਨਾ 842, ਗੁਰੂ ਗ੍ਰੰਥ ਸਾਹਿਬ)

*ਸਗਲਿਆ ਭਉ ਲਿਖਿਆ ਸਿਰਿ ਲੇਖੁ ॥*

*ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥*

(ਪੰਨਾ 464, ਗੁਰੂ ਗ੍ਰੰਥ ਸਾਹਿਬ)

ਇੰਦ੍ਰ ਆਦਿ ਦੇਵਤੇ ਵੀ ਉਸ ਦੇ ਭੈ ਵਿੱਚ ਤੇ ਹੁਕਮ ਵਿੱਚ ਕਾਰ ਕਰਦੇ ਹਨ।

*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥*

*ਭੈ ਵਿਚਿ ਰਾਜਾ ਧਰਮ ਦੁਆਰੁ ॥*

(ਪੰਨਾ 464, ਗੁਰੂ ਗ੍ਰੰਥ ਸਾਹਿਬ)

## ਨਿਰਵੈਰੁ

ਇਕ ਏਕੰਕਾਰ ਬ੍ਰਹਮ ਜੋਤਿ ਨੂੰ ਕਿਸੇ ਨਾਲ ਵੈਰ ਨਹੀਂ।

*ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥*

(ਪੰਨਾ 592, ਗੁਰੂ ਗ੍ਰੰਥ ਸਾਹਿਬ)

*ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥*

(ਪੰਨਾ 108, ਗੁਰੂ ਗ੍ਰੰਥ ਸਾਹਿਬ)

## ਅਕਾਲ

ਇਕ ਏਕੰਕਾਰ ਬ੍ਰਹਮ ਜੋਤਿ, ਅਕਾਲ ਪੁਰਖ ਹੈ, ਅਬਿਨਾਸੀ ਹੋਂਦ ਹੈ।





ਸਮਾਂ (Time) ਅਕਾਲ ਪੁਰਖ ਦੇ ਹੁਕਮ ਨਾਲ, ਸੰਸਾਰ ਦੀ ਉਤਪਤੀ ਸਮੇਂ ਸ਼ੁਰੂ ਹੋਇਆ। ਸਮਾਂ ਉਤਨੀ ਦੇਰ ਚਲੇਗਾ, ਜਿਤਨੀ ਦੇਰ ਸੰਸਾਰ ਹੈ। ਜਦੋਂ ਆਦਿ ਪੁਰਖ ਦੇ ਹੁਕਮ ਵਿੱਚ ਇਕ ਕਾਲ ਚੱਕਰ ਸਮਾਪਤ ਹੋਵੇਗਾ, ਤਾਂ ਸਮਾਂ ਸਮਾਪਤ ਹੋਵੇਗਾ। ਉਹ ਕਾਲ ਦਾ ਕਾਲ ਹੈ। ਉਹ ਆਪ ਸਦ ਜੀਵਤ ਹੈ।

*ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥*

(ਪੰਨਾ 276, ਗੁਰੂ ਗ੍ਰੰਥ ਸਾਹਿਬ)

*(ਸੰਸਾਰ ਰਚਨਾ ਉਸ ਦੇ ਹੁਕਮ ਨਾਲ ਕਈ ਵਾਰ ਹੋਈ, ਜਦੋਂ ਜਦੋਂ ਉਸਨੇ ਆਤਮ ਪਸਾਰਾ ਕੀਤਾ।)*

ਓਅੰਕਾਰ ਧੁੰਨ ਸਦਾ ਸੱਤ ਨਹੀਂ, ਇੱਕ ਕਾਲ ਚੱਕਰ ਤੋਂ ਬਾਦ ਇੱਕ ਏਕੇ ਵਿੱਚ ਸਮਾ ਜਾਂਦੀ ਹੈ।

## ਮੂਰਤਿ

ਮੂਰਤਿ ਦੇ ਅਰਥ ਹਨ ਵਜੂਦ, ਸਰੂਪ, ਹੋਂਦ, ਹਸਤੀ।

*ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥*

(ਪੰਨਾ 609, ਗੁਰੂ ਗ੍ਰੰਥ ਸਾਹਿਬ)

*(ਸਦ ਜੀਵਤ ਹਸਤੀ ਹੋਂਦ)*

## ਅਜੂਨੀ

ਇਕ ਏਕੰਕਾਰ ਜੋਤਿ ਰੂਪ ਪਾਰਬ੍ਰਹਮ, ਜੂਨਾਂ ਵਿੱਚ ਨਹੀਂ ਆਉਂਦਾ, ਜਨਮ ਮਰਨ ਵਿੱਚ ਨਹੀਂ।

*ਜਨਮ ਮਰਣ ਤੇ ਰਹਤ ਨਾਰਾਇਣ ॥*

(ਪੰਨਾ 1136, ਗੁਰੂ ਗ੍ਰੰਥ ਸਾਹਿਬ)

ਸੰਸਾਰ ਦੇ ਸਭ ਜੀਵ ਦੇਵੀ, ਦੇਵਤੇ, ਅਵਤਾਰ ਜਨਮ ਮਰਨ ਵਿੱਚ ਹਨ।

## ਸੈਭੰ

ਇਕ ਏਕੰਕਾਰ ਜੋਤਿ ਰੂਪ ਪਾਰਬ੍ਰਹਮ ਨੇ ਆਪਣੇ ਆਪ ਨੂੰ ਆਪ

ਉਪਾਇਆ। ***ਏਕਮ ਏਕੈ ਆਪੁ ਉਪਾਇਆ ॥*** (ਪੰਨਾ 113)

ਓਅੰਕਾਰ ਨੂੰ ਅਕਾਲ ਪੁਰਖ ਨੇ ਇਕ ਕਵਾਉ ਨਾਲ ਉਪਾਇਆ। ਕਾਲ ਮਹਾਕਾਲ ਸਭ ਦੇਵੀ ਦੇਵਤਿਆਂ ਨੂੰ ਉਪਾਉਨ ਵਾਲਾ ਉਹ ਇਕ ਏਕੰਕਾਰ ਹੈ। ਸਭ ਦੇਵੀ ਦੇਵਤੇ ਜਨਮ ਮਰਨ ਵਿੱਚ ਹਨ ਓਹਨਾਂ ਨੂੰ ਅਕਾਲ ਪੁਰਖ ਦਾ ਗਿਆਨ ਨਹੀ।

## ਗੁਰ ਪ੍ਰਸਾਦਿ

ਇੱਕ ਏਕੰਕਾਰ ਜੋਤਿ ਰੂਪ ਅਕਾਲ ਪੁਰਖ ਪਾਰਬ੍ਰਹਮ, ਗੁਰੂ ਰੂਪ ਹੈ, ਗਿਆਨ ਦਾਤਾ ਹੈ, ਤੇ ਕ੍ਰਿਪਾ ਸਾਗਰ ਹੈ।

ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ।।

(ਪੰਨਾ 1112, ਗੁਰੂ ਗ੍ਰੰਥ ਸਾਹਿਬ)

ਗੁਰੂ ਦੇ ਅਰਥ ਹਨ, ਇਕੋ ਇਕ ਸਦੈਵੀ ਹਸਤੀ ਪਾਰਬ੍ਰਹਮ ਦੇ ਨਿਰਗੁਣ ਤੇ ਸਰਗੁਣ ਸਰੂਪ ਨੂੰ ਜਾਨਣ ਵਾਲਾ ਤੇ ਸਿੱਖ ਸੇਵਕ ਨੂੰ ਕਿਰਪਾ ਦੁਆਰਾ ਨਾਮ (ਗੁਰਮੰਤ੍ਰ ਦੇ ਕੇ) ਬ੍ਰਹਮ ਦਾ ਗਿਆਨ ਦੇਣ ਵਾਲਾ। ਪ੍ਰਸਾਦਿ ਦੇ ਅਰਥ ਹਨ ਕਿਰਪਾ।

*ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥*

(ਪੰਨਾ 130, ਗੁਰੂ ਗ੍ਰੰਥ ਸਾਹਿਬ)

*ਤੁਧੁ ਬਿਨੁ ਅਵਰੁ ਨ ਕੋਈ ਜਾਚਾ ਗੁਰ ਪਰਸਾਦੀ ਤੂੰ ਪਾਵਣਿਆ ॥*

(ਪੰਨਾ 130, ਗੁਰੂ ਗ੍ਰੰਥ ਸਾਹਿਬ)

*ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥*

*ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥*

(ਪੰਨਾ 650, ਗੁਰੂ ਗ੍ਰੰਥ ਸਾਹਿਬ)



# ਭਾਗ ੬

## ਭੂਮਿਕਾ

ਗੁਰਬਾਣੀ ਨੇ ਵੇਦ ਬਾਣੀ ਨੂੰ ਵਾਪਾਰੀ ਕਿਹਾ ਹੈ। ਗੁਰੂ ਜੀ ਨੇ ਕਿਹਾ ਹੈ ਚਾਰੇ ਵੇਦ ਤ੍ਰੈਗੁਣੀ ਸੰਸਾਰ ਦੀ ਵਿਚਾਰ ਦਸਦੇ ਹਨ। ਤੁਰੀਆ ਅਵਸਰਾ ਜਾਂ ਏਕਾ ਏਕਾਂਕਾਰ ਦੀ ਸੂਝ-ਬੂਝ ਗਿਆਨ, ਪੂਰੇ ਸਤਿਗੁਰੂ ਤੋ ਪ੍ਰਪਾਤ ਹੁੰਦੀ ਹੈ।

*ਚਾਰੇ ਬੇਦ ਕਥਹਿ ਆਕਾਰ।।*

*ਤੀਨ ਅਵਸਥਾ ਕਹੇ ਵਖਿਆਨੁ।।*

*ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨ।।*

(ਪੰਨਾ 154 ਗੁਰੂ ਗ੍ਰੰਥ ਸਹਿਬ)

ਸਿਮ੍ਰਿਤ ਸਾਸਤਰਾ ਦੇ ਉਪਦੇਸ਼ ਬਾਰੇ ਗੁਰਬਾਣੀ ਸਮਝਾਉਂਦੀ ਹੈਂ ਸਿਮ੍ਰਿਤ ਸਾਸਤਰਾਂ ਨੂੰ ਤੱਤ, ਏਕਾ ਏਕੰਕਾਰ ਪਾਰ ਬ੍ਰਹਮ ਜੋਤਿਰੂਪ ਅਕਾਲ ਪੁਰਖ ਦੀ ਪਛਾਣ ਨਹੀਂ।

* *ਸਿਮਿ੍ਤਿ ਸਾਸਤ ਅੰਤ ਨ ਜਾਣੈ।।*
*ਮੂਰਖੁ ਅੰਧਾ ਤਤੁ ਨ ਪਛਾਣੈ।।*
*ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ।।*
(ਪੰਨਾ 1061 ਗੁਰੂ ਗ੍ਰੰਥ ਸਾਹਿਬ)

* *ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ।।*
*ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ।।*
(ਪੰਨਾ 920 ਗੁਰੂ ਗ੍ਰੰਥ ਸਾਹਿਬ)

## ਵੇਦ ਬਾਣੀ ਬਾਰੇ ਗੁਰਬਾਣੀ ਕੀ ਉਪਦੇਸ਼ ਦਿੰਦੀ ਹੈ

ਗੁਰੂ ਨਾਨਕ ਸਾਹਿਬ ਤੇ ਪਹਿਲੇ ਚਾਰ ਸਿੱਖ ਗੁਰੂ, ਹਿੰਦੂ ਘਰਾਨਿਆਂ ਵਿੱਚ ਪੇਦਾ ਹੋਏ। ਹਿੰਦੂ ਧਰਮ ਦਾ ਮੂਲ ਵੇਦ ਸਾਸਤ੍ਰ ਸਿਮ੍ਰਿਤੀਆਂ ਹਨ। ਗੁਰੂ ਨਾਨਕ ਸਾਹਿਬ ਹਿੰਦੂਆਂ ਦੇ ਤੀਰਥਾਂ, ਕੁਰੁਕਸ਼ੇਤਰ, ਹਰਿਦੁਆਰ, ਬਨਾਰਸ,

ਜਗੰਨਾਥਪੁਰੀ ਆਦਿ ਤੇ ਗਏ ਤੇ ਬ੍ਰਾਹਮਣਾਂ ਨੂੰ ਉਪਦੇਸ਼ ਦਿੱਤਾ ਤੇ ਬਾਣੀ ਉਚਾਰੀ। ਗੁਰੂ ਜੀ ਪਰਬਤਾਂ ਉੱਤੇ ਜੋਗੀਆਂ ਸਿੱਧਾਂ ਦੇ ਟਿਕਾਣੇ ਤੇ ਗਏ ਤੇ ਉਥੇ ਵੀ ਉਪਦੇਸ਼ ਦਿੱਤਾ। ਬ੍ਰਾਹਮਣ ਤੇ ਜੋਗੀ / ਸਿੱਧ, ਵੇਦ ਸ਼ਾਸਤ੍ਰ ਸਿਮ੍ਰਿਤੀਆਂ ਦੀ ਸਿੱਖਿਆ ਮੁਤਾਬਕ ਭਗਤੀ ਕਰਦੇ ਸਨ।

ਸਿਮ੍ਰਿਤੀਆਂ ਤੇ ਸ਼ਾਸਤਰਾਂ ਦਾ ਮੂਲ ਵੇਦ ਬਾਣੀ ਹੈ। ਸਿਮ੍ਰਿਤੀਆਂ ਤਕਰੀਬਨ 31 ਹਨ, ਜਿਨ੍ਹਾਂ ਨੂੰ ਲਿੱਖਣ ਵਾਲੇ ਵੱਡੇ-ਵੱਡੇ ਰਿਸ਼ੀ ਮੁਨੀ ਹੋਏ ਹਨ, ਜਿਸ ਤਰ੍ਹਾਂ ਮਨੂ ਸਿਮ੍ਰਿਤੀ, ਵਸ਼ਿਸ਼ਟ ਸਿਮ੍ਰਿਤੀ ਆਦਿ। ਸਿਮ੍ਰਿਤੀਆਂ ਦੇ ਉਪਦੇਸ਼ਾਂ ਵਿੱਚ ਬਹੁਤ ਭਿੰਨ ਭੇਦ ਹਨ। ਛੇ ਪ੍ਰਸਿੱਧ ਸ਼ਾਸਤਰ ਹਨ ਜਿੰਨ੍ਹਾਂ ਵਿੱਚ ਦਰਸ਼ਨ ਵਿਦਿਆ/ਫਿਲੋਸਫੀ ਹੈ। ਇਹਨਾਂ ਆਪਸ ਵਿੱਚ ਵਿਰੋਧੀ ਵਿਚਾਰਾਂ ਵਾਲੇ ਖਟ ਸ਼ਾਸਤਰਾਂ ਨੂੰ ਗੁਰਬਾਣੀ ਨੇ ਪਾਖੰਡ ਕਿਹਾ। ਇਹ ਸਭ ਸੰਸਾਰ ਦੀਆਂ ਪ੍ਰਸਿੱਧ ਪੁਸਤਕਾਂ ਹਨ।

ਗੁਰੂ ਨਾਨਕ ਦਾ ਮੱਤ ਇਹਨਾਂ ਨਾਲੋਂ ਵੱਖਰਾ ਸੀ, ਤੇ ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਇਹਨਾਂ ਨੂੰ ਭੁੱਲੇ ਮਾਰਗ ਦੱਸਿਆ ਹੈ। ਗੁਰੂ ਨਾਨਕ ਸਾਹਿਬ ਨੇ ਨਾਮ ਧਰਮ ਦਾ ਉਪਦੇਸ਼ ਦਿੱਤਾ, ਤੇ ਇਕ ਏਕੰਕਾਰ, ਨਿਰਗੁਣ ਬ੍ਰਹਮ ਦੀ ਭਗਤੀ ਦਾ ਉਪਦੇਸ਼ ਦਿੱਤਾ, ਜਿਸ ਮਾਰਗ ਤੇ ਚੱਲ ਕੇ ਜਨਮ ਮਰਨ ਦਾ ਗੇੜ ਕੱਟਿਆ ਜਾਂਦਾ ਹੈ, ਤੇ ਜੀਵ ਸਦ ਸੁਖੀ, ਤੇ ਸਦ ਜੀਵਤ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਕੋ ਇੱਕ ਹੋਂਦ ਪਾਰਬ੍ਰਹਮ ਦੇ ਸੰਸਾਰ ਵਿੱਚ ਪਸਰੇ ਸਰੂਪ ਨਾਮ ਦਾ ਜਾਪ ਸਿਮਰਣ ਕਰਨ ਦਾ ਉਪਦੇਸ਼ ਦਿੱਤਾ ਹੈ।

ਹਿੰਦੂ ਧਰਮ ਸ਼ਾਸਤਰਾਂ, ਵੇਦ ਬਾਣੀ, ਸਿਮ੍ਰਿਤੀਆਂ, ਸ਼ਾਸਤਰਾਂ ਦਾ ਮੂਲ ਬ੍ਰਹਮਾ ਹੈ। ਇਨ੍ਹਾਂ ਸ਼ਾਸਤਰਾਂ ਅਨੁਸਾਰ ਬ੍ਰਹਮਾ ਸੰਸਾਰ ਨੂੰ ਪੈਦਾ ਕਰਨ ਵਾਲਾ ਦੇਵਤਾ ਹੈ, ਵਿਸ਼ਨੂੰ ਸੰਸਾਰ ਨੂੰ ਪਾਲਣ ਵਾਲਾ ਦੇਵਤਾ ਹੈ ਤੇ ਸ਼ਿਵਜੀ ਸੰਸਾਰ ਦਾ ਸੰਘਾਰ ਕਰਨ ਵਾਲਾ ਦੇਵਤਾ ਹੈ। ਇਹ ਸਮਝਦੇ ਹਨ ਕਿ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਦੀ ਤ੍ਰਿਕੁਟੀ ਰਲ ਕੇ ਬ੍ਰਹਮ ਬਣਦੀ ਹੈ।

ਹਿੰਦੂ ਧਰਮ ਦੇਵਤਿਆਂ ਤੇ ਦੇਵਤਿਆਂ ਦੇ ਅਵਤਾਰ ਰਾਮ ਚੰਦ੍ਰ, ਕ੍ਰਿਸ਼ਨ ਜੀ ਆਦਿ ਦੀ ਪੂਜਾ/ਅਰਾਧਨਾ/ਧਿਆਨ ਦਾ ਉਪਦੇਸ਼ ਦਿੰਦਾ ਹੈ। ਹਿੰਦੂ ਧਰਮ ਦੇਵਤਿਆਂ ਦੇ ਅਵਤਾਰਾਂ ਦੀਆਂ ਮੂਰਤੀਆਂ ਦੀ ਪੂਜਾ ਦਾ ਵੀ ਉਪਦੇਸ਼ ਦਿੰਦਾ ਹੈ। ਹਿੰਦੂ ਰਾਮ ਚੰਦ੍ਰ, ਕ੍ਰਿਸ਼ਨ ਜੀ ਨੂੰ ਭਗਵਾਨ ਕਹਿੰਦੇ ਹਨ। ਗੁਰਬਾਣੀ ਅਨੁਸਾਰ ਇਹ ਸਭ ਦੂਜੇ ਹਨ, ਭਗਵਾਨ ਕੇਵਲ ਇਕ ਪਾਰਬ੍ਰਹਮ ਹੈ।

ਗੁਰਬਾਣੀ ਅਨੁਸਾਰ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਤੇ ਇਹਨਾਂ ਦੇ ਅਵਤਾਰ ਦੂਜੇ ਹਨ, ਇਹਨਾਂ ਦੀ ਅਰਾਧਨਾ ਨਾਲ ਤ੍ਰੈ ਗੁਣੀ ਸੰਸਾਰਕ ਸ਼ਕਤੀਆਂ ਦੀ ਅਰਾਧਨਾ ਹੁੰਦੀ ਹੈ। ਇਸ ਤਰ੍ਹਾਂ ਏਕੰਕਾਰ ਨਿਰਗੁਣ ਬ੍ਰਹਮ ਦੀ ਪਛਾਣ ਨਹੀਂ ਹੋ





ਸਕਦੀ, ਚੌਥੇ ਪਦ ਦੀ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ ਤੇ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਨਹੀਂ ਹੋ ਸਕਦਾ, ਜਮਾਂ ਦੇ ਵੱਸ ਪੈਣਾ ਪੈਂਦਾ ਹੈ।

ਹੁਣ ਅਸੀਂ ਵੇਦਾਂ ਦੀ ਵਿਚਾਰ ਗੁਰਬਾਣੀ ਤੋਂ ਸਮਝਨ ਦਾ ਯਤਨ ਕਰਦੇ ਹਾਂ। ਏਕੰਕਾਰ ਨਿਰਗੁਣ ਬ੍ਰਹਮ ਨੇ ਚਾਰੇ ਵੇਦ ਬ੍ਰਹਮਾ ਨੂੰ ਦਿੱਤੇ। ਬ੍ਰਹਮਾ ਵੇਦ ਪੜ੍ਹ ਕੇ ਵਿਚਾਰ ਕਰਦਾ ਰਿਹਾ ਪਰ ਇੱਕੋ-ਇੱਕ ਸਦੈਵੀ ਹਸਤੀ ਜੋਤਿ ਰੂਪ ਪਾਰਬ੍ਰਹਮ ਦੇ ਹੁਕਮ ਨੂੰ ਬੁੱਝ ਨਹੀਂ ਸਕਿਆ, ਇਸ ਲਈ ਨਰਕਾਂ ਸੁਰਗਾਂ ਵਿੱਚ ਘੁੰਮਦਾ ਹੈ। ਇਸਨੂੰ ਬ੍ਰਹਮ ਦੀ ਪਛਾਣ ਨਹੀਂ ਹੋਈ।

*ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥*

*ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥*

(ਪੰਨਾ 423, ਗੁਰੂ ਗ੍ਰੰਥ ਸਾਹਿਬ)

ਵੇਦਾਂ ਨੇ ਪਾਪ ਪੁੰਨ ਦੀ ਵਿਚਾਰ ਤੇ ਬ੍ਰਹਮਾ ਵਿਸ਼ਨੂੰ ਮਹੇਸ਼ ਆਦਿ ਦੀਆਂ ਕਥਾ ਕਹਾਣੀਆਂ ਕਹੀਆਂ, ਤੇ ਉੱਚੀਆਂ ਨੀਵੀਆਂ ਜਾਤੀਆਂ ਦੀ ਵਿਚਾਰ ਵੀ ਇਥੋਂ ਹੀ ਆਈ।

*ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥*

*ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥*

*ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥*

(ਪੰਨਾ 1243, ਗੁਰੂ ਗ੍ਰੰਥ ਸਾਹਿਬ)

ਪੁੰਨ ਪਾਪ ਨਰਕ ਸੁਰਗ ਦਾ ਬੀਜ ਹਨ, ਪੁੰਨ ਪਾਪ ਕਰਮਾਂ ਨਾਲ ਜੀਵ ਲੇਖੇ ਵਿੱਚ ਹੀ ਰਹਿੰਦਾ ਹੈ, ਜਿੰਨੀ ਦੇਰ ਲੇਖੇ ਤੋਂ ਨਹੀਂ ਛੁੱਟਦਾ, ਉਤਨੀ ਦੇਰ ਜਨਮ ਮਰਨ ਹੈ। ਇਸ ਤਰ੍ਹਾਂ ਤੱਤ ਬ੍ਰਹਮ ਦਾ ਗਿਆਨ ਨਹੀਂ ਹੋ ਸਕਦਾ। ਪੁੰਨ ਪਾਪ ਮਾਇਆ ਦਾ ਵਪਾਰ ਹੈ।

*ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥*

*ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥*

(ਪੰਨਾ 1243, ਗੁਰੂ ਗ੍ਰੰਥ ਸਾਹਿਬ)

ਬ੍ਰਹਮਾ ਨੇ ਵੇਦ ਬਾਣੀ ਪਰਗਾਸੀ, ਇਹ ਮਾਇਆ ਦੇ ਮੋਹ ਦਾ ਖਿਲਾਰਾ ਹੈ। ਬੇਦ ਮਾਇਆ ਦਾ ਵਾਪਾਰੀ ਹੈ, ਗਿਆਨ ਰਾਸਿ ਗੁਰਮੰਤ੍ਰ ਨਾਮ ਸਤਿਗੁਰ ਤੋਂ ਪ੍ਰਾਪਤ ਹੁੰਦਾ ਹੈ, ਜਿਸ ਨਾਲ ਬ੍ਰਹਮ ਗਿਆਨ ਹੁੰਦਾ ਹੈ ਤੇ ਮਨੁੱਖ ਇਸੇ

ਜੀਵਨ ਵਿੱਚ ਮੁਕਤ ਹੋ ਜਾਂਦਾ ਹੈ।

*ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥*

*ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥*

(ਪੰਨਾ 1244, ਗੁਰੂ ਗ੍ਰੰਥ ਸਾਹਿਬ)

ਸਿੰਮ੍ਰਿਤ ਸ਼ਾਸਤਰ ਭਰਮ ਵਿੱਚ ਹਨ। ਇਹਨਾਂ ਨੂੰ ਪਰਮ ਤੱਤ, ਏਕੰਕਾਰ ਬ੍ਰਹਮ ਜੋਤਿ ਦੀ ਪਛਾਣ ਨਹੀਂ ਹੋ ਸਕਦੀ, ਸਿੰਮ੍ਰਿਤ ਸ਼ਾਸਤਰ ਪੁੰਨ ਪਾਪ ਦੀ ਵਿਚਾਰ ਦਿੰਦੇ ਹਨ।

*ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥ ਮੂਰਖੁ ਅੰਧਾ ਤਤੁ ਨ ਪਛਾਣੈ॥*

*ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥*

(ਪੰਨਾ 1061, ਗੁਰੂ ਗ੍ਰੰਥ ਸਾਹਿਬ)

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥*

*ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥*

(ਪੰਨਾ 920, ਗੁਰੂ ਗ੍ਰੰਥ ਸਾਹਿਬ)

ਚਾਰੇ ਵੇਦ ਆਕਾਰ ਵਾਲੇ ਸ੍ਰਿਸ਼ਟੀ, ਤ੍ਰੈ ਗੁਣੀ ਮਾਇਆ ਦਾ ਵਖਿਆਨ ਕਰਦੇ ਹਨ। ਚਉਥੇ ਪਦ ਦੀ ਅਵਸਥਾ ਤੁਰੀਆ ਅਵਸਥਾ ਸਤਿਗੁਰੂ ਤੋਂ ਜਾਣੀ ਜਾ ਸਕਦੀ ਹੈ।

*ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥*

*ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥*

(ਪੰਨਾ 154, ਗੁਰੂ ਗ੍ਰੰਥ ਸਾਹਿਬ)

*(ਤੁਰੀਆ ਅਵਸਥਾ ਵਿੱਚ ਆਤਮਾ ਦੇ ਦਰਸ਼ਨ, ਤੇ ਏਕੋ ਪਾਰਬ੍ਰਹਮ ਦਾ ਗਿਆਨ ਹੋ ਜਾਂਦਾ ਹੈ।)*

ਗੁਰਬਾਨੀ ਪੂਰੇ ਸਤਿਗੁਰੂ ਤੋਂ ਵਿਧੀ ਪੂਰਵਕ, ਗੁਰਮੰਤ੍ਰ ਨਾਮ/ਗੁਰਸ਼ਬਦ, ਪ੍ਰਾਪਤ ਕਰਕੇ ਨਾਮ ਸਿਮਰਨ ਦਾ ਉਪਦੇਸ਼ ਦਿੰਦੀ ਹੈ, ਜਿਸ ਨਾਲ ਏਕੰਕਾਰ ਨਿਰਗੁਣ ਬ੍ਰਹਮ ਦੀ ਅਰਾਧਨਾ ਹੁੰਦੀ ਹੈ। ਇਹ ਗੁਰਮਤਿ ਨਾਮ ਹੈ। ਹਿੰਦੂ ਗ੍ਰੰਥ ਵੀ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਹਨ, ਪਰ ਉਹ ਗੁਰਮਤਿ ਨਾਮ ਨਹੀਂ, ਦੂਜੇ ਦਾ ਸਿਮਰਨ ਹੈ। ਬ੍ਰਾਹਮਣੀ ਮਤ ਵਾਲਿਆਂ ਨੇ ਲੋਕਾਂ ਨੂੰ ਉੱਚੀਆਂ





ਨੀਵੀਆਂ ਜਾਤੀਆਂ ਵਿੱਚ ਵੰਡ ਲਿਆ, ਤੇ ਬ੍ਰਾਹਮਣ ਨੂੰ ਜਗਤ ਦਾ ਗੁਰੂ ਬਣਾਇਆ। ਬ੍ਰਾਹਮਣ ਵੇਦਾਂ ਸ਼ਾਸਤਰਾਂ ਦੀ ਵਿਚਾਰ ਕਰਦਾ ਹੈ, ਪਾਪ ਪੁੰਨ ਦੀ ਵਿਚਾਰ ਕਰਦਾ ਹੈ, ਵੇਦਾਂ ਦੇ ਪਾਠ ਹੁੰਦੇ ਹਨ। ਓਮ ਨੂੰ ਸੱਤ ਕਹਿ ਕੇ ਉਸ ਦਾ ਧਿਆਨ ਧਰਿਆ ਜਾਂਦਾ ਹੈ, ਰਾਮ ਚੰਦ੍ਰ, ਕ੍ਰਿਸ਼ਨ, ਸ਼ਿਵ ਜੀ, ਦੁਰਗਾ ਭਵਾਨੀ ਤੇ ਇਹਨਾਂ ਦੀਆਂ ਮੂਰਤੀਆਂ ਦੀ ਪੂਜਾ ਕਰਾਉਂਦਾ ਹੈ। ਇਹ ਸਮਝਦੇ ਹਨ ਇਸ ਤਰ੍ਹਾਂ ਬ੍ਰਹਮ ਦੀ ਪੂਜਾ ਅਰਾਧਨਾ ਹੁੰਦੀ ਹੈ। ਗੁਰਬਾਨੀ ਕਹਿੰਦੀ ਹੈ, ਇਹ ਦੂਜੇ ਦੀ ਅਰਾਧਨਾ ਹੈ, ਇਸ ਤਰ੍ਹਾਂ ਇਕ ਏਕੰਕਾਰ ਦਾ ਗਿਆਨ ਨਹੀਂ ਹੋ ਸਕਦਾ।

ਗੁਰਬਾਣੀ ਦਾ ਉਪਦੇਸ਼ ਹੈ ਕਿ ਪਰਮੇਸਰ ਦਾ ਨਾਮ ਸਭ ਸ੍ਰਿਸ਼ਟੀ ਲੈਂਦੀ ਹੈ। ਪਰ ਕੇਵਲ ਪੂਰੇ ਸਤਿਗੁਰੂ ਤੋਂ ਨਾਮ ਲੈ ਕੇ, ਗੁਰਮੰਤ੍ਰ ਨਾਮ/ਗੁਰਸ਼ਬਦ ਦੇ ਸਿਮਰਨ ਨਾਲ, ਤੱਤ ਬ੍ਰਹਮ ਦਾ ਗਿਆਨ ਹੁੰਦਾ ਹੈ, ਇਸ ਤਰ੍ਹਾਂ ਨਾਮ ਜਪਣ ਵਾਲੇ ਗੁਰਮੁਖ ਹਨ, ਹੋਰ ਸਭ ਮਨਮੁਖ ਹਨ।

*ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥*

*ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥*

(ਪੰਨਾ 423, ਗੁਰੂ ਗ੍ਰੰਥ ਸਾਹਿਬ)

ਅਗਿਆਨੀ ਗੁਰੂ ਤੋਂ ਨਾਮ ਲੈ ਕੇ ਜਪਣ ਨਾਲ ਹਉਂ ਦਾ ਭਰਮ ਨਹੀਂ ਜਾਂਦਾ ਤੇ ਪਾਰਬ੍ਰਹਮ ਬੁਝਿਆ ਨਹੀਂ ਜਾਂਦਾ।

*ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥*

(ਪੰਨਾ 232, ਗੁਰੂ ਗ੍ਰੰਥ ਸਾਹਿਬ)

*('ਅਗਿਆਨੀ ਗੁਰੂ' ਤੋਂ ਨਾਮ ਲੈ ਕੇ ਸਿਮਰਨ ਨਾਲ ਦੂਜੇ ਦੀ ਭਗਤੀ ਹੁੰਦੀ ਹੈ, ਇਹ ਮੂਲ, ਤੱਤ ਬ੍ਰਹਮ, ਏਕੰਕਾਰ ਨੂੰ ਛੱਡ ਕੇ ਦੂਜੇ ਨਾਲ ਲਗੇ ਹਨ।)*

ਕਬੀਰ ਜੀ ਕਹਿੰਦੇ ਹਨ -

*ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥*

*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥*

(ਪੰਨਾ 1369, ਗੁਰੂ ਗ੍ਰੰਥ ਸਾਹਿਬ)

*ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥*

*ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥*

(ਪੰਨਾ 1377, ਗੁਰੂ ਗ੍ਰੰਥ ਸਾਹਿਬ)

*ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥*

*(ਹਿੰਦੂ ਬ੍ਰਹਮ ਤੋਂ ਭੁਲੇ ਖੋਟੇ ਰਸਤੇ ਜਾ ਰਹੇ ਹਨ।)*

*ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ ॥*

*ਪਾਥਰੁ ਲੈ ਪੂਜਹਿ ਮੁਗਧ ਗਵਾਰ ॥*

*(ਇਹ ਮੁਗਧ ਗਵਾਰ ਪੱਥਰ ਦੀ ਮੂਰਤੀ ਦੀ ਪੂਜਾ ਕਰਦੇ ਹਨ।)*

*ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥*

(ਪੰਨਾ 556, ਗੁਰੂ ਗ੍ਰੰਥ ਸਾਹਿਬ)

*(ਪੱਥਰ ਆਪ ਡੁੱਬਦੇ ਹਨ, ਤੁਹਾਨੂੰ ਕਿਵੇਂ ਸੰਸਾਰ ਸਾਗਰ ਤੋਂ ਪਾਰ ਕਰਾਉਨਗੇ।)*

*ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥*

*ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥*

*ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥*

(ਪੰਨਾ 230, ਗੁਰੂ ਗ੍ਰੰਥ ਸਾਹਿਬ)

ਸਤਿਗੁਰੂ ਜੀ ਕਹਿੰਦੇ ਹਨ ਮੈਂ ਨਹੀਂ ਜਾਣਦਾ ਪ੍ਰਭੂ ਨੂੰ ਕਿਹੜੀ ਗੱਲ ਚੰਗੀ ਲਗਦੀ ਹੈ, ਮਨਾ, ਕੋਈ ਰਾਹ ਖੋਜ। ਸਤਿਗੁਰੂ ਜੀ ਨੇ ਹਿੰਦੂ ਧਰਮ ਦੇ ਮਾਰਗਾਂ ਦੀ ਗਿਣਤੀ ਕੀਤੀ ਹੈ, ਇਹ ਸਾਰੇ ਕਹਿੰਦੇ ਹਨ ਉਹਨਾਂ ਉੱਚ ਪਦ ਪਾ ਲਿਆ ਹੈ, ਪਰਮੇਸਰ ਪਾ ਲਿਆ ਹੈ। ਕੋਈ ਆਪਣੇ ਆਪ ਨੂੰ ਘੱਟ ਨਹੀਂ ਅਖਵਾਉਂਦਾ। ਸਤਿਗੁਰੂ ਜੀ ਕਹਿੰਦੇ ਹਨ ਇਹ ਸਭ ਉਪਾਵ ਭੁੱਲੇ ਮਾਰਗ ਹਨ, ਮੈਂ ਇਹ ਸਭ ਤਿਆਗ ਦਿੱਤੇ ਹਨ, ਤੇ ਸਤਿਗੁਰੂ ਦੀ ਸ਼ਰਨ ਆਇਆ ਹਾਂ ਜੋ ਗੁਰਮੰਤ੍ਰ ਨਾਮ ਦਾ ਸਿਮਰਨ ਕਰਾ ਕੇ ਚਉਥੇ ਪਦ ਤਕ ਪਹੁੰਚਾਉਂਦਾ ਹੈ ਤੇ ਤੱਤ ਬ੍ਰਹਮ, ਇਕੋ ਇੱਕ ਹੋਂਦ ਹਸਤੀ ਨਿਰਗੁਣ ਬ੍ਰਹਮ ਦੀ ਪਛਾਣ ਕਰਾਉਂਦਾ ਹੈ। ਫਿਰ ਲੇਖਾ ਨਹੀਂ ਰਹਿੰਦਾ ਤੇ ਜਨਮ ਮਰਨ ਨਹੀਂ ਰਹਿੰਦਾ।

*ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥*

*ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥*

*ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥*

*ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥*





*ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥*

*ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥*

*ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥*

*ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥*

*ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥*

*ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥*

*ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥*

*ਜਿਸੁ ਮੇਲੇ ਸੋ ਭਗਤਾ ॥੭॥*

*(ਇਹ ਸਭ ਕਹਿੰਦੇ ਹਨ ਕਿ ਮੈਂ ਪਾ ਲਿਆ ਹੈ, ਕਿਸੇ ਨੇ ਘੱਟ ਨਹੀਂ ਕਹਾਇਆ, ਪਰ ਪਰਮਜੋਤਿ ਨਾਲ ਕੋਈ ਨਹੀਂ ਮਿਲਿਆ।)*

*ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥*

*ਨਾਨਕੁ ਗੁਰ ਚਰਣਿ ਪਰਾਤਾ ॥੮॥*

(ਪੰਨਾ 71, ਗੁਰੂ ਗ੍ਰੰਥ ਸਾਹਿਬ)

*(ਮੈਂ ਉਪਰ ਦਿੱਤੇ ਸਗਲ ਉਪਾਵ ਤਿਆਗ ਦਿੱਤੇ ਹਨ, ਤੇ ਸਤਿਗੁਰੂ ਦੀ ਸ਼ਰਨ ਆਇਆ ਹਾਂ ਜੋ ਗੁਰਮੰਤ੍ਰ ਨਾਮ ਦੇ ਕੇ ਸ਼ੁਧ ਮਨ ਨਾਮ ਜਾਪ/ਸਿਮਰਣ ਦਾ ਉਪਦੇਸ਼ ਦਿੰਦਾ ਹੈ।)*

ਸਤਿਗੁਰੂ ਜੀ ਕਹਿੰਦੇ ਹਨ ਏਕੰਕਾਰ ਨਿਰਗੁਣ ਬ੍ਰਹਮ ਨੂੰ ਛੱਡ ਕੇ ਹੋਰਾਂ ਦਾ ਸਿਮਰਨ ਕਰਨ ਵਾਲੇ ਮੂਰਖ ਖੋਤੇ ਹਨ। (ਇਹ ਬਿਰਥਾ ਕਹਿੰਦੇ ਹਨ ਅਸੀਂ ਤੇਰੇ ਹਾਂ।)

*ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥*

*ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥*

*ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥*

*(ਸ਼ਿਵ, ਬ੍ਰਹਮਾ, ਰਾਖਸ਼ ਜਿਤਨੇ ਹਨ, ਕਾਲ ਦੀ ਅਗਨੀ ਵਿੱਚ ਸੜਦੇ ਹਨ।)*

(ਪੰਨਾ 1267, ਗੁਰੂ ਗ੍ਰੰਥ ਸਾਹਿਬ)

*ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥*

*ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰੁ ॥*

*ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥*

(ਪੰਨਾ 1277, ਗੁਰੂ ਗ੍ਰੰਥ ਸਾਹਿਬ)

*ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥*

*ਸਤਿਗੁਰੁ ਸੇਵਹਿ ਤਾ ਗਤਿਮਿਤਿ ਪਾਵਹਿ ਹਰਿਜੀਉ ਮੰਨਿ ਵਸਾਏ ॥*

*ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥*

(ਪੰਨਾ 67, ਗੁਰੂ ਗ੍ਰੰਥ ਸਾਹਿਬ)

ਗੁਰੂ ਅਮਰਦਾਸ ਜੀ ਕਹਿੰਦੇ ਹਨ ਸਤਿਗੁਰੂ ਜੀ ਦੀ ਸ਼ਰਨ ਆ ਕੇ ਸਤਿਗੁਰੂ ਦੀ ਸੇਵਾ ਅਰਾਧਨਾ ਬਿਨਾ ਕਿਸੇ ਨੇ ਏਕੰਕਾਰ ਨਿਰਗੁਣ ਬ੍ਰਹਮ, ਜੋਤਿ ਰੂਪ ਨੂੰ ਨਹੀਂ ਪਛਾਣਿਆ। ਇਹ ਗੁਰਮੁਖ ਹਨ। ਹੋਰ ਸਭ ਮਨਮੁਖ ਬਕ-ਬਕ ਕੇ ਵਿਲਕ-ਵਿਲਕ ਕੇ ਮਰ ਗਏ, ਤੇ ਜਨਮ ਮਰਨ ਦੇ ਗੇੜ ਵਿੱਚ ਰਹੇ, ਦੁਖੀ ਹੋ ਕੇ ਦੁੱਖ ਵਿੱਚ ਸਮਾਏ ਰਹਿੰਦੇ ਹਨ। ਗੁਰੂ ਦੀ ਸ਼ਰਨ ਆਉਣ ਵਾਲੇ ਗੁਰਮੁਖ, ਗੁਰਮਤਿ ਨਾਮ ਸਿਮਰਦੇ ਹਨ, ਨਾਮ ਰਸ ਪੀਂਦੇ ਹਨ ਤੇ ਸਹਜ ਸੁਭਾ ਹੀ ਸੱਚ ਵਿੱਚ ਸਮਾ ਜਾਂਦੇ ਹਨ। ਸਤਿਗੁਰੂ ਤੇ ਗੁਰਬਾਣੀ ਦੀ ਸ਼ਰਨ ਵਿੱਚ ਆ ਕੇ ਕਾਲ ਵੱਸ ਨਹੀਂ ਹੁੰਦੇ ਤੇ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਹੋ ਜਾਂਦਾ ਹੈ।

*ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ*

*ਬਿਲਲਾਈ ॥*

*ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ ॥*

*ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ ਸਹਜੇ ਸਾਚਿ ਸਮਾਈ ॥੬॥*

*ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ*

*ਅਧਿਕਾਈ ॥*

*ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ ॥*

*ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥*

(ਪੰਨਾ 638, ਗੁਰੂ ਗ੍ਰੰਥ ਸਾਹਿਬ)





*(ਸਤਿਗੁਰ ਸੱਚਾ ਹੈ, ਗੁਰਬਾਣੀ ਸੱਚੀ ਹੈ, ਗੁਰੂ ਦੀ ਸ਼ਰਨ ਆ ਕੇ ਨਾਮ ਸਿਮਰਨ ਨਾਲ ਛੁਟੀਦਾ ਹੈ।)*

ਗੁਰਮਤਿ ਦਾ ਇਹ ਵੀ ਫੈਸਲਾ ਹੈ ਕਿ ਗੁਰੂ ਦੀ ਸ਼ਰਨ ਆਉਣ ਤੋਂ ਪਹਿਲਾਂ ਹੋਰ ਸਭ ਭਰੋਸੇ/ਅਕੀਦੇ ਛੱਡ ਕੇ ਆਓ। ਕਿਸੇ ਹੋਰ ਉੱਤੇ ਭਰੋਸਾ ਰਖਦੇ ਹੋਏ ਸਤਿਗੁਰੂ ਦੀ ਸ਼ਰਨ ਆਉਣਾ, ਦੋ ਬੇੜੀਆਂ ਵਿੱਚ ਪੈਰ ਰਖਣਾ ਹੈ, ਇਸ ਤਰ੍ਹਾਂ ਛੁਟਕਾਰਾ ਨਹੀਂ ਹੁੰਦਾ।

ਗੁਰੂ ਅੰਗਦ ਸਾਹਿਬ ਤੇ ਗੁਰੂ ਅਮਰਦਾਸ ਜੀ ਤੇ ਅਨੇਕਾਂ ਸ਼ਰਧਾਲੂ ਸਤਿਗੁਰੂ ਦੀ ਸ਼ਰਨ ਆਉਣ ਤੋਂ ਪਹਿਲਾਂ ਦੇਵੀ ਦੇਵਤਿਆਂ ਨੂੰ ਮੰਨਦੇ ਸਨ ਤੇ ਹਰ ਸਾਲ ਤੀਰਥ ਦੀ ਯਾਤਰਾ ਲਈ ਜਾਂਦੇ ਸਨ, ਗੁਰੂ ਸ਼ਰਨ ਆਉਣ ਤੋਂ ਬਾਅਦ ਉਹਨਾਂ ਨੇ ਆਪਣੇ ਪਹਿਲੇ ਧਰਮ ਦੇ ਅਕੀਦੇ ਤਿਆਗ ਦਿੱਤੇ ਤੇ ਦੂਜਾ ਪਾਸਾ ਨਹੀਂ ਤੱਕਿਆ। ਸਤਿਗੁਰ ਦੀ ਸਿੱਖਿਆ ਨੂੰ ਸੱਤ ਕਰਕੇ ਪਰਵਾਨ ਕੀਤਾ ਤੇ ਸੇਵਾ ਇਕ ਮਨ ਹੋ ਕੇ ਕੀਤੀ।

*ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ*

*ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥*

*ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ*

*ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥*

*ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ*

*ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥*

*ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ*

*ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥*

(ਪੰਨਾ 1404, ਗੁਰੂ ਗ੍ਰੰਥ ਸਾਹਿਬ)

ਗੁਰਬਾਣੀ ਅਨੁਸਾਰ ਅਸਲ ਪੰਡਿਤ ਉਹ ਹੈ ਜੋ ਤ੍ਰਿਹ ਗੁਣਾਂ ਦੀ ਪੰਡ, ਤ੍ਰੈ ਗੁਣ ਮਾਇਆ ਦੀ, ਵੇਦਾਂ ਸ਼ਾਸਤਰਾਂ ਦੀ ਵਿਚਾਰ ਨੂੰ ਤਿਆਗੇ, ਸਤਿਗੁਰੂ ਤੋਂ ਦੀਖਿਆ ਲੈ ਕੇ ਵਿਧੀ ਪੂਰਵਕ ਗੁਰਮਤਿ ਨਾਮ ਲਵੇ ਤੇ ਨਾਮ ਜਪੇ।

*ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥*

*ਅਨਦਿਨੁ ਏਕੋ ਨਾਮੁ ਵਖਾਣੈ ॥ ਸਤਿਗੁਰ ਕੀ ਓਹੁ ਦੀਖਿਆ ਲੇਇ॥*

*ਸਤਿਗੁਰ ਆਗੈ ਸੀਸੁ ਧਰੇਇ ॥*

(ਪੰਨਾ 1261, ਗੁਰੂ ਗ੍ਰੰਥ ਸਾਹਿਬ)

*ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥*

*ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧਲਉ ਧੰਧੁ ਕਮਾਈ ॥*

(ਪੰਨਾ 1126, ਗੁਰੂ ਗ੍ਰੰਥ ਸਾਹਿਬ)

*(ਡੋਲਨ ਵਾਲੀ ਟੇਢੀ ਚਾਲ ਹੈ। ਨੇਤ੍ਰ ਵੀ ਅੰਧੁਲੇ ਹਨ। ਗੁਰੂ ਦੇ ਸ਼ਬਦ ਤੇ ਸੁਰਤਿ ਦੇ ਮੇਲ ਦਾ ਯਤਨ ਨਹੀਂ ਕਰਦਾ। ਉਸ ਨੂੰ ਇਹ ਨਹੀਂ ਪਤਾ ਸ਼ਾਸਤਰ ਵੇਦ ਤਾਂ ਤ੍ਰੈ ਗੁਣੀ ਮਾਇਆ ਦੀ ਵਿਚਾਰ ਕਰਦੇ ਹਨ। ਅਗਿਆਨੀ ਧੰਧਾ ਹੀ ਕਰਦਾ ਹੈ।*

*ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ ॥*

*ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ॥*

*ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ ॥*

*ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ ॥*

*ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ॥*

*ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ ॥*

*ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥*

*ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥*

(ਪੰਨਾ 1100, ਗੁਰੂ ਗ੍ਰੰਥ ਸਾਹਿਬ)

*(ਪਾਰਬ੍ਰਹਮ ਪਰਮੇਸਰ ਥਿਰ ਹੈ। ਗੁਰਮੁਖ ਸੇਵਕ ਵੀ ਗੁਰਮਤਿ ਸਿਮਰਨ ਕਰਕੇ ਸਦਜੀਵਤ ਹੋ ਜਾਂਦਾ ਹੈ, ਬਾਕੀ ਸਭ ਜਨਮ ਮਰਨ ਦੇ ਗੇੜ ਵਿੱਚ ਹਨ।)*

*ਸਾਚੀ ਕੀਰਤਿ ਸਾਚੀ ਬਾਣੀ ॥ ਹੋਰ ਨ ਦੀਸੈ ਬੇਦ ਪੁਰਾਣੀ ॥*

*ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ ॥*

(ਪੰਨਾ 1022, ਗੁਰੂ ਗ੍ਰੰਥ ਸਾਹਿਬ)

*ਵਰਤ ਨ ਰਹਉ ਨ ਮਹ ਰਮਦਾਨਾ ॥*





*ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥*

*ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥*

*(ਵਰਤ ਨਹੀਂ ਰਖਦਾ, ਰੋਜੇ ਨਹੀਂ ਰਖਦਾ, ਉਸ ਨੂੰ ਅਰਾਧਦਾ ਹਾਂ ਜੋ ਓੜਕ ਰਖਦਾ ਹੈ। ਮੇਰੇ ਲਈ ਹਿੰਦੂਆਂ ਦਾ ਗੋਸਾਂਈ ਤੇ ਮੁਸਲਮਾਨਾਂ ਦਾ ਅੱਲ੍ਹਾ, ਇਕੋ ਏਕੰਕਾਰ ਹੀ ਹੈ, ਹਿੰਦੂ ਮੁਸਲਮਾਨ ਦੋਹਾਂ ਤੋਂ ਪੱਲਾ ਛੁੜਾ ਲਿਆ ਹੈ।)*

*ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥*

*ਪੂਜਾ ਕਰਉ ਨ ਨਿਵਾਜ ਗੁਜਾਰਉ ॥*

*ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥*

*ਨ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥*

*ਕਹੁ ਕਬੀਰ ਇਹੁ ਕੀਆ ਵਖਾਨਾ ॥*

*ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥*

(ਪੰਨਾ 1136, ਗੁਰੂ ਗ੍ਰੰਥ ਸਾਹਿਬ)

*(ਹਿੰਦੂ, ਮੁਸਲਮਾਨਾਂ ਦੇ ਪੂਜਾ, ਭਗਤੀ ਦੇ ਤਰੀਕੇ ਨਹੀਂ ਅਪਨਾਂਦਾ। ਗੁਰੂ ਨੂੰ ਮਿਲ ਕੇ ਏਕ ਨਿਰੰਕਾਰ, ਇੱਕ ਏਕੰਕਾਰ ਨੂੰ ਸਿਮਰਦਾ ਹਾਂ।)*

## ਵੇਦਾਂ ਸ਼ਾਸਤਰਾਂ ਦੀ ਸਿੱਖਿਆ ਵਰਣ ਜਾਤ

ਵੇਦ ਸ਼ਾਸਤਰਾਂ ਮੁਤਾਬਕ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਚਾਰ ਵਰਣ/ਜਾਤੀਆਂ ਹਨ। ਸਭ ਵਰਣਾਂ ਦਾ ਆਪੋ ਆਪਣਾ ਨਿਯਮਤ ਧਰਮ ਹੈ। ਬ੍ਰਾਹਮਣ ਦਾ ਕੰਮ ਵਿਦਿਆ ਪੜ੍ਹਣਾ ਤੇ ਪੜ੍ਹਾਨਾ, ਖੱਤਰੀ ਦਾ ਕੰਮ ਜੰਗੀ ਸਿਖਸ਼ਾ ਪ੍ਰਾਪਤ ਕਰਨਾ ਤੇ ਰਾਜ ਤੇ ਧਰਮ ਲਈ ਲੜਨਾ, ਵੈਸ਼ ਦਾ ਕੰਮ ਵਪਾਰ ਆਦਿ ਤੇ ਸ਼ੂਦਰ ਦਾ ਕੰਮ ਸਭ ਵਰਣਾਂ ਦੀ ਸੇਵਾ। ਸ਼ੂਦਰ ਨੂੰ ਗਿਆਨ ਪ੍ਰਾਪਤ ਕਰਨ ਦਾ ਤੇ ਪੂਜਾ ਕਰਨ ਦਾ ਕੋਈ ਅਧਿਕਾਰ ਨਹੀਂ। ਨੀਵੀਆਂ ਜਾਤੀਆਂ ਦੀਆਂ ਵੀ ਸ਼੍ਰੇਣੀਆਂ ਹਨ। ਲੋਹਾਰ, ਤਰਖਾਨ ਆਦਿ ਹੱਥੀਂ ਕੰਮ ਕਰਨ ਵਾਲੇ ਵੀ ਨੀਵੀਆਂ ਜਾਤੀਆਂ ਵਿੱਚ ਸ਼ਾਮਿਲ ਹਨ। ਵੇਦਾਂਤ ਅਨੁਸਾਰ ਮਨੁੱਖੀ ਜਾਮੇ ਵਿੱਚ ਜਨਮ, ਪੁਰਸ਼, ਇਸਤਰੀ ਚਾਰੇ ਵਰਣ ਆਪਣੇ ਪੂਰਬਲੇ ਜਨਮਾਂ ਵਿੱਚ ਕੀਤੇ ਕਰਮਾਂ ਅਨੁਸਾਰ ਹੁੰਦਾ ਹੈ। ਇਸ ਸੰਸਾਰ ਵਿੱਚ ਵੀ ਜੋ ਕਰਮ ਜੀਵ ਕਰਦਾ ਹੈ

ਪਿਛਲੇ ਸੰਸਕਾਰਾਂ ਮੁਤਾਬਕ ਹੋ ਰਹੇ ਹਨ। ਇਹ ਸਾਡੀ ਪ੍ਰਾਲਬਧ ਹੈ, destiny ਹੈ। ਸਭ ਮਨੁੱਖ ਆਪਨੀ ਪ੍ਰਾਲਬਧ ਅਨੁਸਾਰ ਜੀਵਨ ਬਸਰ ਕਰਦੇ ਹਨ। ਹਜ਼ਾਰਾਂ ਸਾਲਾਂ ਤੋਂ ਇਹ ਵਿਚਾਰ ਸਨਾਤਨ ਧਰਮ ਦੇ ਰੂਪ ਵਿੱਚ ਭਾਰਤ ਵਾਸੀਆਂ ਦੇ ਮਨ ਵਿੱਚ ਵਸੇ ਹਨ।

## ਵੇਦਾਂਤੀ ਦੀ ਵਰਣ ਜਾਤ ਵੰਡ ਦੇ ਪੱਖ ਵਿੱਚ ਦਲੀਲ

ਸਨਾਤਨ ਧਰਮ ਕਿਸੇ religion ਦਾ ਨਾਮ ਨਹੀਂ। ਇਹ ਕੁਦਰਤੀ ਨਿਯਮਾਂ ਦੀ ਵਿਚਾਰ ਹੈ। ਵੇਦਕ ਧਰਮ ਸਮਝਦਾ ਹੈ ਕਿ ਸੰਸਾਰ ਦੇ ਸਾਰੇ ਜੀਵ ਆਪਨੇ ਕੀਤੇ ਕਰਮਾਂ ਦੇ ਫਲ ਭੋਗਦੇ ਹਨ, ਪਿਛਲੇ ਜਨਮ ਵਿੱਚ ਕੀਤੇ ਕਰਮ ਸੰਸਕਾਰ ਬਣਦੇ ਹਨ। ਮਨੁੱਖਾ ਜਨਮ ਵਿੱਚ ਆਉਣ ਸਮੇਂ ਬੱਚਾ ਆਪਨੇ ਪਿਛਲੇ ਕੀਤੇ ਕਰਮਾਂ ਅਨੁਸਾਰ ਬ੍ਰਾਹਮਣ, ਖੱਤਰੀ, ਵੈਸ਼ ਜਾਂ ਸ਼ੂਦਰ ਦੇ ਘਰ ਆਪਨੇ ਕਰਮਾਂ ਦਾ ਫਲ ਭੋਗਣ ਲਈ ਜਨਮ ਲੈਂਦਾ ਹੈ। ਬੰਦੇ ਦੀ ਕਾਬਲੀਅਤ ਤੇ ਸਮਝ ਰੁਚੀ ਆਪਨੀ ਜਨਮ ਜਾਤ ਦੇ ਅਨੁਕੂਲ, ਸੁਭਾਵਕ ਹੁੰਦੀ ਹੈ। ਜੀਵ ਦਾ ਕਰਮਾਂ ਤੋਂ ਛੁਟਕਾਰਾ, ਆਪਨੇ ਕਰਮਾਂ ਦੇ ਫਲ ਭੋਗ ਕੇ ਹੀ ਹੋ ਸਕਦਾ ਹੈ। ਜੇ ਸਭ ਵਰਣ/ਜਾਤੀਆਂ ਆਪੋ ਆਪਨਾ ਜੀਵਨ ਤੇ ਫਰਜ਼ ਵਰਣ ਵੰਡ ਦੇ ਹਿਸਾਬ ਨਾਲ, ਖੁਸ਼ੀ ਨਾਲ ਨਿਭਾਉਣ ਤਾਂ ਸਮਾਜ ਸੁਖੀ ਰਹਿ ਸਕਦਾ ਹੈ ਤੇ ਕਿਸੇ ਝਗੜੇ ਕਸ਼ਮਕਸ਼ ਦਾ ਡਰ ਨਹੀਂ। ਜਦੋਂ ਮਨੁੱਖ ਇਸ ਜਨਮ ਤੋਂ ਬਣੇ ਕੁਦਰਤੀ ਨਿਯਮ ਨੂੰ ਤੋੜਨ ਦੀ ਕੋਸ਼ਿਸ਼ ਕਰਦੇ ਹਨ ਤਾਂ ਝਗੜੇ ਹੁੰਦੇ ਹਨ ਤੇ ਸਮਾਜ ਵਿੱਚ ਬੇਚੈਨੀ ਹੁੰਦੀ ਹੈ।

ਉਪਰਲੇ ਵਿਚਾਰਾਂ ਅਨੁਸਾਰ ਸੰਸਾਰ ਵਿੱਚ 84 ਲੱਖ ਜੂਨਾਂ ਦੇ ਜੀਵ/ਜੰਤ ਇਸ ਕਰਮਾਂ ਦੇ ਨਿਯਮ ਅਨੁਸਾਰ, ਜੂਨਾਂ ਦੇ ਦੁਖ/ਸੁਖ ਦੇ ਚੱਕਰ ਕੱਢ ਰਹੇ ਹਨ ਤੇ ਕੱਢਦੇ ਰਹਿਣਗੇ।

ਗੁਰੂ ਨਾਨਕ ਸਾਹਿਬ ਨੇ ਜੀਵ ਦੇ ਕਰਮਬੱਧ ਹੋਣ ਵਾਲੀ ਤੇ 84 ਲੱਖ ਜੂਨਾਂ ਵਿੱਚ ਘੁੰਮਣ ਦੀ ਵੈਦਕ ਵਿਚਾਰ ਨੂੰ ਸਹੀ ਕਰਾਰ ਦਿੱਤਾ ਹੈ, ਪਰ ਗੁਰਬਾਣੀ ਸਮਝਾਉਂਦੀ ਹੈ ਕਿ ਮਨੁੱਖਾ ਜੂਨੀ ਵਿਸ਼ੇਸ਼ ਹੈ ਤੇ ਮਨੁੱਖ ਜੂਨੀ ਵਿੱਚ ਜੀਵ ਕਰਮਜਾਲ ਤੋਂ ਛੁੱਟਨ ਦਾ ਯਤਨ ਕਰ ਸਕਦਾ ਹੈ, ਸੱਚੀ ਗੁਰਮਤਿ ਭਗਤੀ ਕਰ ਸਕਦਾ ਹੈ। ਫਿਰ ਕਰਮਜਾਲ ਨਹੀਂ ਰਹਿੰਦਾ, ਜੀਵ ਸਦਜੀਵਤ ਹੋ ਜਾਂਦਾ ਹੈ ਤੇ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ। ਜੋ ਮਨੁੱਖ ਇਸ ਜਨਮ ਵਿੱਚ ਕਰਮਜਾਲ ਤੋਂ ਛੁੱਟਨ ਦਾ ਯਤਨ ਨਹੀਂ ਕਰਦੇ ਉਹ ਜਨਮ ਮਰਨ ਦੇ ਗੇੜ ਵਿੱਚ ਹੀ ਰਹਿੰਦੇ ਹਨ।

*ਲਖ ਚਉਰਾਸੀਹ ਜੋਨਿ ਸਬਾਈ ॥*





*ਮਾਨਸ ਕਉ ਪ੍ਰਭਿ ਦੀਈ ਵਡਿਆਈ ॥*

*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥*

(ਪੰਨਾ 1075, ਗੁਰੂ ਗ੍ਰੰਥ ਸਾਹਿਬ)

ਗੁਰਬਾਣੀ ਅਨੁਸਾਰ ਚੰਗੇ ਕਰਮ ਕਰਨੇ ਜ਼ਰੂਰੀ ਹਨ ਪਰ ਸ਼ਾਸਤਰਾਂ ਵਿੱਚ ਦੱਸੇ ਜਪ, ਤਪ, ਸੰਜਮ ਨਿਹਫਲ ਹਠ ਕਰਮ ਹਨ।

ਇਸਲਾਮ ਤੇ ਈਸਾਈ ਮਤ ਤੇ ਕੁਝ ਹੋਰ ਮਤ ਜੀਵ ਦੇ ਜੂਨਾਂ ਵਿੱਚ ਘੁੰਮਣ ਨੂੰ ਨਹੀਂ ਮੰਨਦੇ। ਉਹਨਾਂ ਅਨੁਸਾਰ ਮਰਨ ਉਪਰੰਤ ਆਤਮਾ ਜੀਵ ਦੇ ਨਾਲ ਕਬਰ ਵਿੱਚ ਦਫਨ ਰਹਿੰਦੀ ਹੈ। ਜਦੋਂ ਕਿਆਮਤ ਦਾ ਦਿਨ ਆਵੇਗਾ ਤਾਂ ਸਭ ਜੀਵਆਤਮਾ ਕਬਰਾਂ ਵਿਚੋਂ ਉਠਣਗੀਆਂ, ਤੇ ਉਹਨਾਂ ਦੇ ਕਰਮਾਂ ਦੇ ਹਿਸਾਬ ਨਾਲ ਉਹਨਾਂ ਨੂੰ ਸਵਰਗ ਜਾਂ ਦੋਜਖ ਵਿੱਚ ਭੇਜਿਆ ਜਾਵੇਗਾ।

ਗੁਰਬਾਣੀ ਅਨੁਸਾਰ ਕਰਮ ਤੇ ਕਰਮਾਂ ਦੇ ਫਲ, ਕੁਦਰਤੀ ਨਿਯਮ ਹਨ, ਪਰ ਇਸ ਕੁਦਰਤੀ ਨਿਯਮ ਤੋਂ ਉਪਰ ਪਾਰਬ੍ਰਹਮ ਦਾ ਹੁਕਮ ਹੈ। ਕਰਮਾਂ ਦੇ ਫਲ ਸੁਤੰਤਰ ਵਸਤੂ ਨਹੀਂ, ਪਾਰਬ੍ਰਹਮ ਦੇ ਹੁਕਮਾਂ ਅਨੁਸਾਰ ਫਲ ਪ੍ਰਾਪਤ ਹੁੰਦੇ ਹਨ। ਮਨੁੱਖ ਦੇ ਮਸਤਕ ਤੇ ਲਿਖੇ ਕਰਮਾਂ ਦੇ ਲੇਖ ਅਸਲ ਵਿੱਚ ਹੁਕਮ ਦੇ ਲੇਖ ਹਨ। ਪਾਰਬ੍ਰਹਮ ਆਪਨੇ ਹੁਕਮ ਦੇ ਲੇਖ/ਪ੍ਰਾਲਬਧ ਨੂੰ ਆਪਨੀ ਬਖਸ਼ੀਸ਼ ਦੁਆਰਾ ਮੇਟ ਦਿੰਦਾ ਹੈ ਤੇ ਕਰਮਾਂ ਦਾ ਹਿਸਾਬ ਤੇ ਜਨਮ ਮਰਨ ਦਾ ਗੇੜ ਖਤਮ ਹੋ ਜਾਂਦਾ ਹੈ। ਬਖਸ਼ੀਸ਼ ਦੀ ਪ੍ਰਾਪਤੀ ਦਾ ਰਾਹ ਪੂਰੇ ਸਤਿਗੁਰੂ ਦੇ ਦਿੱਤੇ ਨਾਮ ਦੀ ਕਮਾਈ ਹੈ।

ਕਰਮਜਾਲ ਦੀ ਵਿਚਾਰਧਾਰਾ ਦੀ ਦਲਦਲ ਵਿੱਚ ਫਸਿਆ ਵੇਦਾਂਤੀ ਗੁਰਬਾਣੀ ਦੀ ਵਿਸ਼ੇਸ਼ਤਾ ਨੂੰ ਸਮਝ ਨਹੀਂ ਸਕਦਾ। ਉਹ ਆਪਨੇ ਵੇਦਾਂਤੀ ਵਿਚਾਰ ਤੋਂ ਨਿਕਲਣ ਦਾ ਰਾਹ ਨਹੀਂ ਜਾਣ ਸਕਦਾ। ਇਸ ਦਾ ਇਕੋ ਤਰੀਕਾ ਹੈ, ਗੁਰਸਿੱਖਾਂ ਦੀ ਸੰਗਤ ਤੇ ਗੁਰਬਾਣੀ ਦੀ ਕਥਾ। ਚੋਹਾਂ ਵਰਣਾਂ ਨੂੰ ਗੁਰਬਾਣੀ ਨੇ ਇਕ ਹੀ ਉਪਦੇਸ਼ ਦਿੱਤਾ ਹੈ, ਕਿ ਜੋ ਪੂਰੇ ਗੁਰੂ ਤੋਂ ਦੀਖਿਆ ਤੇ ਉਪਦੇਸ਼ ਲੈ ਕੇ ਨਾਮ ਜਪਦਾ ਹੈ ਉਹ ਤਰ ਜਾਂਦਾ ਹੈ।

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥*

*ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ*

*ਘਟਿ ਘਟਿ ਨਾਨਕ ਮਾਝਾ ॥*

*(ਖਤ੍ਰੀ, ਬ੍ਰਾਹਮਣ, ਸ਼ੂਦ, ਵੈਸ਼ ਵਿੱਚ ਜਾਤੀ ਦੇ ਆਧਾਰ ਤੇ ਕੋਈ*

*ਫਰਕ ਨਹੀਂ। ਇਹਨਾਂ ਵਿੱਚੋਂ ਜੋ ਭੀ ਗੁਰੂ ਜੀ ਦੀ ਸ਼ਰਨ ਆਵੇਗਾ, ਤੇ ਗੁਰਮਤਿ ਨਾਮ ਜਪੇਗਾ, ਉਹ ਸੰਸਾਰ ਸਾਗਰ ਤੋਂ ਪਾਰ ਹੋ ਜਾਵੇਗਾ।)*

(ਪੰਨਾ 747, ਗੁਰੂ ਗ੍ਰੰਥ ਸਾਹਿਬ)

*ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥*

(ਪੰਨਾ 56, ਗੁਰੂ ਗ੍ਰੰਥ ਸਾਹਿਬ)

*(ਪੂਰੇ ਸਤਿਗੁਰ ਤੋਂ ਬਿਨਾ ਕਰਮਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ।)*

ਪੂਰਾ ਸਤਿਗੁਰ ਕਰਮਾਂ ਦੇ ਬੰਧਨ ਤੋਂ ਛੁਟਕਾਰਾ ਗੁਰਮਤਿ ਨਾਮ ਸਿਮਰਣ ਭਗਤੀ ਕਰਾ ਕੇ ਕਰਾਉਂਦਾ ਹੈ, ਆਪਣੀ ਨਦਰ ਕਰਮ ਬਖਸ਼ੀਸ਼ ਦੁਆਰਾ। ਗੁਰਮਤਿ ਅਨੁਸਾਰ ਗੁਰਮੰਤ੍ਰ ਨਾਮ ਲੈ ਕੇ ਏਕੰਕਾਰ ਦੀ ਭਗਤੀ ਜਪ ਸਿਮਰਨ ਅਰਾਧਨਾ ਹੁੰਦੀ ਹੈ। ਹੋਰ ਕਿਸੇ ਦੇਵੀ ਦੇਵਤੇ ਅਵਤਾਰ ਦੇ ਜਪ ਸਿਮਰਨ ਭਗਤੀ ਕਰਨ ਨਾਲ ਹਉਂ ਦਾ ਭਰਮ ਨਹੀਂ ਜਾ ਸਕਦਾ ਤੇ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ।



ਭਾਗ ੧

# ਗੁਰਬਾਣੀ ਉਪਦੇਸ਼ ਤੋਂ ਅਕਾਲ ਪੁਰਖ ਤੇ ਕਾਲ ਪੁਰਖ ਦਾ ਭੇਦ

## ਅਕਾਲ ਪੁਰਖ

ਮੂਲ ਮੰਤ੍ਰ ਦਾ ਪਹਿਲਾ ਅੱਖਰ ਗਿਣਤੀ ਦਾ ੧ ਹੈ। ਗੁਰਬਾਣੀ ਉਸਨੂੰ ੧ (ਇੱਕ), ਏਕੰਕਾਰ ਕਹਿ ਕੇ ਬਿਆਨ ਕਰਦੀ ਹੈ। ਇੱਕ ਏਕੰਕਾਰ ਇਕੋ ਇੱਕ ਸਦੀਵੀ ਕਾਇਮ ਰਹਿਣ ਵਾਲੀ ਹਸਤੀ ਹੈ, ਸ਼ਖ਼ਸੀਅਤ ਹੈ। ਇੱਕ ਏਕੰਕਾਰ ਜੋਤਿ ਰੂਪ ਹੈ, ਪਰਮ ਨਿਰਮਲ ਚੇਤਨਾ ਹੈ, ਦੇਹ ਰਹਿਤ ਹੈ, ਰੂਪ ਰੇਖ ਰੰਗ ਤੋਂ ਨਿਆਰਾ ਹੈ, ਸੱਤ, ਸਦਾ ਸੱਤ ਅਸਲੀਅਤ ਹੈ, ਨਾਮ ਜੋਤਿ ਰੂਪ ਹੈ, ਕਰਤਾ ਹੈ, ਆਦਿ ਪੁਰਖ ਹੈ, ਨਿਰਭਉ, ਨਿਰਵੈਰ, ਅਕਾਲ ਪੁਰਖ ਹੈ, ਅਜੂਨੀ ਹੈ, ਆਪਣੇ ਆਪ ਤੋਂ ਆਪ ਪੈਦਾ ਹੋਇਆ ਹੈ, ਸੈਭੰ ਹੈ। ਗੁਣੀ ਭਰਪੂਰ ਹੈ, ਉਸ ਵਿੱਚ ਅਉਗੁਣ ਵਿਕਾਰ ਕੋਈ ਨਹੀਂ, ਨਿਰਮਲ ਹੈ, ਪਵਿੱਤਰ ਹੈ, ਉਸਨੂੰ ਕਿਸੇ ਦਾ ਭੈ ਨਹੀਂ, ਇਕੋ ਇੱਕ ਹੈ। ਇਸ ਲਈ ਉਸਨੂੰ ਕਿਸੇ ਤੋਂ ਵੱਖ ਹੋਣ ਦਾ ਭਰਮ, ਹਉ ਨਹੀਂ। (ਉਸ ਤੋਂ ਇਲਾਵਾ ਕੋਈ ਚੀਜ਼, ਵਸਤੂ, ਜੀਵ ਜੰਤ, ਦੇਵੀ-ਦੇਵਤੇ, ਮਨੁੱਖ, ਇੱਕ ਏਕੇ ਦੀ ਉਪਾਈ ਮਾਇਆ ਹੈ, ਸੱਤ ਨਹੀਂ।)

ਉਸ ਦਾ ਗੁਣ ਹੁਕਮ, ਉਸ ਦੀ ਸਭ ਕੰਮ ਕਰਨ ਕਰਾਉਣ ਵਾਲੀ ਸਮਰੱਥਾ ਹੈ, ਬਖ਼ਸ਼ੀਸ਼ ਵੀ ਉਸ ਦਾ ਗੁਣ ਹੈ। ਉਹ ਨਿਰਾਕਾਰ ਹੈ। ਗਿਆਨ ਸਰੂਪ ਹੈ, ਚੇਤਨਾ ਵਾਲਾ, ਆਨੰਦ ਸਰੂਪ ਹਸਤੀ ਹੈ।

ਇੱਕ ਏਕੰਕਾਰ ਛਤੀਹ ਜੁਗ ਸੁੰਨ ਸਮਾਧ ਵਿੱਚ ਰਿਹਾ, ਉਦੋਂ ਸਮਾਂ (Time) ਤੇ space ਅਜੇ ਨਹੀਂ ਸੀ। ਜਦੋਂ ਸੁੰਨ ਸਮਾਧ ਵਿੱਚ ਜੋਤਿ ਰੂਪ ਅਕਾਲ ਪੁਰਖ ਦੀ ਮਰਜ਼ੀ ਹੋਈ ਤਾਂ ਉਸਨੇ ਹੁਕਮ ਨਾਲ ਓਅੰਕਾਰ ਧੁੰਨ ਉਚਾਰੀ। ਓਅੰਕਾਰ ਧੁੰਨ ਵਿੱਚ ਨਿਰਮਲ ਚੇਤਨਾ ਹੈ ਤੇ ਇਸ ਤੋਂ ਉਪਜੀਆਂ ਅਨੇਕਾਂ ਸੰਗੀਤਕ ਧੁੰਨਾਂ ਹਨ, ਜਿਸ ਤੋਂ ਹੁਕਮ ਨਾਲ ਸੰਸਾਰ ਰਚਨਾ ਹੋਈ।

ਇਕੋ ਇੱਕ ਹਸਤੀ ਇੱਕ ਏਕੰਕਾਰ ਅਕਾਲ ਪੁਰਖ ਨੇ ਸੰਸਾਰ ਰਚਿਆ ਤੇ ਜੀਵ, ਜੰਤਾਂ, ਖੰਡਾਂ, ਬ੍ਰਹਿਮੰਡਾਂ ਦੇ ਅਨੇਕਾਂ ਰੂਪ ਧਾਰ ਕੇ ਆਪ ਖੇਡਣਾ ਸ਼ੁਰੂ

ਕੀਤਾ। ਸਾਰਾ ਸੰਸਾਰ ਤੇ ਸੰਸਾਰ ਦੀ ਜਨਮ ਮਰਨ ਦੀ ਖੇਡ ਉਸ ਦੇ ਹੁਕਮ ਨਾਲ ਹੋ ਰਹੀ ਜਾਦੂਈ ਖੇਡ (Illsion) ਹੈ।

ਜਦੋਂ ਉਸਨੂੰ ਭਾਵੇਗਾ ਤਾਂ ਉਸਦਾ ਮਾਇਆਵੀ ਸਰੂਪ ਸਮਾਪਤ ਹੋ ਜਾਵੇਗਾ, ਤੇ ਇਕੋ ਇੱਕ 'ਸੁੰਨ ਸਮਾਧ ਜੋਤਿ', ਨਾਮ ਜੋਤਿ ਵਿੱਚ ਸਮਾ ਜਾਏਗਾ।

*ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥*

(ਪੰਨਾ 276, ਗੁਰੂ ਗ੍ਰੰਥ ਸਾਹਿਬ)

ਅਕਾਲ ਪੁਰਖ ਨੇ ਤ੍ਰਿਗੁਣੀ ਸੰਸਾਰ ਜਾਂ ਤ੍ਰਿਭਵਣ ਸੰਸਾਰ ਨੂੰ ਕਾਲ (ਸਮਾਂ) ਉਪਾ ਕੇ ਕਾਲ ਦੇ ਜਨਮ ਮਰਨ ਦੇ ਗੇੜ ਵਿੱਚ ਪਾਇਆ। ਸੰਸਾਰ ਉਪਾਉਨ ਸਮੇਂ ਇਕੋ ਇੱਕ ਹਸਤੀ ਅਕਾਲ ਪੁਰਖ ਨੇ ਜੀਵ ਨੂੰ ਹਉਂ ਦਾ ਭਰਮ ਦਿੱਤਾ, ਜਿਸ ਕਰਕੇ ਮਨੁੱਖ ਆਪਣੇ ਆਪੇ, 'ਮੈਲੀ ਜਿੰਦ' ਨੂੰ ਸੱਤ ਤੇ ਸੰਸਾਰ ਦੇ ਸਭ ਕੰਮ ਕਰਨ ਵਾਲਾ ਸਮਝਨ ਲੱਗਾ। ਮਨੁੱਖ ਨਹੀਂ ਜਾਣਦਾ ਕਿ ਜਿਸ ਭਰਮ ਵਾਲੀ ਜਿੰਦ ਨੂੰ ਉਹ ਮੈਂ ਹਾਂ ਕਹਿੰਦਾ ਹੈ, ਉਹ ਅਕਾਲ ਪੁਰਖ ਦਾ ਉਪਾਇਆ ਮਾਯਾਵੀ ਸਰੂਪ ਹੈ। ਮਨੁੱਖ ਆਪ ਕੁਝ ਨਹੀਂ ਕਰ ਕਰਾ ਸਕਦਾ। ਕਰਨ ਕਰਾਵਨਹਾਰ ਨਾਲ ਵੱਸਦਾ ਜੋਤਿ ਰੂਪ ਅਕਾਲ ਪੁਰਖ ਹੈ। ਮਨੁੱਖ ਸਭ ਕੰਮ ਹੁਕਮ ਵਿੱਚ ਕਰਦਾ ਹੈ।

## ਕਾਲ ਪੁਰਖ

ਵੇਦ ਮਤ ਦਾ ਅੱਖਰ ਓਮ, ਕਾਲ ਸਮੇਂ ਵਿੱਚ ਹੋ ਰਹੀ ਤ੍ਰਿਗੁਣੀ ਸੰਸਾਰ, ਤ੍ਰਿਭਵਣ ਵਿੱਚ ਵਰਤ ਰਹੀ ਜਨਮ ਮਰਨ ਦੀ ਖੇਡ ਹੈ। ਵੇਦ ਮਤ, ਓਮ ਤੇ ਕਾਲ ਨੂੰ ਸੱਤ ਸਮਝਦਾ ਹੈ। ਭਰਮ ਕਰਕੇ, ਕਾਲ ਨੂੰ ਹੀ ਅਕਾਲ, ਕਰਤਾ, ਨਿਰਭਉ, ਨਿਰਵੈਰ, ਅਜੂਨੀ ਸੁਯੰਭਵ ਵੀ ਕਹਿੰਦਾ ਹੈ।

ਵੇਦ ਮਤ ਨਹੀਂ ਜਾਣਦਾ ਕਿ ਓਮ ਤੇ ਕਾਲ ਇਕੋ ਏਕੇ ਦੇ ਹੁਕਮ ਨਾਲ ਉਪਾਏ ਮਾਯਾਵੀ ਸਰੂਪ ਹਨ ਤੇ ਇਕੋ ਏਕੇ ਦੇ ਹੁਕਮ ਵਿੱਚ ਕਾਰ ਕਰਦੇ ਹਨ। ਵੇਦ ਮਤ ਨੂੰ ਹੁਕਮ ਦੀ ਪਛਾਣ ਨਹੀਂ।

ਗੁਰਬਾਣੀ ਓਮ, ਓਅੰ ਨਮਃ, ਦੀ ਵਿਚਾਰ ਸਮਝਾਉਂਦੀ ਹੈ।

*ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥*

(ਪੰਨਾ 930, ਗੁਰੂ ਗ੍ਰੰਥ ਸਾਹਿਬ)

ਓਮ ਜਾਂ ਵੇਦ ਮਤ ਦਾ ਅੱਖਰ ਓਮਕਾਰ, ਤ੍ਰੈਗੁਣੀ ਸੰਸਾਰ, ਤ੍ਰਿਭਵਣ ਸੰਸਾਰ ਹੈ, ਮਾਇਆ ਦਾ ਜੰਜਾਲ ਹੈ। ਵੇਦ ਮਤ ਓਮ, ਓਮਕਾਰ ਤੇ ਤ੍ਰਿਗੁਣੀ





ਸੰਸਾਰ ਦਾ ਵਖਿਆਨ ਕਰਦਾ ਹੈ, ਤਰੀਆ ਅਵਸਥਾ ਨੂੰ ਨਹੀਂ ਜਾਣਦਾ।

* *ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥*

(ਪੰਨਾ 154, ਗੁਰੂ ਗ੍ਰੰਥ ਸਾਹਿਬ)

* *ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥*

(ਪੰਨਾ 230, ਗੁਰੂ ਗ੍ਰੰਥ ਸਾਹਿਬ)

* *ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥ ਮੂਰਖੁ ਅੰਧਾ ਤਤੁ ਨ ਪਛਾਣੈ ॥ ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥*

(ਪੰਨਾ 1061, ਗੁਰੂ ਗ੍ਰੰਥ ਸਾਹਿਬ)

ਵੇਦ ਮਤ ਅਨੁਸਾਰ ਕਾਲ ਦੇਵਤਾ ਹੈ, ਸ਼ਕਤੀ ਰੂਪ ਹੈ। ਸ਼ਕਤੀ ਦੇ ਅਨੇਕ ਨਾਮ ਹਨ, ਜਿਸ ਤਰ੍ਹਾਂ ਕਾਲ, ਮਹਾਕਾਲ, ਕਾਲੀ, ਬ੍ਰਹਮਾ, ਵਿਸ਼ਨੂੰ, ਮਹੇਸ਼, ਭਗਉਤੀ, ਦੁਰਗਾ, ਚੰਡੀ, ਭਵਾਨੀ ਆਦਿ। ਵੇਦ ਮਤ ਇਹਨਾਂ ਮਿਥਿਆ ਸ਼ਕਤੀਆਂ ਨੂੰ ਬ੍ਰਹਮ ਕਹਿੰਦਾ ਹੈ, ਭਗਵਾਨ, ਪਰਮਾਤਮਾ ਕਹਿੰਦਾ ਹੈ, ਤੇ ਇਹਨਾਂ ਸ਼ਕਤੀਆਂ ਦੀ ਉਸਤਤਿ, ਜਪ, ਸਿਮਰਣ, ਧਿਆਨ ਦਾ ਉਪਦੇਸ਼ ਦਿੰਦਾ ਹੈ।

ਗੁਰਬਾਣੀ ਸਮਝਾਉਂਦੀ ਹੈ ਕਿ ਸਭ ਦੇਵੀ ਦੇਵਤੇ ਆਵਾਗਵਨ ਦੇ ਗੇੜ ਵਿੱਚ ਘੁੰਮਦੇ ਹਨ। ਜਦੋਂ ਅਸੀਂ ਦੇਵੀ ਦੇਵਤਿਆਂ ਦੇ ਗੁਣ ਤੇ ਸਰੂਪ ਦਸਮ ਗ੍ਰੰਥ ਦੀਆਂ ਰਚਨਾਵਾਂ ਵਿਚੋਂ ਪੜ੍ਹਾਂਗੇ ਤਾਂ ਸਪਸ਼ਟ ਹੋ ਜਾਵੇਗਾ ਕਿ ਸਭ ਵਿੱਚ ਅਨੇਕਾਂ ਅਵਗੁਣ ਵਿਕਾਰ ਹਨ। ਦੇਵੀ ਦੇਵਤਿਆਂ ਦੀ ਉਸਤਤਿ, ਤੇ ਜਪ ਸਿਮਰਣ ਕਰਨ ਵਾਲਿਆਂ ਵਿੱਚ ਇਹਨਾਂ ਦੇ ਅਵਗੁਣ ਆ ਜਾਂਦੇ ਹਨ। ਜਿਸਦਾ ਸਿਮਰਣ ਕਰਾਂਗੇ, ਉਹੋ ਜਿਹਾ ਹੋ ਜਾਵਾਂਗੇ।

ਗੁਰਬਾਣੀ ਇਕੋ ਇੱਕ ਸਦੀਵੀ ਹਸਤੀ ਅਕਾਲ ਪੁਰਖ ਦੇ ਜਪ/ਸਿਮਰਣ ਧਿਆਨ ਦਾ ਉਪਦੇਸ਼ ਦਿੰਦੀ ਹੈ।

* *ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥*

(ਪੰਨਾ 1113, ਗੁਰੂ ਗ੍ਰੰਥ ਸਾਹਿਬ)

* ***ਇਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥***

(ਪੰਨਾ 289, ਗੁਰੂ ਗ੍ਰੰਥ ਸਾਹਿਬ)

ਗੁਰਬਾਣੀ ਅਨੁਸਾਰ ਸਭ ਦੇਵੀ ਦੇਵਤੇ, ਦੂਜੇ ਹਨ। ਗੁਰਬਾਣੀ ਕਹਿੰਦੀ ਹੈ :

***ਮਾਈ ਰੀ ਆਨ ਸਿਮਰਿ ਮਰਿ ਜਾਂਹਿ ॥***

(ਪੰਨਾ 1225, ਗੁਰੂ ਗ੍ਰੰਥ ਸਾਹਿਬ)

(ਰੀ ਮਾਈ, ਦੂਜੇ ਨੂੰ ਸਿਮਰਣ ਵਾਲੇ ਜੰਮਦੇ ਮਰਦੇ ਰਹਿੰਦੇ ਹਨ।)

ਗੁਰਮਤਿ, ਕਾਲ, ਦੇਵੀ ਦੇਵਤਿਆਂ ਦੀ ਉਸਤਤਿ, ਜਪ, ਸਿਮਰਣ ਤੋਂ ਗੁਰਸਿੱਖਾਂ ਨੂੰ ਵਰਜਦੀ ਹੈ। ਗੁਰਸਿੱਖ, ਗੁਰੂ ਤੋਂ ਉਪਦੇਸ਼ ਲੈ ਕੇ, ਇਕੋ ਇੱਕ ਸਦੀਵੀ ਹਸਤੀ, ਅਕਾਲ ਪੁਰਖ ਦੀ ਉਸਤਤਿ ਤੇ ਅਰਾਧਨਾ ਕਰਦੇ ਹਨ, ਤੇ ਸਦ ਜੀਵਤ ਹੋ ਜਾਂਦੇ ਹਨ।

***ਗੁਰ ਉਪਦੇਸਿ ਕਾਲ ਸਿਉ ਜੁਰੈ ॥ ਕਾਲ ਪੁਰਖ ਕਾ ਮਰਦੈ ਮਾਨੁ ॥***

(ਪੰਨਾ 1159, ਗੁਰੂ ਗ੍ਰੰਥ ਸਾਹਿਬ)

ਦਸਮ ਗ੍ਰੰਥ ਦੀਆਂ ਰਚਨਾਵਾਂ ਵੇਦ ਮਤ ਦੇ ਕਵੀਆਂ ਨੇ ਦੇਵੀ ਦੇਵਤਿਆਂ ਦੀ ਉਸਤਤਿ ਤੇ ਸਿਮਰਣ ਦੇ ਭਾਵ ਵਿੱਚ ਰਚੀਆਂ ਹਨ। ਦਸਮ ਗ੍ਰੰਥ ਦੀਆਂ ਰਚਨਾਵਾਂ ਉਪਰ ਸ੍ਰੀ ਮੁਖਵਾਕ ਪਾ:10 ਲਿਖ ਕੇ ਜਣਾਇਆ ਗਿਆ ਹੈ ਕਿ ਰਚਨਾਵਾਂ ਪਾ:10 ਦੀਆਂ ਉਚਾਰੀਆਂ ਹਨ। ਜੇ ਪਾ:10 ਨੂੰ ਇਹਨਾਂ ਰਚਨਾਵਾਂ ਦਾ ਰਚਨਹਾਰ ਮੰਨੀਏ, ਤਾਂ ਇਹ ਵੀ ਮੰਨਨਾ ਪਵੇਗਾ ਕਿ ਪਾ:10, ਦੇਵੀ ਦੇਵਤਿਆਂ, ਕਾਲ, ਮਹਾਕਾਲ, ਭਗਉਤੀ ਦੇ ਉਪਾਸ਼ਕ ਸਨ।

ਗੁਰਬਾਣੀ ਵੇਦ ਮਤ ਦਾ ਖੰਡਨ ਮੂਲੋਂ ਹੀ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੀ ਤੇ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਸਜੇ। ਗੁਰੂ ਗੋਬਿੰਦ ਸਿੰਘ ਜੀ, ਪਹਿਲੀ ਨੌਂ ਗੁਰੂ ਪਾਤਸ਼ਾਹੀਆਂ ਤੇ ਗੁਰਬਾਣੀ ਦੇ ਵਿਰੁੱਧ ਕੋਈ ਬਾਣੀ ਨਹੀਂ ਰਚ ਸਕਦੇ।

ਉਦਾਹਰਣ ਲਈ ਅਸੀਂ ਕਾਲ, ਮਹਾਕਾਲ ਦੀ ਉਸਤਤਿ ਤੇ ਸਰੂਪ ਦਾ ਵਰਨਣ ਰਚਨਾ ਬਚਿਤ੍ਰ ਨਾਟਕ ਵਿੱਚੋਂ ਕਰਦੇ ਹਾਂ -

ਦਸਮ ਗ੍ਰੰਥ ਪੰਨਾ 39 -

ਸ੍ਰੀ ਕਾਲ ਜੀ ਕੀ ਉਸਤਤਿ





*ਭੁਜੰਗ ਪ੍ਰਯਾਤ ਛੰਦ।*
*ਸਦਾ ਏਕ ਜੋਤਯੰ, ਅਜੂਨੀ ਸਰੂਪੰ। ਮਹਾਂਦੇਵ ਦੇਵੰ, ਮਹਾਂ ਭੂਪ ਭੂਪੰ।*
*ਨਿਰੰਕਾਰ ਨਿਤਯੰ, ਨਿਰੂਪੰ ਨ੍ਰਿਬਾਣੰ। ਕਲੰਕਾਰਣੇਯੰ, ਨਮੋ ਖੜਗਪਾਣੰ।*

ਕਾਲ ਵੇਦ ਮਤ ਦਾ ਦੇਵਤਾ ਹੈ। ਹਮੇਸ਼ਾ ਇੱਕ ਜਯੋਤ ਹੈ, ਦੇਵਤਿਆਂ ਵਿੱਚ ਵੱਡਾ ਦੇਵਤਾ ਹੈ, ਵੱਡਾ ਰਾਜਾ ਹੈ, ਆਕਾਰ ਤੋਂ ਬਿਨਾ ਹੈ, ਨਿਤਯ, ਹਮੇਸ਼ਾ ਹੈ, ਰੂਪ ਰਹਿਤ ਹੈ। ਸ਼ਕਤੀ ਦਾ ਕਰਨ ਵਾਲਾ ਤੇ ਖੜਗਧਾਰੀ ਹੈ।

*ਨ ਰੂਪੰ ਨ ਰੇਖੰ, ਨ ਰੰਗੰ ਨ ਰਾਗੰ। ਨ ਨਾਮੰ ਨ ਠਾਮੰ, ਮਹਾਂ ਜੋਤਿ ਜਾਗੰ।*

ਕਾਲ ਦੇਵਤਾ ਦਾ ਰੂਪ ਰੇਖ ਰੰਗ ਨਹੀਂ, ਕਿਸੇ ਨਾਲ ਪ੍ਰੇਮ ਨਹੀਂ, ਨਾਮ ਤੇ ਟਿਕਾਨਾ ਨਹੀਂ, ਉਸ ਦੀ ਵੱਡੀ ਜੋਤਿ ਜਗ ਰਹੀ ਹੈ।

*ਅਲੇਖੰ ਅਭੇਖੰ ਅਨੀਲੰ ਅਨਾਦੰ। ਪਰੇਯੰ ਪਵਿਤ੍ਰੰ ਸਦਾ ਨ੍ਰਿਬਖਾਦੰ।*

ਲੇਖੇ ਤੋਂ ਬਾਹਰ ਹੈ, ਗਿਣਤੀ ਤੋਂ ਰਹਿਤ ਹੈ, ਉਸਦਾ ਮੁੱਢ ਨਹੀਂ ਲੱਭਦਾ, ਸਭ ਤੋਂ ਪਰੇ ਹੈ, ਪਵਿੱਤਰ ਹੈ, ਝਗੜਿਆਂ ਤੋਂ ਰਹਿਤ ਹੈ।

*ਸੁਭੂਤੰ ਭਵਿਖਯੰ, ਭਵਾਨੰ ਭਵੇਯੰ। ਨਮੋ ਨ੍ਰਿਬਿਕਾਰੰ, ਨਮੋ ਨ੍ਰਿਜੁਰੇਯੰ।*
*ਨਮੋ ਦੇਵ ਦੇਵੰ,, ਨਮੋ ਰਾਜ ਰਾਜੰ। ਨਿਰਾਲੰਬ ਨਿਤਯੰ, ਸੁ ਰਾਜਾਧਿਰਾਜੰ।*

ਕਾਲ, ਪਿਛਲੇ ਸਮੇਂ ਵਿੱਚ ਸੀ, ਅੱਗੇ ਨੂੰ ਹੋਵੇਗਾ, ਹੁਣ ਵੀ ਹੈ। ਨਮਸਕਾਰ ਹੈ ਵਿਕਾਰਾਂ ਤੋਂ ਰਹਿਤ ਨੂੰ, ਹੋਸ਼ਾਂ ਤੋਂ ਰਹਿਤ ਨੂੰ, ਦੇਵਤਿਆਂ ਦੇ ਦੇਵ ਨੂੰ, ਰਾਜਿਆਂ ਦੇ ਰਾਜੇ ਨੂੰ, ਉਹ ਆਸਰੇ ਤੋਂ ਬਿਨਾ ਹੈ, ਨਿੱਤ ਹੈ, ਰਾਜਿਆਂ ਦਾ ਰਾਜਾ ਹੈ।

*ਮਹਾਂ ਤੇਜ ਤੇਜੰ, ਮਹਾਂ ਜ੍ਵਾਲ ਜ੍ਵਾਲੰ। ਮਹਾਂ ਤੰਤ੍ਰ ਮੰਤ੍ਰੰ ਮਹਾਂ ਕਾਲ ਕਾਲੰ।*

ਉਸ ਦਾ ਵੱਡਾ ਤੇਜ਼ ਹੈ, ਅਗਨੀ ਦੀ ਵੱਡੀ ਲਾਟ ਹੈ। ਮੰਤ੍ਰਾਂ ਵਿੱਚ ਮਹਾ ਮੰਤ੍ਰ ਹੈ, ਕਾਲ ਵਿੱਚ ਮਹਾਕਾਲ ਹੈ।

ਨੋਟ : ਰਚਨਾ 'ਜਾਪ ਸਾਹਿਬ' ਵਿੱਚ ਵੀ ਕਾਲ ਦੇ ਉਪਰ ਦਿੱਤੇ ਗੁਣਾਂ ਨੂੰ ਕਰਮ ਨਾਮ ਕਿਹਾ ਗਿਆ ਹੈ, ਤੇ ਕਾਲ ਦੇਵਤੇ ਨੂੰ ਕਰਮ ਨਾਮਾਂ ਨਾਲ ਨਮਸਕਾਰ ਕੀਤੀ ਹੈ। ਕਾਲ ਜੀ ਦੀ ਉਸਤਤਿ ਵਿੱਚ ਕਵੀ ਸ਼ਸਤਰਾਂ ਦੇ ਨਾਮ ਲੈਂਦਾ ਹੈ। ਸ਼ਸਤਰਾਂ ਨੂੰ ਨਮਸਕਾਰ ਕਰਦਾ ਹੈ, ਜੋ ਕਾਲ ਦਾ ਰੂਪ ਹੀ ਹਨ।

ਪੰਨਾ 39, ਦਸਮ ਗ੍ਰੰਥ -

*ਨਮਸਕਾਰ ਸ੍ਰੀ ਖੜਗ ਕੋ, ਕਰੋਂ ਸੁ ਹਿਤੁ ਚਿਤੁ ਲਾਇ।*
*ਪੂਰਨ ਕਰੌਂ ਗਿਰੰਥ ਇਹੁ, ਤੁਮ ਮੁਹਿ ਕਰਹੁ ਸਹਾਇ। ੧। ੫੦੪।*
*ਸ੍ਰੀ ਕਾਲ ਜੀ ਕੀ ਉਸਤਤਿ। ਤ੍ਰਿਭੰਗੀ ਛੰਦ।*
*ਖਗ ਖੰਡ ਬਿਹੰਡੰ ਖਲਦਲ ਖੰਡੰ, ਅਤਿ ਰਣ ਮੰਡੰ ਬਰਬੰਡੰ।*

*ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨੁ ਪ੍ਰਭੰ।*
*ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸਿ ਸਰਣੰ।*
*ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ।*

ਮਹਾ ਕਾਲ ਦੇ ਸਰੂਪ ਦਾ ਰੂਪਕ, ਮਹਾਕਾਲ, ਵੇਦ ਮਤ ਦਾ ਦੇਵਤਾ ਹੈ। ਇਹ ਵੀ ਕਾਲ ਦਾ ਰੂਪ ਹੀ ਹੈ।

*ਡਮਾਡੱਮ ਡਉਰੂ ਸਿਤਾਸੇਤ ਛਤ੍ਰੰ।। ਹਾਹਾ ਹੂਹ ਹਾਸੰ ਝਮਾ ਝੱਮ ਅਤੰ।।*

*ਮਹਾ ਘੋਰ ਸਬਦੰ ਬਜੇ ਸੰਖ ਐਸੰ।। ਪ੍ਰਲੈਕਾਲ ਕੇ ਕਾਲ ਕੀ ਜ੍ਵਾਲ ਜੈਸੰ।।*

ਮਹਾਕਾਲ ਦੇ ਹੱਥ ਦਾ ਡਉਰੂ ਡੰਮ ਡੰਮ ਕਰਦਾ ਹੈ, ਚਿੱਟਾ ਛੱਤਰ ਝੁੱਲਦਾ ਹੈ। ਹਾ ਹਾ, ਹੂ ਹੂ ਕਰਦੇ ਹੱਸ ਰਹੇ ਹਨ। ਹੱਥ ਵਿਚਲੇ ਅਸਤ੍ਰ ਝਿਲ ਮਿਲ ਕਰ ਰਹੇ ਹਨ। ਜਦੋਂ ਸੰਖ ਵਜਾਉਂਦੇ ਹਨ, ਉਸਦਾ ਵੱਡਾ ਡਰਾਉਣਾ ਸ਼ਬਦ ਅਜਿਹਾ ਹੁੰਦਾ ਹੈ, ਜਿਸ ਤਰ੍ਹਾਂ ਪਹਿਲੇ ਦੇ ਸਮੇਂ ਦੀ ਕਾਲ ਦੀ ਅਗਨੀ ਭੜਭੜਾਉਂਦੀ ਹੈ।

**ਮਹਾਕਾਲ ਦਾ ਸਰੂਪ -**

*ਤੋਟਕ ਛੰਦ।। ਤ੍ਵਪ੍ਰਸਾਦਿ।।*

*ਮੁਖ ਬਿਜੁੱਲ ਜ੍ਵਾਲ ਘਣੰ ਪ੍ਰਜੁਲੰ।। ਮਦਰਾ ਕਰ ਮੱਤ ਮਹਾ ਭਭਕੰ।।*
*ਬਨ ਮੈ ਮਨੋ ਬਾਘ ਬਚਾ ਬਬਕੰ।। ੫੩।।*

ਮੁੱਖ ਵਿੱਚੋਂ ਬਿਜਲੀ ਦੀ ਲਾਟ, ਜਵਾਲਾ ਨਿਕਲਦੀ ਹੈ। ਸ਼ਰਾਬ ਵਿੱਚ ਮਸਤ ਉਚਾ ਭਭਕਨਾ ਐਸਾ ਹੈ ਮਾਨੋ ਜੰਗਲ ਵਿੱਚ ਸ਼ੇਰ ਦਾ ਬੱਚਾ ਭਬਕਦਾ ਹੈ।

ਨੋਟ : ਵੇਦ ਮਤ ਅਨੁਸਾਰ ਇੱਕ ਹੀ ਕਾਲ ਸ਼ਕਤੀ ਦੇ ਅਨੇਕਾਂ ਨਾਮ, ਕਾਲ, ਮਹਾਕਾਲ, ਕਾਲੀ, ਭਗਉਤੀ ਆਦਿ ਹਨ।

ਕਵੀ ਕਾਲ ਨੂੰ ਅਕਾਲ ਵੀ ਕਹਿੰਦਾ ਹੈ।

ਗੁਰਬਾਣੀ ਅਨੁਸਾਰ ਕਾਲ ਤੇ ਸਭ ਦੇਵਤੇ, ਇਕੋ ਇੱਕ ਸਦੈਵੀ ਹਸਤੀ, ਜੋਤਿ ਰੂਪ ਅਕਾਲ ਪੁਰਖ ਨੇ ਹੁਕਮ ਨਾਲ ਰਚੇ ਹਨ, ਅਕਾਲ ਪੁਰਖ ਦਾ ਮਾਯਾਵੀ ਸਰੂਪ ਹਨ, ਮਿਥਿਆ ਹਨ। ਵੇਦ ਮਤ ਹਉਂ ਦੇ ਭੁਲੇਖੇ ਕਰਕੇ ਦੇਵੀ ਦੇਵਤਿਆਂ ਨੂੰ, ਜੋਤਿ ਰੂਪ, ਰੂਪ ਰੇਖ ਰੰਗ ਤੋਂ ਨਿਆਰਾ, ਅਕਾਲ, ਨਿਰਭਉ, ਨਿਰਵੈਰ, ਅਜੂਨੀ, ਸੈਭੰ ਕਹਿੰਦਾ ਹੈ। ਵੇਦ ਮਤ ਨੂੰ ਇਕੋ ਇੱਕ ਸਦੀਵ ਹਸਤੀ ਅਕਾਲ ਪੁਰਖ ਦਾ ਗਿਆਨ ਨਹੀਂ। ਵੇਦ ਮਤ, ਸ਼ਕਤੀਆਂ ਦਾ ਉਪਾਸ਼ਕ ਹੈ ਤੇ ਇਹਨਾਂ ਦੇ ਜਪ ਸਿਮਰਣ ਧਿਆਨ ਤੇ ਉਸਤਤਿ ਦਾ ਉਪਦੇਸ਼ ਦਿੰਦਾ ਹੈ। ਗੁਰਬਾਣੀ ਕਹਿੰਦੀ ਹੈ ਕਿ ਇਹ ਪਾਰਬ੍ਰਹਮ ਦੀ ਮਾਇਆ ਹੈ, ਇਹਨਾਂ ਦੇ ਉਪਾਸ਼ਕ ਜੰਮਦੇ ਮਰਦੇ ਰਹਿੰਦੇ ਹਨ। ਗੁਰਬਾਣੀ, ਦੇਵੀ ਦੇਵਤਿਆਂ ਦੇ ਜਪ





ਸਿਮਰਣ ਉਸਤਤਿ ਤੋਂ ਗੁਰਸਿੱਖਾਂ ਨੂੰ ਤੇ ਸਾਰੇ ਸੰਸਾਰ ਦੇ ਮਨੁੱਖਾਂ ਨੂੰ ਵਰਜਦੀ ਹੈ।

ਸਭ ਦੇਵੀ ਦੇਵਤੇ ਹੁਕਮ ਵਿੱਚ ਕਾਰ ਕਰਦੇ ਹਨ। ਦਸਮ ਗ੍ਰੰਥ ਦੀਆਂ ਰਚਨਾਵਾਂ ਵਿੱਚ ਦਰਸਾਏ ਦੇਵੀ ਦੇਵਤਿਆਂ, ਕਾਲ, ਮਹਾਕਾਲ, ਭਗਉਤੀ ਆਦਿ ਨੂੰ ਅਸੀਂ ਅਕਾਲ ਪੁਰਖ, ਪਾਰਬ੍ਰਹਮ ਨਹੀਂ ਕਹਿ ਸਕਦੇ। ਸਾਡੇ ਵਿਦਵਾਨਾਂ ਨੇ ਪਰੰਪਰਾਗਤ ਭੁੱਲ ਦੇ ਕਾਰਣ ਇਹ ਅਰਥ ਕੀਤੇ ਹਨ।

ਕਵੀ ਨੇ ਕਾਲ ਦੀ ਸ਼ਕਤੀ ਦਾ ਵਰਣਨ ਹੇਠ ਲਿਖੇ ਪਦੇ ਵਿੱਚ ਵੀ ਕੀਤਾ ਹੈ :

*ਸਵੈਯਾ।।*

*ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾਕੀ ਕਾਲ ਹੈ।।*
*ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ।।*
*ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ।।*
*ਔਰ ਸੁਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ।। ੮੪।।*

ਕਾਲ ਦਾ ਇਸ਼ਾਰਾ ਪਾ ਕੇ ਹੀ ਭਗਵਾਨ ਵਿਸ਼ਨੂੰ ਹੋਇਆ, ਇਸ ਜਗਤ ਵਿੱਚ ਜਿਸਦੀ ਸ਼ਕਤੀ ਪ੍ਰਗਟ ਹੋ ਰਹੀ ਹੈ। ਕਾਲ ਦਾ ਇਸ਼ਾਰਾ ਪਾ ਕੇ ਹੀ ਬ੍ਰਹਮ ਹੋਇਆ ਹੈ। ਕਾਲ ਦਾ ਇਸ਼ਾਰਾ ਪਾ ਕੇ ਹੀ ਦੇਵਤੇ, ਦੈਤ ਆਦਿ ਹੋਏ। ਹੋਰ ਸਭ ਸੰਸਾਰ ਜਨਮ ਮਰਨ ਵਿੱਚ ਹੈ, ਇਕੋ ਕਾਲ, ਸਦਾ ਅਕਾਲ, ਕਾਲ ਤੋਂ ਰਹਿਤ ਹੈ। ਵੇਦ ਮਤ ਤੇ ਕਵੀ ਕਾਲ ਨੂੰ ਹੀ ਅਕਾਲ ਕਹਿੰਦੇ ਹਨ। ਗੁਰਮਤਿ ਅਨੁਸਾਰ ਵੇਦ ਮਤ ਮੂਲ ਮੰਤ੍ਰ ਵਿੱਚ ਦਰਸਾਏ ਅਕਾਲ ਪੁਰਖ ਨੂੰ ਨਹੀਂ ਜਾਣਦਾ।

## ਭਾਗ ੮

# ਦਸਮ ਗ੍ਰੰਥ ਦੀਆਂ ਰਚਨਾਵਾਂ

## ਭੂਮਿਕਾ

ਜਿਸ ਗ੍ਰੰਥ ਨੂੰ ਅੱਜ ਦਸਮ ਗ੍ਰੰਥ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਇਸ ਗ੍ਰੰਥ ਜਾਂ ਪੁਸਤਕ ਦਾ ਨਾਮ ਪਹਿਲਾਂ 'ਬਚਿਤ੍ਰ ਨਾਟਕ' ਸੀ। ਅਸੀਂ ਅਨੁਮਾਨ ਲਗਾ ਸਕਦੇ ਹਾਂ ਕਿ ਨਾਮ ਦਸਮ ਗ੍ਰੰਥ ਲਗਭਗ 1885 ਈ. ਵਿੱਚ ਰਖਿਆ ਗਿਆ ਹੋਵੇਗਾ।

ਹਿੰਦੂਤਵਾ ਦੀਆਂ ਤਾਕਤਾਂ ਦੀ ਕੂਟ ਨੀਤੀ ਸਦਕਾ ਇਸ ਦਾ ਨਾਮ ਇੱਕ ਹੋਰ ਵਾਰ ਬਦਲ ਕੇ ਦਸਮ ਗੁਰੂ ਗ੍ਰੰਥ ਸਾਹਿਬ ਹੋ ਗਿਆ ਹੈ। ਇਸ ਤਰ੍ਹਾਂ ਵੇਦ ਮਤ ਦੇ ਗ੍ਰੰਥ ਬਚਿਤ੍ਰ ਨਾਟਕ ਨੂੰ ਹੁਣ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਦੇਣ ਦਾ ਉਪਰਾਲਾ ਹੋ ਰਿਹਾ ਹੈ। ਕੀ ਗੁਰਸਿੱਖ ਹੁਣ ਦੇਵੀ ਦੇਵਤਿਆਂ ਦੇ ਉਪਾਸ਼ਕ ਹੋ ਜਾਣਗੇ ?

ਅਖੌਤੀ ਦਸਮ ਗ੍ਰੰਥ ਦੀ ਸੰਪਾਦਨਾ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨਹੀਂ ਕੀਤੀ ਤੇ ਨਾ ਹੀ ਕਰਾਈ ਹੈ। ਇਸ ਗ੍ਰੰਥ ਦੀ ਸੰਪਾਦਨਾ ਪਾ:10 ਦੇ ਜੋਤੀ ਜੋਤਿ ਸਮਾਉਣ ਤੋਂ ਬਾਦ 13 ਸਾਲ ਪਿਛੋਂ ਸੰਮਤ 1778 ਜਾਂ ਕਈ ਵਿਦਵਾਨਾਂ ਅਨੁਸਾਰ 17 ਸਾਲ ਪਿਛੋਂ ਹੋਈ।

ਦਸਮ ਗ੍ਰੰਥ, ਵੱਖ-ਵੱਖ ਰਚਨਾਵਾਂ ਦਾ ਸੰਗ੍ਰਹਿ ਹੈ। ਪੁਰਾਤਨ ਹਸਤ ਲਿਖਤ ਬੀੜਾਂ ਵਿੱਚ ਵੀ ਇਹ ਵੱਖ-ਵੱਖ ਰਚਨਾਵਾਂ ਦਾ ਸੰਗ੍ਰਹਿ ਸੀ। ਸ਼ੁਰੂ-ਸ਼ੁਰੂ ਵਿੱਚ ਇਸ ਗ੍ਰੰਥ ਦਾ ਨਾਮ ਬਚਿਤ੍ਰ ਨਾਟਕ ਸੀ। ਜਿਸ ਬੀੜ ਨੂੰ ਭਾਈ ਮਨੀ ਸਿੰਘ ਜੀ ਦੀ ਬੀੜ ਕਰਕੇ ਜਨਾਇਆ ਗਿਆ ਹੈ, ਉਸਦੇ ਤਤਕਰੇ ਵਿੱਚ ਲਿਖਿਆ ਹੈ -

*ਤਤਕਰਾ ਬਚਿਤ੍ਰ ਨਾਟਕ ਗ੍ਰੰਥ ਜੀ ਕਾ।*

ਬਚਿਤ੍ਰ ਨਾਟਕ ਦੇ ਵਿੱਚ ਅਵਤਾਰਾਂ ਤੇ ਰਾਜਿਆਂ ਦੇ ਅਨੇਕ ਇਤਿਹਾਸਕ ਪ੍ਰਸੰਗ ਹਨ ਜੋ ਨਾਟਕ ਦੀ ਰੀਤਿ ਅਨੁਸਾਰ ਲਿਖੇ ਗਏ ਹਨ। ਬਚਿਤ੍ਰ ਦੇ ਅਰਥ





ਹਨ ਅਜੀਬ ਜਾਂ ਹੈਰਾਨ।

ਦਸਮ ਗ੍ਰੰਥ ਦੀਆਂ ਕੁਲ 12 ਰਚਨਾਵਾਂ ਵਿਚੋਂ 11 ਰਚਨਾਵਾਂ ਵਿੱਚ ਰਚਨਹਾਰ ਪਾ:10 ਨੂੰ ਦਰਸਾਇਆ ਗਿਆ ਹੈ। ਰਚਨਾਵਾਂ ਦੇ ਮੰਗਲਾਚਰਣ ਵਿੱਚ ਅਕਾਲ ਉਸਤਤਿ, ਸ੍ਰੀ ਭਗਉਤੀ ਜੀ ਸਹਾਇ ਆਦਿ ਵੀ ਲਿਖਿਆ ਹੈ। ਰਚਨਹਾਰ ਨੇ ਭਗਉਤੀ ਜੀ ਸਹਾਇ, ਜਾਂ ਪ੍ਰਥਮ ਭਗਉਤੀ ਸਿਮਰਿ ਕੇ, ਜਾਂ ਕਾਲ ਜੂ ਕੀ ਉਸਤਤਿ ਲਿਖ ਕੇ ਆਪਣੇ ਇਸ਼ਟ ਦੀ ਜਾਣਕਾਰੀ ਵੀ ਦਿੱਤੀ ਹੈ। ਭਗਉਤੀ, ਕਾਲ ਆਦਿ ਲਿਖ ਕੇ ਰਚਨਾ ਵਿੱਚ ਹੀ ਇਸ਼ਟ ਦੇ ਅਰਥ ਵੀ ਸਮਝਾਏ ਹਨ। ਅਸੀਂ ਭਗਉਤੀ ਦੇ ਅਰਥ ਉਹ ਹੀ ਕਰ ਸਕਦੇ ਹਾਂ ਜੋ ਰਚਨਹਾਰ ਨੇ ਕੀਤੇ ਹਨ।

ਰਚਨਾਵਾਂ ਦੇ ਸਿਰਲੇਖ ਤੇ ਮੰਗਲਾਚਰਣ ਦੀ ਸੂਚੀ ਅਸੀਂ ਹੇਠਾਂ ਲਿਖੀ ਹੈ।

1. ਜਾਪੁ ਸਾਹਿਬ (ਦਸਮ ਗ੍ਰੰਥ ਪੰਨਾ 1 ਤੋਂ 10)
   *ੴ ਸਤਿਗੁਰ ਪ੍ਰਸਾਦਿ, ੴ ਵਾਹਿਗੁਰੂ ਜੀ ਕੀ ਫਤਹ,*
   *ਸ੍ਰੀ ਮੁਖਵਾਕ ਪਾ:੧੦*
2. ਅਕਾਲ ਉਸਤਤਿ (ਪੰਨਾ 11 ਤੋਂ 38) ਪਾ:10
3. ਬਚਿਤ੍ਰ ਨਾਟਕ ਸ੍ਰੀ ਮੁਖਵਾਕ ਪਾ:10 (ਪੰਨਾ 39 ਤੋਂ 73)
4. *ੴ ਵਾਹਿਗੁਰੂ ਜੀ ਕੀ ਫਤਹ*
   *ਸ੍ਰੀ ਭਗਉਤੀ ਜੀ ਸਹਾਇ। ਵਾਰ ਸ੍ਰੀ ਭਗਉਤੀ ਜੀ ਕੀ ਪਾ:੧੦.*
   (ਪੰਨਾ 119 ਤੋਂ 127)
5. *ੴ ਸਤਿਗੁਰ ਪ੍ਰਸਾਦਿ।। ਸ੍ਰੀ ਭਗਉਤੀ ਜੀ ਸਹਾਇ।।*
   *ਅਬ ਗਿਆਨ ਪ੍ਰਬੋਧ ਲਿਖਯਤੇ ਪਾ:੧੦* (ਪੰਨਾ 127 ਤੋਂ 155)
6. ਅਬ ਚਉਬੀਸ ਅਵਤਾਰ (ਪੰਨਾ 155 ਤੋਂ 709)
   *ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ਪਾ:੧੦*
7. ਰਾਮਕਲੀ ਪਾ:10 (ਪੰਨਾ 709 ਤੋਂ 712)
8. 33 ਸਵੈਯੇ (ਪੰਨਾ 712 ਤੋਂ 716)
   *ੴ ਵਾਹਿਗੁਰੂ ਜੀ ਕੀ ਫਤਹ*
   *ਸ੍ਰੀ ਮੁਖਵਾਕ ਸਵੈਯਾ ਪਾ:੧੦*

9. ਖ਼ਾਲਸਾ ਮਹਿਮਾ (ਪੰਨਾ 716)
*ੴ ਸ੍ਰੀ ਮੁਖਵਾਕ ਪਾ:੧੦*

10. ਸ਼ਸਤਰ ਨਾਮ ਮਾਲਾ (ਪੰਨਾ 717 ਤੋਂ 808) ***ਸ੍ਰੀ ਭਗਉਤੀ ਸਹਾਇ।। ਪਾ:੧੦।।***

11. ਅਬ ਤ੍ਰਿਯਾ ਚਰਿਤ੍ (ਪੰਨਾ 809 ਤੋਂ 1388)***ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।।***
***ਸ੍ਰੀ ਭਗਉਤੀ ਜੀ ਸਹਾਇ।। ਅਬ ਪਖਿਆਨ ਚਰਿਤ੍ ਲਿਖਯਤੇ ਪਾ:੧੦***

12. ੴ ਹੁਕਮ ਸੱਤਿ, ਸ੍ਰੀ ਵਾਹਿਗੁਰੂ ਜੀ ਕੀ ਫ਼ਤਹ।।
ਜ਼ਫ਼ਰਨਾਮਾ ਸ੍ਰੀ ਮੁਖਵਾਕ ਪ:10 (ਪੰਨਾ 1389 ਤੋਂ 1428)
*ਜ਼ਫਰਨਾਮਹ ਪਾ: ੧੦*
*ੴ ਹੁਕਮ ਸਤ*
***ਸ੍ਰੀ ਵਾਹਿਗੁਰੂ ਜੀ ਕੀ ਫਤਹ।। ਜ਼ਫਰਨਾਮਾ ਸ੍ਰੀ ਮੁਖਵਾਕ ਪਾ:੧੦***

ਅਸੀਂ ਉਪਰ ਲਿਖੀਆਂ ਰਚਨਾਵਾਂ ਦੀ ਵਿਚਾਰ, ਇਹਨਾਂ ਰਚਨਾਵਾਂ ਵਿੱਚ ਜੋ ਲਿਖਿਆ ਹੈ, ਉਸ ਦੇ ਆਧਾਰ ਤੇ ਕਰਨ ਦਾ ਯਤਨ ਕਰਨਾ ਹੈ। ਰਚਨਾਵਾਂ ਲਿਖਨ ਵਾਲੇ ਦੇ ਵਿਚਾਰਾਂ ਦਾ ਮੂਲ ਤਿੰਨ ਪ੍ਰਕਾਰ ਦਾ ਹੋ ਸਕਦਾ ਹੈ

- ਨਿਰੋਲ ਗੁਰਬਾਣੀ
- ਨਿਰੋਲ ਵੇਦ ਸ਼ਾਸਤਰਾਂ ਸਿੰਮ੍ਰਿਤੀਆਂ, ਹਿੰਦੂ ਧਰਮ ਗ੍ਰੰਥ
- ਗੁਰਬਾਣੀ ਉਪਦੇਸ਼ ਤੇ ਹਿੰਦੂ ਧਰਮ ਗ੍ਰੰਥਾਂ ਦਾ ਮਿਲ-ਗੋਭਾ

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨਿਰੋਲ ਗੁਰਬਾਣੀ ਉਪਦੇਸ਼ ਅਨੁਕੂਲ ਹੋਵੇਗੀ। ਪਾ:10 ਅਭੁੱਲ ਗੁਰੂ ਕਰਤਾਰ ਹਨ। ਉਹਨਾਂ ਦੀ ਬਾਣੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਵਿਰੁੱਧ ਕੋਈ ਵਿਚਾਰ ਨਹੀਂ ਹੋ ਸਕਦਾ।

ਗੁਰਬਾਣੀ ਉਪਦੇਸ਼ ਤੇ ਹਿੰਦੂ ਧਰਮ ਗ੍ਰੰਥਾਂ ਦੇ ਉਪਦੇਸ਼ ਵਿੱਚ ਭੇਦਾਂ ਨੂੰ ਗੁਰਬਾਣੀ ਵਿੱਚ ਹੀ ਸਪਸ਼ਟ ਰੂਪ ਵਿੱਚ ਖੋਲ ਕੇ, ਗੁਰੂ ਸਾਹਿਬਾਨ ਨੇ ਬਿਆਨ ਕੀਤਾ ਹੈ। ਗੁਰਸਿੱਖ ਗੁਰਬਾਣੀ ਉਪਦੇਸ਼ ਨੂੰ ਸੱਤ ਮੰਨਦੇ ਹਨ।

ਗੁਰਬਾਣੀ, ੧, ਇਕੋ ਇਕ ਸਦੈਵੀ ਹਸਤੀ, ਏਕੰਕਾਰ ਜੋਤਿ ਰੂਪ ਪਾਰਬ੍ਰਹਮ , ਪਰਮ ਨਿਰਮਲ ਚੇਤਨਾ ਦਾ ਗਿਆਨ ਬਖਸ਼ਦੀ ਹੈ। ਇਹ ਹਸਤੀ ਸੱਚਾਈ ਹੈ, ਹੋਂਦ ਹੈ, ਮਨੋਕਲਪਿਤ, ਮਿਥਿਆ ਨਹੀਂ। ਇਕ ਏਕੰਕਾਰ ਜੋਤਿ ਹੈ, ਅਕਾਲ ਪੁਰਖ ਹੈ, ਆਦਿ ਪੁਰਖ ਹੈ, ਪਰਮ ਨਿਰਮਲ ਚੇਤਨਾ ਹੈ, ਅਬਿਨਾਸੀ ਹੈ,





ਆਨੰਦ ਸਰੂਪ ਹੈ, ਸਦਾ ਸੱਤ ਹੈ। ਇਕ ਏਕੰਕਾਰ ਵਿੱਚ ਸਭ ਗੁਣ ਹਨ, ਕੋਈ ਅਵਗੁਣ ਵਿਕਾਰ ਕਾਮ ਕ੍ਰੋਧ ਆਦਿ ਨਹੀਂ, ਬਖਸ਼ੰਦ ਹੈ।

**ਮੂਲ ਮੰਤ੍ਰ ਦਾ ਦੂਜਾ ਅਖਰ ਓਅੰਕਾਰ -**

ਇਕ ਏਕੰਕਾਰ ਦੇ ਹੁਕਮ ਨਾਲ ਇਕ ਏਕੰਕਾਰ ਦਾ ਪਸਾਰੇ ਵਾਲਾ ਸਰੂਪ ਓਅੰਕਾਰ ਵਜੂਦ ਵਿੱਚ ਆਇਆ। ਓਅੰਕਾਰ ਸਰੂਪ ਦੀ ਹੋਂਦ ਵਿੱਚ ਆਉਣ ਦੇ ਨਾਲ ਹੀ ਕਾਲ ਸਮਾਂ ਸ਼ੁਰੂ ਹੋਇਆ। ਇਕ ਕਾਲ ਚੱਕਰ ਪੂਰਾ ਹੋਣ ਤੋਂ ਬਾਦ, ਇਕ ਏਕੰਕਾਰ ਦੇ ਹੁਕਮ ਨਾਲ ਸਮਾਂ ਖੈ ਹੋ ਜਾਂਦਾ ਹੈ ਤੇ ਸਾਰਾ ਸੰਸਾਰ, ਇਕ ਵਿੱਚ ਹੀ ਸਮਾ ਜਾਂਦਾ ਹੈ। ਓਅੰਕਾਰ ਸਰੂਪ ਸਦਾ ਸੱਤ ਨਹੀਂ। ਓਅੰਕਾਰ ਸਰੂਪ ਵਿਚ ਨਾਮ ਜੋਤਿ ਦਾ ਸੰਸਾਰ ਵਿਚ ਪਸਾਰਾ ਹੈ। ਨਾਮ ਜੋਤਿ ਪਰਮ ਨਿਰਮਲ ਚੇਤਨਾ ਹੈ। ਨਾਮ ਜੋਤਿ ਤੋਂ ਇਕ ਦੇ ਹੁਕਮ ਨਾਲ ਸ੍ਰਿਸ਼ਟੀ ਦੇ ਜੀਵ ਜੰਤ, ਹਉਂ ਦੇ ਭਰਮ ਨਾਲ ਪੈਦਾ ਹੁੰਦੇ ਹਨ, ਪਲਦੇ ਹਨ ਤੇ ਮਰਦੇ ਰਹਿੰਦੇ ਹਨ। (ਇਹ 84 ਲੱਖ ਜੂਨਾਂ ਦਾ ਗੇੜ ਹੈ।)

ਗੁਰਬਾਣੀ ਇਕ ਏਕੰਕਾਰ, ਪਾਰਬ੍ਰਹਮ ਦੇ ਜਪ ਸਿਮਰਣ ਦਾ ਉਪਦੇਸ਼ ਦਿੰਦੀ ਹੈ। ਜਿਸ ਦੀ ਸਿਫਤ ਸਾਲਾਹ, ਜਪ ਸਿਮਰਨ ਧਿਆਨ ਕਰਾਂਗੇ, ਉਸ ਦੇ ਗੁਣ ਸੇਵਕ ਵਿੱਚ ਆ ਜਾਂਦੇ ਹਨ। ਗੁਰਮਤਿ ਨਾਮ ਸਿਮਰਨ ਕਰਕੇ ਤੇ ਗੁਰਬਾਣੀ ਦੁਆਰਾ ਉਸ ਦੀ ਸਿਫਤ ਸਾਲਾਹ, ਗੁਣ ਗਾ ਕੇ, ਉਸ ਨੂੰ ਨਮਸਕਾਰਾਂ ਕਰਕੇ, ਇੱਕ ਦੇ ਸਭ ਗੁਣ ਸਿੱਖ ਵਿੱਚ ਪ੍ਰਵੇਸ਼ ਕਰ ਜਾਂਦੇ ਹਨ ਤੇ ਉਹ ਇੱਕ ਵਿੱਚ ਹੀ ਸਮਾ ਜਾਂਦਾ ਹੈ, ਤੇ ਇਕ ਵਰਗਾ ਹੀ ਹੋ ਜਾਂਦਾ ਹੈ। ਜਦੋਂ ਇਕ ਗੁਣੀ ਭਰਪੂਰ, ਪਾਰਬ੍ਰਹਮ ਦੇ ਗੁਣ ਅੰਦਰ ਆਉਂਦੇ ਹਨ, ਤਾਂ ਅਵਗੁਣ ਨਾਸ਼ ਹੋ ਜਾਂਦੇ ਹਨ।

ਸੰਸਾਰ ਦੇ ਮੈਡੀਕਲ ਵਿਸ਼ਵ ਵਿਦਿਆਲੇ (Medical Universities) ਤੇ ਹੋਰ ਯੂਨੀਵਰਸਿਟੀਆਂ ਵਿੱਚ ਅਜਕਲ Consciousness, ਚੇਤਨਾ ਤੇ ਵਿਗਿਆਨਕ ਖੋਜ (Scientific Research) ਹੋ ਰਹੀ ਹੈ। Medical ਡਾਕਟਰ ਹੁਣ ਇਹ ਪਰਚਾਰ ਕਰ ਰਹੇ ਹਨ ਕਿ ਜਿਸ ਦਾ ਜਪ, ਸਿਮਰਣ, ਅਰਾਧਨਾ, ਗੁਣਾਣਵਾਦ, ਮਨੁੱਖ ਕਰਦਾ ਹੈ, ਉਸੀ ਦੇ ਗੁਣ/ਅਵਗੁਣ ਮਨੁੱਖ ਵਿੱਚ ਆ ਜਾਂਦੇ ਹਨ। ਇਥੋਂ ਤਕ ਕਿ ਜੇ ਸਿਗਰਟ (cigarrete) ਦਾ ਧਿਆਨ ਧਰਿਆ ਜਾਵੇਗਾ ਤੇ ਇਸ ਨਾਮ ਨੂੰ ਜਪਿਆ ਜਾਵੇਗਾ ਤਾਂ ਸਿਗਰਟ ਦੇ ਸਭ ਅਵਗੁਣ, ਰੋਗ, ਬੀਮਾਰੀਆਂ ਉਸ ਮਨੁੱਖ ਵਿੱਚ ਆ ਜਾਣਗੇ। ਇਸ ਲਈ ਇਹ ਗੱਲ ਬਹੁਤ ਜ਼ਰੂਰੀ ਹੈ ਕਿ ਅਸੀਂ ਕਿਸ ਦਾ ਨਾਮ ਜਪਦੇ ਹਾਂ ਤੇ ਕਿਸ ਦੀ ਸਿਫਤ ਸਾਲਾਹ ਕਰਦੇ ਹਾਂ।

ਗੁਰਬਾਣੀ ਓਮ ਨੂੰ ਸੱਤ ਨਹੀਂ ਕਹਿੰਦੀ, ਓਮ ਨੂੰ ਅਕਾਲ ਪੁਰਖ,

ਅਬਿਨਾਸੀ ਹਸਤੀ, ਆਦਿ ਪੁਰਖ ਨਹੀਂ ਕਹਿੰਦੀ। ਓਮ ਦਾ ਜਪ ਸਿਮਰਣ ਕਰਨ ਵਾਲੇ ਜਮਾਂ ਵੱਸ ਪੈਂਦੇ ਹਨ, ਜਨਮ ਮਰਨ ਦੇ ਗੇੜ ਵਿੱਚ ਪੈਂਦੇ ਹਨ, ਉਹਨਾਂ ਦਾ ਹਉਂ ਦਾ ਭਰਮ ਕਿਸੇ ਜਪ, ਤਪ, ਧਿਆਨ, ਸਾਧਨਾ ਨਾਲ ਨਹੀਂ ਜਾ ਸਕਦਾ। ਓਮ ਤੋਂ ਕਾਲ (ਸਮਾਂ) ਆਰੰਭ ਹੋਇਆ। ਓਮ ਹੀ ਕਾਲ ਪੁਰਖ ਹੈ।

ਹਿੰਦੂ ਧਰਮ ਸ਼ਾਸਤਰਾਂ ਅਨੁਸਾਰ, ਬ੍ਰਹਮਾ ਬਿਸਨ ਮਹੇਸ਼ ਕਾਲ ਤੋਂ ਉਪਜੇ ਦੇਵਤੇ ਹਨ। ਕਾਲ ਜਾਂ ਮਹਾਕਾਲ ਦਾ ਹੀ ਰੂਪ ਦੁਰਗਾ, ਭਵਾਨੀ, ਭਗਉਤੀ ਆਦਿ ਦੇਵੀਆਂ ਹਨ। ਹਿੰਦੂ ਧਰਮ ਗ੍ਰੰਥ ਦੇਵੀ ਦੇਵਤਿਆਂ ਦੀ ਪੂਜਾ, ਅਰਾਧਨਾ, ਧਿਆਨ, ਸਿਫਤ ਸਾਲਾਹ ਆਦਿ ਦਾ ਉਪਦੇਸ਼ ਦਿੰਦੇ ਹਨ।

ਬਚਿਤ੍ਰ ਨਾਟਕ ਦੇ ਛੰਤ 84 ਵਿੱਚ ਕਵੀ ਕਹਿੰਦਾ ਹੈ (ਵਿਸਥਾਰ ਨਾਲ ਵਿਚਾਰ ਬਚਿਤ੍ਰ ਨਾਟਕ ਦੀ ਵਿਚਾਰ ਵਿੱਚ ਕਰਾਂਗੇ) ਕਾਲ ਦਾ ਇਸ਼ਾਰਾ ਪਾ ਕੇ ਹੀ ਭਗਵਾਨ ਵਿਸ਼ਨੂੰ ਹੋਇਆ, ਇਸ ਜਗਤ ਵਿੱਚ ਜਿਸ ਦੀ ਕਾਲ ਸ਼ਕਤੀ ਪਰਗਟ ਹੋ ਰਹੀ ਹੈ। ਕਾਲ ਦਾ ਇਸ਼ਾਰਾ ਪਾ ਕੇ ਹੀ ਬ੍ਰਹਮਾ ਹੋਇਆ, ਅਤੇ ਕਾਲ ਦਾ ਇਸ਼ਾਰਾ ਪਾ ਕੇ ਹੀ ਸ਼ਿਵ ਜੀ ਹੋਇਆ। ਕਾਲ ਦਾ ਇਸ਼ਾਰਾ ਪਾ ਕੇ ਹੀ ਸੁਰ, ਅਸੁਰ (ਦੈਤ) ਹੋਏ। ਕਵੀ ਕਾਲ ਨੂੰ ਹੀ ਅਕਾਲ ਕਹਿੰਦਾ ਹੈ।

ਹਿੰਦੂ ਧਰਮ ਗ੍ਰੰਥ ਕਹਿੰਦੇ ਹਨ ਓਮ ਦੀ ਅਰਾਧਨਾ ਕਰਕੇ ਅਪਰ ਅਪਾਰ, ਇਕੋ ਇਕ ਹਸਤੀ, ਪਾਰਬ੍ਰਹਮ ਨੂੰ ਪਾਇਆ ਜਾਂਦਾ ਹੈ। ਜ਼ਾਹਰ ਹੈ ਕਿ ਵੇਦ ਪੁਰਾਣ ਸ਼ਾਸਤਰ ਰਚਨ ਵਾਲੇ ਰਿਸ਼ੀ ਮੁਨੀਆਂ ਨੇ ਅਨੁਮਾਨ ਲਗਾਇਆ ਹੈ ਕਿ ਬ੍ਰਹਮਾ ਬਿਸਨ ਮਹੇਸ਼ ਨੂੰ ਰਚਨ ਵਾਲੀ ਕੋਈ ਇਕ ਹਸਤੀ ਹੈ, ਪਰ ਉਹ ਇਕ ਨੂੰ ਜਾਣਦੇ ਪਛਾਣਦੇ ਨਹੀਂ, ਨਾ ਹੀ ਉਹਨਾਂ ਦੇ ਉਪਦੇਸ਼ ਉਤੇ ਅਮਲ ਕਰਕੇ ਇੱਕ ਨੂੰ ਪਾਇਆ ਜਾ ਸਕਦਾ ਹੈ। ਕਾਲ ਦਾ ਅਰਥ ਹੈ ਸਮਾਂ ਜੋ ਇਕੋ ਇਕ ਸਦੈਵੀ ਹਸਤੀ ਦੇ ਹੁਕਮ ਨਾਲ ਓਅੰਕਾਰ ਧੁੰਨ ਉਚਾਰਨ ਦੇ ਸਮੇਂ ਤੋਂ ਸ਼ੁਰੂ ਹੋਇਆ। ਉਸੀ ਸਮੇ ਓਅੰਕਾਰ ਦੇ ਹੁਕਮ ਨਾਲ ਹਿੰਦੂ ਮਤ ਦਾ ਓਮ ਸ਼ੁਰੂ ਹੋਇਆ। ਕਾਲ ਨੂੰ ਵੇਦ ਸ਼ਾਸਤਰ ਤੇ ਗੁਰਬਾਣੀ ਕਾਲ ਪੁਰਖ ਵੀ ਕਹਿੰਦੀ ਹੈ।

ਸ਼ਿਵਾ ਦੇ ਅਰਥ ਹਨ ਦੁਰਗਾ, ਭਵਾਨੀ। ਇਹ ਸ਼ਿਵਪਤਨੀ, ਦੇਵੀ ਹੈ, ਜਿਸ ਦੇ ਮਹਾ ਕਾਲੀ, ਸ਼ੀਤਲਾ, ਦੁਰਗਾ, ਚੰਡੀ ਆਦਿਕ ਅਨੇਕਾਂ ਨਾਮ ਹਨ। ਦੇਵੀ ਦੇਵਤਿਆਂ ਵਿੱਚ ਗੁਣ ਤੇ ਅਵਗੁਣ ਦੋਨੋਂ ਹਨ। ਦੇਵੀ ਦੇਵਤਿਆਂ ਦੀ ਅਰਾਧਨਾ ਕਰਨ ਨਾਲ ਇਹਨਾਂ ਦੇ ਅਵਗੁਣ ਵਿਕਾਰ, ਕਰੂਰ ਰੂਪ, ਕ੍ਰੋਧ ਆਦਿ ਇਹਨਾਂ ਦੇ ਉਪਾਸ਼ਕਾਂ ਵਿੱਚ ਆਉਂਦੇ ਹਨ। ਗੁਰੂ ਜੀ ਇਹਨਾਂ ਦੀ ਸਿਫਤ ਸਾਲਾਹ, ਅਰਾਧਨਾ ਤੋਂ ਸਿੱਖਾਂ ਨੂੰ ਵਰਜਦੇ ਹਨ।

ਦਸਮ ਗ੍ਰੰਥ ਦੀਆਂ ਸਭ ਰਚਨਾਵਾਂ ਵਿਚ ਓਮ, ਕਾਲ ਪੁਰਖ ਕਾਲ,





ਕਾਲੀ, ਦੁਰਗਾ, ਭਵਾਨੀ ਆਦਿ ਦੇਵੀ ਦੇਵਤਿਆਂ ਆਦਿ ਦੀ ਸਿਫਤ ਸਾਲਾਹ, ਨਮਸਕਾਰ ਤੇ ਇਹਨਾ ਸਕਤੀਆਂ ਦੇ ਸਿਮਰਣ ਦਾ ਉਪਦੇਸ਼ ਹੈ।

ਵੇਦ ਸ਼ਾਸਤਰ ਸਿਮ੍ਰਤੀਆਂ ਓਮ ਨੂੰ ਸੱਤ ਕਹਿੰਦੇ ਹਨ ਤੇ ਅਕਾਲ ਕਰਤਾ, ਨਿਰਭਉ, ਨਿਰਵੈਰ, ਅਜੂਨੀ ਤੇ ਸੈਭੰ ਵੀ ਕਹਿੰਦੇ ਹਨ। ਹਿੰਦੂ ਧਰਮ ਦਾ ਇਸ਼ਟ ਜਾਂ ਸਿਮਰਨ/ਧਿਆਨਯੋਗ ਹਸਤੀ, ਓਮ ਹੈ ਜਿਸ ਨੂੰ ਉਹ ਕਹਿੰਦੇ ਹਨ ਓਮ ਸੱਤ, ਓਮ ਨਮੋ ਆਦਿ। ਓਮ ਦੇ ਵਜੂਦ ਵਿਚ ਆਉਣ ਸਮੇਂ ਤੋਂ ਕਾਲ ਸ਼ੁਰੂ ਹੋਇਆ। ਹਿੰਦੂ ਧਰਮ ਸ਼ਾਸਤਰ, ਕਾਲ, ਕਾਲੀ ਤੇ ਇਸਤੋ ਹੀ ਉਪਜੀਆਂ ਸਕਤੀਆ ਕਾਲੀ, ਦੁਰਗਾ, ਭਵਾਨੀ, ਭਗਉਤੀ ਆਦਿ ਦਾ ਵਰਣਨ ਕਰਦੇ ਹਨ, ਤੇ ਇਨ੍ਹਾਂ ਦੀ ਸਿਫਤ ਸਲਾਹ ਤੇ ਸਿਮਰਨ ਧਿਆਨ ਦਾ ਉਪਦੇਸ਼ ਦਿੰਦੇ ਹਨ।

**ਗੁਰਬਾਣੀ ਵਿੱਚ ਵਰਤੇ ਸ਼ਬਦਾਂ ਦੇ ਅਰਥ ਗੁਰਬਾਣੀ ਕਰਦੀ ਹੈ। ਇਸੀ ਤਰ੍ਹਾਂ ਵੇਦਬਾਣੀ ਵਿੱਚ ਵਰਤੇ ਸ਼ਬਦਾਂ ਦੇ ਅਰਥ ਵੇਦਬਾਣੀ ਕਰਦੀ ਹੈ।**

**ਉਦਾਹਰਣ ਲਈ ਅਸੀਂ ਦਸਮ ਗ੍ਰੰਥ ਦੀਆਂ ਕੁਝ ਰਚਨਾਵਾਂ ਵਿੱਚੋ ਕਾਲ ਤੇ ਹੋਰ ਦੇਵੀ ਦੇਵਤਿਆਂ ਦੇ ਨਾਮ ਤੇ ਅਰਥ ਰਚਨਾਵਾਂ ਤੋਂ ਲੈ ਕੇਂ ਹੇਠਾਂ ਲਿਖੇ ਹਨ।**

**ਦਸਮ ਗ੍ਰੰਥ ਕ੍ਰਿਸ਼ਨ ਅਵਤਾਰ ਵਿੱਚ ਦਿੱਤੇ ਦੇਵੀ ਦੇਵਤਿਆਂ ਦੇ ਨਾਮ** ਦਸਮ ਗ੍ਰੰਥ ਪੰਨਾ 309

ਦਸਮ ਗ੍ਰੰਥ ਦੇ ਕ੍ਰਿਸ਼ਨ ਅਵਤਾਰ ਪ੍ਰਸੰਗ ਵਿੱਚ ਦੇਵੀ ਦੀ ਉਸਤਤ ਲਿਖੀ ਹੈ। ਤੇ ਦੇਵੀ ਦੇ ਅਨੇਕਾਂ ਨਾਮ ਵੀ ਲਿਖੇ ਹਨ। ਜਿਸ ਤਰਾਂ ਦੁਰਗਾ, ਚੰਡੀ ਆਦਿ। ਇਹ ਸਭ ਕਾਲ/ਕਾਲੀ ਦੇ ਨਾਮ ਹਨ।

*ਛੰਦ 421 ਤੋ 432 ਤਕ*

*(ਅਸਤ੍ਰਾਂ ਅਤੇ ਸਸਤ੍ਰਾਂ ਵਾਲੀ ਤੇ ਭਿਆਨਕ ਰੂਪ ਵਾਲੀ, ਅੰਬਕਾ, ਸੀਤਲਾ ਤੇ ਤੋਤਲਾ ਦੇਵੀ ਦੇ ਨਾਮ ਹਨ।)*

*ਛੰਦ 422*

*(ਭਵਾਨੀ, ਕਾਲਕਾ, ਜਾਲਪਾ (ਸਾਰਦਾ) ਯੋਗ ਮਾਇਆ ਤੇ ਈਸ਼ਵਰ ਦੀ ਸ਼ਕਤੀ।)*

*ਛੰਦ 424*

*(ਸਸਤ੍ਰਾਂ ਵਾਲੀ ਅਸਤ੍ਰਾਂ ਨੂੰ ਧਾਰਨ ਕਰਨ ਵਾਲੀ ਯੋਗ ਮਾਇਆ ਅਤੇ ਸਰਸਵਤੀ।)*

*ਛੰਦ 426*

*(ਮਹਾ ਭੈਰਵੀ, ਭੂਤਨੇਸ਼ਵਰੀ, ਅਤੇ ਭਵਾਨੀ, ਤਿੱਨਾ ਕਾਲਾਂ ਵਿੱਚ ਵਿਆਪਕ ਕ੍ਰਿਪਾਣ ਰੂਪ। ਪਿੰਗਲਾ, ਸੀਤਲਾ ਅਤੇ ਤੋਤਲਾ।)*

*ਛੰਦ 427*

*(ਅਸਤ੍ਰਾਂ ਅਤੇ ਸਸਤ੍ਰਾਂ ਨੂੰ ਧਾਰਨ ਕਰਨ ਵਾਲੀ! ਤੂੰਹੀ ਤੀਰ, ਤਲਵਾਰ, ਕਾਤੀ ਅਤੇ ਕਟਾਰੀ ਹੈਂ।)*

*ਛੰਦ 428*

*(ਤੂੰ ਹੀ ਰਾਜਸੀ, ਸਾਤਵਿਕੀ ਅਤੇ ਤਾਮਸੀ ਸ਼ਕਤੀ ਹੈਂ। ਦੈਂਤਣ, ਦੇਵ ਇਸਤ੍ਰੀ ਯਕਸ਼ਣੀ, ਕਿਨਰਣੀ, ਮਛਣੀ ਅਤੇ ਕਛਣੀ।)*

*ਛੰਦ 429*

*(ਦੇਵਤਿਆਂ ਦੇ ਸੁਆਸੀ, ਇੰਦਰ ਦੀ ਸ਼ਕਤੀ, ਅਤੇ ਦਾਨਵਾਂ ਦੇ ਸੁਆਸੀ ਦੀ ਸ਼ਕਤੀ ਵੀ ਤੂੰ ਹੈਂ।)*

*ਛੰਦ 430*

*(ਤੂੰ ਹੀ ਬ੍ਰਹਮਾ ਦੀ ਸ਼ਕਤੀ, ਵਿਸ਼ਣੂ ਦੀ ਸ਼ਕਤੀ ਅਤੇ ਸਿਵ ਦੀ ਸ਼ਕਤੀ। ਤੂੰ ਹੀ ਅੰਬਿਕਾ, ਦੁਸ਼ਟਾ ਨੂੰ ਮਾਰਨ ਵਾਲੀ ਅਤੇ ਮੁੰਡਾ ਦੀ ਮਾਲਾ ਵਾਲੀ ਹੈਂ। ਤੂੰ ਹੀ ਕਸ਼ਟਾਂ ਨੂੰ ਹਰਨ ਵਾਲੀ ਹੈਂ ਅਤੇ ਕ੍ਰਿਪਾ ਕਰਨ ਵਾਲੀ ਕ੍ਰਿਪਾਲੂ ਹੈਂ।)*

*ਛੰਦ 431*

*(ਤੂੰ ਹੀ ਦੇਵਤੇ, ਦੈਤ, ਯਕਸ਼ ਥਾਪੇ ਹਨ।)*

*ਛੰਦ 432*

*(ਤੂੰ ਹੀਂ ਰਾਮ ਹੋ ਕੇ ਦਸਾਂ ਸਿਰਾਂ ਵਾਲੇ ਰਾਵਣ ਨੂੰ ਮਾਰਿਆ ਸੀ, ਤੂੰ ਕ੍ਰਿਸ਼ਨ ਹੋ ਕੇ ਕੰਸ ਨੂੰ ਖਤਮ ਕੀਤਾ ਸੀ। ਸਾਰੇ ਦਸਮ ਗ੍ਰੰਥ ਦਾ ਅਧਿਐਨ ਕਰਨ ਨਾਲ ਇਹ ਸਪਸ਼ਟ ਹੈ ਕਿ ਰਚਨਾਵਾਂ ਵਿੱਚ ਸ਼ਕਤੀ, ਕਾਲ, ਕਾਲੀ, ਦੇਵੀ ਦੀ ਉਸਤਤ ਤੇ ਉਪਾਸ਼ਨਾ ਦਾ ਵਰਣਨ ਹੈ।)*

**ਸ਼ਸਤਰ ਨਾਮ ਮਾਲਾ ਵਿੱਚ ਦਿੱਤੇ**
**ਦੇਵੀ ਦੇਵਤਿਆਂ ਦੇ ਨਾਮ** ਪੰਨਾ 717 ਦਸਮ ਗ੍ਰੰਥ

ਦਸਮ ਗ੍ਰੰਥ ਦੀ ਦਸਵੀ ਰਚਨਾ ਸਸਤ੍ਰਾ ਨਾਮ ਮਾਲਾ ਪੁਰਾਨ ਸ਼੍ਰੀ ਭਗਉਤੀ ਜੀ ਸਹਾਇ ਤੋ ਆਰੰਭ ਹੁੰਦੀ ਹੈ। ਇਸ ਪੁਰਾਣ ਵਿੱਚ ਲਿਖਿਆ ਹੈ





ਇਹ ਦੇਵੀ ਦੀ ਉਸਤਤਿ ਹੈ।

*ਛੰਦ 4 ਤੀਰ ਤੁਹੀ ਸੈਥੀ ਤੁਹੀ, ਤੁਹੀ ਤਬਰ ਤਰਵਾਰਿ।।*
*ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ।।*

*(ਹੇ ਸ਼੍ਰੀ ਭਗਉਤੀ ਤੂੰ ਹੀ ਤੀਰ ਹੈ, ਬਰਛੀ ਹੈ, ਤੂੰ ਹੀ ਛਵੀ ਹੈਂ ਤੇ ਤਲਵਾਰ ਹੈਂ। ਜੋ ਤੇਰੇ ਨਾਮ ਨੂੰ ਜਪਦਾ ਹੈ ਉਹੀ ਸੰਸਾਰ ਸਮੁੰਦਰ ਤੋ ਪਾਰ ਹੋਵੇਗਾ)*

*ਛੰਦ 5 ਕਾਲ ਤੁਹੀ ਕਾਲੀ ਤੁਹੀ, ਤੁਹੀ ਤੇਗ ਅਰੁ ਤੀਰ।।*
*ਤੁਹੀ ਨਿਸ਼ਾਨੀ ਜੀਤ ਕੀ ਆਜ ਤੁਹੀ ਜਗਬੀਰ।।*

*(ਤੁੰਹੀ ਕਾਲ ਹੈਂ, ਤੁੰਹੀ ਕਾਲੀ ਹੈਂ ਅਤੇ ਤੁੰਹੀ ਤੇਗ ਤੇ ਤੀਰ ਹੈਂ।।*

*ਤੁੰਹੀਂ ਜਿਤ ਦੀ ਨਿਸ਼ਾਨੀ ਹੈ ਅਤੇ ਅਜ ਤੁੰਹੀ ਜਗਤ ਵਿਚ ਸੂਰਮਾ ਹੈਂ।)*

*ਛੰਦ 7 ਸ਼ਸਤ੍ਰ ਅਸਤ੍ਰ ਤੁਮਹੀ ਸਿਪਰ ਤੁਮਹੀ ਕਵਚ ਨਿਖੰਗ।।*

*(ਹੇ ਦੇਵੀ ਭਗਉਤੀ ਤੂੰ ਹੀ ਸ਼ਸਤ੍ਰ ਅਸਤ੍ਰ ਹੈ ਤੂੰਹੀ ਢਾਲ ਸੰਜੋਅ ਤੇ ਭੱਥਾ ਹੈਂ। ਤੂੰ ਹੀਂ ਕਵਚਾਂ ਨੂੰ ਤੋੜਣ ਵਾਲੀ ਹੈ, ਤੂੰਹੀ ਸਾਰੇ ਰੂਪਾਂ ਵਿੱਚ ਵਿਆਪਕ ਹੈ।)*

*ਛੰਦ 27 ਸੈਫ ਸਰੋਹੀ ਸ਼ੱਤ੍ਰ ਅਰਿ ਸਾਰੰਗਾਰਿ ਜਿਹ ਨਾਮ।।*
*ਸਦਾ ਹਮਾਰੇ ਚਿੱਤ ਬਸੋ ਸਦਾ ਕਰੋ ਮਮ ਕਾਮ।।*

*(ਸੈਫ ਸਰੋਹੀ ਸ਼ਤ੍ਰ-ਆਦਿ ਤੇ ਸਰਿਗਾਰਿ ਜਿਸਦਾ ਨਾਮ ਹੈ। ਉਹ ਸਦਾ ਮੇਰੇ ਚਿੱਤ ਵਿੱਚ ਵਸਦੀ ਹੈ ਅਤੇ ਸਦਾ ਹੀ ਮੇਰੇ ਕੰਮ ਪੂਰੇ ਕਰਦੀ ਹੈ)*

*(ਇੰਤਿ ਸ਼੍ਰੀ ਨਾਮ ਮਾਲਾ ਪੁਰਾਣੇ ਸ਼੍ਰੀ ਭਗਉਤੀ ਉਸਤਤਿ ਪ੍ਰਿਥਮ ਧਿਆਇ ਸਮਾਪਤ ਮਸਤੁ ਸੁਭ ਮਸਤੁ)*

**ਪਖਯਾਨ ਚਰਿਤ੍ਰ ਵਿੱਚ ਦਿੱਤੇ ਦੇਵੀ ਦੇਵਤਿਆਂ ਦੇ ਨਾਮ**
(ਦਸਮ ਗ੍ਰੰਥ ਪੰਨਾ 809)

ਪਖਿਆਨ ਚਰਿਤ੍ਰ, ਸ਼੍ਰੀ ਭਗਉਤੀ ਜੀ ਸਹਾਇ ਤੋਂ ਸ਼ੁਰੂ ਹੁੰਦਾ ਹੈ।

*ਭੁਜੰਗ ਛੰਦ।। ਤ੍ਵਪ੍ਰਸਾਦਿ।।*

ਤਵ ਪ੍ਰਸਾਦਿ ਦੇ ਅਰਥ ਹਨ ਸ਼੍ਰੀ ਭਗਉਤੀ ਦੀ ਕਿਰਪਾ ਨਾਲ।

*ਛੰਦ 1*

*ਤੁਹੀ ਖੜਗਧਾਰਾ, ਤੁਹੀ ਬਾਢਵਾਰੀ, ਤੁਹੀ ਤੀਰ ਤਰਵਾਰ ਕਾਤੀ ਕਟਾਰੀ। ਹਲੱਬੀ, ਜੁਲੱਬੀ ਮਗਰਬੀ ਤੁਹੀ ਹੈ। ਨਿਹਾਰੋ ਜਹਾ ਆਪੁ ਠਾਢੀ ਵਹੀ ਹੈ।*

(ਹੇ ਭਗੌਤੀ ਮਾਂ ਤੁਹੀ ਖੜਗ ਦੀ ਧਾਰ ਅਤੇ ਤੁਹੀ ਵਢੰਣ ਵਾਲੀ ਤਲਵਾਰ ਹੈ। ਤੁਹੀ ਤੀਰ ਤਲਵਾਰ, ਕਾਤੀ, ਕਟਾਰੀ, ਹਲਬੀ, ਜਲਬੀ, ਮਗਰਬੀ (ਆਦਿ ਇਲਾਕਿਆਂ ਦੇ ਸ਼ਸਤ੍ਰ ਅਸਤ੍ਰ) ਹੈਂ। ਜਿਥੇ ਵੀ ਵੇਖਦਾਂ ਹਾਂ ਉਥੇ ਹੀ (ਤੂੰ) ਆਪ ਖੜੋਤੀ ਹੋਈ ਹੈਂ।)

*ਛੰਦ 2*

*ਤੁਹੀ ਜੋਗ ਮਾਯਾ, ਤੁਹੀ ਬਾਕਬਾਨੀ, ਤੁਹੀ ਆਪ ਰੂਪਾ, ਤੂਹੀ ਸ੍ਰੀ ਭਵਾਨੀ। ਤੁਹੀ ਬਿਸਨ ਤੂ ਬ੍ਰਹਮ ਤੂ ਰੁਦ੍ਰ ਰਾਜੈ। ਤੁਹੀ ਬਿਸਵ ਮਾਤਾ ਸਦਾ ਹੈ ਬਿਰਾਜੈ।*

(ਹੇ ਭਗਉਤੀ ਤੂੰਹੀ ਜੋਗ ਮਾਯਾ ਹੈ ਤੁੰਹੀ ਭਵਾਨੀ ਹੈ, ਤੂੰਹੀ ਵਿਸ਼ਣੂ, ਬ੍ਰਹਮਾ ਅਤੇ ਰੁਦ੍ਰ (ਦੇ ਰੂਪ ਵਿੱਚ) ਸੁਭਾਇਮਾਨ ਹੈਂ, ਤੂੰਹੀ ਵਿਸ਼ਵ ਮਾਤਾ (ਵਜੋਂ) ਸਦਾ ਵਿਜੈਈ (ਰੂਪ ਵਿੱਚ) ਬਿਰਾਜਮਾਨ ਹੈਂ।

*ਛੰਦ 7*

*ਤੁਹੀ ਕਾਲ ਕੀ ਰਾਤ੍ਰਿ ਹਵੈ ਕੈ ਬਿਹਾਰੈ। ਤੁਹੀ ਆਦਿ ਉਪਾਵੈ ਤੁਹੀ ਅੰਤ ਮਾਰੈ।*

*ਤੁਹੀ ਰਾਜ ਰਾਜੇਸਵਰੀ ਕੈ ਬਖਾਨੀ। ਤੁਹੀ ਚੌਦਹੂੰ ਲੋਕ ਕੀ ਆਪੁ ਰਾਨੀ।*

ਤੂੰ ਹੀ ਕਾਲ-ਰਾਤ੍ਰੀ ਹੋ ਕੇ ਵਿਚਰਦੀ ਹੈਂ। ਤੂੰ ਹੀ (ਸ੍ਰਿਸ਼ਟੀ ਦਾ) ਆਰੰਭ ਕਰਦੀ ਹੈਂ ਅਤੇ ਤੂੰ ਹੀ ਅੰਤ ਵਿਚ ਨਸ਼ਟ ਵੀ ਕਰਦੀ ਹੈਂ। ਤੂੰ ਹੀ ਰਾਜਿਆਂ ਦੀ ਰਾਜੇਸ਼ਵਰੀ ਵਜੋ ਬਖਾਨ ਕੀਤੀ ਜਾਂਦੀ ਹੈਂ। ਤੂੰ ਆਪ ਹੀ ਚੌਦਾਂ ਲੋਕਾਂ ਦੀ ਰਾਣੀ ਹੈ।

*ਛੰਦ 16*

*ਤੁੰਹੀ ਆਪ ਕੋ ਨਿਹਕਲੰਕੀ ਬਨੈ ਹੈਂ।।*

*ਸਭੈ ਹੀ ਮਲੇਛਾਨ ਕੋ ਨਾਸ ਕੈ ਹੈਂ।।*

*ਮਾਇਯਾ ਜਾਨ ਚੇਰੋ ਮਯਾ ਮੋਹਿ ਕੀਜੈ। ਚਹੌਂ ਚਿਤ ਮੈ ਜੋ ਵਹੈ ਮੋਹਿ ਦੀਜੈ।*

ਹੇ ਭਗੌਤੀ ਮਾਂ ਤੂੰ ਹੀ ਆਪਣੇ ਆਪ ਨੂੰ ਨਿਹਕਲੰਕੀ (ਅਵਤਾਰ)





ਬਣਾਏਂਗੀ ਅਤੇ ਸਾਰਿਆਂ ਮਲੇਛਾਂ ਦਾ ਨਾਸ਼ ਕਰੇਂਗੀ। ਹੇ ਮਾਤਾ! (ਮੈਨੂੰ) ਆਪਨਾ ਸੇਵਕ ਸਮਝ ਕੇ ਮੇਰੇ ਉਤੇ ਕਿਰਪਾ ਕਰੋ। ਮੈਂ ਜੋ ਚਿਤ ਵਿਚ ਚਾਹੁੰਦਾ ਹਾਂ, ਉਹੀ ਮੈਨੂੰ ਪ੍ਰਦਾਨ ਕਰੋ।

*ਛੰਦ 91*

*ਤੁਮ ਹੋ ਸਕਲ ਲੋਕ ਸਿਰਤਾਜਾ। ਗਰਬਨ ਗੰਜ ਗਰੀਬ ਨਿਵਾਜਾ।*

*ਆਦਿ ਅਕਾਲ ਅਜੋਨਿ ਬਿਨਾ ਭੈ। ਨਿਰਬਿਕਾਰ ਨਿਰਲੰਬ ਜਗਤ ਮੈ।*

*ਨਿਰਬਿਕਾਰ ਨਿਰਜੁਰ ਅਬਿਨਾਸੀ। ਪਰਮ ਜੋਗ ਕੇ ਤਤੁ ਪ੍ਰਕਾਸੀ।*

*ਨਿਰੰਕਾਰ ਨਵ ਨਿਤ੍ਰਯ ਸੁਯੰਭਵ। ਤਾਤ ਮਾਤ ਜਹ ਜਾਤ ਨ ਬੰਧਵ।*

(ਹੇ ਭਗਉਤੀ ਮਾਂ ਤੁਸੀਂ ਸਾਰਿਆਂ ਲੋਕਾਂ ਦੇ ਸਿਰਤਾਜ ਹੋਂ। ਹੰਕਾਰੀਆਂ ਨੂੰ ਨਸ਼ਟ ਕਰਨ ਵਾਲੇ ਅਤੇ ਗਰੀਬਾਂ ਨੂੰ ਨਿਵਾਜਣ ਵਾਲੇ ਹੋ। (ਤੁਸੀਂ) ਜਗਤ ਵਿਚ ਆਦਿ (ਮੁਢ ਕਦੀਮ ਦੇ), ਅਕਾਲ ਅਜੂਨੀ, ਨਿਰਭੈ, ਨਿਰਵਿਕਾਰ, ਨਿਰਲੰਬ (ਬਿਨਾ ਸਹਾਰੇ ਦੇ) ਹੋ।

***ਵੇਦ ਮਤ ਅਨੁਸਾਰ ਇਹ ਸਭ ਗੁਣ ਕਾਲ ਭਗਉਤੀ ਦੇ ਹਨ।***

***ਗੁਰਬਾਣੀ ਅਨੁਸਾਰ ਉਪਰ ਦਿਤੇ ਗੁਣ ਇਕ ਏਕੰਕਾਰ ਅਕਾਲ ਪੁਰਖ ਦੇ ਹਨ।***

**ਕੁਝ ਅਰਥ (ਮਹਾਨ ਕੋਸ਼) -**

ਭਗਵਤੀ = ਦੁਰਗਾ ਦੇਵੀ
ਖੜਗ, ਤਲਵਾਰ (ਲਈ ਭਗਉਤੀ ਦੁਰਗਸ਼ਾਹ)

ਭਵਾਨੀ = ਸ਼ਿਵ ਦੀ ਇਸਤ੍ਰੀ।

ਕਾਲੀ = ਕਾਲਿਕਾ। ਕਾਲੇ ਰੰਗ ਦੀ ਦੇਵੀ। ਕਾਲ ਮਹਾਕਾਲ ਹੀ ਭਵਾਨੀ ਦੇਵੀ ਹੈ।

ਕਾਲੀ = ਮਹਾਕਾਲੀ। (ਪ੍ਰਥਮ ਕਾਲ ਸਭ ਜਗਹੋਂ ਤਾਤਾ।
ਤਾਂਤੇ ਭਯੋ ਤੇਜ ਵਿਖਿਆਤਾ।
ਸੋਈ ਭਵਾਨੀ ਨਾਮ ਕਹਾਈ।)

ਦੁਰਗ ਸਪਤਸਤੀ - (ਸਤ ਸੌ ਸਲੋਕਾਂ ਦੀ ਦੁਰਗ ਮਹਿਮਾ
ਮਾਰਕੰਡੇ ਪੁਰਾਣ ਦਾ ਅਧਯਾਯ 81 ਤੋਂ 93 ਤਕ।)

ਚੰਡੀ = ਦੁਰਗਾ, ਚੰਡ ਦੈਤ ਦੇ ਮਾਰਨ ਵਾਲੀ।

ਕਾਲ = ਸ਼ਿਵ = ਲੋਹਾ। ਮਹਾਕਾਲ ਜੋ ਵਿਸ਼ਵ ਨੂੰ ਲੈ ਕਰਦਾ ਹੈ।

ਚੰਡਿਕਾ = ਕ੍ਰੋਧ ਵਾਲੀ ਇਸਤਰੀ।

ਕਾਲੀ ਦੇ ਅਨੇਕਾਂ ਨਾਮ ਹਨ।

ਗੁਰਬਾਣੀ ਇਕੋ ਇਕ ਸਦੈਵੀ ਹਸਤੀ ਜੋਤਿ ਰੂਪ ਪਾਰਬਹ੍ਮ ਦੀ ਸਿਫਤ ਸਾਲਾਹ, ਜਪ ਸਿਮਰਣ ਧਿਆਨ ਦਾ ਉਪਦੇਸ਼ ਦਿੰਦੀ ਹੈ। ਗੁਰਬਾਣੀ ਸਭ ਦੇਵੀ ਦੇਵਤਿਆਂ ਦੇ ਜਪ ਸਿਮਰਨ, ਅਰਾਧਨਾ, ਦੁਰਗ ਸਪਤਸਤੀ ਦੇ ਪਾਠ ਤੋਂ ਵਰਜਦੀ ਹੈ। ਇਸ ਤਰ੍ਹਾਂ ਇਹਨਾਂ ਦੇ ਸਭ ਅਵਗੁਣ ਵਿਕਾਰ ਇਹਨਾਂ ਦੀ ਅਰਾਧਨਾ ਕਰਨ ਵਾਲਿਆਂ ਵਿੱਚ ਆਉਂਦੇ ਹਨ।



# 1. ਜਾਪੁ ਸਾਹਿਬ

(ਦਸਮ ਗ੍ਰੰਥ ਪੰਨਾ 1-10)

***ੴ ਸਤਿਗੁਰ ਪ੍ਰਸਾਦਿ***

***ਸ੍ਰੀ ਵਾਹਿਗੁਰੂ ਜੀ ਕੀ ਫਤਹ***

***ਜਾਪੁ***

***ਸ੍ਰੀ ਮੁਖਵਾਕ ਪਾ:੧੦***

**ਭੂਮਿਕਾ**

ਵੇਦ ਸਿਮ੍ਰਿਤ ਸ਼ਾਸਤਰਾਂ ਦਾ ਇਸ਼ਟ ਪੂਜਨ ਯੋਗ ਹਸਤੀ ਦੇਵੀ ਦੇਵਤੇ, ਕਾਲ, ਭਗਉਤੀ ਆਦਿ ਹਨ। ਰਚਨਾਵਾਂ ਦਾ ਆਰੰਭ ਕਿਸੇ ਦੇਵੀ ਦੇਵਤੇ ਦੀ ਉਸਤਤਿ ਤੋਂ ਹੁੰਦਾ ਹੈ।

ਅਸੀਂ ਵਿਚਾਰ ਕਰ ਚੁਕੇ ਹਾਂ ਕਿ ਵੇਦ ਸ਼ਾਸਤਰ ਤੇ ਦਸਮ ਗ੍ਰੰਥ ਦੀਆਂ ਰਚਨਾਵਾਂ ਦਾ ਲਿਖਾਰੀ, ਗੁਰੂ ਨਾਨਕ ਸਾਹਿਬ ਦੀ ਦਰਸਾਈ ਇਕੋ ਇੱਕ ਹਸਤੀ, ਜੋਤਿ ਰੂਪ ਅਕਾਲ ਪੁਰਖ ਨੂੰ ਨਹੀਂ ਜਾਣਦੇ। ਕਾਲ ਨੂੰ ਹੀ ਅਕਾਲ ਕਹਿੰਦੇ ਹਨ ਤੇ ਕਾਲ ਨੂੰ ਅਕਾਲ ਪੁਰਖ ਦੇ ਗੁਣਾਂ ਵਾਲਾ ਵੀ ਕਹਿੰਦੇ ਹਨ।

ਜਾਪ ਸਾਹਿਬ ਦਾ ਲਿਖਾਰੀ, ਛੰਤ 52 ਵਿੱਚ ਸ਼ਸਤਰਾਂ ਅਸਤਰਾਂ ਨੂੰ ਧਾਰਣ ਕਰਨ ਵਾਲੀ ਦੇਵੀ ਨੂੰ ਨਮਸਕਾਰ ਕਰਦਾ ਹੈ। ਛੰਤ 54 ਵਿੱਚ ਚੰਡੀ ਦੇਵੀ ਨੂੰ ਨਮਸਕਾਰ ਕਰਦਾ ਹੈ।

ਜਾਪ ਸਾਹਿਬ ਦੇ ਮੰਗਲਾਚਰਣ ਵਿੱਚ ਕਵੀ ਨੇ ਲਿਖਿਆ ਹੈ, ਸ੍ਰੀ ਮੁਖਵਾਕ ਪਾ:10। ਪਾਠਕ ਨੇ ਸਮਝ ਲਿਆ ਕਿ ਜਾਪ ਸਾਹਿਬ ਦੀ ਬਾਣੀ ਪਾ:10 ਨੇ ਉਚਾਰੀ ਹੈ। ਦਸਮ ਗ੍ਰੰਥ ਦੀਆਂ ਸਾਰੀਆਂ ਰਚਨਾਵਾਂ ਦੇ ਅਰਥ ਇਸੇ ਭੁਲੇਖੇ ਵਿੱਚ ਕੀਤੇ ਗਏ ਹਨ।

***ਛੰਤ ੧ ਚਕ੍ਰ ਚਿਹਨ ਅਰ ਬਰਨ ਜਾਤਿ ਅਰ ਪਾਤਿ ਨਹਿਨ ਜਿਹ।***

*(ਜਿਸ ਦਾ ਚਕ੍ਰ, ਚਿੰਨ, ਵਰਨ, ਜਾਤੀ, ਬਰਾਦਰੀ ਆਦਿ ਕੁਝ ਭੀ ਨਹੀਂ ਹੈ।)*

***ਰੂਪ ਰੰਗ ਅਰ ਰੇਖ ਭੇਖ ਕੋਊ ਕਹ ਨ ਸਕਤ ਕਹ।***

*(ਜਿਸ ਦਾ ਰੂਪ ਰੰਗ, ਰੇਖ ਭੇਖ ਨੂੰ ਕੋਈ ਨਹੀਂ ਕਹਿ ਸਕਦਾ।)*

***ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿਜੈ।।***

*(ਉਹ ਅਚਲ ਹੈ, ਸੁਤੇ ਪ੍ਰਕਾਸ਼ਕ ਹੈ ਅਤੇ ਅਮਿਤ ਬਲ ਵਾਲਾ ਕਿਹਾ ਜਾਂਦਾ ਹੈ।)*

***ਕੋਟਿ ਇੰਦ੍ਰ ਇੰਦ੍ਰਾਨ ਸਾਹਿ ਸਾਹਾਣਿ ਗਣਿਜੈ।।***

*(ਕ੍ਰੋੜਾਂ ਇੰਦ੍ਰਾਂ ਦਾ ਇੰਦ੍ਰ ਹੈ, ਅਤੇ ਸ਼ਾਹਾਂ ਦਾ ਭੀ ਸ਼ਾਹ ਗਿਣਿਆ ਜਾਂਦਾ ਹੈ।)*

***ਤ੍ਰਿਭਵਨ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਿਤ।।***

*(ਤਿੰਨਾ ਲੋਕਾਂ ਵਿੱਚ ਵੱਸਣ ਵਾਲੇ - ਦੇਵਤੇ, ਮਨੁੱਖ ਤੇ ਦੈਂਤਾਂ ਦਾ ਰਾਜਾ ਹੈ, ਅਤੇ ਬਨ ਦੇ ਕਖ ਵੀ ਉਸਨੂੰ ਬੇਅੰਤ ਬੇਅੰਤ ਕਹਿੰਦੇ ਹਨ।)*

***ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ।।***

ਦਸਮ ਗ੍ਰੰਥ ਪੰਨਾ 39, ਸ੍ਰੀ ਕਾਲ ਜੀ ਕੀ ਉਸਤਤਿ ਵਿੱਚ ਕਵੀ ਨੇ ਵੇਦ ਮਤ ਦੇ ਦੇਵਤਾ ਕਾਲ ਦੇ, ਗੁਣ ਦਿੱਤੇ ਹਨ, ਜੋ ਛੰਤ 1 ਵਿੱਚ ਹਨ।

** ਨ ਰੂਪੰ ਨ ਰੇਖੰ, ਨ ਰੰਗੰ ਨ ਰਾਗੰ।।* ਪਦਾ 5

(ਕਾਲਾਂ ਦਾ ਰੂਪ ਰੇਖ ਰੰਗ ਨਹੀਂ ਹੈ।)

** ਨ ਨਾਮੰ ਨ ਠਾਮੰ, ਮਹਾ ਜੋਤਿ ਜਾਗੰ।*

(ਨਾਮ ਤੇ ਟਿਕਾਨਾ ਨਹੀਂ, ਉਸਦੀ ਵੱਡੀ ਜੋਤਿ ਜੱਗ ਰਹੀ ਹੈ।)

** ਨਮੋ ਦੇਵ ਦੇਵੇ, ਨਮੋ ਰਾਜ ਰਾਜੰ।* ਪਦਾ 9

(ਨਮਸਕਾਰ ਹੈ ਦੇਵਤਿਆਂ ਦੇ ਦੇਵ ਨੂੰ, ਰਾਜਿਆਂ ਦੇ ਰਾਜੇ ਨੂੰ।)

** ਨਿਰਾਲੰਬ ਨਿਤਯੰ ਸੁ ਰਾਜਾ ਧਿਰਾਜੰ।।*

(ਉਹ ਆਸਰੇ ਤੋਂ ਬਿਨਾ ਹੈ, ਰਾਜਿਆਂ ਦਾ ਰਾਜਾ ਹੈ।)

ਦਸਮ ਗ੍ਰੰਥ ਦੀਆਂ ਰਚਨਾਵਾਂ ਕਾਲ ਨੂੰ ਅਕਾਲ, ਨਿਰਭਉ, ਨਿਰਵੈਰ, ਅਜੂਨੀ, ਸੈਭੰ ਵੀ ਕਹਿੰਦੀਆਂ ਹਨ।

ਦਸਮ ਗ੍ਰੰਥ ਪੰਨਾ 45, ਛੰਤ 84

** ਔਰ ਸੁ ਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ।*

(ਇੱਕ ਹੀ ਕਾਲ, ਅਕਾਲ ਹੈ।)

ਦਸਮ ਗ੍ਰੰਥ ਦੀਆਂ ਰਚਨਾਵਾਂ ਕਾਲ ਦੀ ਉਪਾਸਨਾ ਦਾ ਉਪਦੇਸ਼ ਦਿੰਦੀਆਂ ਹਨ। ਦਸਮ ਗ੍ਰੰਥ ਪੰਨਾ 44, ਪਦਾ 75-76 -





*ਜਿਤੇ ਹੋਇ ਬੀਤੇ।। ਤਿਤੇ ਕਾਲ ਜੀਤੇ।।*

*ਜਿਤੇ ਸਰਨ ਜੈਹੰ।। ਤਿਤਿਓ ਰਾਖ ਲੈ ਹੈ।।*

*ਬਿਨਾ ਸ਼ਰਨ ਤਾਕੀ ਨ ਅਉਰੈ ਉਪਾਯੰ।।*

***ਛੰਤ ੨ ਨਮਸੰਤ ਅਕਾਲੇ।। ਨਮਸਤੰ ਕ੍ਰਿਪਾਲੇ।।***

***ਨਮਸਤੰ ਅਰੂਪੇ।। ਨਮਸਤੰ ਅਨੂਪੇ।।***

ਪੰਨਾ 45, ਛੰਤ 83-84 ਵਿੱਚ ਕਵੀ ਨੇ ਕਿਹਾ ਹੈ - ਏਕ ਹੀ ਕਾਲ ਅਕਾਲ ਸਦਾ ਹੈ। ਨਮਸਤੰ ਅਕਾਲੇ - ਕਾਲ ਨੂੰ ਹੀ ਨਮਸਕਾਰ ਹੈ।

ਇਸੇ ਪੁਸਤਕ ਦੇ ਲੇਖ 'ਗੁਰਬਾਣੀ ਉਪਦੇਸ਼ ਤੋਂ ਅਕਾਲ ਪੁਰਖ ਤੇ ਕਾਲ ਪੁਰਖ ਦਾ ਭੇਦ' ਵਿੱਚ ਅਸੀਂ ਗੁਰਬਾਣੀ ਦੇ ਅੱਖਰ ਇੱਕ, ਏਕੰਕਾਰ, ਅਕਾਲ ਪੁਰਖ, ਤੇ ਵੇਦ ਮਤ ਦੇ ਦੇਵਤਾ ਕਾਲ, ਮਹਾਕਾਲ, ਅਕਾਲ ਦੀ ਵਿਆਖਿਆ ਕੀਤੀ ਹੈ। ਗੁਰਬਾਣੀ ਦਾ ਆਧਾਰ ਅਕਾਲ ਪੁਰਖ, ਇਕੋ ਇੱਕ ਸਦੀਵ ਹਸਤੀ ਪਾਰਬ੍ਰਹਮ ਹੈ। ਵੇਦ ਮਤ ਦੇ ਅੱਖਰ ਕਾਲ, ਅਕਾਲ, ਮਹਾਂਕਾਲ, ਵੇਦ ਮਤ ਦੇ ਦੇਵਤਾ ਹਨ। ਕਾਲ ਦੇ ਅਨੇਕਾਂ ਨਾਮ ਹਨ।

ਗੁਰਬਾਣੀ ਤੇ ਵੇਦ ਮਤ ਦੇ ਸਮਾਨ (same) ਅੱਖਰਾਂ ਦੇ ਅਰਥ ਵੱਖ ਵੱਖ ਹਨ। ਇਸ ਲਈ ਅਰਥਾਂ ਵਿੱਚ ਮੁਗਾਲਤੇ ਲੱਗਦੇ ਹਨ।

ਗੁਰਬਾਣੀ ਕੇਵਲ ਅਕਾਲ ਪੁਰਖ ਇਕੋ ਇੱਕ ਅਬਿਨਾਸੀ ਹਸਤੀ, ਇੱਕ ਏਕੰਕਾਰ, ਤੇ ਨਿਰਗੁਣ ਸਰੂਪ ਦੀ ਅਰਾਧਨਾ, ਜਪ, ਸਿਮਰਣ ਧਿਆਨ ਦਾ ਉਪਦੇਸ਼ ਦਿੰਦੀ ਹੈ, ਤੇ ਉਸ ਨੂੰ ਨਮਸਕਾਰ ਕਰਨ ਦਾ ਉਪਦੇਸ਼ ਦਿੰਦੀ ਹੈ।

ਗੁਰਬਾਣੀ ਇੱਕ ਦੇ ਸਰਗੁਣ ਸਰੂਪ ਦੇ ਕਿਸੇ ਰੂਪ ਨੂੰ ਵੀ ਨਮਸਕਾਰ ਕਰਨ ਤੋਂ ਵਰਜਦੀ ਹੈ। ਇਹ ਸਭ ਇੱਕ ਦੇ ਹੁਕਮ ਨਾਲ ਉਪਜੇ ਹਨ ਤੇ ਦੂਜੇ ਹਨ। ਸੁਖਮਨੀ ਸਾਹਿਬ ਵਿੱਚ ਗੁਰੂ ਅਰਜਨ ਸਾਹਿਬ ਨੇ ਅਸ਼ਟਪਦੀ 21 ਦੇ ਸਲੋਕ ਵਿੱਚ ਕਿਹਾ ਹੈ "*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ*"। ਇਸ ਅਸ਼ਟਪਦੀ ਦੇ ਪਹਿਲੇ 6 ਪਦਿਆਂ ਵਿੱਚ ਨਿਰਗੁਣ ਬ੍ਰਹਮ ਦੀ ਪਛਾਣ ਦੱਸੀ ਹੈ। ਉਸ ਤੋਂ ਬਾਦ ਸਰਗੁਣ ਸਰੂਪ ਦੀ ਵਿਚਾਰ ਹੈ। ਸੰਸਾਰ ਉਸ ਦਾ ਕੂੜ ਰੂਪ ਹੈ, ਦੁਜੀ ਕੁਦਰਤਿ ਹੈ, ਮਾਯਾਵੀ ਸਰੂਪ ਹੈ। ਕਾਲ ਤੇ ਸਭ ਦੇਵੀ ਦੇਵਤੇ ਮਿਥਿਆ ਮਾਇਆ ਹਨ।

ਪਾ:10 ਕਾਲ ਪੁਰਖ ਨੂੰ ਨਮਸਕਾਰ ਕਿਸੇ ਹਾਲਤ ਵਿੱਚ ਨਹੀਂ ਕਰ ਸਕਦੇ। ਪਾ:10 ਕੇਵਲ ਅਕਾਲ ਪੁਰਖ ਨਿਰਗੁਣ ਬ੍ਰਹਮ ਨੂੰ ਨਮਸਕਾਰ ਕਰ ਸਕਦੇ ਹਨ।

ਛੰਤ 14 ***ਨਮਸਤੰ ਤ੍ਰਿਬ੍ਰਗੇ***

ਨਮਸਕਾਰ ਹੈ ਤੈਨੂੰ ਤ੍ਰਿਗੁਣ ਸਰੂਪ - ਸੰਸਾਰ/ਕੁਦਰਤਿ, ਇੱਕ ਏਕੇ ਦੀ ਉਪਾਈ ਤ੍ਰੈਗੁਣੀ ਮਾਇਆ ਹੈ। ਇੱਕ ਏਕੰਕਾਰ ਅਕਾਲ ਪੁਰਖ, ਤ੍ਰੈਗੁਣ ਅਤੀਤ ਹੈ। ਦਸਮ ਗ੍ਰੰਥ ਦੀਆਂ ਰਚਨਾਵਾਂ ਵਿੱਚ ਦੇਵੀ ਨੂੰ ਤ੍ਰਿਗੁਣ ਸਰੂਪ ਵਰਣਨ ਕੀਤਾ ਹੈ (ਦਸਮ ਗ੍ਰੰਥ ਪੰਨਾ 309-ਛੰਦ 424)।

***ਤੁਹੀ ਰਾਜਸੀ ਸਾਤਕੀ ਤਾਮਸੀ ਹੈ।* (ਇਹ ਮਾਇਆ ਦੇ ਤ੍ਰੈ ਗੁਣ ਹਨ।) ਇਹ ਨਮਸਕਾਰ ਦੇਵੀ ਨੂੰ ਹੈ।**

ਛੰਤ 24 ***ਨਮੋ ਸਰਬ ਧੰਧੇ***

ਨਮਸਕਾਰ ਹੈ ਸਭ ਵਿਹਾਰ ਰੂਪ ਨੂੰ। ਇਕ ਏਕੰਕਾਰ ਪਾਰਬ੍ਰਹਮ ਨਿਰਗੁਣ ਸਰੂਪ ਵਿੱਚ ਕੋਈ ਵਿਹਾਰ ਜਾਂ ਧੰਧਾ ਨਹੀਂ ਹੁੰਦਾ।

ਮਾਇਆ ਦੇ ਸਭ ਧੰਧੇ ਇੱਕ ਤੋਂ ਦ੍ਰਿਸ਼ਮਾਨ ਸੰਸਾਰ ਵਿੱਚ ਆਏ। ਗੁਰੂ ਗੋਬਿੰਦ ਸਿੰਘ ਜੀ ਮਾਇਆ ਦੇ ਕਿਸੇ ਰੂਪ ਨੂੰ ਨਮਸਕਾਰ ਨਹੀਂ ਕਰ ਸਕਦੇ।

ਛੰਤ 52 ***ਨਮੋ ਸਸਤ੍ਰ ਪਾਣੇ।। ਨਮੋ ਅਸਤ੍ਰ ਮਾਨੇ।।***

ਇਹ ਨਮਸਕਾਰ ਸ਼ਸਤਰਾਂ ਨੂੰ ਧਾਰਨ ਕਰਨ ਵਾਲੀ ਦੇਵੀ ਨੂੰ ਹੈ। ਦਸਮ ਗ੍ਰੰਥ ਦੀ ਰਚਨਾ ਸ਼ਸਤ੍ਰ ਨਾਮ ਮਾਲਾ ਪੁਰਾਣ, ਸ੍ਰੀ ਭਗਉਤੀ ਜੀ ਸਹਾਇ ਤੋਂ ਆਰੰਭ ਹੁੰਦੀ ਹੈ ਤੇ ਭਗਉਤੀ ਦੇਵੀ ਦੀ ਉਸਤਤਿ ਹੈ। ਪੰਨਾ 717 ਦਸਮ ਗ੍ਰੰਥ।

*ਛੰਦ 4 ਤੀਰ ਤੁਹੀ ਸੈਫੀ ਤੁਹੀ, ਤੁਹੀ ਤਬਰ ਤਰਵਾਰਿ।।*

*ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ।।*

*(ਹੇ ਸ਼੍ਰੀ ਭਗਉਤੀ ਤੂੰ ਹੀ ਤੀਰ ਹੈ, ਬਰਛੀ ਹੈ, ਤੂੰ ਹੀ ਛਵੀ ਹੈਂ ਤੇ ਤਲਵਾਰ ਹੈਂ। ਜੋ ਤੇਰੇ ਨਾਮ ਨੂੰ ਜਪਦਾ ਹੈ ਉਹੀ ਸੰਸਾਰ ਸਮੁੰਦਰ ਤੋ ਪਾਰ ਹੋਵੇਗਾ)*

*ਛੰਦ 5 ਕਾਲ ਤੁਹੀ ਕਾਲੀ ਤੁਹੀ, ਤੁਹੀ ਤੇਗ ਅਰੁ ਤੀਰ।।*

*ਤੁਹੀ ਨਿਸ਼ਾਨੀ ਜੀਤ ਕੀ ਆਜ ਤੁਹੀ ਜਗਬੀਰ।।*

*(ਤੁੰਹੀ ਕਾਲ ਹੈਂ, ਤੁੰਹੀ ਕਾਲੀ ਹੈਂ ਅਤੇ ਤੁੰਹੀ ਤੇਗ ਤੇ ਤੀਰ ਹੈਂ।। ਤੁੰਹੀਂ ਜਿਤ ਦੀ ਨਿਸ਼ਾਨੀ ਹੈ ਅਤੇ ਅਜ ਤੁੰਹੀ ਜਗਤ ਵਿਚ ਸੂਰਮਾ ਹੈਂ।)*

*ਛੰਦ 7 ਸ਼ਸਤ੍ਰ ਅਸਤ੍ਰ ਤੁਮਹੀ ਸਿਪਰ ਤੁਮਹੀ ਕਵਚ ਨਿਖੰਗ।।*

*(ਹੇ ਦੇਵੀ ਭਗਉਤੀ ਤੂੰ ਹੀ ਸ਼ਸਤ੍ਰ ਅਸਤ੍ਰ ਹੈ ਤੂੰਹੀ ਢਾਲ ਸੰਜੋਅ ਤੇ ਭੱਥਾ ਹੈਂ। ਤੂੰ ਹੀਂ ਕਵਚਾਂ ਨੂੰ ਤੋੜਣ ਵਾਲੀ ਹੈ, ਤੂੰਹੀ ਸਾਰੇ ਰੂਪਾਂ ਵਿੱਚ ਵਿਆਪਕ ਹੈਂ।)*





*ਛੰਦ 27 ਸੈਫ ਸਰੋਹੀ ਸ਼ਤ੍ਰ ਅਰਿ ਸਾਰੰਗਾਰਿ ਜਿਹ ਨਾਮ।।*

*ਸਦਾ ਹਮਾਰੇ ਚਿੱਤ ਬਸੋ ਸਦਾ ਕਰੋ ਮਮ ਕਾਮ।।*

*(ਸੈਫ ਸਰੋਹੀ ਸ਼ਤ੍ਰ-ਆਦਿ ਤੇ ਸਰਿਗਾਰਿ ਜਿਸਦਾ ਨਾਮ ਹੈ। ਉਹ ਸਦਾ ਮੇਰੇ ਚਿੱਤ ਵਿੱਚ ਵਸਦੀ ਹੈ ਅਤੇ ਸਦਾ ਹੀ ਮੇਰੇ ਕੰਮ ਪੂਰੇ ਕਰਦੀ ਹੈ)*

*(ਇਤਿ ਸ਼੍ਰੀ ਨਾਮ ਮਾਲਾ ਪੁਰਾਣੇ ਸ਼੍ਰੀ ਭਗਉਤੀ ਉਸਤਤਿ ਪ੍ਰਿਥਮ ਧਿਆਇ ਸਮਾਪਤ ਮਸਤੁ ਸੁਭ ਮਸਤੁ)*

ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਕੋਈ ਵੈਰ ਵਿਰੋਧ ਝਗੜਾ ਲੜਾਈ ਨਹੀਂ। ਉਹ ਇਕੋ ਇਕ ਸੰਪੂਰਨ ਹਸਤੀ ਹੈ। ਫਿਰ ਝਗੜਾ ਲੜਾਈ ਕਿਸ ਨਾਲ, ਉਹ ਨਿਰਭਉ ਨਿਰਵੈਰ ਹੈ। ਲੜਾਈ, ਝਗੜੇ, ਸ਼ਸਤ੍ਰਾਂ ਅਸਤ੍ਰਾਂ ਦੀ ਲੋੜ, ਇਕ ਦੇ ਕੂੜ ਰੂਪ ਸਰਗੁਣ ਸਰੂਪ ਵਿੱਚ ਪੈਂਦੀ ਹੈ। ਗੁਰਬਾਣੀ ਕਿਤੇ ਵੀ ਸ਼ਸਤਰਾਂ ਨੂੰ ਨਮਸਕਾਰ ਦਾ ਉਪਦੇਸ਼ ਨਹੀਂ ਦਿੰਦੀ।

***ਨਮੋ ਪਰਮ ਗਿਆਤਾ ਨਮੋ ਲੋਕ ਮਾਤਾ।।***

ਦਸਮ ਗ੍ਰੰਥ ਪੰਨਾ 118 ਛੰਤ 259 ਵਿੱਚ ਕਵੀ ਚੰਡੀ ਨੂੰ ਲੋਕ ਮਾਤਾ ਕਹਿੰਦਾ ਹੈ 'ਲੋਕ ਮਾਤਾ ਤਵੇ ਸਤ੍ਰ ਜੀਤੇ' - ਇਹ ਦੇਵੀ ਉਸਤਤਿ ਹੈ।

ਛੰਤ 54 ***ਨਮੋ ਨਿੱਤ ਨਾਰਾਇਣੇ ਕਰੂਰ ਕਰਮੇ।।***

ਦਸਮ ਗ੍ਰੰਥ ਪੰਨਾ 115 ਵਿੱਚ ਚੰਡੀ ਦੇਵੀ ਦੀ ਉਸਤਤਿ ਹੈ। ਕਵੀ ਚੰਡੀ ਦੇਵੀ ਨੂੰ ਨਾਰਾਇਣੀ, ਕ੍ਰੋਧ ਕਰਨ ਵਾਲੀ ਤੇ ਕਰੂਰ ਕਰਮਾਂ ਵਾਲੀ ਕਹਿੰਦਾ ਹੈ। ਚੰਡੀ ਦੀ ਵਾਰ -

ਛੰਤ 228 ***ਨਮੋ ਜੁਧਨੀ ਕ੍ਰੁਧਨੀ ਕਰੂਰ ਕਰਮਾ।***

ਛੰਤ 234 ***ਨਮੋ ਨਿੱਤ ਨਾਰਾਇਣੀ ਦੁਸਟ ਖਾਪੀ।***

ਪਾ:10 ਦੇਵੀ ਨੂੰ ਨਮਸਕਾਰ ਨਹੀਂ ਕਰ ਸਕਦੇ। ਇਹ ਕਵੀ ਰਚਨਾ ਹੈ।

ਛੰਤ 54 ***ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ।।***

ਪ੍ਰੇਤ = ਬਹੁਤ ਚਾਲਾਕ ਤੇ ਕੰਜੂਸ ਆਦਮੀ। ਅਪ੍ਰੇਤ = ਨੇਕ ਅਤੇ ਉਦਾਰ ਆਤਮਾ, ਪੁਰਖ। ਦੇਵਸੁ = ਰਾਜਾ ਇੰਦ੍ਰ। ਸੁਧਰਮਾ = ਦੇਵ ਸਭਾ।

ਨਮਸਕਾਰ ਹੈ ਜੋ ਪ੍ਰੇਤ ਅਪ੍ਰੇਤ, ਇੰਦਰ ਅਤੇ ਦੇਵ ਸਭਾ ਰੂਪ ਹੈ।

(ਇਹ ਨਮਸਕਾਰ ਇੰਦਰ ਦੀ ਦੇਵ ਸਭਾ ਵਿਚ ਦੇਵੀਆ ਨੂੰ

ਹੈ) ਗੁਰਬਾਣੀ ਵਿਰੁੱਧ ਵਿਚਾਰ ਹੈ - ਪਾ:10 ਇੰਦ੍ਰ ਦੀ ਦੇਵ ਸਭਾ ਨੂੰ ਨਮਸਕਾਰ ਨਹੀਂ ਕਰ ਸਕਦੇ।

ਛੰਤ 57 ***ਨਮੋ ਮੰਤ੍ਰ ਮੰਤ੍ਰੰ।। ਨਮੋ ਜੰਤ੍ਰ ਜੰਤ੍ਰੰ।।***

***ਨਮੋ ਇਸਟ ਇਸਟੇ।। ਨਮੋ ਤੰਤ੍ਰ ਤੰਤ੍ਰੰ।।***

ਮੰਤ੍ਰ = ਕਿਸੇ ਦੇਵਤੇ ਨੂੰ ਖੁਸ਼ ਕਰਨ ਲਈ ਬਾਰ ਬਾਰ ਜਪੇ ਜਾਣ ਵਾਲੇ ਸ਼ਬਦ। ਜੰਤ੍ਰ = ਤਵੀਤ, ਟੂਣਾ, ਕਾਗਜ਼ ਆਦਿ ਉੱਤੇ ਖਾਨੇ ਬਣਾ ਕੇ ਉਹਨਾਂ ਵਿੱਚ ਅੰਕ ਜਾਂ ਅੱਖਰ ਲਿਖ ਕੇ ਤਵੀਤ ਤਿਆਰ ਕਰਨਾ ਤੇ ਇਸ ਨੂੰ ਪਾਸ ਰਖਣਾ। ਇਸਟ = ਪੂਜਨ ਯੋਗ ਹਸਤੀ। ਤੰਤ੍ਰ = ਇਸ਼ਟ ਦੇਵ ਨੂੰ ਖੁਸ਼ ਕਰਨ ਲਈ ਖਾਸ ਰਸਮਾਂ।

(ਨਮਸਕਾਰ ਹੈ ਤੈਨੂੰ ਤੂੰ ਮੰਤ੍ਰਾਂ ਦਾ ਵੱਡਾ ਮੰਤ੍ਰ ਹੈ, ਜੰਤ੍ਰਾਂ ਦਾ ਵੱਡਾ ਜੰਤ੍ਰ ਹੈ ਅਤੇ ਤੰਤ੍ਰਾਂ ਦਾ ਵੱਡਾ ਤੰਤ੍ਰ ਹੈ। **ਹੇ ਮੇਰੇ ਸਭ ਤੋਂ ਪਿਆਰੇ ਦੇਵਤੇ, ਤੈਨੂੰ ਨਮਸਕਾਰ ਹੈ**। ਇਹ ਨਮਸਕਾਰ ਦੇਵੀ ਦੇਵਤਿਆ ਨੂੰ ਹੈ) ਪਾ:10 ਦੇਵੀ ਦੇਵਤਿਆਂ ਨੂੰ ਨਮਸਕਾਰ ਨਹੀਂ ਕਰ ਸਕਦੇ।

ਇਸ ਵਿਸ਼ੇ ਤੇ ਸੰਸਕ੍ਰਿਤ ਵਿੱਚ ਅਨੇਕ ਗ੍ਰੰਥ ਹਨ। ਵੇਦਕ ਤੰਤ੍ਰ ਸ਼ਾਸਤ੍ਰ ਗ੍ਰੰਥ ਵਿੱਚ ਜਾਦੂ ਟੂਣੇ, ਅਤੇ ਸਕਤਿ ਦਾ ਵਰਣਨ ਹੈ, ਅਤੇ ਸਕਤਿ ਦੀ ਉਪਾਸਨਾ ਪ੍ਰਧਾਨ ਹੈ। ਇਹ ਸ਼ਾਸਤ੍ਰ ਸ਼ਿਵ ਜੀ ਦੀ ਰਚਨਾ ਦੱਸੀ ਜਾਂਦੀ ਹੈ। ਰਚਨਾ ਕਿਸੇ ਸਕਤਿ ਦੇ ਉਪਾਸ਼ਕ, ਕਾਲ, ਮਹਾਕਾਲ ਸ਼ਿਵ ਜੀ ਦੇ ਉਪਾਸ਼ਕ ਦੀ ਹੈ। ਪਾਤਸ਼ਾਹੀ ਦਸਵੀਂ ਇਸ ਤਰ੍ਹਾਂ ਦੀ ਨਮਸਕਾਰ ਨਹੀਂ ਕਰ ਸਕਦੇ। ਗੁਰਬਾਣੀ ਉਪਦੇਸ਼ ਹੈ "ਅਉਖਦ ਮੰਤ੍ਰ ਤੰਤ੍ਰ ਸਭ ਛਾਰ"। ਮੰਤ੍ਰ ਅਤੇ ਟੂਣੇ ਸਭ ਸੁਆਹ ਹਨ।

ਛੰਤ 68 ***ਨਮੋ ਰੋਖ ਰੋਖੇ***

ਨਮਸਕਾਰ ਹੋਵੇ ਤੈਨੂੰ ਕ੍ਰੋਧ ਦੇ ਕ੍ਰੋਧ ਨੂੰ। ਇਹ ਨਮਸਕਾਰ ਚੰਡੀ, ਦੁਰਗਾ ਆਦਿ ਨੂੰ ਹੈ। ਇਕ ਏਕੰਕਾਰ ਨਿਰਗੁਣ ਬ੍ਰਹਮ ਵਿੱਚ ਕੋਈ ਅਵਗੁਣ ਵਿਕਾਰ, ਕ੍ਰੋਧ ਆਦਿ ਨਹੀਂ ਹਨ। ਦਸਮ ਗ੍ਰੰਥ ਦੀਆਂ ਰਚਨਾਵਾਂ ਵਿੱਚ ਕਵੀ ਦੇਵੀ ਨੂੰ ਕ੍ਰਧਨੀ, ਕ੍ਰੋਧ ਵਾਲੀ ਕਹਿੰਦਾ ਹੈ। ਪੰਨਾ 115 ਛੰਤ 228 - ਨਮੋ ਜੁਧਨੀ ਕ੍ਰਧਨੀ ਕਰੂਰ ਕਰਮਾ।। ਇਹ ਕਵੀ ਰਚਨਾ ਹੈ।

ਛੰਤ 185 ***ਨਮੋ ਅੰਧਕਾਰੇ***

ਅੰਧਕਾਰ ਰੂਪ ਨੂੰ ਨਮਸਕਾਰ। (ਨਿਰਗੁਣ ਬ੍ਰਹਮ ਵਿੱਚ ਕੋਈ ਅੰਧਕਾਰ ਨਹੀਂ - ਗੁਰਬਾਣੀ ਅੰਧਕਾਰ ਨੂੰ ਨਮਸਕਾਰ ਨਹੀਂ ਕਰਦੀ। ਕਵੀ ਰਚਨਾ ਹੈ।)

ਛੰਤ 187 ***ਨਮੋ ਕਲਹ ਕਰਤਾ ਨਮੋ ਸਾਂਤ ਰੂਪੇ।।***





***ਨਮੋ ਇੰਦ੍ਰ ਇੰਦ੍ਰ ਅਨਾਦੰ ਬਿਭੂਤੇ।।***

*(ਝਗੜਾ, ਲੜਾਈ ਕਰਨ ਵਾਲੇ ਨੂੰ ਨਮਸਕਾਰ ਹੈ, ਸ਼ਾਤ ਰੂਪ ਵਾਲੇ ਨੂੰ ਨਮਸਕਾਰ ਹੈ। ਇੰਦ੍ਰਿਆਂ ਵਿੱਚ ਇੰਦ੍ਰ ਰੂਪ ਅਤੇ ਰਹਿਤ ਸੰਪਦਾ ਵਾਲੇ ਨੂੰ ਨਮਸਕਾਰ ਹੈ।)*

ਨਿਰਗੁਣ ਬ੍ਰਹਮ ਵਿੱਚ ਕੋਈ ਲੜਾਈ ਝਗੜਾ ਨਹੀਂ, ਉਹ ਆਪੇ ਆਪ ਹੈ, ਲੜਾਈ ਕਿਸ ਨਾਲ। ਪਾਤਸ਼ਾਹੀ ਦਸਵੀਂ ਇੰਦਰ ਨੂੰ ਨਮਸਕਾਰ ਨਹੀਂ ਕਰ ਸਕਦੇ।

ਇਸ ਰਚਨਾ ਦੀ ਸਮੁੱਚੀ ਵਿਚਾਰ ਤੋਂ ਸਿੱਧ ਹੁੰਦਾ ਹੈ ਕਿ ਕਵੀ, ਕਾਲ ਕਾਲੀ, ਝਗੜੇ ਕ੍ਰੋਧ ਵਾਲੀ ਦੇਵੀ, ਇੰਦ੍ਰ ਆਦਿ ਦਾ ਉਪਾਸ਼ਕ ਹੈ, ਤੇ ਉਹਨਾਂ ਰੂਪਾਂ ਨੂੰ ਕਹਿ ਕੇ ਨਮਸਕਾਰ ਕਰਦਾ ਹੈ। ਇਹ ਸਾਰਾ ਵੇਦ ਸ਼ਾਸਤ੍ਰ ਸਿੰਮ੍ਰਿਤੀਆਂ ਪੁਰਾਣਾਂ ਦਾ ਮਤ ਹੈ। ਗੁਰਬਾਣੀ ਕੇਵਲ ਅਕਾਲ ਪੁਰਖ, ਇਕ ਏਕੰਕਾਰ ਪਾਰਬ੍ਰਹਮ, ਨਿਰਗੁਣ ਸਰੂਪ, ਗੁਣੀ ਨਿਧਾਨ ਦੀ ਸਿਫਤ ਸਾਲਾਹ, ਜਪ ਸਿਮਰਣ ਭਗਤੀ ਦਾ ਉਪਦੇਸ਼ ਦਿੰਦੀ ਹੈ। (*ਏਕੋ ਜਪ ਏਕੋ ਸਾਲਾਹਿ।।*)

ਇਸ ਸਮੇਂ ਦੀ ਨਿਰਪੱਖ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਜਾਪ ਸਾਹਿਬ ਪਾ:10 ਦੀ ਰਚਨਾ ਨਹੀਂ।

ਜਦੋਂ ਦਾਸ ਨੇ ਜਾਪ ਸਾਹਿਬ ਦੀ ਕਥਾ ਕੀਤੀ, ਤਾਂ ਸਮਝ ਆਈ ਕਿ ਕੁਝ ਛੰਦਾਂ ਵਿੱਚ ਨਿਰਗੁਣ ਬ੍ਰਹਮ, ਅਕਾਲ ਪੁਰਖ ਨੂੰ ਨਮਸਕਾਰ ਕੀਤੀ ਗਈ ਹੈ ਤੇ ਕੁਝ ਛੰਦਾਂ ਵਿੱਚ ਬ੍ਰਹਮ ਦੇ ਅਨੇਕ ਸਰਗੁਣ ਸਰੂਪਾਂ ਨੂੰ ਨਮਸਕਾਰ ਕੀਤੀ ਗਈ ਹੈ। ਇਹ ਜਾਣਦੇ ਹੋਏ ਵੀ ਕਿ ਇਹ ਨਮਸਕਾਰਾਂ ਗੁਰਬਾਣੀ ਉਪਦੇਸ਼ ਦੇ ਵਿਰੁੱਧ ਹਨ, ਦਾਸ ਨੂੰ ਇਹ ਵਿਚਾਰ ਨਹੀਂ ਫੁਰੀ ਕਿ ਬਾਣੀ ਪਾਤਸ਼ਾਹੀ ਦਸਵੀਂ ਨੇ ਨਹੀਂ ਉਚਾਰੀ, ਨਾ ਹੀ ਇਹ ਹਿੰਮਤ ਹੋਈ ਕਿ ਪਰੰਪਰਾਗਤ ਵਿਚਾਰ ਤੋਂ ਉਲਟ ਮੈਂ ਕੋਈ ਵਿਚਾਰ ਪੇਸ਼ ਕਰਾਂ। ਦਾਸ ਨੇ ਦਸਮ ਗ੍ਰੰਥ ਦੀ ਵਿਚਾਰ ਕਰਦਿਆਂ ਵੀ ਇਹ ਸਮਝ ਕਾਇਮ ਰੱਖੀ ਕਿ ਪਾ:10 ਦੀ ਬਾਣੀ ਦੀ ਵਿਚਾਰ ਕਰ ਰਿਹਾ ਹਾਂ। ਪੂਰੇ ਦਸਮ ਗ੍ਰੰਥ ਦੀ ਵਿਚਾਰ ਕਰਨ ਤੋਂ ਬਾਦ ਦਾਸ ਨੇ ਜਾਪ ਸਾਹਿਬ ਦੀ ਵਿਚਾਰ ਦੋਬਾਰਾ ਸ਼ੁਰੂ ਕੀਤੀ, ਤਾਂ ਇਹ ਚਾਨਣ ਹੋਇਆ ਕਿ ਰਚਨਾ ਵਿੱਚ ਸਰਗੁਣ ਬ੍ਰਹਮ ਨੂੰ ਨਮਸਕਾਰ ਕੋਈ ਕਵੀ ਹੀ ਕਰ ਸਕਦਾ ਹੈ। ਪਾ:10 ਕੇਵਲ ਨਿਰਗੁਣ ਬ੍ਰਹਮ ਅਕਾਲ ਪੁਰਖ ਨੂੰ ਗੁਰਬਾਣੀ ਅਨੁਕੂਲ ਨਮਸਕਾਰ ਕਰ ਸਕਦੇ ਹਨ। ਬਾਣੀ ਕਰਮਵਾਰ ਛੰਤ 1 ਤੋਂ 199 ਤਕ ਹੈ। ਗੁਰੂ ਗੋਬਿੰਦ ਸਿੰਘ ਜੀ ਗੁਰਬਾਣੀ ਅਨੁਕੂਲ ਨਮਸ਼ਕਾਰ ਕਰ ਸਕਦੇ ਹਨ ਪਰ ਗੁਰਬਾਣੀ ਵਿਰੁੱਧ ਨਮਸਕਾਰਾਂ ਨਹੀਂ ਕਰ ਸਕਦੇ। ਫਿਰ ਇਹ ਕਹਿਣ ਵਿੱਚ ਭੈ ਕਿਉਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਦੀ ਬਾਣੀ ਨਹੀਂ ਰਚੀ।

# 2. ਅਕਾਲ ਉਸਤਤਿ

ਦਸਮ ਗ੍ਰੰਥ ਪੰਨਾ 11-34

**ਸਿਰਲੇਖ ਅਕਾਲ ਉਸਤਤਿ ਹਸਤ ਲਿਖਤ ਬੀੜਾਂ ਵਿੱਚ ਨਹੀਂ ਮਿਲਦਾ।**

**ਭੂਮਿਕਾ**

**ਅਕਾਲ ਪੁਰਖ ਤੇ ਕਾਲ ਪੁਰਖ (ਕਾਲ (ਸਮਾਂ)) ਦੀ ਵਿਚਾਰ ਗੁਰਬਾਣੀ ਆਧਾਰ ਤੇ**

ਅਕਾਲ ਪੁਰਖ, ਵਾਹਿਗੁਰੂ ਹੈ, ਪਾਰਬ੍ਰਹਮ ਹੈ। ਗੁਰਬਾਣੀ ਉਸਨੂੰ ਇਕ ਏਕੰਕਾਰ ਕਹਿੰਦੀ ਹੈ। ਜੋਤਿ ਰੂਪ ਹੈ, ਪਰਮ ਨਿਰਮਲ ਚੇਤਨਾ ਹੈ, ਸੈਭੰ ਹੈ, ਉਸਨੇ ਆਪਣੇ ਆਪ ਨੂੰ ਆਪ ਸਾਜਿਆ, ਉਸਨੂੰ ਸਾਜਣ ਵਾਲਾ ਕੋਈ ਨਹੀਂ, ਉਸ ਵਿੱਚ ਆਪਣੀ ਮਰਜ਼ੀ ਹੈ। ਹੁਕਮ ਉਸ ਦਾ ਗੁਣ ਹੈ। ਸਭ ਚੀਜ਼ ਦਾ ਕਰਤਾ ਹੈ, ਸਭ ਕੰਮ ਹੁਕਮ ਸੱਤਾ ਨਾਲ ਕਰਦਾ ਤੇ ਕਰਾਉਂਦਾ ਹੈ। ਨਿਰਭੈ ਹੈ, ਨਿਰਵੈਰ ਹੈ। ਉਸ ਦੇ ਏਕੇ ਸਰੂਪ, ਨਿਰਗੁਣ ਸਰੂਪ ਵਿੱਚ ਪਾਪ ਪੁੰਨ ਨਹੀਂ, ਝਗੜੇ ਲੜਾਈ ਨਹੀਂ, ਸ਼ਸਤਰ ਅਸਤਰ ਨਹੀਂ, ਉਹ ਨਿਰਭਉ ਹੈ।

ਜਦੋਂ ਸੁੰਨ ਸਮਾਧ ਵਿੱਚ ਇਕ ਏਕੰਕਾਰ, ਜੋਤਿ ਰੂਪ ਪਾਰਬਹੁਮ ਦੀ ਮਰਜ਼ੀ ਹੋਈ ਤਾਂ ਉਸਨੇ ਹੁਕਮ ਨਾਲ ਓਅੰਕਾਰ ਧੁੰਨ ਉਚਾਰੀ, ਓਅੰਕਾਰ ਧੁੰਨ ਅਨਹਤ ਸ਼ਬਦ ਹੈ, ਅਨਹਦ ਸ਼ਬਦ ਹੈ, ਜੋ ਸੰਸਾਰ ਵਿੱਚ ਅਨੇਕਾਂ ਧੁੰਨਾਂ, ਰੂਪ ਵਿੱਚ ਪਸਰਿਆ ਹੈ। ਸ਼ਬਦ, ਓਅੰਕਾਰ ਧੁੰਨ ਵਿੱਚ, ਅਕਾਲ ਪੁਰਖ ਦਾ ਆਤਮ ਪਸਾਰਾ ਹੈ।

ਸਾਰੇ ਸੰਸਾਰ ਦੇ ਜੀਵ ਜੰਤ, ਅਕਾਲ ਪੁਰਖ ਦੇ ਹੁਕਮ ਵਿੱਚ ਜੰਮਦੇ ਮਰਦੇ ਹਨ। ਕਾਲ ਜਾਂ ਸਮਾਂ ਜਾਂ ਕਾਲ ਪੁਰਖ ਦਾ ਵਜੂਦ ਅਕਾਲ ਪੁਰਖ ਦੇ ਹੁਕਮ ਨਾਲ ਹੋਇਆ। ਕਾਲ ਪੁਰਖ, ਸੈਭੰ ਨਹੀਂ, ਨਿਰਭੈ ਨਹੀਂ, ਨਿਰਵੈਰ ਨਹੀਂ, ਸਦਾ ਸੱਤ ਨਹੀਂ, ਅਕਾਲ ਪੁਰਖ ਦੇ ਹੁਕਮ ਵਿੱਚ ਕਾਰ ਕਰਦਾ ਹੈ। ਕਾਲ ਪੁਰਖ ਓਅੰਕਾਰ ਸਰੂਪ ਤੋਂ ਉਪਜੀ ਪ੍ਰਕ੍ਰਿਤੀ, ਤੇ ਵੇਦ ਮਤ ਦਾ ਅਖਰ ਓਮ ਕਰਤੇ ਦੇ ਭੈ ਵਿੱਚ ਹੈ। ਸਭ ਜੀਵਨ ਮਰਨ ਹੁਕਮ ਵਿੱਚ ਹਨ। ਪ੍ਰਕ੍ਰਿਤੀ ਵਿੱਚ ਪਾਪ ਪੁੰਨ ਹਨ, ਸ਼ਸਤਰ ਅਸਤਰਾਂ ਦੀ ਲੋੜ ਵੀ ਹੈ, ਵੈਰ ਵਿਰੋਧ, ਝਗੜੇ ਵੀ ਹਨ, ਹਉਂ ਦਾ ਭਰਮ ਵੀ ਹੈ। ਇੱਕ ਕਾਲ ਦਾ ਚੱਕਰ ਖਤਮ ਹੋਣ ਤੋਂ ਬਾਦ ਕਾਲ ਸਮਾਂ ਖਤਮ ਹੋ ਜਾਂਦਾ ਹੈ। ਅਕਾਲ, ਕਾਲ ਦਾ ਵੀ ਕਾਲ ਹੈ।

ਵੇਦ ਸ਼ਾਸਤਰ ਕਾਲ ਨੂੰ ਅਕਾਲ ਕਹਿੰਦੇ ਹਨ। ਕਾਲ ਨੂੰ ਆਦਿ ਪੁਰਖ





ਵੀ ਕਹਿੰਦੇ ਹਨ। ਗੁਰਬਾਣੀ ਅਨੁਸਾਰ ਅਕਾਲ ਦੇ ਹੁਕਮ ਨਾਲ ਕਾਲ ਉਪਜਿਆ ਹੈ। ਕਾਲ ਤੋਂ ਬ੍ਰਹਮਾ, ਵਿਸ਼ਨੂੰ, ਸ਼ਿਵ ਦੇਵਤੇ ਹੋਏ। ਵੇਦਾਂ ਸ਼ਾਸਤਰਾਂ ਅਨੁਸਾਰ ਬ੍ਰਹਮਾ ਸ੍ਰਿਸ਼ਟੀ ਨੂੰ ਸਾਜਦਾ ਹੈ, ਵਿਸ਼ਨੂੰ ਪਾਲਦਾ ਹੈ ਤੇ ਸ਼ਿਵ ਸੰਘਾਰ ਕਰਦਾ ਹੈ।

ਗੁਰਬਾਣੀ ਕਹਿੰਦੀ ਹੈ ਇਹ ਸਭ ਦੇਵਤੇ ਅਕਾਲ ਦੇ ਹੁਕਮ ਤੋਂ ਪੈਦਾ ਹੋਏ ਹਨ, ਮਾਇਆ ਹੈ। ਸੰਸਾਰ ਦੀ ਸਭ ਕਾਰ ਜੰਮਣਾ ਪਲਨਾ ਮਰਨਾ ਅਕਾਲ ਪੁਰਖ ਹੁਕਮ ਰੂਪ ਵਿੱਚ ਕਰਦਾ ਹੈ। ਜੀਵ ਦੇ ਕਰਮਾਂ ਅਨੁਸਾਰ, ਅਕਾਲ ਪੁਰਖ ਦੇ ਹੁਕਮ ਦੇ ਲੇਖ ਹਨ। ਇਸ ਤਰ੍ਹਾਂ 84 ਲੱਖ ਜੂਨਾਂ ਦਾ ਚੱਕਰ ਹੁਕਮ ਵਿੱਚ ਹੈ। ਇਕ ਏਕੰਕਾਰ ਅਕਾਲ ਪੁਰਖ ਦੀ ਅਰਾਧਨਾ, ਗੁਣਾਨਵਾਦ, ਜਪ, ਸਿਮਰਨ, ਸਤਿਗੁਰੂ ਤੋਂ ਉਪਦੇਸ਼ ਲੈ ਕੇ ਸਿੱਖ ਸੇਵਕ ਕਰਦਾ ਹੈ। ਚੌਥੇ ਪਦ ਵਿੱਚ ਭਰਮ ਚਲਾ ਜਾਂਦਾ ਹੈ। ਗੁਰਸਿੱਖ ਨੂੰ ਚਉਥੇ ਪਦ ਵਿੱਚ ਹੁਕਮ ਤੇ ਜੋਤਿ ਰੂਪ ਅਕਾਲ ਪੁਰਖ ਦੀ ਪਛਾਣ ਹੋ ਜਾਂਦੀ ਹੈ। ਗੁਰਮੁਖਿ ਬ੍ਰਹਮ ਗਿਆਨੀ ਚੌਥੇ ਪਦ ਦੀ ਅਵਸਥਾ ਵਿੱਚ ਕਾਲ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ ਤੇ ਸਦ ਜੀਵਤ ਹੋ ਜਾਂਦਾ ਹੈ। ''*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ*''।

ਸਿਮ੍ਰਿਤ ਸਾਸਤ੍ਰ ਓਮ ਦੀ ਅਰਾਧਨਾ ਦਾ ਉਪਦੇਸ਼ ਦਿੰਦੇ ਹਨ। ਓਮ ਤੋਂ ਕਾਲ ਸਮਾਂ ਆਰੰਭ ਹੋਇਆ।

ਗੁਰਸਿੱਖ ਸਤਿਗੁਰੂ ਤੋਂ ਉਪਦੇਸ਼ ਲੈ ਕੇ ਗੁਰ ਸ਼ਬਦ ਦੁਆਰਾ ਇੱਕ ਅਕਾਲ ਪੁਰਖ ਦੀ ਅਰਾਧਨਾ ਕਰਦੇ ਹਨ, ਕਾਲ ਨਾਲ ਲੜਦੇ ਹਨ, ਪਰਮ ਪਦ ਵਿੱਚ ਕਾਲ ਨੂੰ ਮਾਰ ਦਿੰਦੇ ਹਨ, ਤੇ ਇੱਕ ਵਿੱਚ ਸਮਾ ਕੇ ਸਦ ਜੀਵਤ ਹੁੰਦੇ ਹਨ।

- *ਗੁਰ ਉਪਦੇਸਿ ਕਾਲ ਸਿਉ ਜੁਰੈ ॥*
- *ਕਾਲ ਪੁਰਖ ਕਾ ਮਰਦੈ ਮਾਨੁ ॥*

(ਪੰਨਾ 1159, ਗੁਰੂ ਗ੍ਰੰਥ ਸਾਹਿਬ)

*(ਗੁਰਉਪਦੇਸ਼ ਲੈ ਕੇ ਕਾਲ ਨਾਲ ਲੜਦਾ ਹੈ, ਤੇ ਕਾਲ ਪੁਰਖ ਦੇ ਹੰਕਾਰ ਨੂੰ ਮਾਰ ਦਿੰਦਾ ਹੈ।)*

- *ਹਿਰਦੈ ਸਾਚੁ ਵਸੈ ਹਰਿ ਨਾਇ ॥*
  *ਕਾਲੁ ਨ ਜੋਹਿ ਸਕੈ ਗੁਣ ਗਾਇ ॥*
  *ਨਾਨਕ ਗੁਰਮੁਖਿ ਸਬਦਿ ਸਮਾਇ ॥*

(ਪੰਨਾ 227, ਗੁਰੂ ਗ੍ਰੰਥ ਸਾਹਿਬ)

ਜਿਸ ਮਨੁੱਖ ਦੇ ਹਿਰਦੇ ਵਿੱਚ ਅਕਾਲ ਪੁਰਖ ਦੇ ਗੁਣ ਗਾ ਕੇ ਤੇ ਗੁਰਮਤਿ ਨਾਮ ਸਿਮਰਨ ਕਰਕੇ ਨਾਮ ਵੱਸਿਆ ਹੈ, ਕਾਲ ਉਸ ਵੱਲ ਤੱਕ ਨਹੀਂ ਸਕਦਾ। ਪਰਮ ਪਦ ਤੇ ਪਹੁੰਚ ਕੇ ਗੁਰਮੁਖਿ (ਬ੍ਰਹਮ ਗਿਆਨੀ) ਸ਼ਬਦਿ ਵਿੱਚ ਸਮਾ ਜਾਂਦਾ ਹੈ।

- *ਸਤਿਗੁਰ ਮਿਲੈ ਤ ਤਿਸ ਕਉ ਜਾਣੈ ॥*

  *ਰਹੈ ਰਜਾਈ ਹੁਕਮੁ ਪਛਾਣੈ ॥*

  *ਹੁਕਮੁ ਪਛਾਣਿ ਸਚੈ ਦਰਿ ਵਾਸੁ ॥*

  *ਕਾਲ ਬਿਕਾਲ ਸਬਦਿ ਭਏ ਨਾਸੁ ॥*

(ਪੰਨਾ 832, ਗੁਰੂ ਗ੍ਰੰਥ ਸਾਹਿਬ)

*(ਮੌਤ ਤੇ ਜਨਮ ਦਾ ਗੇੜ ਸ਼ਬਦ ਅਰਾਧਨ ਨਾਲ ਨਾਸ ਹੋ ਜਾਂਦਾ ਹੈ।)*

- *ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥*

  *ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥*

(ਪੰਨਾ 400, ਗੁਰੂ ਗ੍ਰੰਥ ਸਾਹਿਬ)

ਜਦ ਤਕ ਪਾਰਬ੍ਰਹਮ ਦੇ ਹੁਕਮ ਰੂਪ ਦੀ ਪਛਾਣ ਨਹੀਂ ਹੁੰਦੀ, ਤਦ ਤਕ ਸੰਸਾਰ ਦੇ ਦੁਖ ਸੁਖ ਵਿਆਪਦੇ ਹਨ। ਹੁਕਮ ਦੀ ਪਛਾਣ ਹੋਵੇ ਤਾਂ ਸਦ ਸੁਖੀ, ਆਨੰਦ ਸਰੂਪ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ।

ਵੇਦਾਂ ਸ਼ਾਸਤ੍ਰਾਂ ਅਨੁਸਾਰ ਦੁਰਗਾ, ਭਵਾਨੀ, ਭਗਉਤੀ, ਸ਼ਿਵ ਆਦਿ ਕਾਲ, ਮਹਾਂਕਾਲ ਦੇ ਹੀ ਰੂਪ ਹਨ। ਦਸਮ ਗ੍ਰੰਥ ਦੀਆਂ ਰਚਨਾਵਾਂ ਵਿੱਚ ਇਹ ਸ਼ਬਦ ਇਹਨਾਂ ਦੇਵੀਆਂ ਦੇਵਤਿਆਂ ਲਈ ਵਰਤੇ ਗਏ ਹਨ। ਵੇਦਾਂ ਸ਼ਾਸਤਰਾਂ ਨੂੰ ਇਕੋ ਇੱਕ ਹਸਤੀ ਅਕਾਲ ਪੁਰਖ ਦੀ ਪਛਾਨ ਨਹੀਂ, ਕੇਵਲ ਅਨੁਮਾਨ ਲਗਾਉਂਦੇ ਹਨ ਕਿ ਬ੍ਰਹਮਾ, ਬਿਸਨ ਤੇ ਮਹੇਸ ਨੂੰ ਰਚਨ ਵਾਲੀ ਇਹਨਾਂ ਤੋਂ ਉਪਰ ਕੋਈ ਹਸਤੀ ਹੈ। ਇਹ ਕਾਲ ਜਾਂ ਓਮ ਨੂੰ ਹੀ ਸੱਤ ਸਮਝ ਕੇ ਅਕਾਲ ਕਹਿ ਲੈਂਦੇ ਹਨ। ਗੁਰਬਾਣੀ ਅਕਾਲ ਤੇ ਕਾਲ ਨੂੰ ਵੱਖ ਵੱਖ ਬਿਆਨ ਕਰਦੀ ਹੈ।

ਓਅੰਕਾਰ ਧੁੰਨ ਤੋਂ ਸੰਸਾਰ ਦੇ ਜੀਵ ਜੰਤ ਉਪਜੇ। ਸੰਸਾਰ ਵਿੱਚ ਪੁੰਨ ਪਾਪ ਹਨ, ਲੜਾਈ ਝਗੜੇ ਹਨ, ਸ਼ਸਤਰ ਹਨ। ਪੁੰਨਾਂ ਪਾਪਾਂ ਦੇ ਲੇਖ ਅਕਾਲ





ਪੁਰਖ ਦੇ ਹੁਕਮ ਵਿੱਚ ਹਨ। ਸਿੰਮ੍ਰਿਤ ਸ਼ਾਸਤਰ ਦੀ ਵਿਚਾਰ ਪੁੰਨ ਪਾਪ ਤਕ ਹੈ, ਉਸਨੂੰ ਤੱਤ ਬ੍ਰਹਮ ਤੇ ਹੁਕਮ ਦੀ ਪਛਾਨ ਨਹੀਂ।

- *ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥*

  *ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥*

(ਪੰਨਾ 920, ਗੁਰੂ ਗ੍ਰੰਥ ਸਾਹਿਬ)

*(ਤੱਤ ਬ੍ਰਹਮ ਜੋਤਿ ਤੇ ਹੁਕਮ ਦੀ ਸਾਰ ਪੂਰੇ ਗੁਰੂ ਦੇ ਉਪਦੇਸ਼ ਬਿਨਾ ਨਹੀਂ ਹੁੰਦੀ।)*

- *ਪੁੰਨ ਪਾਪ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥*

(ਪੰਨਾ 1414, ਗੁਰੂ ਗ੍ਰੰਥ ਸਾਹਿਬ)

*(ਪੁੰਨ ਪਾਪਾਂ ਨਾਲ ਲੇਖੇ ਵਿੱਚ ਰਹਿੰਦੇ ਹਨ, ਤੇ ਜੰਮਦੇ ਮਰਦੇ ਰਹਿੰਦੇ ਹਨ।)*

**ਅਕਾਲ ਉਸਤਤਿ (ਦਸਮ ਗ੍ਰੰਥ ਪੰਨਾ ੧੧)**

***ੴ ਸਤਿਗੁਰ ਪ੍ਰਸਾਦਿ।।***

***ਉਤਾਰ ਖਾਸੇ ਦਸਖਤ ਕਾ ਪਾਤਿਸਾਹੀ ੧੦।।***

ਕਵਿਤਾ ਇਸ ਮੰਗਲਾਚਰਣ ਤੋਂ ਸ਼ੁਰੂ ਹੁੰਦੀ ਹੈ।

***ਅਕਾਲ ਪੁਰਖ ਕੀ ਰੱਛਾ ਹਮਨੈ।। ਸਰਬ ਲੋਹ ਦੀ ਰੱਛਿਆ ਹਮਨੈ।।***

*ਸਰਬ ਕਾਲ ਜੀ ਦੀ ਰੱਛਿਆ ਹਮਨੈ।।*

*ਸਰਬ ਲੋਹ ਜੀ ਦੀ ਸਦਾ ਰੱਛਿਆ ਹਮਨੇ।।*

ਦਸਮ ਗ੍ਰੰਥ ਦੀਆਂ ਰਚਨਾਵਾਂ ਵਿਚ ਸਰਬ ਕਾਲ ਜੀ, ਕਾਲ ਮਹਾਕਾਲ ਨੂੰ ਕਿਹਾ ਗਿਆ ਹੈ। ਸਰਬ ਲੋਹ ਕਾਲ ਦੇ ਰੂਪ ਚੰਡੀ ਆਦਿ ਨੂੰ ਕਿਹਾ ਗਿਆ ਹੈ। ਇਥੇ ਕਵੀ ਕਹਿ ਰਿਹਾ ਹੈ ਸਰਬ ਲੋਹ ਜੀ। (ਸਰਬ ਲੋਹ ਮਹਾ ਕਾਲ ਦਾ ਅਵਤਾਰ ਹੈ।)

ਕਵੀ ਇਕੋ ਇਕ ਅਬਿਨਾਸੀ ਹਸਤੀ ਅਕਾਲ ਪੂਰਖ ਨੂੰ ਨਹੀ ਜਾਣਦਾ। ਕਵੀ ਵੇਦ ਮਤ ਅਨੁਸਾਰ ਓਮ ਤੇ ਕਾਲ ਨੂੰ ਸੱਤ ਅਬਿਨਾਸੀ ਸਮਝਦਾ ਹੈ। ਕਵੀ ਕਾਲ ਨੂੰ ਅਕਾਲ ਵੀ ਕਹਿੰਦਾ ਹੈ। ਮੰਗਲਾਚਰਣ ਤੋ ਹੀ ਸਪਸ਼ਟ ਹੇ ਕਿ ਕਵੀ ਕਾਲ ਤੇ ਚੰਡੀ ਦਾ ਉਪਾਸ਼ਕ ਹੈ। ਦਸਮ ਗ੍ਰੰਥ ਪੰਨਾ 45 ਛੰਦ 84 ਵਿੱਚ ਕਵੀ ਕਹਿੰਦਾ ਹੈ 'ਏਕ ਹੀ ਕਾਲ ਅਕਾਲ ਸਦਾ ਹੈ'।

ਅਕਾਲ ਉਸਤਤ ਦੇ ਛੰਦ 210 ਤੋਂ 230 ਤੱਕ ਕਵੀ ਕਾਲ ਤੇ ਦੁਰਗਾ ਦੇਵੀ ਦੀ ਉਸਤਤ ਤੇ ਸਰੂਪ ਦਾ ਵਰਣਨ ਕਰਦਾ ਹੈ। 210 ਤੋ 230 ਤਕ ਛੰਦਾ ਦੇ ਅਰਥ ਅਸੀਂ ਇਸ ਵਿਚਾਰ ਵਿੱਚ ਕੀਤੇ ਹਨ।

ਸਰਬ ਲੋਹ = ਸਾਰੇ ਲੋਹੇ ਦਾ ਖੰਡਾ, ਜਾਂ ਸਸਤਰ।

ਸਰਬ ਕਾਲ = ਸਭ ਦਾ ਕਾਲ, ਸਭ ਨੂੰ ਲੈ ਕਰਨ ਵਾਲਾ, ਕਾਲ ਸਮਾਂ, ਹਿੰਦੂ ਧਰਮ ਗ੍ਰੰਥਾਂ ਅਨੁਸਾਰ ਕਾਲੀ ਦੇਵੀ, ਕਾਲਕਾ, ਭਵਾਨੀ, ਦੁਰਗਾ ਆਦਿ।

ਗੁਰਬਾਨੀ ਉਪਦੇਸ਼ ਅਨੁਸਾਰ ਗੁਰਸਿੱਖ ਸਰਬ ਕਾਲ (ਸਭ ਦਾ ਕਾਲ) ਦੀ ਰਖਿਆ ਦੇ ਜਾਚਕ ਨਹੀਂ। ਗੁਰਸਿੱਖ - ਗੁਰਉਪਦੇਸ਼ ਲੈ ਕੇ, ਗੁਰਮੰਤ੍ਰ ਨਾਮ ਦਾ ਜਪ ਸਿਮਰਣ ਕਰਕੇ, ਕਾਲ ਉੱਤੇ ਜਿੱਤ ਪ੍ਰਾਪਤ ਕਰ ਲੈਂਦੇ ਹਨ, ਤੇ ਸਦਜੀਵਤ ਅਬਿਨਾਸੀ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ। ਗੁਰਬਾਣੀ ਇਸ ਤਰ੍ਹਾਂ ਸਮਝਾਉਂਦੀ ਹੈ :

***ਗੁਰ ਉਪਦੇਸਿ ਕਾਲ ਸਿਉ ਜੁਰੈ ॥***

*(ਗੁਰਉਪਦੇਸ਼ ਲੈ ਕੇ ਕਾਲ ਨਾਲ ਲੜੇ।)*

***ਕਾਲ ਪੁਰਖ ਕਾ ਮਰਦੈ ਮਾਨੁ ॥***

(ਪੰਨਾ 1159, ਗੁਰੂ ਗ੍ਰੰਥ ਸਾਹਿਬ)

*(ਕਾਲ ਪੁਰਖ ਦੇ ਮਾਨ ਨੂੰ ਮਲ ਦੇਵੇ।)*

ਵਿਚਾਰ ਨੂੰ ਅਸੀਂ ਭਗਤ ਕਬੀਰ ਜੀ ਦੀ ਬਾਣੀ ਨਾਲ ਸਮਾਪਤ ਕਰਦੇ ਹਾਂ ਜੋ ਗੁਰਮਤਿ ਤੇ ਵੇਦ ਮਤ ਦੇ ਭੇਦ ਨੂੰ ਸਮਝਾ ਦਿੰਦੀ ਹੈ।

***ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥***

***ਸਾਂਕਲ ਜੇਵਰੀ ਲੈ ਹੈ ਆਈ ॥***

*(ਸਿੰਮ੍ਰਿਤੀਆਂ ਜੋ ਵੇਦਾਂ ਦੀ ਆਧਾਰ ਤੇ ਬਣੀਆਂ ਹਨ, ਆਪਣੇ ਸ਼ਰਧਾਲੂਆਂ ਵਾਸਤੇ ਸੰਗਲ ਤੇ ਰੱਸੀਆਂ ਲੈ ਕੇ ਆਈ ਹੈ।)*

***ਆਪਨ ਨਗਰੁ ਆਪ ਤੇ ਬਾਧਿਆ ॥***

***ਮੋਹ ਕੈ ਫਾਸਿ ਕਾਲ ਸਰੁ ਸਾਂਧਿਆ ॥***





*(ਸਿੰਮ੍ਰਿਤੀ ਨੇ ਆਪਣੇ ਸ਼ਰਧਾਲੂ ਆਪ ਹੀ ਜਕੜੇ ਹੋਏ ਹਨ। ਇਹਨਾਂ ਨੇ ਸੁਰਗ ਤੇ ਨਰਕ ਦੇ ਮੋਹ ਦੀ ਫਾਹੀ ਵਿੱਚ ਫਸਾ ਕੇ ਇਹਨਾਂ ਕਾਲ, ਮੌਤ ਦੇ ਸਹਿਮ ਤੇ ਘੇਰੇ ਵਿੱਚ ਰਖਿਆ ਹੈ।)*

***ਕਟੀ ਨ ਕਟੈ ਤੂਟਿ ਨਹ ਜਾਈ ॥***

***ਸਾ ਸਾਪਨਿ ਹੋਇ ਜਗ ਕਉ ਖਾਈ ॥***

*(ਸਿੰਮ੍ਰਿਤੀ ਦੀਆਂ ਲਗਾਈਆਂ ਕਰਮ ਜਾਲ ਦੀਆਂ ਫਾਹੀਆਂ ਵੱਢੀਆਂ ਨਹੀਂ ਜਾ ਸਕਦੀਆਂ। ਇਹ ਸੱਪਣੀ ਬਣ ਕੇ ਸ਼ਰਧਾਲੂਆਂ ਨੂੰ ਖਾ ਰਹੀ ਹੈ।)*

***ਹਮ ਦੇਖਤ ਜਿਨਿ ਸਭੁ ਜਗੁ ਲੂਟਿਆ ॥***

***ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥*** (ਪੰਨਾ 329, ਗੁਰੂ ਗ੍ਰੰਥ ਸਾਹਿਬ)

*(ਮੇਰੇ ਦੇਖਦਿਆਂ ਦੇਖਦਿਆਂ ਇਸਨੇ ਸੰਸਾਰ ਨੂੰ ਠੱਗ ਲਿਆ ਹੈ। ਮੈਂ ਮੌਤ ਤੇ ਜਿੱਤ ਕਿਵੇਂ ਪ੍ਰਾਪਤ ਕੀਤੀ, ਮੈਂ ਗੁਰਮਤਿ ਸਿਮਰਣ ਕਰਕੇ ਕਾਲ ਨੂੰ ਜਿੱਤ ਲਿਆ, ਤੇ ਜਨਮ ਮਰਨ ਦੇ ਗੇੜ ਚੋਂ ਛੁੱਟ ਗਿਆ।)* (ਗੁਰਬਾਣੀ ਅਨੁਸਾਰ ਭਗਤ ਕਬੀਰ ਪੂਰੇ ਗੁਰੂ ਤੋਂ ਉਪਦੇਸ਼ ਲੈ ਕੇ ਗੁਰਮਤਿ ਨਾਮ ਸਿਮਰਣ ਕਰਕੇ ਤਰਿਆ।)

ਬੇਦ ਸਿੰਮ੍ਰਿਤ ਸਾਸਤ੍ਰ, ਓਮ ਸਰੂਪ ਕਾਲ ਪੁਰਖ ਨੂੰ ਜਾਣਦੇ ਹਨ, ਤੇ ਓਮ ਦੀ ਅਰਾਧਨਾ ਤੇ ਕਾਲ ਮਹਾਂਕਾਲ ਕਾਲੀ ਆਦਿ ਦੀ ਅਰਾਧਨਾ ਦਾ ਉਪਦੇਸ਼ ਦਿੰਦੇ ਹਨ। ਸਿੰਮ੍ਰਿਤ ਸ਼ਾਸਤਰ ਕਾਲ ਪੁਰਖ ਤੋਂ ਉਪਰ ਅਕਾਲ ਪੁਰਖ ਤੇ ਉਸਦੇ ਹੁਕਮਾਂ ਨੂੰ ਨਹੀਂ ਜਾਣਦੇ। ਇਹਨਾਂ ਗ੍ਰੰਥਾਂ ਦੀ ਵਿਚਾਰ ਪੁੰਨ ਪਾਪਾਂ ਤੇ, ਇਹਨਾਂ ਤੋਂ ਉਪਜੇ ਜਨਮ ਮਰਨ ਦੇ ਗੇੜ ਤਕ ਸੀਮਿਤ ਹੈ। ਬ੍ਰਹਮਾ ਨੂੰ ਵੀ ਹੁਕਮ ਦੀ ਪਛਾਣ ਨਹੀਂ ਹੋਈ।

***ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥***

***ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥***

(ਪੰਨਾ 423, ਗੁਰੂ ਗ੍ਰੰਥ ਸਾਹਿਬ)

***ਸਤਿਗੁਰ ਮਿਲੈ ਤ ਤਿਸ ਕਉ ਜਾਣੈ ॥***

***ਰਹੈ ਰਜਾਈ ਹੁਕਮੁ ਪਛਾਣੈ ॥*** (ਪੰਨਾ 832, ਗੁਰੂ ਗ੍ਰੰਥ ਸਾਹਿਬ)

*(ਗੁਰਸਿੱਖ ਸਤਿਗੁਰੂ ਤੋਂ ਉਪਦੇਸ਼ ਲੈ ਕੇ ਗੁਰਮਤਿ ਨਾਮ ਸਿਮਰਣ*

*ਕਰਦਿਆਂ ਅਕਾਲ ਪੁਰਖ ਦੀ ਅਰਾਧਨਾ ਕਰਦਾ ਹੈ, ਕਾਲ ਤੇ ਜਿੱਤ ਪ੍ਰਾਪਤ ਕਰਕੇ ਕਾਲ ਨੂੰ ਮਾਰ ਦਿੰਦਾ ਹੈ ਤੇ ਸਦ ਜੀਵਤ ਹੋ ਜਾਂਦਾ ਹੈ। ਗੁਰਸਿੱਖ ਨੂੰ ਹੁਕਮ ਦੀ ਪਛਾਣ ਹੋ ਜਾਂਦੀ ਹੈ।)*

ਕਾਲ ਦੀ ਅਰਾਧਨਾ ਵਾਲੇ ਨੂੰ ਕਾਲ ਹੀ ਖਾਂਦਾ ਹੈ, ਤੇ ਉਹ ਜੰਮਦਾ ਮਰਦਾ ਰਹਿੰਦਾ ਹੈ, ਨਰਕਾਂ ਸੁਰਗਾਂ ਦੇ ਚੱਕਰ ਕਰਮ ਅਨੁਸਾਰ ਕੱਢਦਾ ਹੈ।

ਇਸ ਰਚਨਾ ਦੇ ਕਵੀ ਅਨੁਸਾਰ ਸਭ ਦੇਵੀ ਦੇਵਤੇ, ਕਾਲ ਨੇ ਪੈਦਾ ਕੀਤੇ ਤੇ ਕਾਲ ਨੇ ਹੀ ਮਾਰੇ। ਸਭ ਜਨਮ ਮਰਨ ਦੇ ਗੇੜ ਵਿੱਚ ਘੁੰਮ ਰਹੇ ਹਨ। ਇਸੇ ਤਰ੍ਹਾਂ ਸਭ ਪੀਰ ਪੈਗੰਬਰ ਅਉਲੀਏ, ਦੇਵੀ ਦੈਤ ਆਦਿ ਹਨ। ਕਾਲ ਬਹੁਤ ਬਲੀ ਹੈ।

ਗੁਰਬਾਨੀ ਸਮਝਾਉਂਦੀ ਹੈ ਕਿ ਸਭ ਦੇਵੀ ਦੇਵਤੇ ਆਦਿ ਕਾਲ ਪੁਰਖ ਤੋਂ ਹੀ ਬਣ ਪਲ ਮਰ ਰਹੇ ਹਨ, ਪਰ ਕਾਲ ਨੂੰ ਏਕੰਕਾਰ ਜੋਤਿ ਰੂਪ ਪਾਰਬ੍ਰਹਮ ਅਬਿਨਾਸੀ ਹਸਤੀ ਅਕਾਲ ਪੁਰਖ ਨੇ ਆਪਣੇ ਹੁਕਮ, ਬਲ ਨਾਲ ਸਾਜਿਆ ਤੇ ਕਾਲ ਪੁਰਖ ਸਰੂਪ ਤੋਂ ਸਾਰੇ ਦੇਵੀ ਦੇਵਤੇ ਆਦਿ ਇੱਕ ਅਕਾਲ ਪੁਰਖ ਦੇ ਹੁਕਮ ਵਿੱਚ ਬਣ ਪਲ ਮਰ ਰਹੇ ਹਨ। ਅਕਾਲ ਪੁਰਖ ਸੁਤੰਤਰ ਸੰਪੂਰਨ ਸ਼ਖਸੀਅਤ ਹੈ। ਸੰਸਾਰ ਦੀ ਖੇਡ, ਜਨਮ ਮਰਨ ਦੀ ਖੇਡ ਦਾ ਮੂਲ ਅਕਾਲ ਪੁਰਖ ਦੇ ਹੁਕਮ ਦੀ ਖੇਡ ਹੈ, ਅਕਾਲ ਪੁਰਖ ਹੀ ਸਾਰੀ ਖੇਡ ਹੁਕਮ ਰੂਪ ਹੋ ਕੇ ਕਰ ਰਿਹਾ ਹੈ। ਬ੍ਰਹਮਾ ਬਿਸਨ ਮਹੇਸ, ਦੇਵੀ ਦੇਵਤੇ ਸਭ ਕਾਇਨਾਤ ਵਿੱਚ ਸਰਗੁਨ ਸਰੂਪ ਹੋ ਕੇ ਆਪ ਖੇਡ ਰਿਹਾ ਹੈ। ਹੁਕਮ ਦੀ ਪਛਾਣ ਬੇਦਾਂ ਸ਼ਾਸਤ੍ਰਾਂ ਸਿੰਮ੍ਰਿਤੀਆਂ ਨੂੰ ਨਹੀਂ ਹੋਈ। ਹੁਕਮ ਦੀ ਪਛਾਣ ਪੂਰੇ ਗੁਰੂ ਤੋਂ ਉਪਦੇਸ਼ ਲੈ ਕੇ ਗੁਰਮਤਿ ਸਿਮਰਨ ਦੁਆਰਾ ਹੋ ਜਾਂਦੀ ਹੈ, ਹੁਕਮ ਦੀ ਪਛਾਣ ਹੋਵੇ ਤਾਂ ਇੱਕ ਦੀ ਪਛਾਣ ਹੁੰਦੀ ਹੈ, ਤੇ ਜੀਵ ਤੱਤ, ਪਰਮਤਤ, ਪਰਮ ਨਿਰਮਲ ਚੇਤਨਾ ਵਿੱਚ ਅਭੇਦ ਹੋ ਜਾਂਦਾ, ਫਿਰ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ। ਸਭ ਸਿੰਮ੍ਰਿਤ ਸ਼ਾਸਤ੍ਰ ਵਾਲੇ, ਕਾਲ ਦੀ ਅਰਾਧਨਾ ਵਾਲੇ, ਬ੍ਰਹਮਾ ਬਿਸਨ ਮਹੇਸ ਦੀ ਅਰਾਧਨਾ ਵਾਲੇ, ਕਾਲ ਚੱਕਰ ਵਿੱਚ ਹੀ 84 ਲੱਖ ਜੂਨਾਂ ਦੇ ਗੇੜੇ ਵਿੱਚ ਘੁੰਮਦੇ ਹਨ। ਇੱਕ ਕਾਲ ਚੱਕਰ ਤੋਂ ਬਾਦ, ਜਦੋਂ ਅਕਾਲ ਪੁਰਖ ਨੂੰ ਭਾਵੇ ਤਾਂ ਕਾਲ ਦਾ ਵੀ ਕਾਲ ਆ ਜਾਂਦਾ ਹੈ, ਤੇ ਕਾਲ ਪੁਰਖ ਵੀ ਹੁਕਮ ਨਾਲ ਅਕਾਲ ਪੁਰਖ ਵਿੱਚ ਹੀ ਸਮਾ ਜਾਂਦਾ ਹੈ। ਫਿਰ ਸੁੰਨ ਸਮਾਧ ਵਿੱਚ ਇੱਕ ਇਕੋ ਸਦੈਵੀ ਹਸਤੀ, ਜੋਤਿ ਰੂਪ ਪਾਰਬ੍ਰਹਮ ਪਰਮ ਪੁਰਖ ਹੀ ਰਹਿ ਜਾਂਦਾ ਹੈ। ਉਦੋਂ ਸੰਸਾਰ ਨਹੀਂ ਰਹਿੰਦਾ।

ਰਚਨਾ ਦੇ ਛੰਦ 211 ਤੋਂ 230 ਵਿੱਚ ਕਵੀ ਚੰਡੀ ਦੇਵੀ ਦੀ ਜੈ ਜੈਕਾਰ ਕਰਦਾ ਹੈ, ਦੈਂਤਾਂ ਨੂੰ ਮਾਰਨ ਵਾਲੀ, ਲਹੂ ਪੀਣ ਵਾਲੀ ਦੇਵੀ ਬਿਆਨ ਕਰਦਾ ਹੈ। ਕਵੀ ਦੇਵੀ ਨੂੰ ਪਾਪਾਂ ਦਾ ਨਾਸ ਕਰਨ ਵਾਲੀ ਵੀ ਕਹਿੰਦਾ ਹੈ, ਤੇ ਚੰਡੀ





ਦੇਵੀ ਨੂੰ ਪਰਮੇਸਰ ਤੁੱਲ ਸਮਝਦਾ ਹੈ।

**ਦੁਰਜਨ ਦਲ ਦੰਡਣ ਅਸੁਰ ਬਿਹੰਡਣ ਦੁਸ਼ਟ ਨਿਕੰਦਣ ਆਦਿ ਬ੍ਰਿਤੇ।।**

*(ਬੁਰੇ ਪੁਰਸ਼ਾਂ ਦੇ ਝੁੰਡਾਂ ਨੂੰ ਡੰਡ ਦੇਣਾ ਦੈਂਤਾਂ ਨੂੰ ਤਬਾਹ ਕਰਨਾ, ਜ਼ਾਲਮਾਂ ਨੂੰ ਮਾਰ ਦੇਣਾ (ਇਹ ਜਿਸ ਦਾ) ਸ਼ੁਰੂ ਤੋਂ ਹੀ (ਬ੍ਰਿਤੇ) ਸੁਭਾਵ ਹੈ।)*

**ਚਛਰਾਸੁਰ ਮਾਰਣ ਪਤਿਤ ਉਧਾਰਣ ਨਰਕ ਨਿਵਾਰਣ ਗੂੜ ਗਤੇ।।**

*((ਜੋ) ਚਿੱਛਰ ਦੈਂਤ ਨੂੰ ਮਾਰਨ ਵਾਲੀ ਹੈ, ਪਾਪੀਆਂ ਨੂੰ ਤਾਰਨ ਵਾਲੀ ਹੈ, ਨਰਕਾਂ ਤੋਂ ਬਚਾਉ ਵਾਲੀ ਹੈ, ਅਤੇ (ਜਿਸ ਦੀ) ਗੜੀ ਗੂੜ੍ਹ ਹੈ।)*

**ਅਛੇ ਅਖੰਡੇ ਤੇਜ ਪ੍ਰਕੰਡੇ ਖੰਡ ਉਦੰਡੇ ਅਲਖ ਮਤੇ।।**

*(ਜਿਸਦਾ ਨਾ ਖੰਡਨ ਹੋਣ ਵਾਲਾ (ਅਛੇ) ਚੰਗਾ (ਪ੍ਰਚੰਡ) ਪਰਕਾਸ਼ ਯੁਕਤ ਪ੍ਰਤਾਪ ਹੈ, ਅਤੇ ਨਾ ਦੰਡ ਹੇਠਾਂ ਆਉਣ ਵਾਲਿਆਂ ਦਾ ਖੰਡਨ ਕਰਨ ਵਾਲੀ ਹੈ, ਅਤੇ ਮਤੀ ਜਿਸ ਦੀ ਜਾਣੀ ਨਹੀਂ ਜਾਂਦੀ।)*

**ਜੈ ਜੈ ਹੋਸੀ ਮਹਖਾਸੁਰਿ ਮਰਦਨ ਰੰਮ ਕਪਰਦਨ ਛੱਤ੍ਰ ਛਿਤੇ।।੨੧੧।**

*(ਹੇ ਮਹਿਖਾਸੁਰ ਨੂੰ ਮਾਰਨ ਵਾਲੀ, ਸੁੰਦਰ ਕੇਸਾਂ ਦਾ ਜੂੜਾ ਧਾਰਨ ਵਾਲੀ ਤੇ ਪ੍ਰਿਥਵੀ ਉਤੇ ਛਤਰ (ਰੂਪ ! ਤੇਰੀ) ਜੈ ਜੈ ਕਾਰ ਹੋਵੇ।)*

**ਆਸੁਰੀ ਬਿਹੰਡਣ ਦੁਸ਼ਟ ਨਿਕੰਦਣ ਪੁਸ਼ਟ ਉਦੰਡਣ ਰੂਪੰ ਅਤੇ।।**

*(ਹੇ ਅਸੁਰਾਂ ਨੂੰ ਮਾਰਣ ਵਾਲੀ, ਦੁਸ਼ਟਾਂ ਨੂੰ ਨਾਸ ਕਰਨ ਵਾਲੀ, (ਪੁਸਟ) ਮੋਟੇ ਤਾਜਿਆਂ ਨੂੰ ਦੰਡ ਦੇਣ ਵਾਲੀ ਅਤੇ ਅਤਿਯੰਤ ਮਹਾਨ ਰੂਪ ਵਾਲੀ ਹੈ।)*

**ਚੰਡਾਸੁਰ ਚੰਡਣ ਮੁੰਡ ਬਿਸੰਡਣ ਧੂਮ੍ਰ ਬਿੰਧੁਸਣ ਮਹਖ ਮਤੇ।।**

*(ਜੋ ਚੰਡ ਦੈਂਤ ਨੂੰ ਚੰਡਣ ਵਾਲੀ ਹੈ, ਮੁੰਡ ਦੈਂਤ ਨੂੰ ਕਟਨ ਵਾਲੀ ਹੈ, ਧੂਮਰ ਲੋਚਨ ਨੂੰ ਤਬਾਹ ਕਰਨ ਵਾਲੀ ਹੈ, ਅਤੇ ਮਹਖ ਦੈਂਤ ਨੂੰ ਗਰਦ (ਮਿਟੀ) ਨਾਲ ਮਿਲਾਨ ਵਾਲੀ ਹੈ।)*

**ਦਾਨਵ ਪ੍ਰਹਾਰਨ ਨਰਕ ਨਵਾਰਨ ਅਧਮ ਉਰਧ ਅਧੇ।।**

*(ਜੋ ਦੈਂਤਾਂ ਦਾ ਸੰਘਾਰ ਕਰਨ ਵਾਲੀ ਹੈ, ਨਰਕਾਂ ਤੋਂ ਬਚਾਨ ਵਾਲੀ ਹੈ, ਪਾਪੀਆਂ ਨੂੰ ਤਾਰਨ ਵਾਲੀ ਹੈ, ਅਤੇ ਉਰਧ ਅਕਾਸ ਤੇ ਅਧੇ ਪਾਤਾਲ ਵਿੱਚ ਪੂਰਨ ਹੈ।)*

**ਜੈ ਜੈ ਹੋਸੀ ਮਹਖਾਸੁਰ ਮਰਦਨ ਰੰਮ ਕਪਰਦਿਨ ਆਦਿ ਬ੍ਰਿਤੇ।।੨੧੨।**

*(ਹੇ ਮਹਿਖਾਸੁਰ ਨੂੰ ਮਾਰਨ ਵਾਲੀ, ਸੁੰਦਰ ਕੇਸਾਂ ਦੇ ਜੂੜੇ ਵਾਲੀ ਆਦ ਸ਼ਕਤੀ ! (ਤੇਰੀ) ਜੈ ਹੋਵੇ ਜੈ ਹੋਵੇ।)*

**ਡਾਵਰੂ ਡਵੰਕੈ ਬਦਰ ਬਵੰਕੈ ਭੁਜਾ ਫਰੰਕੈ ਤੇਜ ਬਰੰ।।**

*((ਤੇਰਾ) ਡੌਰੂ (ਇਉਂ ਡੁਗ ਡੁਗ ਕਰਦਾ ਹੈ, (ਮਾਨੋਂ) ਸ਼ੇਰ ਭੱਬਕਦਾ ਹੈ, ਅਤੇ ਬਲ ਦੇ ਤੇਜ਼ (ਕਰਕੇ ਤੇਰੀਆਂ) ਬਾਹਾਂ ਫੁਰਕਦੀਆਂ ਹਨ।)*

**ਲੰਕੂੜੀਆ ਫਾਧੈ ਆਯੁਧ ਬਾਧੈ ਸੈਨ ਬਿਮਰਦਨ ਕਾਲ ਅਹੁਰੰ।।**

*(ਜਿਸ ਨੇ ਸਸਤਰ ਸਜਾਏ ਹੋਏ ਹਨ, ਉਹ ਲੌਂਕੁੜਾ (ਹਨੂੰਮਾਨ) ਤੇਰੇ ਅਗੇ (ਫਾਧੇ) ਟਪੋਸੀਆਂ ਮਾਰਦਾ ਜਾ ਰਿਹਾ ਹੈ, ਮਾਨੋਂ ਦੈਂਤਾਂ ਦੀ ਸੈਨਾ ਨੂੰ ਬਿਲਕੁਲ ਨਾਸ ਕਰਨ ਲਈ ਕਾਲ ਰੂਪ ਹੋ ਰਿਹਾ ਹੈ।)*

**ਅਸਟਾਇਧ ਚਮਕੈ ਭੂਖਨ ਦਮਕੈ ਅਤਸਿਤ ਝਮਕੈ ਫੂੰਕ ਫਨੰ।।**

*(ਹਥਾਂ ਵਿੱਚ ਅਠ ਸ਼ਸਤ੍ਰ ਚਮਕਦੇ ਹਨ, ਅਤੇ ਗਹਿਣੇ ਦਮਕਾਂ ਮਾਰਦੇ ਹਨ ਅਤੇ ਤੇਰੇ ਗਲ ਦੇ (ਅਤਸਿਤ) ਡਾਢੇ ਚਿਤੇ (ਫੱਨ) ਸਪ ਵੈਰੀਆਂ ਨੂੰ ਮਾਰਨ ਲਈ ਫੁੰਕਾਰੇ ਮਾਰਦੇ ਹਨ।)*

**ਜੈ ਜੈ ਹੋਸੀ ਮਹਖਾਸੁਰ ਮਰਦਨਿ ਰੰਪ ਕਪਰਦਿਨ ਦੈਤ ਜਿਣੰ।।੨੧੩।**

*(ਹੇ ਦੈਂਤਾਂ ਨੂੰ (ਜਿਣ) ਜਿਤਣ ਵਾਲੀ ! ਹੇ ਮਹਿਖਾਸੁਰ ਨੂੰ ਮਾਰਨ ਵਾਲੀ ! ਹੇ ਸੁੰਦਰ ਜੂੜੇ ਵਾਲੀ ! (ਤੇਰੀ) ਜੈ ਜੈ ਕਾਰ ਹੋਵੇ।)*

**ਚੰਡਾਸੁਰ ਚੰਡਣ ਮੁੰਡ ਬਿਮੁੰਡਨ ਖੰਡ ਅਖੰਡਣ ਖੂਨ ਖਿਤੇ।।**

*(ਹੇ ਚੰਡ ਦੈਂਤ ਨੂੰ (ਖੂਨ ਖਿਤੇ) ਜੁਧ ਭੂਮਿ ਵਿੱਚ ਚਡਣ ਵਾਲੀ ! ਹੇ ਮੂੰਡ ਦੈਂਤ ਨੂੰ ਮਾਰਨ ਵਾਲੀ ਅਤੇ ਟੋਟੇ ਨਾ ਹੋਣ ਵਾਲਿਆਂ ਦੇ ਟੋਟੇ ਕਰਨ ਵਾਲੀ।)*

**ਦਾਮਨੀ ਦਮੰਕਣ ਧੁਜਾ ਫਰੰਕਣ ਫਣੀ ਫੁਕਾਰਨ ਜੋਧ ਜਿਤੇ।।**

*(ਹੇ ਬਿਜਲੀ ਵਾਂਗੂੰ ਦਮਕਨ ਵਾਲੀ ! ਤੇਰੇ ਝੰਡੇ ਝੂਲਦੇ ਹਨ, ਅਤੇ ਸਪ ਸੂਕਦੇ ਹਨ, ਤੂੰਹੀ ਜੁਧ ਦੇ ਜਿਤਨ ਵਾਲੀ ਹੈ।)*

**ਸਰ ਧਾਰ ਬਿਬਰਖਣ ਦੁਸ਼ਟ ਪ੍ਰਕਰਖਣ ਪੁਸਟ ਪ੍ਰਹਰਖਨ ਦੁਸਟ ਮਥੈ।।**

*(ਤੂੰ ਤੀਰਾਂ ਦਾ ਮੀਂਹ ਵਸਾਣ ਵਾਲੀ ਹੈਂ। ਦੁਸ਼ਟਾਂ ਨੂੰ ਰਣ ਭੂਮੀ ਵਿੱਚ ਰੁਲਾਨ ਵਾਲੀ ਹੈ, 'ਪੁਸਿਟ' ਯੋਗਨੀ ਨੂੰ ਵੱਡਾ ਅਨੰਦ ਦੇਣ ਵਾਲੀ ਹੈ ਅਤੇ ਜ਼ਾਲਮਾਂ ਨੂੰ ਮਾਰਨ ਵਾਲੀ ਹੈ।)*

**ਜੈ ਜੈ ਹੋਸੀ ਮਹਖਾਸੁਰ ਮਰਦਨ ਭੂਮ ਅਕਾਸ ਤਲ ਉਰਧ ਅਧੇ।।੨੧੪।**

*(ਹੇ ਮਹਿਖਾਸੁਰ ਮਰਦਨ ! ਤੇਰੀ ਜੈ ਜੈ ਹੋਵੇ, ਤੂੰਹੀ ਅਕਾਸਾਂ, ਧਰਤੀ ਤੇ ਸਾਰੇ ਪਤਾਲਾਂ ਵਿੱਚ ਪੂਰਨ ਹੈਂ)*





**ਦਾਮਨੀ ਪ੍ਰਹਾਸਨ ਸੁ ਛਬ ਨਿਵਸਾਨ ਸ੍ਰਿਸਟ ਪ੍ਰਕਾਸਨ ਗੂੜ ਗਤੇ।।**

*(ਬਿਜਲੀ ਦੇ ਲਿਸ਼ਕਾਰੇ ਵਾਂਗੂੰ ਸੁੰਦਰ ਹਾਸੇ ਵਾਲੀ ਹੈਂ, ਸੁੰਦਰ ਛਬ ਵਿੱਚ ਨਿਵਾਸ ਰਖਣ ਵਾਲੀ ਹੈਂ, ਸ੍ਰਿਸ਼ਟੀ ਦੇ ਪ੍ਰਕਾਸ਼ ਕਰਨ ਵਾਲੀ ਹੈਂ, ਅਤੇ ਗੂੜ ਸਿਧਾਂਤ ਵਾਲੀ ਹੈਂ।)*

**ਰਕਤਾਸੁਰ ਆਚਨ ਜੁਧ ਪ੍ਰਮਾਚਨ ਨ੍ਰਿਦੈ ਨਰਾਚਨ ਧਰਮ ਬ੍ਰਿਤੇ।।**

*(ਤੂੰਹੀਂ ਰਕਤਬੀਜ ਨੂੰ ਖਾਣ ਵਾਲੀ ਹੈਂ, ਜੁਧ ਵਿੱਚ ਉਤਸ਼ਾਹ ਵਧਾਣ ਵਾਲੀ ਹੈਂ, ਨਿਰਭੈਤਾ ਵਿੱਚ ਫਿਰਨ ਵਹਲੀ ਹੈਂ ਅਤੇ ਧਰਮ ਦੇ ਸੁਭਾਵ ਵਾਲੀ ਹੈਂ।)*

**ਸ੍ਰੋਣੰਤ ਅਚਿੰਤੀ ਅਨਲ ਬਿਵੰਤੀ ਜੋਗ ਜਯੰਤੀ ਖੜਗ ਧਰੇ।।**

*(ਤੂੰਹੀ ਲਹੂ ਦੇ ਪੀਣ ਵਾਲੀ ਹੈਂ, ਅੱਗ ਮੂੰਹੋਂ ਉਲੱਛਨ ਵਾਲੀ ਹੈਂ, ਜੋਗ ਨੂੰ ਜਿਤਣ ਵਾਲੀ ਹੈਂ ਅਤੇ ਖੜਗ ਦੇ ਧਾਰਨ ਵਾਲੀ ਹੈਂ।)*

**ਜੈ ਜੈ ਹੋਸੀ ਮਹਖਾਸੂਰ ਮਰਦਨ ਪਾਪ ਬਿਨਾਸਿਨ ਧਰਮ ਕਰੇ।।੨੧੫।**

*(ਹੇ ਪਾਪ ਦੇ ਨਾਸ ਕਰਨ ਵਾਲੀ, ਧਰਮ ਨੂੰ ਪੈਦਾ ਕਰਨ ਵਾਲੀ, ਮਹਿਖਾਸੁਰ ਨੂੰ ਮਾਰਨ ਵਾਲੀ ! ਤੇਰੀ ਜੈ ਜੈ ਕਾਰ ਹੋਵੇ।)*

**ਅਘ ਓਘ ਨਿਵਾਰਨ ਦੁਸਟ ਪ੍ਰਜਾਰਨ ਸ੍ਰਿਸਟ ਉਬਾਰਨ ਸੁਧ ਮਤੇ।।**

*(ਸਾਰੇ ਪਾਪਾਂ ਨੂੰ ਦੂਰ ਕਰਨ ਵਾਲੀ ਹੈਂ, ਬੁਰਿਆਂ ਨੂੰ ਚੰਗੀ ਤਰ੍ਹਾਂ ਫੂਕਨ ਵਾਲੀ ਹੈਂ, ਸ੍ਰਿਸ਼ਟੀ ਦੀ ਰਖਿਆ ਕਰਨ ਵਾਲੀ ਹੈਂ ਅਤੇ ਸੁਧ ਮਤ ਦੇਣ ਵਾਲੀ ਹੈਂ।)*

**ਫਣੀਅਰ ਫੁੰਕਾਰਨ ਬਾਘ ਬਕਾਰਣ ਸਸਤ੍ਰ ਪ੍ਰਹਾਰਣ ਸਾਧ ਮਤੇ।।**

*((ਤੇਰੇ ਗਲ ਵਿੱਚ) ਸੱਪ ਸੂਕਦੇ ਹਨ, (ਤੇਰਾ ਘੋੜਾ) ਸ਼ੇਰ ਭੱਬਕਦਾ ਹੈ, (ਤੂੰ ਆਪ) ਸ਼ਸਤਰ ਚਲਾਉਨ ਵਾਲੀ ਅਤੇ ਸਾਧੂ ਮਤੇ ਵਾਲੀ ਹੈਂ, ਭਾਵ - ਰਾਗ ਦ੍ਵੈਖ ਰਹਿਤ ਹੈਂ।)*

**ਸੈਹਥੀ ਸਨਾਹਨ ਅਸਟ ਪ੍ਰਬਾਹਨ ਬੋਲ ਨਿਬਾਹਨ ਤੇਜ ਅਤੁਲੰ।।**

*(ਤੇਰੀਆਂ ਅਠਾਂ (ਪਰ) ਲੰਮੀਆਂ ਬਾਹਾਂ ਵਿੱਚ ਸੈਹਥੀ (ਆਦਿਕ ਸ਼ਸਤਰ ਹਨ), ਤਨ ਉਪਰ ਮੰਜਯ (ਪਹਿਨੀ ਹੋਈ ਹੈ, ਤੇਰਾ) ਬਲ ਅਤੁਲ ਹੈ (ਹੈ, ਅਤੇ ਕੀਤੇ) ਬੋਲ ਨੂੰ ਪੂਰਾ ਕਰਨ ਵਾਲੀ ਹੈਂ।)*

**ਜੈ ਜੈ ਹੋਸੀ ਮਹਖਾਸੁਰ ਮਰਦਨ ਭੂਮ ਅਕਾਸ ਪਤਾਲ ਜਲੰ।।੨੧੬।**

*(ਹੇ ਮਹਿਖਾਸੁਰ ਨੂੰ ਮਾਰਨ ਵਾਲੀ ! (ਤੇਰੀ) ਜੈ ਜੈ ਕਾਰ ਹੋਵੇ, ਧਰਤੀ, ਅਕਾਸ਼ ਤੇ ਪਤਾਲ (ਵਿੱਚ ਤੇਰਾ ਹੀ) (ਜਲੰ=ਜ੍ਵਲੰ) ਪ੍ਰਕਾਸ਼ ਹੈ।))*

**ਚਾਚਰ ਚਮਕਾਰਨ ਚਿਛੁਰ ਹਾਰਨ ਧੂਮ ਧੁਕਾਰਨ ਦ੍ਰਪ ਮਥੇ।।**

*((ਤੂੰ) (ਚਾਚਰ) ਤਲਵਾਰ ਚਮਕਾਨ ਵਾਲੀ ਹੈਂ, ਚਿਛੁਰ (ਦੈਂਤ ਨੂੰ) ਹਰਾਨ ਵਾਲੀ ਹੈਂ, ਧੂਮਰ (ਲੋਚਨ ਦੈਂਤ ਦੇ) (ਧੁੰਕਾਰਨ) ਤੂੰਬੇ ਤੂੰਬੇ ਉਡਾਨ ਵਾਲੀ ਹੈਂ ਅਤੇ ਹੰਕਾਰ ਨੂੰ ਮਥਨੇ ਵਾਲੀ ਹੈਂ।)*

**ਦਾੜਵੀ ਪ੍ਰਦੰਤੇ ਚੰਦ ਪ੍ਰਕਾਸਨ ਸੂਰਜ ਪ੍ਰਤੇਜਨ ਅਸਟਭੁਜੇ।।**

*(ਅਨਾਰ ਦੇ ਦਾਨਿਆਂ ਨਾਲੋਂ ਸੋਹਣੇ ਦੰਦਾਂ ਵਾਲੀ ਹੈਂ, ਜੰਗ ਦੇ ਜਿਤਣ ਵਾਲੇ ਮਨੁੱਖਾਂ ਨੂੰ ਮਰਦਨ ਕਰਨ ਵਾਲੀ ਹੈਂ, ਅਤੇ ਗੂੜ੍ਹ ਸਿਧਾਂਤ ਵਾਲੀ ਹੈਂ।)*

**ਘੁੰਘਰੂ ਘਮੰਕਣ ਸਸਤ੍ਰ ਝਮੰਕਣ ਫਨੀਅਰ ਫੁੰਕਾਰਣ ਧਰਮ ਧੁਜੇ।।**

*(ਹੇ ਧਰਮ ਦੀ ਧੁਜਾ ! ਤੇਰੇ ਪੈਰਾਂ ਦੇ ਘੁੰਗਰੂ (ਘਮੰਕਣ) ਛਣ ਛਣ ਕਰਦੇ ਹਨ, ਤੇਰੇ ਹਥ ਦੇ ਸ਼ਸਤਰ ਲਿਸ਼ਕਾਂ ਮਾਰਦੇ ਹਨ, ਅਤੇ ਤੇਰੇ ਗਲ ਦੇ ਸੱਪ ਫੁੰਕਾਰੇ ਮਾਰਦੇ ਹਨ।)*

**ਅਸ ਟਾਟ ਪ੍ਰਹਾਸਨ ਸ੍ਰਿਸਟ ਨਿਵਾਸਨ ਦੁਸਟ ਪ੍ਰਣਾਸਨ ਚਕ੍ਰ ਗਤੇ।।**

*((ਤੂੰ) ਖਿੜ ਖਿੜ ਕਰਕੇ ਹਸਣ ਵਾਲੀ ਹੈਂ, ਸ੍ਰਿਸ਼ਟੀ ਵਿੱਚ ਵੱਸਣ ਵਾਲੀ ਹੈ, ਦੁਸ਼ਟਾਂ ਨੂੰ ਚਕਰ ਵਾਂਗੂੰ ਚੁਫੇਰੇ ਨਾਸ ਕਰਨ ਵਾਲੀ ਹੈਂ।)*

**ਕੇਸਰੀ ਪ੍ਰਵਾਹੇ ਸੁਧ ਸਨਾਹੇ ਅਗਮ ਅਥਾਹੇ ਏਕ ਬ੍ਰਿਤੇ।।**

*((ਜੋ) ਸ਼ੇਰ ਪੁਰ ਸਵਾਰ ਹੈ, ਸੁਧ ਸੰਜਯ ਵਾਲੀ ਹੈ, ਅਗਮ ਤੇ ਅਗਾਧ ਹੈ, ਇਕ (ਨਿਰੰਕਾਰ ਦੀ) (ਬ੍ਰਿਤੇ) ਸ਼ਕਤੀ ਹੈ।)*

**ਜੈ ਜੈ ਹੋਸੀ ਮਹਖਾਸੁਰ ਮਰਦਨ ਆਦਿ ਕੁਮਾਰੀ ਅਗਾਧ ਬ੍ਰਿਤੇ।।੨੧੮।**

*(ਹੇ ਅਗਾਧ ਬ੍ਰਿਤੀ ਵਾਲੀ ਆਦ ਕੁਮਾਰੀ ਤੇ ਮਹਖਾਸੁਰ ਨੂੰ ਮਾਰਨ ਵਾਲੀ ! (ਤੇਰੀ ਦੋਹਾਂ ਲੋਕਾਂ ਵਿੱਚ) ਜੈ ਜੈ ਕਾਰ ਹੋਵੇ।)*

**ਸੁਰ ਨਰ ਮੁਨ ਬੰਦਨ ਦੁਸਟ ਨਿਕੰਦਨ ਭ੍ਰਿਸਟ ਬਿਨਾਸਨ ਮ੍ਰਿਤ ਮਥੇ।।**

*((ਤੈਨੂੰ) ਦੇਵਤੇ, ਮਨੁੱਖ ਤੇ ਮੁਨੀ ਬੰਦਨਾ ਕਰਦੇ ਹਨ, (ਤੂੰ) ਦੁਸ਼ਟਾਂ ਨੂੰ ਕਟਨ ਵਾਲੀ ਹੈਂ, ਬੁਰਿਆਂ ਨੂੰ ਨਾਸ ਕਰਨ ਵਾਲੀ ਹੈਂ ਅਤੇ ਮੌਤ ਦਾ ਮਲੀਆਮੇਟ ਕਰਨ ਵਾਲੀ ਹੈਂ।)*

**ਕਾਵਰੂ ਕੁਮਾਰੇ ਅਧਮ ਉਧਾਰੇ ਨਰਕ ਨਿਵਾਰੇ ਆਦ ਕਥੇ।।**

*(ਹੇ ਕਾਮਖਯਾ ਦੇਵੀ ! (ਤੂੰਹੀ) ਨੀਚਾਂ ਨੂੰ ਤਾਰਦੀ ਹੈਂ, ਨਰਕ ਤੋਂ ਬਚਾਂਦੀ ਹੈਂ, ਮੁੱਢ ਤੋਂ (ਹੀ ਅਜਿਹੀ) ਕਹੀ ਜਾਂਦੀ ਹੈ।)*





**ਕਿੰਕਣੀ ਪ੍ਰਸੋਹਣ ਸੁਰ ਨਰ ਮੋਹਣ ਸਿੰਘਾ ਰੋਹਣ ਬਿਤਲ ਤਲੇ।।**

*((ਤੇਰੇ ਲੱਕ ਦੀ) ਕਿੰਕਨੀ ਡਾਢੀ ਸੋਹਣੀ ਹੈ, (ਜੋ) ਦੇਵਤੇ ਤੇ ਮਨੁੱਖਾਂ ਨੂੰ ਮੋਹਨ (ਵਾਲੀ ਹੈ, ਤੂੰ) ਸ਼ੇਰ ਪੁਰ ਸਵਾਰ ਹੈਂ ਅਤੇ ਬਿਤਲ ਦੇ ਥਲ (ਭੀ) ਪੂਰਨ ਹੈ।)*

**ਜੈ ਜੈ ਹੋਸੀ ਸਬ ਠਉਰਨਿ ਵਾਸਨ ਬਾਇਪਤਾਲ ਅਕਾਸ ਨਲੇ।।੨੧੯।**

*(ਹੇ ਹਵਾ, ਪਤਾਲ, ਅਕਾਸ਼ ਤੇ (ਅਨਲੇ) ਅੱਗ (ਆਦਿਕ) :ਭਨਾਂ ਜਗਾਂ ਵਿੱਚ ਵਾਸਾ ਕਰਨ ਵਾਲੀ ! (ਤੇਰੀ) ਜੈ ਜੈ ਕਾਰ ਹੋਵੇ।)*

**ਸੰਕਟੀ ਨਿਵਾਰਨ ਅਧਮ ਉਧਾਰਨ ਤੇਜ ਪਰਕ੍ਰਖਣ ਤੁੰਦ ਤਬੇ।।**

*(ਦੁਖਾਂ ਦੇ ਦੂਰ ਕਰਨ ਵਾਲੀ ਹੈਂ, ਨੀਚਾਂ ਨੂੰ ਤਾਰਨ ਵਾਲੀ ਹੈਂ, (ਤੇਰੇ) ਤੇਜ ਦੀ ਅਧਿਕਤਾ ਹੈ, ਅਤੇ ਸੁਭਾਵ ਛੇਤੀ ਭੜਕ ਪੈਣ ਵਾਲਾ ਹੈ।)*

**ਦੁਖ ਦੋਖ ਦਹੰਤੀ ਜੁਆਲ ਜਯੰਤੀ ਆਦ ਅਨਾਦ ਅਗਾਧ ਅਛੇ।।**

*(ਦੁੱਖਾਂ ਦੋਖਾਂ ਨੂੰ ਸਾੜਨ ਵਾਲੀ ਹੈ, (ਜੁਾਲ) ਅੱਗ ਨੂੰ ਜਿਤਨ ਵਾਲੀ ਹੈਂ, ਆਦ ਅਨਾਦ ਤੋਂ ਮਹਾਨ ਡੂੰਘੀ ਤੇ ਅਛੇਦ (ਕਹੀ ਜਾਂਦੀ ਹੈ)।)*

**ਸੁਧਤਾ ਸਮਰਪਣ ਤਰਕ ਬਿਤਰਕਣ ਤਪਤ ਪ੍ਰਤਾਪਣ ਜਪਤ ਜਿਵੇ।।**

*(ਸੂਰਜ ਨੂੰ ਤੇਜਵਾਨ ਕਰਨ ਵਾਲੀ ਹੈਂ, ਜਿਵੇਂ (ਕੋਈ) ਜਪਦਾ ਹੈ, (ਤੇਹਾ ਹੀ ਫਲ ਦੇਂਦੀ ਹੈਂ।))*

**ਜੈ ਜੈ ਹੋਸੀ ਸਸਤ੍ਰ ਪ੍ਰਕ੍ਰਖਣ ਆਦ ਅਨੀਲ ਅਗਾਧ ਅਭੇ।।੨੨੦।**

*(ਜੋ ਸ਼ਸਤ੍ਰ (ਪ੍ਰਕ੍ਰਖਣ) ਚਲਾਉਣ ਵਾਲੀ ! (ਸਭ ਦਾ) ਮੁੱਢ, ਗਿਣਤੀ ਤੋਂ ਪਰੇ, ਮਹਾਨ ਡੂੰਘੀ ਤੇ ਡਰ ਤੋਂ ਰਹਿਤ ! (ਤੇਰੀ) ਜੈ ਜੈ ਕਾਰ ਹੋਵੇ।)*

**ਚੰਚਲਾ ਚਖੰਗੀ ਅਲਕ ਭੁਜੰਗੀ ਤੁੰਦ ਤੁਰੰਗਣਿ ਤਿਛ ਸਰੇ।।**

*((ਤੇਰੀਆਂ) ਅਖਾਂ ਤੀਰ ਨਾਲੋਂ ਤਿੱਖੀਆਂ ਤੇ ਬਿਜਲੀ ਸਮਾਨ (ਚੰਚਲ ਹਨ, ਅਤੇ ਤੇਰੀਆਂ ਟੇਡੀਆਂ ਜ਼ੁਲਫਾਂ ਚਲਾਕ ਘੋੜੀ ਨਾਲੋਂ ਭੀ) ਚਲਾਕ ਹਨ, ਭਾਵ - ਹਵਾ ਦੇ ਜ਼ੋਰ ਨਾਲ ਜ਼ੁਲਫਾਂ ਇਉਂ ਹਿਲਦੀਆਂ ਹਨ, ਜਿਵੇਂ ਤੁੰਦ ਤੁਰੰਗਣੀ ਹੁੰਦੀ ਹੈ।)*

**ਕਰ ਕਸਾ ਕੁਠਾਰੇ ਨਰਕ ਨਿਵਾਰੇ ਅਧਮ ਉਧਾਰੇ ਤੂਰ ਭੁਜੇ।।**

*((ਤੇਰੇ) ਹੱਥ ਵਿੱਚ ਕੁਹਾੜਾ ਫੜਿਆ ਹੈ, ਤੇ ਨਰਕਾਂ ਤੋਂ ਬਚਾਉਣ ਵਾਲੀ ਹੈਂ, ਪਾਪੀਆਂ ਨੂੰ ਤਾਰਨ ਵਾਲੀ ਹੈਂ, (ਤੇਰੀਆਂ) ਬਾਹਾਂ ਲੰਮੀਆਂ ਹਨ।)*

**ਦਾਮਨੀ ਦਮੰਕੇ ਕੇਹਰ ਲੰਕੇ ਆਦ ਅਤੰਕੇ ਕ੍ਰੂਰ ਕਥੇ।।**

*(ਬਿਜਲੀ (ਵਰਗੀ ਤੇਰੀ) ਦਮਕ ਹੈ, ਸ਼ੇਰ ਵਰਗਾ ਪਤਲਾ ਲੱਕ ਹੈ, ਤੂੰ ਮੁੱਢ ਤੋਂ ਹੀ (ਅਤੰਕੇ) ਭਰ ਦੇਣ ਵਾਲੀ ਭਿਆਨਕ ਕਹੀ ਜਾਂਦੀ ਹੈਂ।)*

***ਜੈ ਜੈ ਹੋਸੀ ਰਕਤਾਸੁਰ ਖੰਡਣ ਮੁੰਭ ਚਕ੍ਰਤ ਨਸੁੰਭ ਮਥੇ।।੨੨੧।***

*(ਹੇ ਰਕਤ ਬੀਜ ਨੂੰ ਮਾਰਨ ਵਾਲੀ ! ਸੁੰਭ ਨੂੰ ਚੀਰ ਦੇਣ ਵਾਲੀ ! ਨਿਸੁੰਭ ਨੂੰ ਪੀਹ ਸੁੱਟਣ ਵਾਲੀ ! ਤੇਰੀ ਜੈ ਜੈ ਕਾਰ ਹੋਵੇ।)*

***ਬਾਰਜ ਬਿਲੋਚਨ ਬ੍ਰਿਤਨ ਬਿਮੋਚਨ ਸੋਚ ਬਿਸੋਚਨ ਕਉਚ ਕਸੇ।।***

*(ਕਮਲ ਜੇਹੀਆਂ ਸੁੰਦਰ ਅੱਖਾਂ ਹਨ, ਉਦਾਸੀਆਂ ਨੂੰ ਕੱਟਨ ਵਾਲੀ ਹੈਂ, ਫਿਕਰਾਂ ਤੋਂ ਬੇਫਿਕਰ ਕਰਨ ਵਾਲੀ ਹੈਂ, ਅਤੇ ਦੁਸ਼ਟਾਂ ਨੂੰ ਗ੍ਰਸਣ ਵਾਲੀ ਹੈਂ।)*

***ਦਾਮਨੀ ਪ੍ਰਹਾਸੇ ਸੁਕ ਸਰ ਨਾਸੇ ਸੁਬ੍ਰਿਤ ਸੁਬਾਸੇ ਦੁਸਟ ਗ੍ਰਸੇ।।***

*(ਬਿਜਲੀ ਵਾਂਗੂੰ ਹਾਸਾ ਹੈ, ਤੋਤੇ ਵਰਗੀਆਂ ਨਾਸਾਂ ਹਨ, ਉਤਮ ਆਚਾਰ ਹਨ, ਸੁੰਦਰ ਲਿਬਾਸ ਹਨ, ਅਤੇ ਦੁਸ਼ਟਾਂ ਨੂੰ ਗ੍ਰਸਣ ਵਾਲੀ ਹੈਂ।)*

***ਚੰਚਲਾ ਪ੍ਰਅੰਗੀ ਬੇਦ ਪ੍ਰਸੰਗੀ ਤੇਜ ਤੁਰੰਗੀ ਖੰਡ ਸੁਰੰ।।***

*(ਬਿਜਲੀ ਸਮਾਨ (ਪ੍ਰਯ=ਅੰਗੀ) ਸੁੰਦਰ ਸਰੀਰ ਵਾਲੀ ਹੈਂ, ਬਦ ਦੇ (ਪ੍ਰਸੰਗੀ) ਸਬੰਧ ਵਾਲੀ ਹੈਂ, ਤੇਜ (ਤਰੰਗੀ) ਚਾਲ ਵਾਲੀ ਹੈਂ, ਅਤੇ (ਖੰਡਸੁਰੰ) ਦੈਂਤਾਂ ਨੂੰ ਮਾਰਨ ਵਾਲੀ ਹੈਂ।)*

***ਜੈ ਜੈ ਹੋਸੀ ਮਹਖਾਸੁਰ ਮਰਦਨ ਆਦ ਅਨਾਦ ਅਗਾਧ ਉਰਧੰ।।੨੨੨।***

*(ਹੇ ਮਹਿਖਾਸੁਰ ਮਰਦਨੀ ! (ਤੇਰੀ) ਜੈ ਜੈ ਹੋਵੇ, (ਤੈਨੂੰ) ਆਦ ਅਨਾਦ ਤੋਂ ਅਗਾਧ (ਜਾਣ ਕੇ) (ਉਰ+ਧ) ਹਿਰਦੇ ਵਿੱਚ ਰਖਿਆ ਹੈ।)*

***ਘੰਟਕਾ ਬਿਰਾਜੈ ਰੁਣ ਝੁਣ ਬਾਜੈ ਭ੍ਰਮ ਭੈ ਭਾਜੈ ਸੁਨਤ ਸੁਰੰ।।***

*(ਤੇਰੇ ਲੱਕ ਵਿੱਚ ਜੋ (ਘੰਟਕਾ) ਕਿੰਕਨੀ ਬਿਰਾਜਦੀ ਹੈ, (ਉਹ) (ਰੁਣ ਝੁਣ) ਇੱਕ ਰਸ ਵੱਜਦੀ ਹੈ, (ਜਿਸਦੀ) (ਸੁਰ) ਅਵਾਜ਼ ਨੂੰ ਸੁਣਦਿਆਂ ਭਰਮ ਤੇ ਡਰ ਦੂਰ ਹੋ ਜਾਂਦਾ ਹੈ।)*

***ਕੋਕਲ ਸੁਨ ਲਾਜੈ ਕਿਲ ਬਿਖ ਭਾਜੈ ਸੁਖ ਉਪਰਾਜੈ ਮਧ ਉਰੰ।।***

*(ਉਸ ਅਵਾਜ਼ ਨੂੰ ਸੁਣ ਕੇ ਕੋਇਲ ਸ਼ਰਮਿੰਦੀ ਹੁੰਦੀ ਹੈ, ਪਾਪ ਦੂਰ ਹੋ ਜਾਂਦੇ ਹਨ ਅਤੇ ਹਿਰਦੇ ਵਿੱਚ ਸੁਖ ਪੈਦਾ ਹੁੰਦਾ ਹੈ।)*

***ਦੁਰਜਨ ਦਲ ਦਝੈ ਮਨ ਤਨ ਰਿਝੈ ਸਭੈ ਨ ਭਜੈ ਰੋਹ ਰਣੰ।।***

*(ਵੈਰੀਆਂ ਦੀ ਫੌਜ ਨੂੰ ਸਾੜਦੀ ਹੈ, (ਵੈਰੀ ਲੋਕ ਜੋਰ ਨਾ ਚਲਦਾ ਵੇਖ ਕੇ) ਮਨ ਤਨ ਵਿੱਚ ਰਿਝਦੇ ਹਨ, ਤੂੰ (ਜਦੋਂ) ਜੁਧ ਵਿੱਚ ਰੋਹ (ਕਰਦੀ ਹੈਂ*





*ਤਾਂ) (ਸਭੈ) ਡਰ ਨਾਲ ਭਜਦੀ ਨਹੀਂ ਹੈਂ।)*

***ਜੈ ਜੈ ਹੋਸੀ ਮਹਖਾਸੁਰ ਮਰਦਨ ਚੰਡ ਚਕ੍ਰਦਨ ਆਦ ਗੁਰੰ।।੨੨੩।***

*(ਹੇ ਮਹਿਖਾਸੁਰ ਮਰਦਨ ! ਹੇ ਚੰਡ ਨੂੰ ਚਾਕ ਕਰਨ ਵਾਲੀ ! ਹੇ ਆਦ ਤੋਂ ਪੂਜਨੀਕ ! (ਤੇਰੀ) ਜੈ ਜੈ ਕਾਰ ਹੋਵੇ।)*

***ਚਾਚਰੀ ਪ੍ਰਜੋਧਨ ਦੁਸਟ ਬਿਰੋਧਨ ਰੋਸ ਅਰੋਧਨ ਕ੍ਰੂਰ ਬ੍ਰਿਤੇ।।***

*(ਤਲਵਾਰ (ਆਦਿਕ) ਚੰਗੇ ਸ਼ਸਤਰਾਂ ਅਸਤਰਾਂ ਵਾਲੀ ਹੈਂ, ਦੁਸ਼ਟਾਂ ਦੀ ਵੈਰਣ ਹੈਂ, ਰੋਹ ਨਾਲ ਰੁਕਨ ਵਾਲੀ ਹੈਂ, ਅਤੇ ਭਿਆਨਕ ਸੁਭਾਵ ਵਾਲੀ ਹੈਂ।)*

***ਧੂਮ੍ਰਾਛ ਬਿਧੁੰਸਨ ਪ੍ਰਲੈ ਪ੍ਰਜੰਸਨ ਜਗ ਬਿਧੁੰਸਨ ਸੁਧ ਮਤੇ।।***

*(ਧੂਮਰ ਦੈਂਤ ਦੇ ਨਾਸ ਕਰਨ ਵਾਲੀ ਹੈਂ, ਪ੍ਰਲੈ ਕਾਲ (ਸਮੇਂ) ਪ੍ਰਜਾ ਨੂੰ ਖਾਨ ਵਾਲੀ ਹੈਂ, ਪ੍ਰਜਾਪਤੀ ਦੇ ਜਗ ਦਾ ਨਾਸ ਕਰਨ ਵਾਲੀ ਹੈਂ, ਸ਼ੁਧ ਮਤ ਵਾਲੀ ਹੈਂ।)*

***ਜਾਲਪਾ ਜਯੰਤ੍ਰੀ ਸੱਤ੍ਰ ਮਥੰਤੀ ਦੁਸਟ ਪ੍ਰਦਾਹਨ ਗਾੜ ਮਤੇ।।***

*(ਤੂੰਹੀ) ਜਾਲਪੇਸਵਰੀ ਦੁਰਗਾ ਹੈਂ, ਸ਼ਤਰੂਆਂ ਨੂੰ ਮਲੀਆਮੇਟ ਕਰਨ ਵਾਲੀ ਹੈਂ, ਦੁਸ਼ਟਾਂ ਨੂੰ ਚੰਗੀ ਤਰ੍ਹਾਂ ਸਾੜਨ ਵਾਲੀ ਹੈਂ ਅਤੇ ਬਹੁਤ ਹੀ ਮਸਤੀ ਵਾਲੀ ਹੈਂ।)*

***ਜੈ ਜੈ ਹੋਸੀ ਮਹਖਾਸੁਰ ਮਰਦਨ ਆਦਿ ਜੁਗਾਦਿ ਅਗਾਧ ਗਤੇ।।੨੨੪।***

*(ਹੇ ਮਹਿਖਾਸੁਰ ਨੂੰ ਮਲਨ ਦਲਨ ਵਾਲੀ ! ਆਦ ਜੁਗਾਦ ਤੋਂ (ਤੇਰੀ) ਜੈ ਜੈ ਹੋ ਰਹੀ ਹੈ, ਅਤੇ (ਤੇਰੀ) ਗਤੀ ਅਗਾਧ ਹੈ।)*

***ਖਤ੍ਰੀਆਣ ਖਤੰਗੀ ਅਭੈ ਅਭੰਗੀ ਆਦਿ ਅਨੰਗੀ ਅਗਾਧ ਗਤੇ।।***

*(ਖਤਰੀ ਵਰਗੀ (ਆਣ) ਅਣਖ ਵਾਲੀ ਹੈਂ, (ਖਤੰਗੀ) ਬਾਣਨਾਂ ਵਾਲੀ ਹੈਂ, ਡਰ ਤੋਂ ਬਿਨਾ ਤੇ ਨਾਸ ਤੋਂ ਰਹਿਤ ਹੈਂ, ਮੁੱਢ ਤੋਂ ਹੀ (ਅਨੁ+ਅਗੀ) ਸਰੀਰ ਤੋਂ ਬਿਨਾ ਤੇ ਅਗਾਧਗਤੀ, ਵਾਲੀ ਹੈਂ।)*

***ਬ੍ਰਿੜਾਲਾਛ ਬਿਹੰਡਣ ਚਛਨ ਦੰਡਣ ਤੇਜ ਪ੍ਰਚੰਡਣ ਆਦਿ ਬ੍ਰਿਤੇ।।***

*(ਬਿਡਾਲ ਨਾਮ ਵਾਲੇ ਦੈਂਤ ਨੂੰ ਮਾਰਨ ਵਾਲੀ ਹੈਂ, ਚਿੱਛਰ ਅਸੁਰ ਨੂੰ ਦੰਡ ਦੇਣ ਵਾਲੀ ਹੈਂ, ਵਡੇ ਪ੍ਰਚੰਡ ਤੇਜ ਵਾਲੀ ਹੈਂ, ਮੁੱਢ ਤੋਂ ਹੀ ਤੇਰਾ ਐਸਾ ਸੁਭਾਵ ਹੈ।)*

***ਸੁਰਨਰ ਪ੍ਰਤਪਾਰਣ ਪਤਤ ਉਧਾਰਣ ਦੁਸਟ ਨਿਵਾਰਣ ਦੋਖ ਹਰੇ।।***

*(ਦੇਵਤੇ ਤੇ ਮਨੁੱਖ ਨੂੰ ਹਰ ਰੋਜ਼ ਪਾਲਣ ਵਾਲੀ ਹੈਂ, ਪਾਪੀਆਂ ਨੂੰ*

*ਤਾਰਣ ਵਾਲੀ ਹੈਂ, ਦੁਸ਼ਟਾਂ ਨੂੰ ਮੁਕਾਉਣ ਵਾਲੀ ਹੈਂ, ਦੋਖਾਂ ਨੂੰ ਨਾਸ ਕਰਨ ਵਾਲੀ ਹੈਂ।)*

**ਜੈ ਜੈ ਹੋਸੀ ਮਹਖਾਸੁਰ ਮਰਦਨ ਬਿਸੁਬਿਧੁੰਸਨ ਸ੍ਰਿਸਟਕਰੇ।।੨੨੫।**

*(ਹੇ ਮਹਿਖਾਸੁਰ ਨੂੰ ਨਾਸ ਕਰਨ ਵਾਲੀ ! ਤੇਰੀ ਜੈ ਜੈ ਹੋ ਰਹੀ ਹੈ, (ਤੂੰਹੀ) ਵਿਸਵ (ਜਗਤ) ਨੂੰ ਨਾਸ ਕਰਨ ਵਾਲੀ ਹੈਂ, ਅਤੇ ਦੁਨੀਆ ਨੂੰ ਬਨਾਵੁਣ ਵਾਲੀ ਹੈ।)*

**ਦਾਮਨੀ ਪ੍ਰਕਾਸੇ ਉਨਤਨ ਨਾਸੇ ਜੋਤ ਪ੍ਰਕਾਸੇ ਅਤੁਲ ਬਲੇ।।**

*(ਬਿਜਲੀ ਵਰਗੀ ਤੇਰੀ ਰੌਸ਼ਨੀ ਹੈ, (ਉਨਤਨ) ਉਚੀਆਂ ਤੇ ਲੰਮੀਆਂ ਨਾਸਾਂ ਹਨ, (ਜੋਤ) ਚੇਹਰੇ ਦੀ ਆਭਾ ਦਾ ਉਜਾਲਾ ਹੋ ਰਿਹਾ ਹੈ, ਅਤੇ ਤੇਰਾ ਬਲ ਅਤੁਲ ਹੈ।)*

**ਦਾਨਵੀ ਪ੍ਰਕ੍ਰਖਣ ਸਰਵਰ ਵਰਖਣ ਦੁਸਟ ਪ੍ਰਧ੍ਰਖਣ ਬਿਤਲ ਤਲੇ।।**

*(ਦੈਂਤਾਂ ਦੀ ਫੌਜ ਨੂੰ (ਰਣਭੂਮੀ ਵਿੱਚ) ਰੁਲਾਉਣ ਵਾਲੀ ਹੈਂ, (ਸਰਵਰ) ਤਿਖੇ ਤੀਰਾਂ ਦੀ ਬਰਖਾ ਕਰਨ ਵਾਲੀ ਹੈਂ, ਦੁਸ਼ਟਾਂ (ਦੇ ਕਲੇਜੇ) ਧੜਕਾਉਣ ਵਾਲੀ ਹੈਂ, ਅਤੇ 'ਬਿਤਲ' ਨਾਮ, ਵਾਲੇ ਪਤਾਲ ਦੇ ਹੇਠਾਂ ਵੀ ਪੂਰਨ ਹੈਂ।)*

**ਅਸਟਾਬਿਧ ਬਾਹਣ ਬੋਲ ਨਿਭਾਹਣ ਸੰਤ ਪਨਾਹਣ ਗੂੜ ਗਤੇ।।**

*(ਅਠਾਂ ਸ਼ਸਤਰਾਂ ਦੇ ਚਲਾਉਣ ਵਾਲੀ ਹੈਂ, ਬਚਨ ਪੂਰਾ ਕਰਨ ਵਾਲੀ ਹੈਂ, ਸੰਤਾਂ ਦੀ ਓਟ ਹੈਂ, ਅਤੇ ਗੂੜ ਗਤੀ ਵਾਲੀ ਹੈਂ।)*

**ਜੈ ਜੈ ਹੋਸੀ ਮਹਖਾਸੁਰ ਮਰਦਨ ਆਦ ਅਨਾਦਿ ਅਗਾਧ ਬ੍ਰਿਤੇ।।੨੨੬।**

*(ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈ ਕਾਰ ਹੋਵੇ, ਆਦਿ ਅਨਾਦਿ ਤੋਂ ਤੇਰਾ ਸੁਭਾਉ ਅਗਾਧ ਹੈ।)*

**ਦੁਖ ਦੋਖ ਪ੍ਰਭਛਣ ਸੇਵਕ ਰਛਣ ਸੰਤ ਪ੍ਰਤਛਣ ਸੁਧ ਸਰੇ।।**

*(ਦੁਖਾਂ ਤੇ ਦੋਖਾਂ ਨੂੰ ਬਿਲਕੁਲ ਖਾ ਜਾਣ ਵਾਲੀ ਹੈਂ, ਸੇਵਕਾਂ ਦੀ ਰਖਿਆ ਕਰਨ ਵਾਲੀ ਹੈਂ, ਸੰਤਾਂ ਨੂੰ ਪ੍ਰਤੱਖ ਹੁੰਦੀ ਹੈਂ ਅਤੇ ਤਿਖੇ ਤੀਰਾਂ ਵਾਲੀ ਹੈਂ।)*

**ਸਾਰੰਗ ਸਨਾਹੇ ਦੁਸਟ ਪ੍ਰਦਾਹੇ ਅਰਿ ਦਲ ਗਾਹੇ ਦੋਖ ਹਰੇ।।**

*((ਸਾਰੰਗ) ਤਲਵਾਰ ਤੇ ਸਜੋਇ ਧਾਰਨ ਵਾਲੀ ਹੈਂ, ਦੁਸ਼ਟਾਂ ਨੂੰ ਚੰਗੀ ਤਰ੍ਹਾਂ ਸਾੜਨ ਵਾਲੀ ਹੈਂ, ਵੈਰੀਆਂ ਦੀ ਫੌਜ ਨੂੰ ਗਾਹੁਣ ਵਾਲੀ ਹੈਂ ਅਤੇ ਦੋਖਾਂ (ਪਾਪਾਂ) ਦੇ ਨਾਸ ਕਰਨ ਵਾਲੀ ਹੈਂ।)*





**ਗੰਜਨ ਗੁਮਾਨੇ ਅਤੁਲ ਪ੍ਰਵਾਨੇ ਸੰਤ ਜਮਾਨੇ ਆਦਿ ਅੰਤੇ।।**

*(ਹੰਕਾਰੀਆਂ ਦਾ ਨਾਸ ਕਰਨ ਵਾਲੀ ਹੈਂ, (ਤੇਰੇ) ਅਤੁਲ ਹੀ ਪ੍ਰਵਾਨੇ ਚਲ ਰਹੇ ਹਨ। ਤੂੰ ਹੀ ਅੰਤ ਸਮੇਂ ਦੀ ਜ਼ਾਮਨ ਹੈਂ, ਅਤੇ (ਸਭ ਦਾ) ਆਦਿ ਤੇ ਅੰਤ ਭੀ ਤੂਹੀ ਹੈਂ।)*

**ਜੈ ਜੈ ਹੋਸੀ ਮਹਖਾਸੁਰ ਮਰਦਨਿ ਸਾਧ ਪ੍ਰਦਛਨ ਦੁਸਟ ਹੰਤੇ।।੨੨੭।**

*(ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈ ਹੋ ਰਹੀ ਹੈ, ਤੂੰਹੀ ਸਾਧਾਂ ਨੂੰ ਪ੍ਰਤੱਖ ਹੋਣ ਵਾਲੀ ਅਤੇ ਦੁਸ਼ਟਾਂ ਨੂੰ ਹਤਨ ਵਾਲੀ ਹੈਂ।)*

**ਕਾਰਣ ਕਰੀਲੀ ਗਰਬ ਗਹੀਲੀ ਜੋਤ ਜਥੀਲੀ ਤੰਦ ਮਤੇ।।**

*(ਤੂੰ ਕਾਰਣਾਂ ਦੇ ਕਰਨ ਵਾਲੀ ਹੈਂ, ਹੰਕਾਰੀਆਂ ਨੂੰ ਫੜਨ ਵਾਲੀ ਹੈਂ, (ਜੋਤੀਆਂ) ਪ੍ਰਕਾਸ਼ ਕਰਨ ਵਾਲੇ ਸੂਰਜ ਆਦਿ ਨੂੰ ਜਿਤਨ ਵਾਲੀ ਹੈਂ, ਭਾਵ ਤੇਰੇ ਚਾਨਣੇ ਅਗੇ ਸੂਰਜ ਆਦਿਕਾ ਚਾਨਣਾ ਫਿਕਾ ਹੈ ਅਤੇ ਤਿਖੀ ਮਤਿ ਵਾਲੀ ਹੈਂ।)*

**ਅਸਟਾਇ ਚਮਕਨ ਸਸਤ੍ਰ ਝਮਕਣ ਦਾਮਨ ਦਮਕਣ ਆਦਿ ਬ੍ਰਿਤੇ।।**

*(ਤੇਰੇ ਅਠ ਸ਼ਸਤਰ ਚਮਕਦੇ ਹਨ, ਉਹਨਾਂ ਸ਼ਸਤਰਾਂ ਦਾ ਝਮਕਣਾ ਐਸਾ ਹੈ, ਮਾਨੋਂ ਬਿਜਲੀ ਦਮਕਦੀ ਹੈ, ਮੁੱਢ ਤੋਂ ਹੀ ਤੇਰਾ ਐਸਾ ਸੁਭਾਵ ਹੈ।)*

**ਡੁਕਡੁਕੀ ਦਮੰਕੈ ਬਾਘ ਬਬੰਕੈ ਭੁਜਾ ਫਰੰਕੈ ਸੁਧ ਗਤੇ।।**

*(ਤੇਰੇ ਹਥ ਵਿੱਚ ਡੁਗ-ਡੁਗੀ (ਦਮੰਕੇ) ਵੱਜ ਰਹੀ ਹੈ, ਤੇਰਾ ਘੋੜਾ ਸ਼ੇਰ ਭੱਬਕ ਰਿਹਾ ਹੈ, ਤੇਰੀਆਂ ਬਾਹਾਂ ਫਰਕ ਰਹੀਆਂ ਹਨ, (ਇਸ ਤਰ੍ਹਾਂ ਦੀ ਤੇਰੀ) ਪਵਿਤਰ ਗਤੀ ਹੈ।)*

**ਜੈ ਜੈ ਹੋਸੀ ਮਹਖਾਸੁਰ ਮਰਦਨ ਆਦਿ ਜੁਗਾਦਿ ਅਨਾਦ ਮਤੇ।।੨੨੮।**

*(ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈ ਹੋ ਰਹੀ ਹੈ, ਤੂੰ ਹੀ ਸਭ ਦਾ ਆਦ ਹੈਂ, ਜੁਗਾਂ ਦਾ ਆਦ ਹੈਂ, ਅਤੇ ਕਦੇ ਭੀ ਤੇਰਾ ਆਦ ਨਹੀਂ ਮਿਲਦਾ ਹੈ।)*

**ਚਛਰਾਸੁਰ ਮਾਰਣ ਨਰਕ ਨਿਵਾਰਣ ਪਤਤ ਉਧਾਰਨ ਏਕ ਭਟੇ।।**

*(ਚਿਛੁਰ ਅਸੁਰ ਦੇ ਮਾਰਨ ਵਾਲੀ ਹੈਂ, ਨਰਕਾਂ ਤੋਂ ਬਚਾਉਨ ਵਾਲੀ ਹੈਂ, ਪਾਪੀਆਂ ਨੂੰ ਤਾਰਨ ਵਾਲੀ ਹੈਂ, ਤੂੰ ਇਕ ਐਸੀ (ਭਟੇ) ਸੂਰਮਾ ਹੈਂ।)*

**ਪਾਪਾਨ ਬਿਹੰਡਨ ਦੁਸਟ ਪ੍ਰਚੰਡਣ ਖੰਡ ਅਖੰਡਣ ਕਾਲ ਕਟੇ।।**

*(ਪਾਪਾਂ ਨੂੰ ਨਾਸ ਕਰਨ ਵਾਲੀ ਹੈਂ, ਦੁਸ਼ਟਾਂ ਨੂੰ ਚੰਗੀ ਤਰ੍ਹਾਂ ਚੰਡਨ (ਸਿਧੇ ਕਰਨ) ਵਾਲੀ ਹੈਂ, ਨਾ ਖੰਡਣ ਹੋਣ ਵਾਲਿਆਂ ਨੂੰ ਖੰਡਨ ਵਾਲੀ ਹੈਂ, ਅਤੇ*

*ਕਾਲ ਨੂੰ ਭੀ ਕਟਨ ਵਾਲੀ ਹੈਂ।)*

***ਚੰਦ੍ਰਾਨਨ ਚਾਰੈ ਨਰਕ ਨਿਵਾਰੇ ਪਤਿਤ ਉਧਾਰੇ ਮੁੰਡ ਮਥੇ।।***

*(ਚਦ੍ਰਸਾਂ ਨਾਲੋਂ ਭੀ ਤੇਰਾ ਆਨਨ ਮੂੰਹ (ਚਾਰੇ) ਸੋਹਣਾ ਹੈ, ਨਰਕ ਤੋਂ ਬਚਾਉਂਦੀ ਹੈ, ਪਾਪੀਆਂ ਨੂੰ ਤਾਰਦੀ ਹੈ ਅਤੇ ਮੁੰਡ ਦੈਂਤ ਨੂੰ ਤੂੰਹੀ ਫਨਾਹ ਕੀਤਾ ਹੈ।)*

***ਜੈ ਜੈ ਹੋਸੀ ਮਹਖਾਸੁਰ ਮਰਦਨ ਧੂਮ੍ਰ ਬਿਧੁੰਸਨ ਆਦਿ ਕਥੇ।।੨੨੯।***

*(ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈ ਹੋ ਰਹੀ ਹੈ, ਤੂੰ ਧੂਮਰ ਦੈਂਤ ਦਾ ਨਾਸ ਕਰਨ ਵਾਲੀ ਹੈਂ ਤੇ ਸਭ ਦਾ ਮੁੱਢ ਕਹੀ ਜਾਂਦੀ ਹੈਂ।)*

***ਰਕਤਾਸੁਰ ਮਰਦਨ ਚੰਡ ਚਕ੍ਰਦਨ ਦਾਵਣ ਅਰਦਨ ਬਿੜਾਲ ਬਧੇ।।***

*(ਹੇ ਰਕਤ ਬੀਜ ਦੈਂਤ ਨੂੰ ਮਾਰਨ ਵਾਲੀ ! ਹੇ ਚੰਡ ਦੈਂਤ ਨੂੰ ਚਾਕ ਕਰਨ (ਚੀਰਨ) ਵਾਲੀ ! ਹੇ ਦੈਂਤਾਂ ਨੂੰ (ਅਰਦਨਿ) ਨਾਸ ਕਰਨ ਵਾਲੀ ! ਬਿੜਾਲ ਦਾ ਬੱਧ ਕਰਨ ਵਾਲੀ !)*

***ਸਰਧਾਰ ਦਿਬਰਖਣ ਦੁਰਜਨ ਧਰਖਣ ਅਤੁਲ ਅਮਰਖਣ ਧਰਨ ਧੁਜੇ।।***

*(ਹੇ ਤੀਰਾਂ ਦਾ ਮੀਂਹ ਵਰਸਾਉਣ ਵਾਲੀ ! ਹੇ ਬੁਰੇ ਪੁਰਸ਼ਾਂ ਨੂੰ ਧੜਕਾਉਣ ਵਾਲੀ ! ਹੇ ਅਤੁਲ (ਅਮਰਖਣ) ਕ੍ਰੋਧ ਵਾਲੀ ! ਹੇ ਧਰਮ ਦੀ ਧਜਾ ਰੂਪ !)*

***ਧੂਮ੍ਰਾਛ ਬਿਧੁੰਸਨ ਸ੍ਰੋਣਤ ਚੁਸੰਨ ਨਪਾਤ ਨਿਸੁੰਭ ਮਥੇ।।***

*(ਹੇ ਧਮਰ ਨੈਨ ਦਾ ਨਾਸ ਕਰਨ ਵਾਲੀ ! ਹੇ (ਸਰੌਣਤ) ਲਹੂ ਪੀਣ ਵਾਲੀ ! ਹੇ ਸੁੰਭ ਨੂੰ (ਨਪਾਤਿ) ਮਾਰਨ ਵਾਲੀ ! ਹੇ ਨਿਸੁੰਭ ਦਾ ਮੰਥਨ ਕਰਨ ਵਾਲੀ !)*

***ਜੈ ਜੈ ਹੋਸੀ ਮਹਖਾਸੁਰ ਮਰਦਨ ਆਦ ਅਨੀਲ ਅਗਾਧ ਕਥੇ।।੨੩੦।***

*(ਹੇ ਮਹਖਾਸੁਰ ਮਰਦਨੀ ! ਤੇਰੀ ਜੈ ਜੈਕਾਰ ਹੋਵੇ, ਤੂੰ ਸਭ ਦਾ ਆਦਿ ਹੈਂ, ਗਿਣਤੀ ਤੋਂ ਪਰੇ ਹੈਂ ਅਤੇ ਅਗਾਧ ਕਥਾ ਵਾਲੀ ਹੈਂ।)*

ਕਵਿਤਾ ਦੇ ਛੰਦ 211 ਤੋਂ 230 ਤਕ ਦੇਵੀ ਚੰਡੀ ਦੀ ਜੈ ਜੈਕਾਰ ਕੀਤੀ ਗਈ ਹੈ। ਕਵਿਤਾ ਅਨੁਸਾਰ ਦੇਵੀ ਚੰਡੀ ਦੇ ਇਹ ਗੁਣ ਹਨ, ਚੰਡ ਦੈਂਤ ਨੂੰ ਮਾਰਨ ਵਾਲੀ, ਮੁੰਡ ਦੈਂਤ ਨੂੰ ਕਟਨ ਵਾਲੀ, ਦੇਵੀ ਨੂੰ ਸੁੰਦਰ ਕੇਸਾਂ ਦੇ ਜੂੜੇ ਵਾਲੀ, ਆਦਿ ਸ਼ਕਤੀ ਕਿਹਾ ਗਿਆ ਹੈ। (ਛੰਦ 212)

ਜਿਸ ਨੇ ਸ਼ਸਤਰ ਸਜਾਏ ਹਨ, ਉਹ ਲੋਕੁਤ੍ਰਾ ਹਨੂਮਾਨ ਤੇਰੇ ਅੱਗੇ





ਟਪੋਸਿਆਂ ਮਾਰਦਾ ਜਾ ਰਿਹਾ ਹੈ, ਮਾਨੋ ਦੈਤਾਂ ਦੀ ਸੈਨਾ ਨੂੰ ਬਿਲਕੁਲ ਨਾਸ ਕਰਨ ਲਈ ਕਾਲ ਰੂਪ ਹੋ ਰਿਹਾ ਹੈ। (ਛੰਦ 213)

ਜਿਸ ਨੇ ਰਕਤ ਬੀਜ ਦਾ ਲਹੂ ਪੀਤਾ ਸੀ, ਤੂੰ ਹੀ ਸਾਰੇ ਅਕਾਸ਼ਾਂ, ਧਰਤੀ ਤੇ ਸਾਰੇ ਪਾਤਾਲਾਂ ਵਿੱਚ ਪੂਰਨ ਹੈ। ਸ੍ਰਿਸ਼ਟੀ ਦੇ ਪ੍ਰਕਾਸ਼ ਕਰਨ ਵਾਲੀ ਹੈ, ਤੂੰ ਹੀ ਲਹੂ ਦੇ ਪੀਣ ਵਾਲੀ ਹੈ, ਅੱਗ ਮੂੰਹੋਂ ਉਗਲੱਨ ਵਾਲੀ ਹੈ, ਖੜਗ ਦੇ ਧਾਰਨ ਵਾਲੀ ਹੈ, ਤੇਰੇ ਗਲੇ ਵਿੱਚ ਸੱਪ ਸੂਕਦੇ ਹਨ, ਤੇਰੀਆਂ ਲੰਮੀਆਂ ਬਾਹਾਂ ਵਿੱਚ ਸਸਤਰ ਹਨ (ਛੰਦ 216), ਜੋ ਸ਼ੇਰ ਪੁਰ ਸਵਾਰ ਹੈ (ਛੰਦ 218), ਬਿਜਲੀ ਵਾਂਗੂ ਹਾਸਾ ਹੈ, ਤੋਤੇ ਵਰਗੀਆਂ ਨਾਸਾਂ ਹਨ (ਛੰਦ 222), ਪ੍ਰਲੈ ਕਾਲ (ਸਮੇਂ) ਪ੍ਰਜਾ ਨੂੰ ਖਾਨ ਵਾਲੀ ਹੈ, ਤੂੰ ਹੀ ਜਾਲੇਪਸਵਰੀ ਦੁਰਗਾ ਹੈ, ਤੂੰ ਕਾਰਣਾਂ ਦੇ ਕਰਨ ਵਾਲੀ ਹੈ। ਕਵੀ ਚੰਡੀ ਦਾ ਹੋਰ ਨਾਮ ਦੁਰਗਾ ਹੀ ਦੱਸਦਾ ਹੈ ਤੇ ਚੰਡੀ ਨੂੰ ਹੀ ਕਾਰਣਾਂ ਦੇ ਕਰਨ ਵਾਲੀ ਪਰਮੇਸਰ ਰੂਪ ਮੰਨਦਾ ਹੈ।

**ਗੁਰੂ ਗੋਬਿੰਦ ਸਿੰਘ ਜੀ ਐਸੇ ਗੁਣਾਂ ਵਾਲੀ ਦੇਵੀ ਦੀ ਜੈ ਜੈਕਾਰ ਨਹੀਂ ਕਰ ਸਕਦੇ, ਗੁਰੂ ਜੀ ਇਸ ਤਰ੍ਹਾਂ ਦੀ ਕਾਵਿ ਰਚਨਾ ਨੂੰ ਪੜ੍ਹਨ ਸੁਨਨ ਦਾ ਉਪਦੇਸ਼ ਵੀ ਨਹੀਂ ਦੇ ਸਕਦੇ।** ਇਹ ਗੁਰਮਤਿ ਵਿਰੁੱਧ ਹੈ। ਜੋ ਚੰਡੀ/ਦੁਰਗਾ ਆਦਿ ਦਾ ਗੁਣਗਾਨ ਕਰਨਗੇ, ਜੋ ਉਸ ਦੀ ਸਿਫਤ ਸਾਲਾਹ ਤੇ ਜੈ ਜੈ ਕਾਰ ਕਰਨਗੇ, ਉਹਨਾਂ ਵਿੱਚ ਚੰਡੀ ਦੇ ਗੁਣ ਆ ਜਾਣਗੇ। ਇਹ ਰਚਨਾ ਵੇਦਾਂ ਸ਼ਾਸਤਰ ਸਿੰਮ੍ਰਿਤੀਆਂ ਦੇ ਉਪਦੇਸ਼ ਨਾਲ ਮੇਲ ਖਾਂਦੀ ਹੈ, ਪਰ ਮੂਲੋਂ ਹੀ ਗੁਰਬਾਣੀ ਉਪਦੇਸ਼ ਵਿਰੁੱਧ ਹੈ।

ਇਹਨਾਂ ਰਚਨਾਵਾਂ ਦੇ ਰਚਨਹਾਰ ਕਵੀ ਸਾਕਤ ਲੋਕ, ਨਿਰੰਕਾਰ, ਨਿਰਵਿਕਾਰ, ਅਕਾਲ, ਅਸ਼ਕੇਤ, ਖੜਗਪਾਨ, ਕਾਲ, ਮਹਾਕਾਲ, ਕਾਲ ਹੀ ਅਕਾਲ, ਕਰਤਾ ਕਹਿ ਕੇ ਆਪਣੀਆਂ ਰਚਨਾਵਾਂ ਵਿੱਚ ਆਪਣੇ ਇਸ਼ਟ ਨੂੰ ਪੁਕਾਰਦੇ ਹਨ, ਆਪਣੇ ਇਸ਼ਟ ਨੂੰ ਰਚਨਾਵਾਂ ਵਿੱਚ ਭਗਵਾਨ ਵੀ ਕਹਿੰਦੇ ਹਨ।

# (3. ਬਚਿਤ੍ਰ ਨਾਟਕ)

(ਦਸਮ ਗ੍ਰੰਥ ਪੰਨਾ 39 - 73)

**ਅਬ ਬਚਿਤ੍ਰ ਨਾਟਕ ਗ੍ਰੰਥ ਲਿਖਯਤੇ। ਸ੍ਰੀ ਮੁਖਵਾਕ ਪਾ:੧੦**

(ਹੁਣ ਬਚਿਤ੍ਰ ਨਾਟਕ ਗ੍ਰੰਥ ਲਿਖਦੇ ਹਾਂ, ਪਾ:10 ਦੇ ਮੁਖ ਤੋ।)

ਪਹਿਲੇ ਅਧਿਆਏ ਦੇ 101 ਛੰਤ ਹਨ। ਇਸ ਤੋਂ ਅੱਗੇ ਕਵੀ ਲਿਖਦਾ ਹੈ - ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ ਪ੍ਰਥਮ ਧਿਆਇ ਸੰਪੂਰਨਮ।

*ਸਭ ਸੁਭਮ ਸਤੁ।*

ਕਵੀ ਕਹਿ ਰਿਹਾ ਹੈ ਕਿ ਪਹਿਲੇ ਧਿਆਏ ਵਿੱਚ ਕਾਲ ਜੀ ਦੀ ਉਸਤਤਿ ਹੈ। ਕਾਲ, ਕਾਲੀ, ਭਗਉਤੀ, ਚੰਡੀ ਆਦਿ ਵੇਦ ਮਤ ਦੇ ਦੇਵੀ ਦੇਵਤੇ ਹਨ। ਸ਼ਸਤਰ ਅਸਤਰ ਵੀ ਦੇਵੀ ਦੇ ਰੂਪ ਹਨ। ਵੇਦ ਮਤ ਵਿੱਚ ਸ਼ਸਤਰਾਂ ਦੀ ਪੂਜਾ ਵੀ ਹੁੰਦੀ ਹੈ।

ਤਵਪ੍ਰਸਾਦਿ ਦੋਹਰਾ

*ਨਮਸਕਾਰ ਸ੍ਰੀ ਖੜਗ ਕੋ ਕਰੌਂ ਤੁ ਹਿਤ ਚਿੱਤ ਲਾਇ। ਪੂਰਣ ਕਰੌਂ ਗ੍ਰੰਥ ਇਹੁ ਤੁਮ ਮੁਹਿ ਕਰਹੁ ਸਹਾਇ।*

ਦਸਮ ਗ੍ਰੰਥ ਪੰਨਾ 809 ਛੰਦ 1 ਵਿੱਚ ਕਵੀ ਦੇਵੀ ਨੂੰ ਖੜਗਧਾਰਾ ਕਹਿੰਦਾ ਹੈ।

*(ਮੈ ਸ੍ਰੀ ਖੜਗ ਨੂੰ ਹਿੱਤ ਚਿੱਤ ਨਾਲ ਨਮਸਕਾਰ ਕਰਦਾਂ ਹਾਂ। ਜੇ ਤਸੀਂ ਮੇਰੀ ਸਹਾਇਤਾ ਕਰੋ ਤਾਂ ਮੈ ਇਸ ਗ੍ਰੰਥ ਨੂੰ ਪੂਰਾ ਕਰ ਲਵਾਂਗਾ।)*

*ਇਸ ਤੋਂ ਅਗੇ ਕਵੀ ਸ੍ਰੀ ਕਾਲ ਜੀ ਦੀ ਉਸਤਤਿ ਕਰਦਾ ਹੈ।*

## ਸ੍ਰੀ ਕਾਲ ਜੀ ਦੀ ਉਸਤਤਿ (ਦਸਮ ਗ੍ਰੰਥ ਪੰਨਾ 39)

*ਤ੍ਰਿਭੰਗੀ ਛੰਦ।।* ਕਵੀ ਕਾਲ ਜੀ ਦੀ ਉਸਤਤਿ ਕਰ ਰਿਹਾ ਹੈ।

*ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ।।*





*ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ।।*

*ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ।।*

*ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ।।*

(ਤਲਵਾਰ ਚੰਗੀ ਤਰ੍ਹਾਂ ਟੁਕੜੇ-ਟੁਕੜੇ ਕਰਦੀ ਹੈ। ਦੁਸ਼ਟਾਂ ਦੇ ਦਲਾਂ ਨੂੰ ਨਸ਼ਟ ਕਰਦੀ ਹੈ । ਯੁੱਧ ਨੂੰ ਸੁਸਜਤਿ ਕਰਦੀ ਹੈ, (ਅਜਿਹੀ) ਬਲਵਾਨ ਹੈ। ਇਹ ਅਖੰਡ ਤੇਜ ਵਾਲੀ ਭੁਜ-ਦੰਡ ਹੈ। ਪ੍ਰਚੰਡ ਤੇਜ ਵਾਲੀ ਹੈ, ਅਤੇ ਸੂਰਜ ਦੀ ਸ਼ੋਭਾ ਦੀ ਜੋਤਿ ਨੂੰ ਫਿਕਿਆਂ ਕਰ ਦਿੰਦੀ ਹੈ। (ਇਹ) ਸੰਤਾਂ ਨੂੰ ਸੁਖ ਦੇਣ ਵਾਲੀ, ਮਾੜੀ ਬੁੱਧੀ ਨੂੰ ਦਲਣ ਵਾਲੀ, ਪਾਪਾਂ ਦਾ ਨਾਸ਼ ਕਰਨ ਵਾਲੀ ਹੈ, (ਮੈ) ਇਸ ਦੀ ਸ਼ਰਨ ਵਿਚ ਹਾਂ। ਹੇ ਜਗ ਦਾ ਕਾਰਨ ਸਰੂਪ ! ਤੇਰੀ ਜੈ-ਜੈਕਾਰ ਹੋਵੇ (ਕਿਉਂਕਿ ਤੂੰ) ਸ੍ਰਿਸ਼ਟੀ ਨੂੰ ਉਬਾਰਨ ਵਾਲੀ ਅਤੇ ਮੇਰੀ ਪਾਲਣਾ ਕਰਣ ਵਾਲੀ ਹੈ, (ਤਾਂ ਤੇ ਤੇਰੀ) ਹੇ ਤੇਗ ! ਜੈ ਜੈ ਹੋਵੇ।)

**ਜਦੋਂ ਗੁਰਸਿੱਖ ਉਪਰਲੀਆਂ ਤੁਕਾਂ ਦਾ ਕੀਰਤਨ ਕਰਦੇ ਹਨ ਤਾਂ ਉਹ ਕਾਲ ਜੀ ਦੀ ਉਸਤਤਿ ਕਰਦੇ ਹਨ।**

ਗੁਰਬਾਣੀ ਕਾਲ ਦੀ ਅਰਾਧਨਾ ਉਸਤਤਿ ਦਾ ਉਪਦੇਸ਼ ਨਹੀਂ ਦਿੰਦੀ। ਕਾਲ ਸਮੇਂ ਦੀ ਚਾਲ ਹੈ। ਕਾਲ ਦੀ ਉਸਤਤਿ ਕਰਨ ਵਾਲਾ, ਨਮਸਕਾਰ ਕਰਨ ਵਾਲਾ, ਜਨਮ ਮਰਨ ਦੇ ਗੇੜ ਵਿੱਚ ਰਹਿੰਦਾ ਹੈ। ਵੇਦਾਂ ਨੇ ਕਾਲ ਨੂੰ ਮਹਾਕਾਲ, ਕਾਲੀ ਮਾਤਾ ਵੀ ਕਿਹਾ ਹੈ, ਉਸ ਨੂੰ ਸੰਘਾਰ ਕਰਨ ਵਾਲੀ ਦੇਵੀ ਕਿਹਾ ਹੈ।

ਦਸਵੇਂ ਜਾਮੇ ਵਿੱਚ ਗੁਰੂ ਨਾਨਕ ਸਾਹਿਬ ਦੇ ਸਰੂਪ ਗੁਰੂ ਗੋਬਿੰਦ ਸਿੰਘ ਜੀ, ਗੁਰੂ ਗ੍ਰੰਥ ਸਾਹਿਬ ਦੇ ਸਿੱਖ ਹਨ। ਪਾ:10, ਗੁਰੂ ਨਾਨਕ ਸਾਹਿਬ ਤੇ ਗੁਰਬਾਣੀ ਦੇ ਹੁਕਮਾਂ ਦੇ ਵਿਰੁੱਧ ਕਾਲ ਦੀ ਉਸਤਤਿ ਨਹੀਂ ਕਰ ਸਕਦੇ।

ਵੇਦਾਂ ਸ਼ਾਸਤਰਾਂ ਸਿੰਮ੍ਰਿਤੀਆਂ ਨੂੰ ਸੱਤ ਮੰਨਨ ਵਾਲੇ ਹਿੰਦੂ ਕਵੀ ਕਾਲ ਦੀ ਉਸਤਤਿ ਕਰਦੇ ਹਨ, ਤੇ ਓਮ ਦੀ ਅਰਾਧਨਾ ਵੀ ਕਰਦੇ ਹਨ, ਇਹ ਓਮ ਨੂੰ ਸੱਤ ਕਹਿੰਦੇ ਹਨ। ਗੁਰਬਾਣੀ ਓਮ ਨੂੰ ਸੱਤ ਨਹੀਂ ਕਹਿੰਦੀ।

ਬਚਿਤ੍ਰ ਨਾਟਕ ਦੇ ਆਰੰਭਕ ਵਿਚਾਰ ਤੋਂ ਹੀ ਇਹ ਸਾਬਤ ਹੁੰਦਾ ਹੈ ਕਿ ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ਹੋ ਸਕਦੀ, ਕਿਸੇ ਕਾਲ, ਕਾਲੀਮਾਤਾ, ਦੇਵੀ, ਤਲਵਾਰ ਦੇ ਉਪਾਸ਼ਕ ਕਵੀ ਦੀ ਹੈ।

***ਛੰਦ ੨੯*** ***ਕਈ ਮੇਟ ਡਾਰੇ ਉਸਾਰੇ ਬਨਾਏ।***
***ਉਪਾਰੇ ਗੜੇ ਫੇਰਿ ਮੇਟੇ ਉਪਾਏ।***

***ਕ੍ਰਿਯਾ ਕਾਲ ਜੂ ਕੀ ਕਿਨੂ ਨ ਪਛਾਨੀ।***

***ਘਨਿਯੋ ਪੈ ਬਿਹੈਹੈ ਘਨਿਯੋ ਪੈ ਬਿਹਾਨੀ।***

(ਪੰਨਾ 41, ਦਸਮ ਗ੍ਰੰਥ)

*(ਕਾਲ ਨੇ ਕਈ ਮੇਟ ਸੁੱਟੇ ਹਨ ਅਤੇ ਫੇਰ ਉਸਾਰ ਕੇ ਬਣਾ ਦਿੱਤੇ ਹਨ। ਮੁੜ ਕੇ ਮੁਢੋਂ ਪੁਟੇ ਹੋਇਆਂ ਨੂੰ ਘੜ ਦਿੰਦਾ ਹੈ, ਫਿਰ ਪੈਦਾ ਹੋਇਆਂ ਨੂੰ ਮੇਟ ਦਿੰਦਾ ਹੈ। ਕਾਲ ਜੀ ਦੀ ਇਸ ਤਰ੍ਹਾਂ ਦੀ ਕ੍ਰਿਯਾ ਨੂੰ ਕਿਸੇ ਨੇ ਭੀ ਨਹੀਂ ਪਛਾਣਿਆ, ਬਹੁਤਿਆਂ ਉਤੇ ਬੀਤੇਗੀ, ਬਹੁਤਿਆਂ ਉਤੇ ਬੀਤ ਚੁਕੀ ਹੈ।)*

ਗੁਰਬਾਣੀ ਕਹਿੰਦੀ ਹੈ ਕਿ ਕਾਲ ਚੱਕਰ ਦੀ ਸਾਰੀ ਕ੍ਰਿਯਾ, ਏਕੰਕਾਰ ਜੋਤਿ ਰੂਪ ਪਾਰਬ੍ਰਹਮ ਦੇ ਹੁਕਮ ਵਿੱਚ ਹੁੰਦੀ ਹੈ। ਕਾਲ ਦੀ ਸਾਰੀ ਕਾਰ ਹੁਕਮ ਵਿੱਚ ਹੋ ਰਹੀ ਹੈ। ਕਵੀ ਅਕਾਲ ਪੁਰਖ ਨੂੰ ਨਹੀਂ ਜਾਣਦਾ। ਕਾਲ ਪੁਰਖ ਸੁਤੰਤਰ ਹਸਤੀ ਨਹੀ।

- ***ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥***

  ***ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥***

  (ਪੰਨਾ 55, ਗੁਰੂ ਗ੍ਰੰਥ ਸਾਹਿਬ)
- ***ਹੁਕਮਿ ਮਰੈ ਹੁਕਮੇ ਹੀ ਜੀਵੈ ॥*** (ਪੰਨਾ 962, ਗੁਰੂ ਗ੍ਰੰਥ ਸਾਹਿਬ)
- ***ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥***

  (ਪੰਨਾ 832, ਗੁਰੂ ਗ੍ਰੰਥ ਸਾਹਿਬ)

ਅਕਾਲ ਪੁਰਖ ਪਾਰਬ੍ਰਹਮ ਦੇ ਹੁਕਮ ਵਿੱਚ ਹੀ ਜੀਵ ਕਾਲ ਵੱਸ ਹੁੰਦੇ ਹਨ। ਵੇਦਾਂ ਸ਼ਾਸਤਰਾਂ ਨੂੰ, ਬ੍ਰਹਮਾ ਬਿਸਨ ਮਹੇਸ ਨੂੰ, ਤੇ ਕਵੀ ਨੂੰ ਉਸ ਅਕਾਲ ਪੁਰਖ ਦੇ ਹੁਕਮ ਦੀ ਪਛਾਣ ਨਹੀਂ, ਜੋ ਕਾਲ ਤੋਂ ਉਪਰ ਹੈ। ਕਵੀ ਤਾਂ ਸਮਝਦਾ ਹੈ ਕਿ ਸਭ ਕ੍ਰਿਯਾ ਕਾਲ ਦੀ ਹੈ। ਗੁਰੂ ਗੋਬਿੰਦ ਸਿੰਘ ਜੀ ਕਾਲ ਦੀ ਉਸਤਤਿ ਨਹੀਂ ਕਰ ਸਕਦੇ, ਨਾ ਹੀ ਉਸ ਦੀ ਕ੍ਰਿਪਾ ਦੇ ਜਾਚਕ ਹੋ ਸਕਦੇ ਹਨ।

***ਛੰਦ ੭੫*** ***ਜਿਤੇ ਹੋਇ ਬੀਤੇ।। ਤਿਤੇ ਕਾਲ ਜੀਤੇ।।***

***ਜਿਤੇ ਸਰਨ ਜੈ ਹੈ।। ਤਿਤਿਓ ਰਾਖ ਲੈ ਹੈ।।***

*(ਜਿੰਨੇ ਵੀ ਹੋ ਗੁਜ਼ਰੇ ਹਨ, ਉਹ ਸਭਨਾਂ ਨੂੰ ਕਾਲ ਨੇ ਜਿੱਤ ਲਿਆ। ਜਿਹੜੇ ਕਾਲ ਦੀ ਸ਼ਰਨ ਜਾਣਗੇ, ਉਹਨਾਂ ਸਭ ਨੂੰ ਬਚਾ ਲਵੇਗਾ।)*

ਕਵੀ ਨਹੀਂ ਜਾਣਦਾ ਕਿ ਕਾਲ ਕਿਸੇ ਨੂੰ ਵੀ ਬਚਾ ਨਹੀਂ ਸਕਦਾ।





ਕਾਲ ਸ਼ਰਨ ਆਇਆਂ ਨੂੰ ਬਚਾ ਨਹੀਂ ਸਕਦਾ।

ਗੁਰਬਾਣੀ ਅਕਾਲ ਪੁਰਖ ਏਕੰਕਾਰ ਦੀ ਸ਼ਰਨ ਪੈਣ ਦਾ ਉਪਦੇਸ਼ ਦਿੰਦੀ ਹੈ। ਅਕਾਲ ਪੁਰਖ ਦੀ ਸ਼ਰਨ ਆਇਆਂ ਹੀ ਜਨਮ ਮਰਨ ਦਾ ਗੇੜ ਕੱਟਿਆ ਜਾਂਦਾ ਹੈ, ਤੇ ਕਾਲ ਨੂੰ ਜਿੱਤ ਕੇ ਸਦ ਜੀਵਤ ਹੋਈਦਾ ਹੈ।

*ਹਰਿ ਹਰਿ ਨਾਮ ਜਪੰਤਿਆ ਕੁਛ ਨ ਕਹੈ ਜਮਕਾਲ ॥*

(ਪੰਨਾ 457 ਗੁਰ ਗ੍ਰੰਥ ਸਾਹਿਬ)

***ਛੰਦ ੮੪***

(ਪੰਨਾ 44, ਦਸਮ ਗ੍ਰੰਥ)

***ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾ ਕੀ ਕਲਾ ਹੈ।।***

***ਕਾਲ ਹੀ ਪਾਇ ਭਯੋ ਬ੍ਰਹਮਾ ਸ਼ਿਵ ਕਾਲ ਹੀ ਪਾਇ ਭਯੋ ਜੁਗੀਆ ਹੈ।।***

***ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ।।***

***ਔਰ ਸਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ।।***

*(ਕਾਲ ਦਾ ਇਸ਼ਾਰਾ ਪਾ ਕੇ ਹੀ ਭਗਵਾਨ ਵਿਸ਼ਨੂੰ ਹੋਇਆ। ਇਸ ਜਗਤ ਵਿੱਚ ਜਿਸ ਦੀ ਕਲਾ (ਸ਼ਕਤੀ) ਪ੍ਰਗਟ ਹੋ ਰਹੀ ਹੈ। ਕਾਲ ਦਾ ਇਸ਼ਾਰਾ ਪਾ ਕੇ ਹੀ ਬ੍ਰਹਮਾ ਹੋਇਆ ਹੈ ਅਤੇ ਕਾਲ ਦਾ ਇਸ਼ਾਰਾ ਪਾ ਕੇ ਹੀ ਸ਼ਿਵਜੀ ਜੋਗੀ ਹੋਇਆ ਹੈ।*

*ਕਾਲ ਦਾ ਇਸ਼ਾਰਾ ਪਾ ਕੇ ਹੀ ਸੁਰ, ਅਸੁਰ, ਦੇਵਤੇ, ਦੈਤ, ਗੰਧ੍ਰਬ, ਜੱਛ, ਸਿੱਧ, ਦਿਸ਼ਾ ਤੇ ਕੋਨੇ ਪੈਦਾ ਹੋਏ ਹਨ। ਹੋਰ ਜਿੰਨੇ ਵਰਤਮਾਨ (ਕਾਲ) ਪਦਾਰਥ ਹਨ, ਸਾਰੇ ਕਾਲ ਮੌਤ ਦੇ ਵਿੱਚ ਹਨ। ਇਕ ਕਾਲ ਹੀ ਸਦਾ ਅਕਾਲ ਹੈ।* ***ਕਵੀ ਕਾਲ ਨੂੰ ਸਦਾ ਅਕਾਲ ਸਮਝਦਾ ਹੈ।)***

ਕਵੀ, ਕਾਲ ਦੇ ਰਚਨ ਵਾਲੇ ਅਕਾਲ ਨੂੰ, ਨਹੀਂ ਸਮਝਦਾ। ਗੁਰਬਾਣੀ ਅਨੁਸਾਰ ਵੇਦ ਸ਼ਾਸਤਰ ਆਦਿ ਵੀ ਅਕਾਲ ਨੂੰ ਨਹੀਂ ਪਛਾਣ ਸਕਦੇ। ਕੇਵਲ ਅਕਾਲ ਪੁਰਖ ਦਾ ਅਨੁਮਾਨ, ਕਿਆਸ ਕਰਦੇ ਹਨ। ਵੇਦ ਸ਼ਾਸਤਰ ਓਮ ਧੁੰਨ ਨੂੰ ਹੀ ਜਾਣਦੇ ਹਨ, ਤੇ ਸੱਤ ਮੰਨਦੇ ਹਨ। ਗੁਰਬਾਣੀ ਅਨੁਸਾਰ ਅਕਾਲ ਪੁਰਖ ਦੇ ਹੁਕਮ ਵਿੱਚ ਓਅੰਕਾਰ ਧੁੰਨ, ਅਕਾਲ ਪੁਰਖ ਦਾ ਆਤਮ ਪਸਾਰਾ ਹੈ, ਅਤੇ ਅਕਾਲ ਦੇ ਹੁਕਮ ਰੂਪ ਜਾਂ ਕਰਤਾ ਰੂਪ ਤੋਂ ਹੀ ਸੰਸਾਰ ਵਿੱਚ 84 ਲੱਖ ਜੂਨਾਂ ਦਾ ਕਾਲ ਚੱਕਰ ਚਲ ਰਿਹਾ ਹੈ।

ਸਭ ਦੇਵੀ ਦੇਵਤੇ ਅਵਤਾਰ ਜਨਮ ਮਰਨ ਦੇ ਗੇੜ ਵਿੱਚ ਘੁੰਮ ਰਹੇ ਹਨ। ਕੇਵਲ ਗੁਰਮਤਿ ਭਗਤੀ ਸਿਮਰਣ ਕਰਨ ਵਾਲਾ ਗੁਰਮੁਖ ਕਾਲ ਨੂੰ ਜਿੱਤ

ਲੈਂਦਾ ਹੈ ਤੇ ਗੁਰਮੁਖ ਭਗਤ ਕਾਲ ਚੱਕਰ ਵਿਚੋਂ ਨਿਕਲ ਕੇ ਅਕਾਲ ਰੂਪ ਹੋ ਜਾਂਦਾ ਹੈ, ਸਦ ਜੀਵਤ ਹੋ ਜਾਂਦਾ ਹੈ।

***ਛੰਦ ੯੨*** (ਪੰਨਾ 45, ਦਸਮ ਗ੍ਰੰਥ)

***ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਸੋ।।***

***ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹੂੰ ਕੋਊ ਮੋਸੋ।।***

***ਸੇਵ ਕਰੀ ਤੁਮਰੀ, ਤਿਨਕੇ ਸਭਹੀ ਗ੍ਰਿਹਿ ਦੇਖੀਅਤ ਦ੍ਰੱਬ ਭਰੋਸੇ।।***

***ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ।।***

*(ਮੇਰੇ ਜਿਹੇ ਕਖਾਂ ਨੂੰ ਤੁਸੀਂ ਸੁਮੇਰ ਕਰਦੇ ਹੋ, ਤੁਹਾਡਾ ਜੇਹਾ ਹੋਰ ਕੋਈ ਦੂਜਾ ਗਰੀਬ ਨਿਵਾਜ ਨਹੀਂ ਹੈ। ਭਾਵ ਮੈਂ ਸਭ ਤੋਂ ਵਧੀਕ ਭੁੱਲਨ ਵਾਲਾ ਹਾਂ। ਹੇ ਕਾਲ ਜੀ ਜਿੰਨ੍ਹਾਂ ਨੇ ਤੁਹਾਡੀ ਸੇਵਾ ਕੀਤੀ ਹੈ, ਤਿੰਨ੍ਹਾਂ ਦਾ ਸਾਰਾ ਘਰ ਦੌਲਤ ਨਾਲ ਭਰਿਆ ਦਿੱਸਦਾ ਹੈ। ਇਸ ਕਲਜੁਗ ਵਿੱਚ ਮੈਨੂੰ ਕਾਲ ਦੀ ਕ੍ਰਿਪਾਣ ਅਤੇ ਉਸ ਦੀਆਂ ਭਾਰੀ ਭੁਜਾਵਾਂ ਦਾ ਵਡਾ ਭਰੋਸਾ ਹੈ।*

***ਛੰਦ ੯੮*** (ਪੰਨਾ 46, ਦਸਮ ਗ੍ਰੰਥ)

***ਚੇਤ ਰੇ ਚੇਤ ਅਜੋ ਜੀਅ ਮੈ ਜੜ ਕਾਲ ਕ੍ਰਿਪਾ ਬਿਨੁ ਕਾਮ ਨ ਐਹੈ।।***

*(ਹੇ ਮੂਰਖ ਹੋਸ਼ ਕਰ ਅਜੇ ਭੀ ਦਿਲ ਵਿਚ ਸਮਝ, ਕਾਲ ਦੀ ਕ੍ਰਿਪਾ ਤੋਂ ਬਿਨਾ ਹੋਰ ਕੋਈ ਸਾਧਨ ਤੇਰੇ ਕੰਮ ਨਹੀਂ ਆਵੇਗਾ।*

***ਪਾਇ ਪਰੋ ਪਰਮੇਸਰ ਕੇ ਜੜ ਪਾਹਨ ਮੈ ਪਰਮੇਸਰ ਨਾਹੀ।।***

*(ਓਇ ਮੂਰਖ, ਪਰਮੇਸਰ ਦੀ ਸ਼ਰਨੀ ਪਉ। ਪਥਰਾਂ ਵਿੱਚ ਪਰਮੇਸਰ ਨਹੀਂ।)*

ਸਾਰਾ ਮਜਮੂਨ ਕਾਲ ਉਸਤਤਿ ਦਾ ਹੈ, ਇਥੇ ਕਵੀ ਕਾਲ ਨੂੰ ਹੀ ਪਰਮੇਸਰ ਕਹਿੰਦਾ ਹੈ।

ਗੁਰਬਾਨੀ ਅਕਾਲ ਪੁਰਖ ਨੂੰ ਪਰਮੇਸ਼ਵਰ ਕਹਿੰਦੀ ਹੈ। ਕਵੀ ਕਾਲ ਨੂੰ ਪਰਮੇਸ਼ਵਰ ਕਹਿੰਦਾ ਹੈ।

***ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ***

***ਪ੍ਰਥਮ ਧਿਆਇ ਸੰਪੂਰਨਮ ਸਤੁ ਸੁਤਮ ਸੁਤ ੧ ਅਫਜੂ।***

(ਪੰਨਾ 46)

ਅੱਗੇ ਕਾਲ ਦੀ ਉਸਤਤਿ ਦਾ ਦੁਤੀਆ ਧਿਆਇ ਸ਼ੁਰੂ ਹੁੰਦਾ ਹੈ।





***ਛੰਦ ੧*** (ਪੰਨਾ 47, ਦਸਮ ਗ੍ਰੰਥ, ਦੁਤੀਆ ਧਿਆਇ)

***ਤੁਮਰੀ ਮਹਿਮਾ ਅਪਰ ਅਪਾਰਾ।। ਜਾ ਕਾ ਲਹਿਉ ਨ ਕਿਨਹੂ ਪਾਰਾ।।***

***ਦੇਵ ਦੇਵ ਰਾਜਨ ਕੇ ਰਾਜਾ।। ਦੀਨ ਦਇਆਲ ਗਰੀਬ ਨਿਵਾਜਾ।।***

*(ਕਵੀ ਕਾਲ ਜੀ ਦੀ ਉਸਤਤਿ ਵਿੱਚ ਕਹਿ ਰਿਹਾ ਹੈ ਰਾਜਿਆਂ ਦੇ ਰਾਜਾ ਹੋ, ਦੀਨ ਦਇਆਲ ਗਰੀਬ ਨਿਵਾਜ ਹੋ। ਕਵੀ ਕਾਲ ਤੋਂ ਉਪਰ ਅਕਾਲ ਪੁਰਖ ਨੂੰ ਨਹੀਂ ਸਿਆਣਦਾ।)*

***ਦੋਹਿਰਾ ਛੰਤ ੨*** (ਪੰਨਾ 47, ਦਸਮ ਗ੍ਰੰਥ)

***ਮੂਕ ਉਚਰੈ ਸ਼ਾਸਤ੍ਰ ਖਟਿ ਪਿੰਗ ਗਿਰਨ ਚੜ੍ਹ ਜਾਇ।।***

***ਅੰਧ ਲਖੈ ਬਧਰੋ ਸੁਨੈ ਜੌ ਕਾਲ ਕ੍ਰਿਪਾ ਕਰਾਏ।।***

***ਚੌਪਈ ਕਹਾ ਬੁਧ ਪ੍ਰਭ ਤੁੱਛ ਹਮਾਰੀ।***

***ਬਰਨਿ ਸਕੈ ਮਹਿਮਾ ਜੁ ਤਿਹਾਰੀ।***

***ਹਮ ਨ ਸਕਤ ਕਰਿ ਸਿਫਤ ਤੁਮਾਰੀ।***

***ਆਪਿ ਲੇਹੁ ਤੁਮ ਕਥਾ ਸੁਧਾਰੀ।***

*(ਕਵੀ ਕਾਲ ਨੂੰ ਪ੍ਰਭ ਕਹਿੰਦਾ ਹੈ, ਕਾਲ ਦੀ ਕਥਾ ਕਰ ਰਿਹਾ ਹੈ ਤੇ ਕਾਲ ਨੂੰ ਕਥਾ ਸੁਧਾਰਨ ਲਈ ਯਾਚਨਾ ਕਰ ਰਿਹਾ ਹੈ।)*

ਇਹ ਚੌਪਈ ਸਾਡੇ ਕਥਾਕਾਰ, ਗੁਰਬਾਣੀ ਕਥਾ ਕਰਨ ਤੋਂ ਪਹਿਲਾਂ ਪੜ੍ਹਦੇ ਹਨ। ਇਹ ਨਹੀਂ ਜਾਨਦੇ ਕਿ ਕਾਲ ਕਥਾਕਾਰ ਦੀ ਗੁਰਬਾਣੀ ਦੀ ਕਥਾ ਨਹੀ ਸੁਧਾਰ ਸਕਦਾ।

***ਛੰਤ ੧੦*** (ਪੰਨਾ 47, ਦਸਮ ਗ੍ਰੰਥ)

***ਪ੍ਰਿਥਮ ਕਾਲ ਜਬ ਕਰਾ ਪਸਾਰਾ।। ਓਂਕਾਰ ਤੇ ਸ੍ਰਿਸਟ ਉਪਾਰਾ।।***

***ਕਾਲਸੈਣ ਪ੍ਰਥਮੈ ਭਇਓ ਭੂਪਾ।। ਅਧਿਕ ਅਤੁਲ ਬਲਿ ਰੂਪ ਅਨੂਪਾ।।***

*(ਇਹ ਕਥਾ ਓਂਕਾਰ ਸਰੂਪ ਤੇ ਕਾਲ ਸੈਣ ਦੀ ਹੈ।)*

ਅੱਗੇ ਇਸ ਤਰ੍ਹਾਂ ਹੋਰ ਰਾਜਿਆਂ ਦੀ ਕਥਾ ਹੈ। ਇਸ ਤਰ੍ਹਾਂ 36 ਛੰਦ ਦੂਜੇ ਧਿਆਏ ਦੇ ਹਨ। ਇਸ ਤੋਂ ਅੱਗੇ 52 ਛੰਦ ਤ੍ਰਿਤੀਆ ਧਿਆਇ ਦੇ ਹਨ।

***ਭੁਜੰਗ ਪ੍ਰਯਾਤ ਛੰਦ।।*** (ਪੰਨਾ 52, ਦਸਮ ਗ੍ਰੰਥ)

***ਜਿਨੇ ਬੇਦ ਪਠਿਓ ਸੁ ਬੇਦੀ ਕਹਾਏ।।***

***ਤਿਨੈ ਧਰਮ ਕੇ ਕਰਮ ਨੀਕੇ ਚਲਾਏ।।***

*ਪਠੇ ਕਾਗਦੰ ਮਦ੍ਰ ਰਾਜਾ ਸੁਧਾਰੰ॥*

*ਅਪੋ ਆਪ ਮੋ ਬੈਰ ਭਾਵੰ ਬਿਸਾਰੰ॥*

ਚੌਥੇ ਧਿਆਏ ਵਿੱਚ 10 ਛੰਦ ਹਨ। ਅੱਗੇ ਪੰਜਵਾਂ ਧਿਆਇ ਹੈ। ਇਸ ਧਿਆਇ ਵਿੱਚ ਕਾਲ ਜੀ ਦੀ ਉਸਤਤਿ ਕਰਨ ਵਾਲਾ ਕਵੀ ਸਮੇਂ ਦੀ ਚਾਲ ਨਾਲ ਬੇਦੀ ਖਾਨਦਾਨ ਦੇ ਝਗੜੇ ਦੀ ਵਾਰਤਾ ਸੁਣਾਉਂਦਾ ਹੈ। ਫਿਰ ਕਹਿੰਦਾ ਹੈ ਬਹੁਤ ਸਮਾਂ ਬੀਤ ਗਿਆ ਤਾਂ ਨਾਨਕ ਦੇ ਆਉਣ ਦਾ ਸਮਾਂ ਆ ਗਿਆ। ਇਸ ਬੇਦੀਆਂ ਦੀ ਕੁਲ ਵਿੱਚ ਨਾਨਕ ਰਾਇ ਪ੍ਰਗਟ ਹੋਏ। ਇਸ ਤੋਂ ਅੱਗੇ ਕਵੀ ਨੌਵੇਂ ਪਾਤਸ਼ਾਹ ਤਕ ਦੀ ਤਵਾਰੀਖ ਬਿਆਨ ਕਰਦਾ ਹੈ। ਕਵੀ ਵੇਦਕ ਰੀਤੀ ਅਨੁਸਾਰ ਕਾਲ ਜੀ ਤੋਂ ਸਹਾਇਤਾ ਮੰਗਦਾ ਹੈ, ਇਹ ਪ੍ਰਸੰਗ ਲਊ-ਕੁਸ਼ ਤੇ ਬੇਦੀ ਵੰਸ਼ ਤੋਂ ਸਿੱਖ ਗੁਰੂਆਂ ਤਕ ਹੈ।

*ਦੋਹਰਾ॥* (ਪੰਨਾ 53, ਦਸਮ ਗ੍ਰੰਥ)

*ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥*

*ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥*

*ਚੌਪਈ॥*

*ਤਿਨ ਇਹ ਕਲ ਮੋ ਧਰਮੁ ਚਲਯੋ॥ ਸਭ ਸਾਧਨ ਕੋ ਰਾਹੁ ਬਤਾਯੋ॥*

*ਜੋ ਤਾਂਕੇ ਮਾਰਗ ਮਹਿ ਆਏ॥ ਤੇ ਕਬਹੂੰ ਨਹੀ ਪਾਪ ਸੰਤਾਏ॥*

*ਜੇ ਜੇ ਪੰਥ ਤਵਨ ਕੇ ਪਰੇ॥ ਪਾਪ ਤਾਪ ਤਿਨ ਕੇ ਪ੍ਰਭ ਹਰੇ॥*

*ਦੂਖ ਭੂਖ ਕਬਹੂੰ ਨ ਸੰਤਾਏ॥ ਜਾਲ ਕਾਲ ਕੇ ਬੀਚ ਨ ਆਏ॥*

*ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ॥*

*ਅਮਰਦਾਸ ਪੁਨਿ ਨਾਮੁ ਕਹਾਯਉ॥ ਜਨ ਦੀਪਕ ਤੇ ਦੀਪ ਜਗਾਯੋ॥*

*ਜਬ ਬਰ ਦਾਨਿ ਸਮੈ ਵਹੁ ਆਵਾ॥ ਰਾਮਦਾਸ ਤਬ ਗੁਰੂ ਕਹਾਵਾ॥*

*ਤਿਹ ਬਰ ਦਾਨ ਪੁਰਾਤਨਿ ਦੀਆ॥ ਅਮਰਦਾਸ ਸਚਪੁਰਿਮਗੁਲੀਆ॥*

*(ਪਿਛਲੇ ਅਧਿਆਏ ਵਿੱਚ ਦੱਸਿਆ ਹੈ, ਜੋ ਬੇਦੀ ਨੇ ਰਾਜ ਲੈਣ ਵੇਲੇ ਵਰਦਾਨ ਦਿੱਤਾ ਸੀ ਕਿ ਕਲਜੁਗ ਵਿੱਚ ਚੌਥੇ ਜਨਮ ਗੁਰੂ ਤੋਹਿ ਕਰਿ ਹੈ। ਇਹ ਵਰਦਾਨ ਦਾ ਸਮਾਂ ਆ ਗਿਆ। ਤੀਸਰੇ ਗੁਰੂ ਜੀ ਨੇ ਸੋਢੀ ਕੋਲੋਂ ਲਿਆ ਹੋਇਆ ਰਾਜ, ਗੁਰਤਾ ਰੂਪ ਵਿੱਚ ਸੋਢੀ ਰਾਮਦਾਸ ਨੂੰ ਵਾਪਸ ਦੇ ਕੇ ਉਸ ਨੂੰ ਰਾਜੇ ਦੀ ਜਗ੍ਹਾ ਗੁਰੂ ਬਣਾ ਦਿੱਤਾ, ਅਤੇ ਆਪ ਸਚ ਖੰਡ ਜਾ ਬਿਰਾਜੇ।)* ਇਹ ਵਿਚਾਰ ਪੰਡਤ ਨਾਰਾਇਣ ਸਿੰਘ ਦੇ ਟੀਕੇ ਦੀ ਹੈ।





ਨੋਟ : ਹਿੰਦੂ ਧਰਮ ਗ੍ਰੰਥਾਂ ਅਨੁਸਾਰ ਬ੍ਰਹਮਾ ਵਿਸ਼ਨੂੰ ਸ਼ਿਵ ਦੇ ਅਵਤਾਰ ਰਾਜੇ ਹੋ ਕੇ ਆਉਂਦੇ ਸਨ ਤੇ ਆਪੋ ਆਪਣਾ ਧਰਮ ਚਲਾਉਂਦੇ ਸਨ।

ਗੁਰੂ ਨਾਨਕ ਸਾਹਿਬ ਬੇਦੀਆਂ ਦੀ ਕੁਲ ਵਿੱਚ ਆਏ। ਗੁਰੂ ਨਾਨਕ ਸਾਹਿਬ *"ਆਪ ਨਾਰਾਇਣ ਕਲਾਧਾਰਿ ਜਗ ਮਹਿ ਪਰਵਰਿਓ" ਸੀ।* ਗੁਰੂ ਜੀ ਨੂੰ ਕਿਸੇ ਕੁਲ ਨਾਲ ਵਾਸਤਾ ਨਹੀਂ ਸੀ। ਗੁਰੂ ਜੀ ਕੋਈ ਅਵਤਾਰ ਨਹੀਂ ਸਨ, ਉਹ ਤਾਂ ਆਪ ਪਰਮੇਸਰ ਸਨ, ਗੁਰੂ ਜੀ ਪਰ ਉਪਕਾਰ ਲਈ ਸੰਸਾਰ ਵਿਚ ਆਏ ਸਨ।

ਸਿਰਫ ਵੇਦ ਸ਼ਾਸਤਰਾਂ ਨੂੰ ਮੰਨਨ ਵਾਲਾ ਕਵੀ ਹੀ ਅਵਤਾਰਾਂ ਨੂੰ ਸਿੱਖ ਗੁਰੂਆਂ ਨਾਲ ਤੁਲਨਾ ਦੇ ਸਕਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਰਾਮ ਕ੍ਰਿਸ਼ਨ ਆਦਿ ਕਿਸੇ ਅਵਤਾਰ ਨੂੰ ਵੀ ਪਰਮੇਸਰ ਪਾਰਬ੍ਰਹਮ ਦਾ ਗਿਆਨ ਨਹੀਂ ਸੀ ਤੇ ਉਹ ਜੰਮਦੇ ਮਰਦੇ ਰਹਿੰਦੇ ਹਨ। ਗੁਰੂ ਜੀ ਜਨਮ ਮਰਨ ਵਿੱਚ ਨਹੀਂ ਤੇ ਕਿਸੇ ਵਰਦਾਨ ਨਾਲ ਸੰਸਾਰ ਵਿੱਚ ਨਹੀਂ ਆਏ। *("ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥" (ਪੰਨਾ 749, ਗੁਰੂ ਗ੍ਰੰਥ ਸਾਹਿਬ))*

ਗੁਰੂ ਜੀ ਸਿੱਖ ਸੇਵਕ ਨੂੰ ਵੀ ਉਪਦੇਸ਼ ਦੇ ਕੇ ਤੇ ਗੁਰਮੰਤ੍ਰ ਨਾਮ ਦਾ ਜਪ ਸਿਮਰਨ ਕਰਾ ਕੇ, ਬ੍ਰਹਮ ਗਿਆਨ ਦੀ ਅਵਸਥਾ ਤਕ ਪਹੁੰਚਾ ਦਿੰਦੇ ਹਨ। ਬ੍ਰਹਮ ਗਿਆਨੀ ਜਨਮ ਮਰਨ ਵਿੱਚ ਨਹੀਂ, ਸਦ ਜੀਵਤ ਹੈ। "*ਬ੍ਰਹਮ ਗਿਆਨੀ ਆਪਿ ਪਰਮੇਸਰ*" ਹੈ।

ਸਿੱਖ ਗੁਰੂਆਂ ਨੇ ਕਿਸੇ ਵਰਦਾਨ ਨਾਲ ਕਿਸੇ ਗੁਰੂ ਨੂੰ ਗੁਰਗੱਦੀ ਨਹੀਂ ਸੌਂਪੀ। ਕਵੀ ਨੇ ਵੇਦਮਤ ਦਾ ਰੰਗ ਤੇ ਵਿਚਾਰ, ਗੁਰੂ ਸਾਹਿਬਾਨਾ ਦੀਆਂ ਸਾਖੀਆਂ ਤੇ ਚਾੜ੍ਹਿਆ ਹੈ। ਜਿਸ-ਜਿਸ ਨੇ ਗੁਰਦਰਬਾਰ ਵਿੱਚ ਆ ਕੇ ਗੁਰੂ ਦੀ ਸੇਵਾ, ਭਗਤੀ, ਅਰਾਧਨਾ ਕੀਤੀ, ਨਾਮ ਜਪਿਆ, ਸਮਾਂ ਆਉਣ ਤੇ ਉਸ ਦੇ ਇਮਤਿਹਾਨ ਲੈ ਕੇ ਉਸ ਨੂੰ ਗੁਰਗੱਦੀ ਸੌਂਪੀ ਤੇ ਆਪਣਾ ਜਿਹਾ ਬਣਾ ਲਿਆ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਨੂੰ ਵੀ ਗੁਰਗੱਦੀ ਉਹਨਾਂ ਨੂੰ ਗੁਰੂ ਜੋਤਿ ਸੌਂਪ ਕੇ ਦਿੱਤੀ ਸੀ। ਗੁਰੂ ਨਾਨਕ ਸਾਹਿਬ ਨੇ ਸੱਚੇ ਨਾਮ ਧਰਮ ਦਾ ਉਪਦੇਸ਼ ਦੇ ਕੇ ਗੁਰਮੁਖਾਂ ਨੂੰ ਤਾਰਿਆ। ਗੁਰੂ ਜੀ ਭਾਵੇਂ ਬੇਦੀ ਕੁਲ ਵਿੱਚ ਆਏ ਸਨ, ਪਰ ਉਹਨਾਂ ਨੇ ਭੁਲੇ ਮਾਰਗ ਵੇਦਕ ਧਰਮ ਦਾ ਖੰਡਨ ਕੀਤਾ। ਗੁਰਮਤਿ ਦੀ ਇਸ ਡੂੰਘੀ ਵਿਚਾਰ ਨੂੰ ਇਕ ਅਨਮਤੀ ਕਵੀ ਨਹੀਂ ਸਮਝ ਸਕਦਾ।

ਅੱਗੇ ਜੋ ਵਿਚਾਰ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਬਾਰੇ ਹਨ, ਉਹ ਕਵੀ ਦੇ ਹਨ, ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਬਾਣੀ ਨਹੀਂ :

***ਛੰਦ ੧੩*** (ਪੰਨਾ 54, ਦਸਮ ਗ੍ਰੰਥ)

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।। ਕੀਨੋ ਬਡੋ ਕਲੂ ਮਹਿ ਸਾਕਾ।।***
***ਸਾਧਨਿ ਹੇਤਿ ਇਤੀ ਜਿਨ ਕਰੀ।। ਸੀਸੁ ਦੀਆ ਪਰ ਸੀ ਨ ਉਚਰੀ।।***
***ਧਰਮ ਹੇਤ ਸਾਕਾ ਜਿਨਿ ਕੀਆ।। ਸੀਸੁ ਦੀਆ ਪਰ ਸਿਰੁ ਨ ਦੀਆ।।***
***ਨਾਟਕ ਚੇਟਕ ਕੀਏ ਕੁਕਾਜਾ।। ਪ੍ਰਭ ਲੋਗਨ ਕਹ ਆਵਤ ਲਾਜਾ।।***
***ਦੋਹਰਾ ਠੀਕਰ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ।***
***ਤੇਗ ਬਹਾਦਬ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ।***
***ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।***
***ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।***

ਇਹ ਸਾਰੀ ਕਾਲ ਦੇ ਉਪਾਸਕ ਕਵੀ ਦੀ ਬਾਣੀ ਹੈ। ਗੁਰੂ ਜੀ ਨਾ ਹੀ ਸੁਰਲੋਕ ਗਏ ਤੇ ਨਾਹੀ ਗੁਰੂ ਜੀ ਦੀ ਜੈਕਾਰ ਸੁਰਲੋਕ ਦੇ ਵਾਸੀਆਂ, ਬ੍ਰਹਮ ਲੋਕ, ਬਿਸਨ ਲੋਕ ਤੇ ਸ਼ਿਵ ਲੋਕ ਦੇ ਵਾਸੀਆਂ ਨੇ ਕੀਤੀ। ਗੁਰੂ ਤੇਗ਼ ਬਹਾਦਰ ਸਾਹਿਬ ਜੋਤੀ ਜੋਤਿ ਸਮਾਏ, ਬ੍ਰਹਮ ਵਿੱਚ ਲੀਨ ਹੋ ਗਏ ਸਨ। ਜੋ ਸਿਖ ਕਥਾਕਾਰ ਕਥਾ ਦਾ ਅਧਾਰ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਬਣਾਉਂਦੇ ਹਨ ਉਹ ਗੁਰਮਤਿ ਵਿਰੁਧ ਕਥਾ ਕਰਦੇ ਹਨ।

***ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਪਾਤਸ਼ਾਹੀ ਬਰਣਨੰ ਨਾਮ***
***ਪੰਚਮੋ ਧਿਆਇ ਸਮਾਪਤ ਮਸਤੁ ਸੁਭ ਮਸਤ ਅਫਜੂ***

ਅੱਗੇ ਬਚਿਤ੍ਰ ਨਾਟਕ ਦਾ ਛੇਵਾਂ ਅਧਿਆਏ ਸ਼ੁਰੂ ਹੁੰਦਾ ਹੈ।

***ਚੌਪਈ।।*** (ਪੰਨਾ 54, ਦਸਮ ਗ੍ਰੰਥ)

***ਅਬ ਮੈ ਅਪਨੀ ਕਥਾ ਬਖਾਨੋ।। ਤਪ ਸਾਧਤ ਜਿਹ ਬਿਧਿ ਮੁਹਿ ਆਨੋ।।***
***ਹੇਮਕੁੰਟ ਪਰਬਤ ਹੈ ਜਹਾ।। ਸਪਤ ਸ੍ਰਿੰਗ ਸੋਭਿਤ ਹੈ ਤਹਾਂ।।***
***ਸਪਤ ਸਿੰਗ ਤਿਹ ਨਾਮ ਕਹਾਵਾ।। ਪੰਡਰਾਜ ਜਹ ਜੋਗੁ ਕਮਾਵਾ।।***
***ਤਹ ਹਮ ਅਧਿਕ ਤਪਸਿਆ ਸਾਧੀ।। ਮਹਾਕਾਲ ਕਾਲਕਾ ਅਰਾਧੀ।।***

ਕਵੀ ਨੇ ਪਾ:10 ਦੇ ਮੁਖ ਤੋਂ ਇਹ ਅਖਵਾਇਆ ਹੈ ਕਿ ਮੈਂ ਮਹਾ ਕਾਲ ਕਾਲਕਾ ਅਰਾਧੀ।

ਗਿਆਨੀ ਭਾਗ ਸਿੰਘ ਲਿਖਦੇ ਹਨ ਇਹ ਰਚਨਾ ਕਾਲਕਾ (ਮਹਾਕਾਲੀ) ਦੇ ਅਰਾਧਕ ਇਕ ਸਾਕਤ ਕਵੀ ਵਲੋਂ ਰਚੀ ਹੋਈ ਰਚਨਾ ਹੈ। ਖੋਜ





ਕੀਤਿਆਂ ਇਹ ਪਤਾ ਲਗਾ ਹੈ ਕਿ ਇਹ ਰਚਨਾ ਗੁਰੂ ਦਸ਼ਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ ਰਚੀ ਗਈ। ਮਹਾਕਾਲ ਦੇ ਉਪਾਸਕ ਕਵੀ ਦੀ ਆਪਣੀ ਰਚਨਾ ਨੂੰ ਦਸਮ ਪਾਤਸ਼ਾਹ ਜੀ ਵਲੋਂ ਉਚਰੀ ਦਰਸਾਉਣ ਤੋਂ ਮਨੋਰਥ ਇਹ ਹੈ ਕਿ ਸਿੱਖ ਪੰਥ ਨੂੰ ਇਹ ਨਿਸ਼ਚਾ ਹੋ ਜਾਵੇ ਕਿ ਦਸਮ ਪਾਤਸ਼ਾਹ ਪਿਛਲੇ ਜਨਮ ਵਿੱਚ ਮਹਾਕਾਲ ਅਤੇ ਕਾਲਿਕਾ ਦੇ ਅਰਾਧਕ ਸਨ।

ਇਸ ਰਚਨਾ ਨੂੰ ਦਸਮ ਪਾਤਸ਼ਾਹ ਦੀ ਉਚਾਰੀ ਰਚਨਾ, ਤੇ ਦਸਮ ਪਾਤਸ਼ਾਹ ਦੀ ਪਿਛਲੇ ਜਨਮਾਂ ਦੀ ਕਥਾ ਮੰਨਨ ਵਾਲੇ ਵਿਦਵਾਨ ਆਪਣੀਆਂ ਆਪਣੀਆਂ ਦਲੀਲਾਂ ਦਿੰਦੇ ਹਨ। ਇਹ ਆਪਸ ਵਿੱਚ ਵਿਰੋਧੀ ਵਿਚਾਰਾਂ ਕਿਸੇ ਨਿਸ਼ਚਤ ਨਤੀਜੇ ਤੇ ਪੰਥ ਨੂੰ ਪਹੁੰਚਨ ਨਹੀਂ ਦਿੰਦੀਆਂ।

ਅਸੀਂ ਵਿਚਾਰ ਦਾ ਆਧਾਰ ਕੇਵਲ ਸਿੱਖ ਮਤ, ਗੁਰਬਾਣੀ ਉਪਦੇਸ਼ ਨੂੰ ਰਖ ਕੇ, ਕਿਸੇ ਨਿਸ਼ਚਤ ਫੈਸਲੇ ਤੇ ਪਹੁੰਚ ਸਕਦੇ ਹਾਂ। ਪੰਥ ਵਿੱਚ ਵਿਰੋਧੀ ਵਿਚਾਰਾਂ ਮਿਟਾਉਣ ਦਾ ਇਹ ਹੀ ਇਕ ਮਾਤ੍ਰ ਤਰੀਕਾ ਹੈ ਤੇ ਇਸ ਤਰ੍ਹਾਂ ਹੀ ਸਾਰਾ ਪੰਥ ਇਕ ਮਤ ਹੋ ਸਕਦਾ ਹੈ। ਪਿਛਲੇ ਸਮੇਂ ਦੀ ਤਰ੍ਹਾਂ ਹੁਣ ਵੀ ਵਿਰੋਧੀ ਤਾਕਤਾਂ ਤੇ ਬ੍ਰਾਹਮਣੀ ਵੇਦ ਸ਼ਾਸਤਰਾਂ ਨੂੰ ਮੰਨਨ ਵਾਲਿਆਂ ਦਾ ਪੂਰਾ ਯਤਨ ਹੈ ਕਿ ਸਿੱਖ ਪੰਥ ਦੋ ਜਾਂ ਕਈ ਧੜਿਆਂ ਵਿੱਚ ਵੰਡਿਆ ਜਾਵੇ ਤੇ ਨਿਰਬਲ ਹੋ ਕੇ ਹਿੰਦੂ ਧਰਮ ਵਿੱਚ ਹੀ ਸਮਾ ਜਾਵੇ। ਨਿਰੋਲ ਗੁਰਬਾਣੀ ਵਿਚਾਰ ਇਹਨਾਂ ਪੰਥ ਵਿਰੋਧੀ ਤਾਕਤਾਂ ਦੇ ਮਨਸੂਬਿਆਂ ਨੂੰ ਰੋਕ ਸਕਦੀ ਹੈ।

ਪਾ:10 ਦੀ ਆਤਮ ਕਥਾ ਸਿਧ ਕਰਨ ਲਈ ਕਵੀ ਕਹਿ ਰਿਹਾ ਹੈ :

***ਅਬ ਮੈ ਅਪਨੀ ਕਥਾ ਬਖਾਨੋ।। ਤਪ ਸਾਧਤ ਜਿਹ ਬਿਧ ਮੁਹਿ ਆਨੋ।।***
***ਹੇਮਕੁੰਟ ਪਰਬਤ ਹੈ ਜਹਾ।। ਸਪਤ ਸ੍ਰਿੰਗ ਸੋਭਤ ਹੈ ਤਹਾ।।***

*(ਹੁਣ ਮੈਂ ਆਪਣੀ ਵਾਰਤਾ ਦੱਸਦਾ ਹਾਂ। ਜਿਸ ਤਰ੍ਹਾਂ ਮੈਨੂੰ ਤਪ ਕਰਦਿਆਂ ਨੂੰ ਇਥੇ ਲਿਆਂਦਾ ਗਿਆ।)*

***ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।। ਪੰਡ ਰਾਜ ਜਹ ਜੋਗ ਕਮਾਵਾ।।***
***ਤਹ ਹਮ ਅਧਿਕ ਤਪਸਿਆ ਸਾਧੀ।। ਮਹਾਕਾਲ ਕਾਲਕਾ ਅਰਾਧੀ।।***

*(ਉਸਦਾ ਨਾਮ 'ਸਪਤ ਸ੍ਰਿੰਗ' ਕਿਹਾ ਜਾਂਦਾ ਹੈ, ਜਿਥੇ ਪੰਡੂ ਰਾਜ ਨੇ ਜੋਗ ਕਮਾਇਆ ਸੀ। ਉਥੇ ਅਸੀਂ ਵੀ ਬਹੁਤ ਤਪਸਿਆ ਸਾਧੀ, ਕਾਲਕਾ ਮਹਾਕਾਲ ਦੀ ਅਰਾਧਨਾ ਕੀਤੀ ਸੀ।*

*(ਮਹਾਭਾਰਤ ਵਿੱਚ ਇਹ ਸਥਾਨ ਪਾਂਡੂ (ਪਾਂਡਵਾਂ ਦੇ ਪਿਤਾ) ਰਾਜਾ ਦੇ ਤਪ ਕਰਨ ਦਾ ਅਸਥਾਨ ਸੀ। ਕਾਲਿਕਾ = ਕਾਲ ਭਗਵਾਨ ਦੀ ਉਹ ਸ਼ਕਤੀ*

*ਜਿਸ ਨਾਲ ਉਹ ਸਾਰੇ ਸੰਸਾਰ ਨੂੰ ਲੈ ਕਰਦਾ ਹੈ, ਸੰਹਾਰ ਸ਼ਕਤੀ।)*

ਮਹਾਕਾਲ ਕਾਲਕਾ ਦੀ ਅਰਾਧਨਾ ਕਰ ਕੇ ਕਿਸੇ ਯੁੱਗ ਵਿੱਚ ਵੀ ਕੋਈ, ਜੋਤਿ ਰੂਪ ਪਾਰਬ੍ਰਹਮ ਵਿੱਚ ਅਭੇਦ ਨਹੀਂ ਹੋ ਸਕਿਆ।)

***ਇਹ ਬਿਧ ਕਰਤ ਤਪਸਿਆ ਭਯੋ।। ਦ੍ਵੈ ਤੇ ਏਕ ਰੂਪ ਹ੍ਵੈ ਗਯੋ।।***

*(ਇਸ ਤਰ੍ਹਾਂ ਤਪਸਿਆ ਕਰਦਿਆਂ ਦੋ ਤੋਂ ਇਕ ਰੂਪ ਹੋ ਗਿਆ।)*

ਗੁਰੂ ਗੋਬਿੰਦ ਸਿੰਘ ਜੀ ਕਿਸੇ ਜਨਮ ਵਿੱਚ ਵੀ ਤਪਸਿਆ ਸਾਧ ਕੇ ਦ੍ਵੈ ਤੋਂ ਏਕ ਰੂਪ ਨਹੀਂ ਹੋਏ। ਕੋਈ ਕਦੇ ਕਿਸੇ ਜੁਗ ਵਿੱਚ ਵੀ ਜਪ ਤਪ ਕਰਕੇ, ਤਪਸਿਆ ਕਰਕੇ, ਦ੍ਵੈ ਤੇ ਏਕ ਰੂਪ ਨਹੀਂ ਹੋਇਆ। ਗੁਰਬਾਣੀ ਇਸ ਤਰ੍ਹਾਂ ਸੋਧ ਬਖਸ਼ਦੀ ਹੈ:

*ਜਪੁ ਤਪੁ ਸੰਜਮੁ ਕਰਮ ਨ ਸਾਧਾ ॥*

*ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥*

(ਪੰਨਾ 388, ਗੁਰੂ ਗ੍ਰੰਥ ਸਾਹਿਬ)

*(ਸਿਮ੍ਰਿਤ ਸਾਸਤਰ ਪੁੰਨ ਪਾਪ ਦੀ ਵਿਚਾਰ ਸਮਝਾਉਂਦੇ ਹਨ, ਤੇ ਜਪੁ ਤਪੁ ਸੰਜਮ ਦਾ ਉਪਦੇਸ਼ ਦਿੰਦੇ ਹਨ।)*

ਗੁਰਮਤਿ ਉਪਦੇਸ਼ ਹੈ ਮੈਂ ਗੁਰਮਤਿ ਨਾਮ ਸਿਮਰਨ ਕੀਤਾ, ਹੋਰ ਕੋਈ ਜਪ ਤਪ ਆਦਿ ਨਹੀਂ ਕੀਤਾ।)

ਹਿੰਦੂ ਧਰਮ ਵਿੱਚ, ਸਨਾਤਨ ਧਰਮ ਦੇ ਇਹਨਾਂ ਪ੍ਰਸੰਗਾਂ ਵਿੱਚ ਰਾਜਿਆਂ, ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਅਵਤਾਰਾਂ, ਜੁਗਾਂ ਦੇ ਰਾਜਿਆਂ ਨੂੰ ਭਗਵਾਨ ਕਰਕੇ ਮੰਨਿਆ ਗਿਆ ਹੈ ਤੇ ਇਹਨਾਂ ਦੀ ਪੂਜਾ ਦਾ ਵਿਧਾਨ ਹੈ। ਇਹਨਾਂ ਸਮਿਆਂ ਵਿੱਚ ਜਪ, ਤਪ, ਕਾਲ, ਮਹਾਕਾਲ, ਕਾਲੀ, ਚੰਡੀ ਆਦਿ ਦੀ ਪੂਜਾ ਹੁੰਦੀ ਸੀ। ਹੋਮ, ਯੱਗ, ਤੀਰਥ ਯਾਤਰਾਵਾਂ ਵੀ ਹੁੰਦੀਆਂ ਸਨ।

ਰਾਮ ਚੰਦ੍ਰ, ਸ਼੍ਰੀ ਕ੍ਰਿਸ਼ਨ ਆਦਿ ਦੇ ਸਮਿਆਂ ਵਿੱਚ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ, ਜਾਤ ਪਾਤ ਦਾ ਭੇਦ ਭਾਵ ਵੀ ਸੀ। ਇਸਤਰੀ ਜਾਤੀ, ਮਰਦ ਜਾਤੀ ਤੋਂ ਨੀਵੀਂ ਵੀ ਸੀ। ਇਸਤਰੀ ਦਾ ਕਲਿਆਨ ਤਾਂ ਹੀ ਹੋ ਸਕਦਾ ਸੀ ਜੇ ਉਹ ਮਰਦ ਜੂਨੀ ਵਿੱਚ ਆਵੇ। ਹਿੰਦੂ ਧਰਮ ਦੀ ਭਗਤੀ, ਰਾਮ, ਕ੍ਰਿਸ਼ਨ ਆਦਿ ਨੂੰ ਭਗਵਾਨ ਜਾਣ ਕੇ, ਇਹਨਾਂ ਦੇ ਨਾਮ ਜਪਣਾ ਆਦਿ ਹੀ ਕਲਿਆਨ ਦੇ ਸਾਧਨ ਸਨ।

ਗੁਰੂ ਨਾਨਕ ਸਾਹਿਬ ਨੇ ਬੇਦੀ ਕੁਲ ਵਿੱਚ ਜਨਮ ਲਿਆ। ਗੁਰੂ ਨਾਨਕ





ਸਾਹਿਬ ਆਪ ਪਰਮੇਸਰ ਸਨ,*'ਆਪਿ ਨਰਾਇਨ ਕਲਾਧਾਰ ਜਗ ਮਹਿ ਪਰਵਰਿਓ'।* ਗੁਰੂ ਨਾਨਕ ਸਾਹਿਬ ਤੇ ਦਸ ਪਾਤਸ਼ਾਹੀਆਂ ਰਾਜੇ ਨਹੀਂ ਸਨ, ਨਾ ਹੀ ਕਿਸੇ ਦੇਵਤਾ (ਬ੍ਰਹਮਾ, ਬਿਸਨ, ਮਹੇਸ) ਦੇ ਅਵਤਾਰ ਸਨ। ਉਹਨਾਂ ਨੇ ਸਭ ਪੁਰਾਤਨ ਹਿੰਦੂ ਧਰਮ ਦੀ ਵਿਚਾਰਾਂ ਦਾ ਖੰਡਨ ਕੀਤਾ। ਇਹਨਾਂ ਸਭ ਤਰੀਕਿਆਂ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ, ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ। ਇਹਨਾਂ ਧਰਮਾਂ ਕਰਮਾਂ ਨਾਲ ਦ੍ਵੈ ਤੇ ਏਕ ਰੂਪ ਕੋਈ ਵੀ ਨਹੀਂ ਹੋ ਸਕਿਆ। ਦਸ ਗੁਰੂ ਪਾਤਸ਼ਾਹੀਆਂ ਨੇ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਇਸੇ ਉਪਦੇਸ਼ ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਦ੍ਰਿੜ ਕਰਾਇਆ। ਗੁਰੂ ਨਾਨਕ ਸਾਹਿਬ ਨੇ ਨਾਮ ਧਰਮ ਦਾ ਉਪਦੇਸ਼ ਦਿੱਤਾ। ਸਭ ਜੁਗਾਂ ਵਿੱਚ ਪੂਰਾ ਸਤਿਗੁਰੂ ਸੀ, ਤੇ ਪੂਰੇ ਗੁਰੂ ਤੋਂ ਗੁਰਮੰਤ੍ਰ ਨਾਮ ਲੈ ਕੇ ਇਕ ਏਕੰਕਾਰ, ਇਕੋ ਇਕ ਸਦੈਵੀ ਹਸਤੀ ਜੋਤਿ ਰੂਪ ਪਾਰਬ੍ਰਹਮ ਦਾ ਨਾਮ ਜਪਾਇਆ ਜਾਂਦਾ ਸੀ। ਇਹ ਕਹਿਣਾ ਕਿ ਗੁਰੂ ਗੋਬਿੰਦ ਸਿੰਘ ਜੀ ਪਿਛਲੇ ਜਨਮ ਵਿੱਚ ਕਾਲ ਮਹਾਕਾਲ ਕਾਲੀ ਦੀ ਅਧਿਕ ਤਪਸਿਆ ਕਰਕੇ ਦ੍ਵੈ ਤੇ ਏਕ ਰੂਪ ਹੋਏ, ਗੁਰਬਾਣੀ ਉਪਦੇਸ਼ ਦੇ ਵਿਰੁੱਧ ਵਿਚਾਰ ਹੈ।

ਸਪਸ਼ਟ ਹੈ ਇਹ ਸਾਰੀ ਰਚਨਾ ਕਾਲੀ (ਮਹਾਕਾਲ), ਚੰਡੀ ਆਦਿ ਦੇ ਉਪਾਸ਼ਕ ਦੀ ਹੈ, ਤੇ ਇਸ ਰਚਨਾ ਨੂੰ ਪਾ:10 ਦੀ ਰਚਨਾ ਕਰਕੇ ਜਣਾਇਆ ਗਿਆ ਹੈ।

## ਗੁਰਬਾਣੀ ਸਮਝਾਉਂਦੀ ਹੈ ਕਿ

ਚਹੁੰ ਜੁਗਾਂ ਵਿੱਚ ਗੁਰਉਪਦੇਸ਼ ਲੈ ਕੇ ਤੇ ਗੁਰਮੰਤ੍ਰ ਨਾਮ ਜਪ ਕੇ ਸਿੱਖ ਸੇਵਕ ਭਵਸਾਗਰ ਤੋਂ ਪਾਰ ਹੋਏ।

*ਜੁਗ ਚਾਰੇ ਗੁਰ ਸਬਦਿ ਪਛਾਤਾ।।*

*ਗੁਰਮੁਖਿ ਮਰੈ ਨ ਜਨਮੇ ਗੁਰਮੁਖਿ ਗੁਰਮੁਖਿ ਸਬਿਦ ਸਮਾਹਾ ਹੈ।*

*ਗੁਰਮੁਖਿ ਨਾਮਿ ਸਬਦਿ ਸਾਲਾਹੇ।। ਅਗਮ ਅਗੋਚਰ ਵੇਪਰਵਾਹੇ।।*

*ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ।।*

(ਪੰਨਾ 1055 ਗੁਰੂ ਗ੍ਰੰਥ ਸਾਹਿਬ)

*(ਚਹੁੰ ਜੁਗਾਂ ਵਿੱਚ ਗੁਰੂ ਤੋਂ ਨਾਮ ਲੈ ਕੇ ਸਿਮਰਣ ਕਰਕੇ ਉਧਾਰ ਹੁੰਦਾ ਹੈ। ਪੂਰਾ ਸਤਿਗੁਰੂ ਸ਼ਬਦ/ਨਾਮ ਦੀ ਦਾਤ ਦਿੰਦਾ ਹੈ।)*

ਗੁਰਬਾਣੀ ਗੁਰੂ ਤੋਂ ਨਾਮ ਲੈ ਕੇ ਜਪਣ, ਤੇ ਅਵਤਾਰਾਂ ਦੇ ਨਾਮ ਜਪਨ ਵਿੱਚ ਫਰਕ ਸਮਝਾ ਦਿੰਦੀ ਹੈ।

ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥

ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥

(ਜਦੋਂ ਤੈਨੂੰ ਚੰਗਾ ਲਗਦਾ ਹੈ ਗੁਰੂ ਤੋਂ ਉਪਦੇਸ਼ ਲੈ ਕੇ ਤੇਰਾ ਨਾਮ ਜਪਦਾ ਹੈ, ਉਹ ਤੈਨੂੰ ਬੁਝ ਲੈਂਦਾ ਹੈ (ਦੂੈ ਤੇ ਏਕ ਰੂਪ ਹੋ ਜਾਂਦਾ ਹੈ), ਹੋਰ ਸਭ ਮਨਮੁਖ ਹਨ।)

ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥

ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥

(ਬ੍ਰਹਮਾ ਇਨਾ ਵੱਡਾ ਦੇਵਤਾ ਮੰਨਿਆ ਗਿਆ ਹੈ, ਬ੍ਰਹਮਾ ਨੇ ਚਾਰੇ ਵੇਦ ਰਚੇ, ਇਹਨਾਂ ਨੂੰ ਪੜ੍ਹ ਪੜ੍ਹ ਕੇ ਪਰਮੇਸਰ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ। ਬ੍ਰਹਮਾ ਨੂੰ ਇਕੋ ਇਕ ਹਸਤੀ ਜੋਤਿ ਰੂਪ ਦੇ ਹੁਕਮ ਰੂਪ ਦੀ ਪਛਾਣ ਨਹੀਂ ਹੋਈ, ਤੇ ਉਸਨੇ ਇਕ ਨੂੰ ਨਹੀਂ ਪਛਾਣਿਆ, ਉਹ ਨਰਕਾਂ ਸੁਰਗਾਂ ਵਿੱਚ ਹੀ ਘੁੰਮਦਾ ਰਿਹਾ।)

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥

ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥

(ਪੰਨਾ 423, ਗੁਰੂ ਗ੍ਰੰਥ ਸਾਹਿਬ)

(ਇਕ ਹਸਤੀ ਪਾਰਬ੍ਰਹਮ ਅਕਾਲ ਪੁਰਖ ਨੇ ਜੁਗਾਂ ਜੁਗਾਂ ਦੇ ਰਾਜੇ ਪੈਦਾ ਕੀਤੇ, ਲੋਕ ਉਹਨਾਂ ਨੂੰ ਪਰਮਾਤਮਾ ਦਾ ਅਵਤਾਰ ਮੰਨ ਕੇ ਸਲਾਹੁੰਦੇ ਆ ਰਹੇ ਹਨ। ਗੁਰੂ ਜੀ ਰਾਮ, ਕ੍ਰਿਸ਼ਨ ਆਦਿ ਨੂੰ ਜੁਗ-ਜੁਗ ਦੇ ਰਾਜੇ ਕਹਿੰਦੇ ਹਨ। ਉਹਨਾਂ ਨੂੰ ਵੀ ਤੇਰੇ ਗੁਣਾਂ ਦਾ ਅੰਤ ਨ ਲੱਭਾ।)

ਗੁਰਬਾਣੀ ਰਾਮ, ਕ੍ਰਿਸ਼ਨ ਆਦਿ ਜੁਗਾਂ ਦੇ ਰਾਜਿਆਂ ਨੂੰ ਰਾਜਾ ਕਹਿੰਦੀ ਹੈ, ਇਹਨਾਂ ਦੇ ਧਰਮਾਂ ਕਰਮਾਂ ਨੂੰ ਸਲਾਹੁੰਦੀ ਨਹੀਂ। ਚਹੁ ਜੁਗਾਂ ਦੇ ਅਵਤਾਰਾਂ ਦੀ ਵਿਚਾਰ ਗੁਰੂ ਜੀ ਇਸ ਤਰ੍ਹਾਂ ਸਮਝਾਉਂਦੇ ਹਨ, ਇਹ ਵੀ ਦੱਸਦੇ ਹਨ ਕਿ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦੇ ਰਾਜ ਕਰਦਿਆਂ ਸਚੇ ਧਰਮ ਵਿੱਚ ਕੀ ਵਿਗਾੜ ਪੈ ਗਏ।

ਸਤਿਜੁਗ ਸਚੁ ਕਹੈ ਸਭੁ ਕੋਈ ॥ ਘਰਿ ਘਰਿ ਭਗਤਿ ਗੁਰਮੁਖਿ ਹੋਈ ॥

ਸਤਿਜੁਗ ਧਰਮੁ ਪੈਰ ਹੈ ਚਾਰਿ ॥ ਗੁਰਮੁਖਿ ਬੂਝੈ ਕੋ ਬੀਚਾਰਿ ॥

(ਸਤਿਜੁਗ ਵਿੱਚ ਧਰਮ ਦੇ ਚਾਰ ਪੈਰ ਸਨ, ਘਰਿ ਵਿੱਚ ਪੂਰੇ ਗੁਰੂ ਤੋਂ





ਨਾਮ ਲੈ ਕੇ ਇਕ ਦੀ ਅਰਾਧਨਾ ਹੁੰਦੀ ਸੀ।)

ਜੁਗ ਚਾਰੇ ਨਾਮਿ ਵਡਿਆਈ ਹੋਈ ॥

ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥

(ਚਹੁਾਂ ਜੁਗਾਂ ਵਿੱਚ ਨਾਮ ਦੀ ਵਡਿਆਈ ਸੀ। ਜੋ ਗੁਰੂ ਤੋਂ ਨਾਮ ਲੈ ਕੇ ਜਪਦੇ ਸਨ, ਉਹ ਮੁਕਤ ਹੋਏ, ਪੂਰੇ ਗੁਰੂ ਤੋਂ ਬਿਨਾ ਕਿਸੇ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋਈ।)

ਇਸ ਤੋਂ ਅੱਗੇ ਸਤਿਗੁਰੂ ਜੀ ਕਹਿੰਦੇ ਹਨ ਰਾਜਾ ਰਾਮ ਤੇ ਕ੍ਰਿਸ਼ਨ ਦੇ ਸਮੇਂ ਵਿੱਚ ਚੋਹਾਂ ਪੈਰਾਂ ਵਾਲੇ ਧਰਮ ਦੇ ਪੈਰ ਟੁੱਟਦੇ ਰਹੇ।

ਤ੍ਰੇਤੈ ਇਕ ਕਲ ਕੀਨੀ ਦੂਰਿ ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥

(ਤ੍ਰੈਤੇ ਜੁਗ ਵਿੱਚ ਧਰਮ ਦੀ ਇਕ ਕਲ ਦੂਰ ਹੋਈ, ਰਾਜਾ ਰਾਮ ਭਗਵਾਨ ਕਰਕੇ ਮੰਨਿਆ ਗਿਆ। ਇਸ ਸਮੇਂ ਪਾਖੰਡ ਵਰਤਿਆ, ਇਹਨਾਂ ਨੇ ਪਰਮੇਸਰ ਨੂੰ ਨਹੀਂ ਜਾਨਿਆ।)

ਗੁਰਮੁਖਿ ਬੂਝੈ ਸੋਝੀ ਹੋਈ ॥ ਅੰਤਰਿ ਨਾਮੁ ਵਸੈ ਸੁਖੁ ਹੋਈ ॥

(ਇਸ ਜੁਗ ਵਿੱਚ ਵੀ ਜਿਸਨੇ ਪੂਰੇ ਗੁਰੂ ਤੋਂ ਉਪਦੇਸ਼ ਲੈ ਕੇ ਨਾਮ ਜਪਿਆ, ਉਸ ਨੇ ਇਕ ਨੂੰ ਬੁਝਿਆ ਤੇ ਬ੍ਰਹਮ ਗਿਆਨੀ ਹੋਏ। ਅੰਦਰ ਨਾਮ ਵਸਿਆ ਤਾਂ ਸੁਖ ਹੋਇਆ।)

ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥

ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥

(ਪੰਨਾ 880, ਗੁਰੂ ਗ੍ਰੰਥ ਸਾਹਿਬ)

(ਦਵਾਪਰਿ ਵਿੱਚ ਦਵੈਤ ਭਾਵ ਹੋ ਗਿਆ, ਵੇਦਾਂ ਨੇ ਪ੍ਰਕ੍ਰਿਤੀ ਤੇ ਇੱਕ ਪੁਰਖ ਨੂੰ ਦੋ ਮੰਨਿਆ, ਦੁਬਿਧਾ ਹੋ ਗਈ, ਹਉਂ ਦੇ ਭਰਮ ਵਿੱਚ ਰਹੇ। ਦੁਆਪਰਿ ਵਿੱਚ ਧਰਮ ਦੇ ਦੋ ਪੈਰ ਰਹਿ ਗਏ।)

ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥

ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ॥

ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥

ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥

*ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥*

*ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ*

*ਹਰਿ ਦਰਗਹ ਪਾਵੈ ਮਾਨੁ ਜੀਉ ॥*

*ਸਤਜੁਗਿ ਸਤੁ ਸੰਤੋਖ ਸਰੀਰਾ ਪਗ ਚਾਰੇ ਧਰਮ ਧਿਆਨੁ ਜੀਉ ॥ ੧॥*

*ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ*

*ਜਤੁ ਸੰਜਮ ਕਰਮ ਕਮਾਇ ਜੀਉ॥*

*ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ*

*ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥*

*ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥*

*(ਤ੍ਰੈਤੇ ਜੁਗ ਵਿੱਚ ਰਾਮ ਚੰਦ੍ਰ ਜੀ ਦਾ ਪਹਿਰਾ ਸੀ, ਛੱਤ੍ਰੀ ਰਾਜੇ (ਰਾਮ ਚੰਦ੍ਰ ਵਰਗੇ) ਬਹੁਤ ਸਨ, ਜੋ ਕ੍ਰੋਧ ਕਰਕੇ ਇਧਰ ਉਧਰ ਭੱਜੇ ਫਿਰਦੇ ਸਨ ਤੇ ਲੜ-ਲੜ ਕੇ ਦੁਖ ਪਾਉਂਦੇ ਸਨ। ਇਹ ਸੂਰਜ ਵੰਸ਼ੀ ਰਾਜੇ ਸਨ। ਰਾਜਾ ਰਾਮ ਨੇ ਸੀਤਾ ਦੀ ਖਾਤਰ ਲੜਾਈ ਕੀਤੀ ਸੀ।)*

*ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ॥*

*(ਤ੍ਰੇਤੇ ਜੁਗ ਵਿੱਚ ਜਤੀ ਰਹਿਣਾ ਤੇ ਹੋਰ ਧਰਮਾਂ ਦੇ ਕਰਮ ਹੁੰਦੇ ਸਨ।)*

*ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ॥*

*(ਦੁਆਪਰ ਵਿੱਚ ਹਉਂ ਦੇ ਭਰਮ ਕਰਕੇ ਜੀਵ ਭਟਕਦੇ ਰਹੇ। ਪਰਮੇਸਰ ਨੇ ਕ੍ਰਿਸ਼ਨ ਤੇ ਗੋਪੀਆਂ ਪੈਦਾ ਕੀਤੇ।)*

*ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ*

*ਅਤਿ ਕਿਰਿਆ ਕਰਮ ਕਮਾਇ ਜੀਉ ॥*

*(ਇਸ ਜੁਗ ਵਿੱਚ ਲੋਕ ਤਪ ਕਰਨ ਲਗੇ, ਸ਼ਾਸਤਰਾਂ ਦੇ ਦੱਸੇ ਖ਼ਾਸ ਪੁੰਨ ਕਰਮ ਸ਼ੁਰੂ ਹੋਏ।)*

*ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ*

*ਦੁਇ ਪਗ ਟਿਕੈ ਟਿਕਾਇ ਜੀਉ ॥*





*(ਕ੍ਰਿਸ਼ਨ ਦੇ ਯੁਗ ਵਿੱਚ ਵੇਦਾਂ ਸ਼ਾਸਤਰਾਂ ਦੇ ਦੱਸੇ ਕਰਮ ਆਦਿ ਹੋਣ ਲਗੇ, ਧਰਮ ਦੇ ਦੋ ਪੈਰ ਖਿਸਕ ਗਏ, ਤੇ ਦੋ ਹੀ ਰਹਿ ਗਏ।)*

*ਮਹਾ ਜੁਧ ਜੋਧ ਬਹੁ ਕੀਨ੍ਹੇ ਵਿਚਿ ਹਉਮੈ ਪਚੈ ਪਚਾਇ ਜੀਉ ॥*

*(ਜੋਧੇ ਹੰਕਾਰ ਵਿੱਚ ਗਲਦੇ ਸੜਦੇ ਰਹੇ (ਮਹਾਭਾਰਤ ਦਾ ਯੁੱਧ ਹੋਇਆ) ਇਹ ਜੋਧੇ ਹਉਮੈ ਵਿੱਚ ਗਲਦੇ ਸੜਦੇ ਰਹੇ।)*

*ਦੀਨ ਦਇਆਲਿ ਗੁਰੁ ਸਾਧੁ ਮਿਲਾਇਆ*

*ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥*

(ਪੰਨਾ 445, ਗੁਰੂ ਗ੍ਰੰਥ ਸਾਹਿਬ)

*(ਇਸ ਜੁਗ ਵਿੱਚ ਵੀ ਸਤਿਗੁਰੂ ਨੂੰ ਮਿਲ ਕੇ, ਹਉਮੈ ਦੀ ਮੈਲ ਉਤਰੀ ਤੇ ਦੂ੍ਹੈ ਤੇ ਏਕ ਰੂਪ ਹੋਏ।)*

ਉਪਰ ਦਿੱਤੀ ਗੁਰਬਾਣੀ ਵਿਚਾਰ, ਗੁਰਮਤਿ ਉਪਦੇਸ਼ ਨੂੰ ਦ੍ਰਿੜਾਉਂਦੀ ਹੈ। ਚਹੁ ਜੁਗਾਂ ਵਿੱਚ ਪੂਰੇ ਸਤਿਗੁਰੂ ਤੋਂ ਨਾਮ ਲੈ ਕੇ ਸਿੱਖ ਸੇਵਕ ਗੁਰਮੁਖ ਬਣੇ ਤੇ ਸੰਸਾਰ ਸਾਗਰ ਤੋਂ ਪਾਰ ਹੋਏ, ਤੇ ਦੂ੍ਹੈ ਤੇ ਏਕ ਰੂਪ ਹੋਏ। **ਕਿਸੇ ਸਮੇਂ ਜਾਂ ਜੁਗ ਵਿੱਚ ਵੀ ਕੋਈ ਕਾਲੀ ਦੀ ਅਰਾਧਨਾ ਕਰਕੇ ਜਾਂ ਤਪ ਸਾਧ ਕੇ ਦ੍ਵੈ ਤੇ ਏਕ ਰੂਪ ਨਹੀਂ ਹੋਇਆ।** ਤਪ ਸਾਧਨੇ, ਕਾਲੀ ਆਦਿ ਦੀ ਅਰਾਧਨਾ, ਵੇਦਾਂ ਸ਼ਾਸਤਰਾਂ ਦੇ ਦਰਸਾਏ ਕਰਮ, ਰਾਮ ਕ੍ਰਿਸ਼ਨ ਆਦਿ ਦੇ ਜੁਗਾਂ ਵਿੱਚ ਹੋਏ, ਤੇ ਇਹਨਾਂ ਨੇ ਹਉਮੈ ਵਧਾਈ। ਇਹਨਾਂ ਨੂੰ ਭਗਵਾਨ ਮੰਨਨ ਵਾਲੇ ਲੋਕ ਭੁਲੇ ਮਾਰਗ ਤੇ ਪੈ ਕੇ ਭਟਕਦੇ ਰਹੇ।

**ਛੇਵੇਂ ਅਧਿਆਏ ਦੀ ਆਤਮ ਕਥਾ** (ਪੰਨਾ 54, ਦਸਮ ਗ੍ਰੰਥ)

***ਅਬ ਮੈ ਅਪਨੀ ਕਥਾ ਬਖਾਨੋ।। ਤਪ ਸਾਧਤ ਜਿਹ ਬਿਧ ਮੁਹਿ ਆਨੋ।।***

ਕਿਸੇ ਕਾਲੀ ਨੂੰ ਪੂਜਾ ਕਰਨ ਵਾਲੇ, ਵੇਦਾਂ ਸ਼ਾਸਤਰ ਦੇ ਉਪਦੇਸ਼ ਨੂੰ ਸੱਤ ਮੰਨਨ ਵਾਲੇ, ਰਾਮ ਕ੍ਰਿਸ਼ਨ ਆਦਿ ਅਵਤਾਰਾਂ ਨੂੰ ਭਗਵਾਨ ਕਰਕੇ ਪੂਜਨ ਵਾਲੇ ਕਵੀ ਦੀ ਹੈ। ਗੁਰਉਪਦੇਸ਼ ਮੁਤਾਬਕ ਇਹ ਕਥਾ ਪਾ:10 ਦੀ ਕਿਸੇ ਤਰ੍ਹਾਂ ਵੀ ਸਿਧ ਨਹੀਂ ਕੀਤੀ ਜਾ ਸਕਦੀ।

ਬਚਿਤ੍ਰ ਨਾਟਕ ਵਿੱਚ ਚਉਬੀਸ ਅਵਤਾਰਾਂ ਦੀ ਕਥਾ ਵੀ ਵੇਦਾਂ, ਸ਼ਾਸਤਰਾਂ, ਸਿੰਮ੍ਰਿਤੀਆਂ ਦੀਆਂ ਕਥਾਵਾਂ ਹਨ ਤੇ ਕਵੀ ਉਹਨਾਂ ਨੂੰ ਬਿਆਨ ਕਰ ਰਿਹਾ ਹੈ। ਗੁਰਬਾਣੀ ਇਹਨਾਂ ਸਭ ਤਪਾਂ, ਜਪਾਂ, ਜਤ ਸੰਜਮ, ਰਾਮ ਕ੍ਰਿਸ਼ਨ ਦਾ ਨਾਮ ਜਪਣਾ ਆਦਿ ਵਾਲਿਆਂ ਬਾਬਤ ਕਹਿੰਦੀ ਹੈ ਕਿ ਇਹ ਸਭ ਹਉਮੈ ਦੇ ਕਰਮ ਹਨ, ਭੁਲੇ ਰਾਹ ਹਨ, ਜੀਵ ਜਨਮ ਮਰਨ ਦੇ ਗੇੜ ਤੋਂ ਛੁੱਟ ਨਹੀਂ ਸਕਦਾ।

**ਪਾ:੧੦ ਇਹ ਰਚਨਾਵਾਂ ਰਚ ਕੇ ਗੁਰਬਾਣੀ ਦਾ ਵਿਰੋਧੀ ਪ੍ਰਚਾਰ ਨਹੀਂ ਕਰ ਸਕਦੇ। ਪਾ:੧੦ ਤਾਂ ਨਾਮ ਧਰਮ ਦਾ ਉਪਦੇਸ਼ ਦੇਣ ਆਏ ਸਨ।**

ਇਸ ਤਰ੍ਹਾਂ ਸਾਡੀ ਵਿਚਾਰ ਪ੍ਰਕਾਸ਼ਤ ਦਸਮ ਗ੍ਰੰਥ ਦੇ ਪੰਨਾ 669 ਤਕ ਸਮਾਪਤ ਹੋਈ। ਇਹ ਰਚਨਾਵਾਂ ਪਾ:10 ਦੀਆਂ ਨਹੀਂ ਹਨ। ਇਹਨਾਂ ਰਚਨਾਵਾਂ ਨੂੰ ਪੜ੍ਹਨ ਵਾਲੇ ਗੁਰਸਿੱਖ ਗੁਮਰਾਹ ਹੋ ਜਾਣਗੇ। ਇਹ ਰਚਨਾਵਾਂ ਬਿਖ ਰੂਪ ਹਨ। ਨਾਮ ਧਰਮ ਹੀ ਇਕੋ ਇਕ ਸੱਚਾ ਮਾਰਗ ਪ੍ਰਭੂ ਪ੍ਰਾਪਤੀ ਦਾ, ਚਹੁ ਜੁਗਾਂ ਵਿੱਚ ਰਿਹਾ ਹੈ। ਇਹਨਾਂ ਰਚਨਾਵਾਂ ਨੂੰ ਪੜ੍ਹਨ ਵਾਲੇ ਗੁਰਸਿੱਖ ਗੁਰਮਤਿ ਭਗਤੀ ਮਾਰਗ ਤੋਂ ਖੁੰਝ ਜਾਣਗੇ। ਕੋਈ ਵੀ ਦੋ ਬੇੜੀਆਂ ਵਿੱਚ ਪੈਰ ਰਖ ਕੇ ਤਰ ਨਹੀਂ ਸਕਦਾ। ਗੁਰਬਾਣੀ ਉਪਦੇਸ਼ ਹੈ ਕਿ ਜਿਸ ਨੇ ਵੀ ਗੁਰਸਿੱਖੀ ਵਿੱਚ ਕਦਮ ਰੱਖਣਾ ਹੋਵੇ, ਉਹ ਆਪਣੇ ਹੋਰ ਕਿਸੇ ਧਰਮ ਦੇ ਵਿਸ਼ਵਾਸਾਂ ਨੂੰ ਤਿਆਗ ਕੇ ਆਵੇ।

ਬਚਿਤ੍ਰ ਨਾਟਕ ਦੀਆਂ ਤੇ ਦਸਮ ਗ੍ਰੰਥ ਦੀਆਂ ਕੁਝ ਰਚਨਾਵਾਂ ਗੁਰਬਾਣੀ ਪਾਠ ਦੇ ਗੁਟਕਿਆਂ, ਕੀਰਤਨੀ ਸ਼ਬਦਾਂ ਦੇ ਗੁਟਕਿਆਂ ਤੇ ਨਿਤਨੇਮ ਦੇ ਪਾਠ ਵਿੱਚ ਸ਼ਾਮਲ ਹਨ। ਇਥੇ ਤਕ ਕਿ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਵੇਲੇ ਭੀ ਮਹਾਕਾਲ ਕਾਲੀ ਦੇ ਉਪਾਸਕ ਕਵੀ ਦੀ ਰਚਨਾ 'ਕਬਿਯੋਬਾਚ ਬੇਨਤੀ ਚੌਪਈ' ਪੜ੍ਹੀ ਜਾਂਦੀ ਹੈ। ਕਬਿਯੋਬਾਚ ਬੇਨਤੀ ਚੌਪਈ, ਦਸਮ ਗ੍ਰੰਥ ਦੇ ਪੰਨਾ 1386 ਤੇ ਹੈ। ਇਸਦੀ ਵਿਚਾਰ ਅਸੀਂ ਚਿਤ੍ਰ ਪਖਿਆਨ ਵਿੱਚ ਕਰਾਂਗੇ।

ਗੁਰਸਿੱਖ ਇਹਨਾਂ ਰਚਨਾਵਾਂ ਦਾ ਪਾਠ, ਕੀਰਤਨ ਆਦਿ ਬੜੇ ਪ੍ਰੇਮ ਤੇ ਸ਼ਰਧਾ ਨਾਲ ਕਰਦੇ ਹਨ, ਤੇ ਅਨਜਾਣੇ ਇਹਨਾਂ ਦਾ ਭਾਵ ਸਮਝੇ ਬਿਨਾ ਹੀ ਦੇਵੀ ਦੇਵਤਿਆਂ ਦੀ ਉਸਤਤਿ ਅਰਾਧਨਾ ਕਰਦੇ ਹਨ। ਦੇਵੀ ਦੇਵਤਿਆਂ ਦੀ ਅਰਾਧਨਾ ਤੇ ਉਸਤਤਿ ਗੁਰਮਤਿ ਉਪਦੇਸ਼ ਅਨੁਸਾਰ ਕੂੜ ਦੀ ਅਰਾਧਨਾ ਹੈ, ਬਿਖ ਰੂਪ ਹੈ। ਇਹਨਾਂ ਰਚਨਾਵਾਂ ਦੇ ਨਾਲ ਅਸੀਂ ਨਿਰੋਲ ਅੰਮ੍ਰਿਤ ਰੂਪ ਗੁਰਬਾਣੀ ਵੀ ਪੜ੍ਹਦੇ ਹਾਂ ਤੇ ਉਸਦਾ ਕੀਰਤਨ ਵੀ ਕਰਦੇ ਹਾਂ। ਨਿਰੋਲ ਗੁਰਬਾਣੀ ਅੰਮ੍ਰਿਤ ਰੂਪ ਹੈ। ਗੁਰਬਾਣੀ ਵਿਚਾਰ ਵੀ ਅੰਮ੍ਰਿਤ ਰੂਪ ਹੈ, ਇਸ ਵਿੱਚ ਕਰਤੇ ਇਕ ਏਕੰਕਾਰ ਜੋਤਿ ਰੂਪ ਇਕੋ ਇਕ ਸਦੈਵੀ ਹਸਤੀ, ਸਤਿਗੁਰੂ ਦੀ ਸਿਫਤ ਸਾਲਾਹ ਹੈ ਤੇ ਸਾਨੂੰ ਕਰਤੇ ਅਕਾਲ ਪੁਰਖ ਦੇ ਸ਼ਬਦ/ਨਾਮ/ਹੁਕਮ ਰੂਪ ਨਾਲ ਜੋੜਦੀ ਹੈ। ਹਮੇਸ਼ਾ ਜਨਮ ਮਰਨ ਦੇ ਗੇੜ ਵਿੱਚ ਰਹਿਣ ਵਾਲੇ ਦੇਵੀ ਦੇਵਤਾ ਕਾਲ ਵੱਸ ਹਨ, ਕਾਲ ਚੱਕਰ ਵਿੱਚ ਘੁੰਮਦੇ ਹਨ। ਇਹਨਾਂ ਦੀ ਜਾਣੇ -ਅਨਜਾਣੇ ਅਰਾਧਨਾ ਕਰਨ ਵਾਲੇ ਜਨਮ ਮਰਨ ਦੇ ਗੇੜ ਵਿੱਚ ਰਹਿੰਦੇ ਹਨ। ਬਿਖ ਰੂਪ, ਕਵੀਆਂ ਦੀਆਂ ਰਚਨਾਵਾਂ ਨੂੰ ਅੰਮ੍ਰਿਤ ਰੂਪ ਗੁਰਬਾਣੀ ਦੇ ਨਾਲ ਪੜ੍ਹਨ ਨਾਲ, ਬਿਖ ਦਾ ਅਸਰ ਜ਼ਰੂਰ ਹੁੰਦਾ ਹੈ।

**ਸ਼ਾਇਦ ਇਹੀ ਕਾਰਣ ਹੈ ਕਿ ਸਚੇ ਨਾਮ ਧਰਮ ਦਾ ਉਪਦੇਸ਼**





**ਸਾਰੇ ਸੰਸਾਰ ਵਿੱਚ ਨਹੀਂ ਹੋ ਸਕਿਆ, ਬਲਕਿ ਸਿੱਖੀ ਗਿਰਾਵਟ ਵਿੱਚ ਜਾ ਰਹੀ ਹੈ। ਪੜ੍ਹੇ ਲਿਖੇ ਗੁਰਸਿੱਖ, ਬੱਚੇ ਬਚੀਆਂ ਹਿੰਦੂ ਧਰਮ ਵਿੱਚ ਪਰਵਿਰਤ ਹੋ ਰਹੇ ਹਨ। ਪਤਿਤਪੁਨਾ ਵੱਧ ਰਿਹਾ ਹੈ। ਉਹ ਨਹੀਂ ਜਾਣਦੇ ਕਿ ਸਿੱਖ ਧਰਮ ਵਿੱਚ ਪੈਦਾ ਹੋ ਕੇ ਉਹ ਆਪਣੀ ਆਤਮਾ ਦੀ ਪਹਿਚਾਨ ਦੇ ਉਸ ਅਸਥਾਨ ਤੇ ਪਹੁੰਚੇ ਸਨ ਜਿਥੋਂ ਗੁਰਮਤਿ ਭਗਤੀ ਸਿਮਰਨ ਕਰਕੇ ਉਹ ਜਨਮ ਮਰਨ ਦੇ ਗੇੜ ਤੋਂ ਛੁੱਟ ਸਕਦੇ ਹਨ। ਇਸ ਤਰ੍ਹਾਂ ਦੇ ਧਰਮ ਪਰਿਵਰਤਨ ਨਾਲ ਕਈ ਜਨਮ ਪਿਛੇ ਧਕੇਲੇ ਗਏ, ਅਤੇ ਪਤਾ ਨਹੀਂ ਫਿਰ ਉਹ ਸਿੱਖ ਘਰਾਂ ਵਿੱਚ ਜਨਮ ਲੈ ਕੇ ਕਦੋਂ ਆਤਮ ਗਿਆਨ ਦੇ ਸੱਚੇ ਮਾਰਗ ਤੇ ਚਲ ਸਕਨ।**

ਇਸ ਦਾ ਮੂਲਕ ਇਲਾਜ ਹੈ ਨਿਰੋਲ ਗੁਰਬਾਣੀ ਦਾ ਸੰਸਾਰ ਵਿੱਚ ਪਰਚਾਰ ਤੇ ਦੇਵੀ ਦੇਵਤਿਆਂ ਨੂੰ ਅਰਾਧਨ ਵਾਲੀ ਕਵੀਆਂ ਦੀ ਬਾਣੀ ਨੂੰ ਨਿਰੋਲ ਗੁਰਬਾਣੀ ਤੋਂ ਨਿਖੇੜ ਕੇ ਸਮਝਣ ਤੇ ਵੱਖ ਕਰਨਾ। ਕੀ ਪੰਥਕ ਆਗੂ, ਪ੍ਰਚਾਰਕ, ਵਿਦਵਾਨ ਤੇ ਸਾਰੇ ਗੁਰਸਿੱਖ ਇਸ ਕੰਮ ਲਈ ਜਾਗਰੂਕ ਹੋ ਸਕਦੇ ਹਨ ਤੇ ਸਹੀ, ਸਾਹਸੀ ਕਦਮ ਚੁੱਕ ਸਕਦੇ ਹਨ।

***ਅਕਾਲ ਪੁਰਖ ਬਾਚ ਚੌਪਈ***

(ਕਵੀ ਅਨੁਸਾਰ ਇਹ ਬਚਨ ਅਕਾਲ ਪੁਰਖ ਦੇ ਹਨ।)

(ਪੰਨਾ 57, ਦਸਮ ਗ੍ਰੰਥ)

***ਮੈ ਅਪਨਾ ਸੁਤ ਤੋਹਿ ਨਿਵਾਜਾ।। ਪੰਥ ਪ੍ਰਚੁਰ ਕਰਬੇ ਕਹ ਸਾਜਾ।।***
***ਜਾਹਿ ਤਹਾਂ ਤੈ ਧਰਮ ਚਲਾਏ।। ਕਬੁਧਿ ਕਰਨ ਤੇ ਲੋਕ ਹਟਾਇ।।***
***ਦੋਹਰਾ ਠਾਢ ਭਯੋ ਮੈਂ ਜੋਰ ਕਰਿ ਬਚਨ ਕਹਾ ਸਿਰ ਨਿਯਾਇ।।***
***ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ।।***

ਇਹ ਸਭ ਕਵੀ ਨੇ ਕਿਹਾ ਹੈ। ਪਾ: 10 ਨੂੰ, ਅਕਾਲ ਪੁਰਖ ਨੇ ਪੁੱਤਰ ਬਣਾ ਕੇ ਨਹੀਂ ਭੇਜਿਆ। ਕਵੀ ਕਾਲ ਪੁਰਖ ਨੂ ਅਕਾਲ ਪੁਰਖ ਕਹਿ ਰਿਹਾ ਹੈ। ਪਾਤਸ਼ਾਹੀ ਦਸਵੀਂ ਦੀ ਦੇਹ ਵਿੱਚ ਬ੍ਰਹਮ ਦੀ ਗੁਰੂ ਜੋਤਿ ਦਾ ਨਿਵਾਸ ਸੀ। ਪਾ:10 ਆਪ ਪਰਮੇਸਰ ਸਨ।

***ਸਤਵਾਂ ਅਧਿਆਇ***

(ਪੰਨਾ 59, ਦਸਮ ਗ੍ਰੰਥ)

***ਅਬ ਕਬਿ ਜਨਮ ਕਥਨੰ।।ਮੁਰ ਪਿਤ ਪੂਰਬ ਕਿਯਸਿ ਪਯਾਨਾ।।***

***ਭਾਂਤਿ ਭਾਂਤਿ ਕੇ ਤੀਰਥਿ ਨਾਨਾ।। ਜਬ ਹੀ ਜਾਤਿ ਤ੍ਰਿਬੇਣੀ ਭਏ।।***
***ਪੁੰਨ ਦਾਨ ਦਿਨ ਕਰਤ ਬਿਤਏ।। ਤਹੀਂ ਪ੍ਰਕਾਸ਼ ਹਮਾਰਾ ਭਯੋ।।***

***ਪਟਨਾ ਸ਼ਹਿਰ ਬਿਖੈ ਭਵ ਲਯੋ।।***

ਗੁਰੂ ਤੇਗ਼ ਬਹਾਦਰ ਸਾਹਿਬ ਤੀਰਥ ਇਸ਼ਨਾਨ, ਪੁੰਨ ਦਾਨ ਕਰਨ ਲਈ ਨਹੀਂ ਗਏ ਸਨ। ਉਹ ਗੁਰੂ ਨਾਨਕ ਸਾਹਿਬ ਦੀ ਤਰ੍ਹਾਂ ਹਿੰਦੂ ਤੀਰਥਾਂ ਆਦਿ ਤੇ ਨਾਮ ਧਰਮ ਦਾ ਉਪਦੇਸ਼ ਦੇਣ ਗਏ ਸਨ। (*ਤੀਰਥ ਨਾਵਣੁ ਜਾਓ ਤੀਰਥ ਨਾਮ ਹੈ।।*)

ਇਸ ਤੋਂ ਅੱਗੇ ਪਹਾੜੀ ਰਾਜਿਆਂ ਨਾਲ ਜੰਗਾਂ ਦੀ ਕਥਾ ਹੈ। ਕਵੀ ਗੁਰੂ ਦਰਬਾਰ ਦਾ ਸੀ। ਕਵੀ ਨੇ ਜਗਾਂ ਦੀ ਵਾਰਤਾ ਆਪਨੀ ਸਮਝ ਅਨੁਸਾਰ ਲਿਖੀ ਹੈ।

**ਅਬ ਰਾਜ ਸਾਜ ਕਥਨੰ** (ਪੰਨਾ 60 ਦਸਮ ਗ੍ਰੰਥ)

ਇਸ ਸਿਰਲੇਖ ਹੇਠ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਹਾੜੀ ਰਾਜਿਆਂ ਤੇ ਮੁਗਲ ਫੌਜਾਂ ਨਾਲ ਯੁੱਧਾਂ ਦਾ ਵਰਨਨ ਆਪਨੀ ਸਮਝ ਅਨੁਸਾਰ ਕੀਤਾ ਹੈ।

**ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ ਅਥ ਚੰਡੀ ਚਰਿਤ੍ਰ ਉਕਤਿਬਿਲਾਸ**
(ਪੰਨਾ 74, ਦਸਮ ਗ੍ਰੰਥ)

**ਪ੍ਰਥਮ ਧਿਯਾਇ - ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ**

ਇਸ ਧਿਆਇ ਵਿਚ ਚੰਡੀ ਦੇਵੀ ਦੇ ਮਧੁ ਕੈਟਭ ਦੈਤ ਨੂੰ ਬਧਿ ਕਰਣ ਦਾ ਵਰਣਨ ਹੈ।

ਦੋਹਰਾ *ਕ੍ਰਿਪਾ ਸਿੰਧ ਤੁਮਰੀ ਜੌ ਕਛੁ ਮੌ ਪਰ ਹੋਇ।।*
*ਰਚੌਂ ਚੰਡਕਾ ਕੀ ਕਥਾ ਬਾਨੀ ਸੁਭ ਸਭ ਹੋਇ।।*

ਕਵੀ ਕਾਲ ਨੂੰ ਕਹਿ ਰਿਹਾ ਹੈ, ਹੇ ਕ੍ਰਿਪਾ ਦੇ ਸਾਗਰ ਜੀ, ਜੇ ਤੇਰੀ ਕ੍ਰਿਪਾ ਮੇਰੇ ਤੇ ਹੋਏ ਤਾਂ ਚੰਡਕਾ ਦੀ ਕਥਾ ਦੀ ਰਚਨਾ ਕਰਾਂ ਅਤੇ ਸਾਰੀ ਕਵਿਤਾ ਸ੍ਰੇਸ਼ਟ ਹੋ ਜਾਏ।

ਇਸ ਤੋਂ ਅਗੇ ਮਹਖਾਸੁਰ ਬਧਹਿ ਨਾਮ ਦੁਤੀਆ ਧਿਆਇ ਹੈ।

(ਚੰਡੀ ਦੁਰਗਾ, ਚੰਡ ਦੈਤ ਨੂੰ ਮਾਰਣ ਕਰਕੇ ਦੁਰਗਾ ਦਾ ਨਾਮ ਚੰਡੀ ਹੋਇਆ ਹੈ। ਇਹ ਮਾਰਕੰਡੇ ਪੁਰਾਣ ਦਾ ਅਨੁਵਾਦ ਹੈ।)

***ਛੰਤ ੫੧*** (ਪੰਨਾ 78, ਦਸਮ ਗ੍ਰੰਥ)





***ਦੋਹਰਾ- ਜਬ ਮੁਹਾਖਾਸੁਰ ਮਾਰਿਓ ਸਬ ਦੈਤਨ ਕੋ ਰਾਜ।।***

***ਤਬ ਕਾਇਰ ਭਾਜੇ ਸਭੈ ਛਾਡਿਓ ਸਕਲ ਸਮਾਜ।।***

*(ਜਦ ਚੰਡੀ (ਦੁਰਗਾ) ਨੇ ਸਾਰੇ ਦੈਂਤਾਂ ਦੇ ਰਾਜੇ ਮਹਖਾਸੁਰ ਨੂੰ ਮਾਰ ਲਿਆ, ਤਦ ਸਭੈ ਕਾਇਰ ਡਰ ਨਾਲ ਭੱਜ ਗਏ ਅਤੇ ਸਾਰਾ ਸਮਾਜ ਛੱਡ ਗਏ।)*

***ਛੰਤ ੫੨ ਕਬਿੱਤ ਮਹਾਬੀਰ ਕਹਰੀ ਦੁਪਹਰੀ ਕੋ ਤਾਨ ਮਾਨੋ***
***ਦੇਵਨ ਕੇ ਕਾਜ ਦੇਵੀ ਡਾਰਿਓ ਦੈਤ ਮਾਰਿ ਕੈ।।***

*(ਜੋ ਵੱਡੇ ਸੂਰਮਾ, ਕ੍ਰੋਧੀ ਦੁਪੈਹਰ ਦੇ ਸੂਰਜ ਵਾਂਗੂ ਮੰਨਿਆ ਜਾਂਦਾ ਸੀ, ਉਸ ਦੈਤ ਮਖਹਾਸੁਰ ਨੂੰ ਦੇਵੀ ਨੇ ਦੇਵਤਿਆਂ ਦੇ ਕਾਰਜ ਸਵਾਰਨ ਲਈ ਮਾਰ ਸੁਟਿਆ।)*

***ਅਉਰ ਦਲ ਭਾਜਿਓ ਜੈਸੇ ਪਉਨ ਹੂੰ ਤੇ ਭਾਜੇ ਮੇਘ।।***

***ਇੰਦ੍ਰ ਦੀਨੋ ਰਾਜ ਬਲੁ ਆਪਨੋ ਸੋ ਧਾਰਿ ਕੈ।।***

*(ਹੋਰ ਦੈਂਤਾਂ ਦਾ ਦਲ (ਇਉਂ) ਭੱਜ ਗਿਆ, ਜਿਵੇਂ ਹਵਾ ਨਾਲ ਬੱਦਲ ਭੱਜ ਜਾਂਦੇ ਹਨ, (ਦੁਰਗਾ ਨੇ) ਆਪਨੇ ਬਲ ਨਾਲ ਇੰਦ੍ਰ ਨੂੰ ਰਾਜ ਦੇ ਦਿੱਤਾ।)*

(ਪੰਨਾ 79, ਦਸਮ ਗ੍ਰੰਥ)

***ਦੇਸ ਦੇਸ ਕੇ ਨਰੇਸ਼ ਡਾਰੇ ਹੈ ਸੁਰੇਸ਼ ਪਾਇ।।***

***ਕੀਨੋ ਅਭਖੇਕ ਸੁਰ ਮੰਡਲ ਬਿਚਾਰਿ ਕੈ।।***

*(ਦੇਸਾਂ ਦੇਸਾਂ ਦੇ ਰਾਜੇ (ਸੁਰੇਸ) ਇੰਦ੍ਰ ਦੇ ਚਰਨੀ ਪਾ ਦਿੱਤੇ ਹਨ ਅਤੇ (ਮੰਡਲ) ਸਾਰੇ ਦੇਵਤਿਆਂ ਨਾਲ ਵਿਚਾਰ ਕਰਕੇ (ਇੰਦ੍ਰ ਨੂੰ) (ਅਭਖੇਕ) ਰਾਜ ਤਿਲਕ ਕੀਤਾ ਹੈ।)*

***ਈਹਾ ਗੁਪਤਿ ਪ੍ਰਗਟਿ ਜਾਇ ਤਹਾ ਭਈ।।***

***ਜਹਾ ਬੈਠੇ ਹਰਿ ਹਰਿ ਅੰਬਰਿ ਕੋ ਡਾਰ ਕੈ।।***

*(ਹਰਿ = ਸ਼ਿਵ ਜੀ, ਹਰਿ ਅੰਬਰ = ਸ਼ੇਰ ਦੀ ਖਲੜੀ)*

*(ਇਥੋਂ ਦੁਰਗਾ ਗੁਪਤ ਹੋ ਗਈ, ਉਥੇ ਜਾ ਕੇ ਪ੍ਰਗਟ ਹੋ ਗਈ ਜਿਥੇ ਸ਼ਿਵ ਜੀ ਸ਼ੇਰ ਦੀ ਖੱਲ ਵਿਛਾ ਕੇ ਬੈਠੇ ਸਨ। (ਅਰਥਾਤ ਇੰਦ੍ਰ ਨੂੰ ਰਾਜ ਤਿਲਕ ਦੇ ਕੇ ਚੰਡੀ/ਦੁਰਗਾ ਲੋਪ ਹੋ ਗਈ, ਅਤੇ ਕੈਲਾਸ਼ ਉਤੇ ਸ਼ਿਵ ਜੀ ਦੇ ਖੱਬੇ ਅੰਗ ਜਾ ਬਿਰਾਜੀ।)*

***ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ।।***

***ਤ੍ਰਿਤੀਆ ਧਿਆਇ॥***

***ਛੰਤ ੫੩ ਲੋਪ ਚੰਡਕਾ ਹੋਇ ਗਈ ਸੁਰਪਤਿ ਕੌ ਦੇ ਰਾਜ॥***
***ਦਾਨਵ ਮਾਰ ਅਭੇਖ ਕਰਿ ਕੀਨੇ ਸੰਤਨ ਕਾਜ॥***

*(ਸੂਰਗ ਦਾ ਰਾਜ ਇੰਦ੍ਰ ਨੂੰ ਦੇ ਕੇ ਦੁਰਗਾ ਲੋਪ ਹੋ ਗਈ। ਦੈਤਾਂ ਨੂੰ ਮਾਰ ਕੇ ਉਹਨਾਂ ਮਲੀਆ ਮੇਟ ਕਰ ਦਿੱਤਾ, ਇਸ ਤਰ੍ਹਾਂ ਸੰਤਾਂ ਦੇ ਕੰਮ ਕੀਤੇ ਹਨ।)*

***ਸਵੈਯਾ***

***ਯਾਤੇ ਪ੍ਰਸੰਨ ਭਏ ਹੈ ਮਹਾ ਮੁਨਿ ਦੇਵਨ ਕੇ ਤਪ ਮੈ ਸੁਖ ਪਾਵੈ।***

*(ਇਸ ਤਰ੍ਹਾਂ ਰਿਸ਼ੀ ਮੁਨੀ ਖੁਸ਼ ਹੋਏ ਹਨ, ਕਿਉਂਕਿ ਦੇਵਤਿਆਂ ਦੇ ਤਪ ਤੇਜ਼ ਨਾਲ ਪ੍ਰਤਾਪ ਵਿੱਚ ਸਾਰੇ ਸੁਖ ਪਾਂਦੇ ਹਨ)।*

***ਜਗਯ ਕਰੈ ਇਕ ਬੇਦ ਰਚੈ ਤਵ ਤਾਪ ਹਰੈ ਮਿਲਿ ਧਿਆਨਹਿ ਲਾਵੈ।***

*(ਕਈ ਇਕ ਜੱਗ ਕਰਦੇ ਹਨ, ਕਈ ਇਕ ਵੇਦ (ਰਚੈ) ਪੜ੍ਹਦੇ ਹਨ, ਅਤੇ (ਭਵ) ਤਾਪ, ਜਨਮ ਮਰਨ ਦੇ ਦੁਖ (ਹਰੈ) ਨਾਸ਼ ਕਰਨ ਅਤੇ ਹਰੀ ਨੂੰ ਮਿਲਨ ਲਈ ਉਸ ਦੇ ਧਿਆਨ ਵਿੱਚ ਮਨ ਨੂੰ ਲਾਉਂਦੇ ਹਨ।)*

***ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈ।***

*(ਛੈਣੇ, ਕੈਂਸੀਆਂ, ਮਿੰਦ੍ਰੰਗ, ਢੋਲਕ, ਰਬਾਬ ਲਏ ਹੋਏ ਦੇਵਤੇ ਇਹਨਾਂ ਸਾਜਾਂ ਦੀ ਸੁਰ ਨੂੰ ਮਿਲਾਉਂਦੇ ਹਨ।)*

***ਕਿੰਨਰ ਗੰਧ੍ਰਬ ਗਾਨ ਕਰੈ ਅਨਿ ਜਛ ਅਪੱਛਰ ਨਿਰਤ ਦਿਖਾਵੈ।***

*(ਕਿੰਨਰ ਤੇ ਜਛ, ਅਤੇ ਗੰਧ੍ਰਬ ਗਾਯਨ ਕਰਦੇ ਹਨ ਅਤੇ (ਅਨਿ = ਸਮੂਹ) ਸਾਰੀਆਂ ਅਪੱਛਰਾਂ ਨਾਚ ਕਰਕੇ ਦਿਖਾਉਂਦੀਆਂ ਹਨ।)*

***ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈ।***

*(ਸੰਖਾਂ ਦੀ ਤੇ ਘੰਟਿਆਂ ਦੀ ਧੁੰਨ ਗੁੰਜਾਰ ਕਰਦੇ ਹਨ, ਅਤੇ ਫੂਲਾਂ ਦੀ ਬਰਖਾ ਬਰਖਾਉਂਦੇ ਹਨ।)*

***ਆਰਤੀ ਕੋਟ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੇ ਬਲਿ ਜਾਵੈ।***

*(ਕਰੋੜਾਂ ਸੁੰਦਰ ਦੇਵਤੇ ਆਰਤੀ ਕਰਦੇ ਹਨ ਅਤੇ (ਪੁਰੰਦਰ) ਇੰਦ੍ਰ ਨੂੰ ਵੇਖ ਕੇ ਉਸ ਤੋਂ ਕੁਰਬਾਨ ਜਾਂਦੇ ਹਨ।)*

ਇਸ ਅਰਥ ਵਿਚਾਰ ਤੋਂ ਆਪਨੇ ਆਪ ਸਿਧ ਹੁੰਦਾ ਹੈ ਕਿ ਆਰਤੀ ਇੰਦ੍ਰ ਦੇਵਤਾ ਦੀ ਹੈ।

ਗੁਰਬਾਣੀ ਕਹਿੰਦੀ ਹੈ ਇੰਦ੍ਰ ਇਕੋ ਇੱਕ ਹਸਤੀ ਜੋਤਿ ਰੂਪ ਪਾਰਬ੍ਰਹਮ





ਸਦਜੀਵਤ ਨੇ ਉਪਾਇਆ ਤੇ ਹੁਕਮ ਵਿੱਚ ਕਰਮ ਜਾਲ ਵਿੱਚ ਪੈ ਕੇ ਜਨਮ ਮਰਨ ਦੇ ਗੇੜ ਕੱਢ ਰਿਹਾ ਹੈ।

**ਕੋਈ ਗੁਰਸਿੱਖ ਜਿਸਨੂੰ ਉਪਰ ਦਿੱਤੀ ਵਿਚਾਰ ਸਮਝ ਆ ਜਾਵੇਗੀ, ਇਹ ਆਰਤੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਨਹੀਂ ਪੜ੍ਹੇਗਾ। ਨਾ ਛੈਣੇ ਕੈਂਚੀਆਂ ਰਬਾਬ ਢੋਲਕ ਨਾਲ ਇੰਦ੍ਰ ਦੀ ਆਰਤੀ ਨੂੰ ਪੜ੍ਹ ਕੇ, ਗੁਰੂ ਗ੍ਰੰਥ ਸਾਹਿਬ ਉਤੇ ਫੂਲਾਂ ਦੀ ਬਰਖਾ ਕਰੇਗਾ।**

ਸਿੱਖ ਤਾਂ ਇਕੋ ਇਕ ਹਸਤੀ ਪਾਰਬ੍ਰਹਮ ਤੇ ਗੁਰਪਾਰਬ੍ਰਹਮ ਦੀ ਉਸਤਤਿ ਕਰਦਾ ਹੈ। ਦੂਜਿਆਂ ਦੀ ਉਸਤਤਿ, ਆਰਤੀ, ਜਨਮ ਮਰਨ ਦੇ ਗੇੜ ਵਿੱਚ ਰਹਿਣ ਵਾਲੇ ਇੰਦ੍ਰ ਦੀ ਆਰਤੀ, ਜਨਮ ਮਰਨ ਦੇ ਗੇੜ ਵਿੱਚ ਹੀ ਰਖੇਗੀ। ਵੇਦਾਂ ਸ਼ਾਸਤਰਾਂ ਨੂੰ, ਦੇਵੀ ਦੇਵਤਿਆਂ ਨੂੰ ਮੰਨਣ ਵਾਲੇ ਤੇ ਮੂਰਤੀ ਪੂਜਾ ਕਰਨ ਵਾਲੇ ਮੰਦਰਾਂ ਵਿੱਚ ਇੰਦਰ ਦੀ ਆਰਤੀ, ਉਹਨਾਂ ਦੇ ਧਰਮ ਦੇ ਅਕੀਦੇ ਦੇ ਅਨੁਕੂਲ ਹੈ।

ਗੁਰਸਿੱਖ ਇਕ ਸਦੈਵੀ ਹਸਤੀ ਸਤਯ ਸਰੂਪ ਦੀ ਆਰਤੀ ਕਰਦਾ ਹੈ। ਗੁਰੂ ਨਾਨਕ ਸਾਹਿਬ ਦੀ ਉਚਾਰੀ ਆਰਤੀ :

***ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥***

***ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥***

***ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥***

***ਅਨਹਤਾ ਸਬਦ ਵਾਜੰਤ ਭੇਰੀ ॥*** (ਪੰਨਾ 663, ਗੁਰੂ ਗ੍ਰੰਥ ਸਾਹਿਬ)

*(ਜਨਮ ਮਰਨ ਦਾ ਗੇੜ ਕਟਣ ਵਾਲੇ ਸੁਆਮੀ, ਇਕੋ ਇਕ ਹਸਤੀ ਜੋਤਿ ਰੂਪ ਪਾਰਬ੍ਰਹਮ ਜੀ, ਤੁਹਾਡੀ ਆਰਤੀ ਸ੍ਰਿਸ਼ਟੀ ਵਿੱਚ ਸਦਾ ਹੋ ਰਹੀ ਹੈ, ਅਨਹਦ ਸ਼ਬਦ ਦੀ ਧੁੰਨ ਲਗਾਤਾਰ ਹੋ ਰਹੀ ਹੈ, ਜਿਸ ਵਿੱਚ ਅਨੇਕਾਂ ਮਨਮੋਹਕ ਸੰਗੀਤਕ ਬਿਨਾ ਵਜਾਈਆਂ ਧੁੰਨਾਂ ਹਨ।(ਜੋਤਿ ਰੂਪ ਪਾਰਬ੍ਰਹਮ, ਇਹਨਾਂ ਸ਼ਬਦ ਧੁੰਨਾਂ ਰਾਹੀਂ ਸੰਸਾਰ ਵਿੱਚ ਪਸਰਿਆ ਹੈ।) ਸੰਸਾਰ ਦੇ ਰੂਪ ਰੰਗ ਬਨਸਪਤੀ ਫੁਲ ਆਦਿ ਪਰਮੇਸਰ ਦੇ ਹੀ ਰੂਪ ਹਨ, ਇਹ ਸਭ ਰੂਪ ਰੰਗ ਸਦਾ ਨਿਰਗੁਣ ਬ੍ਰਹਮ ਦੀ ਆਰਤੀ ਕਰ ਰਹੇ ਹਨ। ਇਹ ਅਕਾਲ ਪੁਰਖ ਦੀ ਆਰਤੀ ਹੈ।)*

ਜਗਨਨਾਥ ਪੁਰੀ ਦੇ ਮੰਦਰ ਵਿੱਚ ਆਰਤੀ ਕਰ ਰਹੇ ਪੰਡਤਾਂ ਦੇ ਨਾਲ ਗੁਰੂ ਨਾਨਕ ਦੇਵ ਜੀ ਸ਼ਾਮਲ ਨਹੀਂ ਹੋਏ। ਉਥੇ ਪੰਡਤਾਂ ਨੂੰ ਇਸ ਸ਼ਬਦ ਰਾਹੀਂ ਉਪਦੇਸ਼ ਦਿੱਤਾ ਕਿ ਪਾਰਬ੍ਰਹਮ ਦੀ ਆਰਤੀ ਸਦਾ ਹੋ ਰਹੀ ਹੈ। ਵੇਦਮਤ ਤੇ ਗੁਰਮਤਿ ਵਿੱਚ ਭੇਦ ਸਪਸ਼ਟ ਹੈ।

*ਪਦਾ ੨੨੯* (ਪੰਨਾ 99, ਦਸਮ ਗ੍ਰੰਥ)

***ਕਬਿਤ ਪ੍ਰਥਮ ਮਧੁਕੈਟ ਮਦ ਮਥਨ ਮਹਿਖਾਸੁਰੈ ਮਾਨ ਮਰਦਨ***

***ਕਰਨ ਤਰਨ ਬਰ ਬੰਡ ਕਾ।। ਧੂਮ੍ਰ ਦ੍ਰਿਗ ਧਰੁਨ ਧਰ।।***

***ਧੂਰ ਪਾਨੀ ਕਰਨ ਚੰਡ ਅਰੁ ਮੁੰਡ ਕੇ ਮੁੰਡ ਖੰਡ ਖੰਡ ਕਾ।।***

***ਰਕਤ ਬੀਜ ਹਰਨ ਰਕਤ ਭੱਛਨ ਕਰਨ ਦਰਨ***

***ਅਨ ਸੁੰਭ ਰਨ ਰਾਰ ਰਿਸ ਮੰਡਕਾ।।***

***ਸੁੰਭ ਬਲ ਧਾਰ ਸੰਘਾਰ ਕਰਵਾਰ ਕਰ ਸਕਲ ਖਲੁ***

***ਅਸੁਰ ਦਲ ਜੈਤ ਜੈ ਚੰਡਕਾ।।***

*(ਸੋ ਪਹਿਲੇ ਮਧੁਕੈਟ ਦੇ ਹੰਕਾਰ ਨੂੰ ਤੋੜਨ ਵਾਲੀ ਹੈ, ਫਿਰ ਮਹਿਖਾਸੁਰ ਦੇ ਮਾਨ ਨੂੰ ਮਰਦਨ ਕਰਨ ਵਾਲੀ ਹੈਂ ਅਤੇ ਵਰ ਦੇ ਵੰਡਨ ਨੂੰ ਫੁਰਤੀਲੀ ਹੈ। ਜੋ ਡੰਡ ਰੌਲੀ ਕਰਨ ਵਾਲੇ ਧੂਮ੍ਰ ਦ੍ਰਿਗ ਨੂੰ ਧਰਤੀ ਪਰ ਪਟਕਾਉਨ ਵਾਲੀ ਹੈ ਅਤੇ ਦੈਤ ਤੇ ਮੁੰਡ ਦੇ ਸਿਰਾਂ ਨੂੰ ਦੋ ਟੋਟੇ ਕਰਨ ਵਾਲੀ ਹੈ। ਜੋ ਰਕਤ ਬੀਜ ਨੂੰ ਮਾਰਨ ਵਾਲੀ ਹੈ, ਲਹੂ ਪੀਣ ਵਾਲੀ ਹੈ...ਉਸ ਦੁਰਗਾ ਦੀ ਜੈ ਹੋਵੇ।)*

***ਛੰਦ ੨੩੧***

***ਮਾਰਕੰਡੇ ਪੁਰਾਨ ਦੇ ਚੰਡੀ ਚਰਿਤ੍ਰ ਬਿਲਾਸ ਦਾ ਅਠਵਾਂ ਅਧਿਆਏ।***

***ਦੇਹ ਸਿਵਾ ਬਰ ਮੋਹਿ ਇਹੈ***

*(ਸਿਵਾ ਦੇ ਅਰਥ ਹਨ ਸ਼ਿਵ ਦੀ ਪਤਨੀ ਚੰਡੀ/ਦੁਰਗਾ/ਕਾਲੀ)*

***ਸ਼ੁਭ ਕਰਮਨ ਤੇ ਕਬਹੂ ਨ ਟਰੋ।।***

***ਨ ਡਰੋ ਅਰਿ ਸੋ ਜਬ ਜਾਇ ਲਰੋ,***

***ਨਿਸਚੈ ਕਰਿ ਅਪਨੀ ਜੀਤ ਕਰੋ।।***

***ਅਰੁ ਸਿਖ ਹੋ ਆਪਨੇ ਹੀ ਮਨ ਕੌ ਕਉ,***

***ਇਹ ਲਾਲਚ ਹਉ ਗੁਨ ਤਉ ਉਚਰੋਂ।।***

***ਜਬ ਆਵ ਕੀ ਅਉਧ ਨਿਦਾਨ ਬਨੈ,***

***ਅਤਿ ਹੀ ਰਨ ਮੈ ਤਬ ਜੂਝ ਮਰੋਂ।।***

ਇਹ ਸਵੈਯਾ ਸ੍ਰੀ ਮਾਰਕੰਡੇ ਚੰਡੀ ਚਰਿਤ੍ਰ ਬਧਹਿ ਅਠਵੇਂ ਧਿਆਇ ਵਿੱਚ ਹੈ। ਸਿਆਮ ਕਵੀ ਨੇ ਕ੍ਰਿਸ਼ਨ ਅਵਤਾਰ ਦੇ 2489ਵੇਂ ਅੰਕ ਵਿੱਚ ਵੀ ਵਰ ਮੰਗਿਆ ਹੈ। (ਪੰਨਾ 570, ਦਸਮ ਗ੍ਰੰਥ)

***ਛਤ੍ਰੀ ਕੋ ਪੂਤ ਹੋ ਬਾਮਨ ਕੋ ਨਹਿ, ਕੈ ਤਪੁ ਆਵਤ ਹੈ ਜੁ ਕਰੋ।।***





***ਅਰ ਅਉਰ ਜੰਜਾਰ ਜਿਤੋ ਗ੍ਰਹ ਕੋ, ਤੋਹਿ ਤਿਆਗ ਕਹਾ ਚਿਤ ਤਾਮੈ ਧਰੋ।।***

***ਅਬ ਰੀਝਕੈ ਦੇਹੁ ਵਹੈ ਹਮ ਕਉ, ਜੋਊ ਹਉ ਬਿਨਤੀ ਕਰ ਜੋਰ ਕਰੋ।।***

***ਜਬ ਆਉ ਕੀ ਅਉਧ ਨਿਧਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋ।।***

ਪਾ:10 ਛਤ੍ਰੀ ਦੇ ਪੁੱਤਰ ਨਹੀਂ ਸਨ। ਗੁਰਮਤਿ ਅਨੁਸਾਰ ਵਰਣਵੰਡ ਦਾ ਭੇਦ ਮੁੱਕ ਚੁੱਕਾ ਸੀ।

ਇਸ ਸਵੈਯੇ ਵਿੱਚ ਇਹ ਵਰ ਸ਼ਿਵਪਤਨੀ ਨੇ ਸ਼ਿਵਾ ਤੋਂ ਮੰਗਿਆ ਹੈ।

ਚੰਡੀ ਚਰਿਤ੍ਰ ਚਲਦਾ ਪ੍ਰਸੰਗ ਹੈ ਜਿਸ ਵਿੱਚ ਮਹਾਕਾਲ ਕਾਲੀ ਦੁਰਗਾ, ਸ਼ਿਵ ਦੀ ਕਥਾ, ਜੰਗ ਤੇ ਉਸਤਤਿ ਹੈ। ਕਵੀ ਉਸ ਤੋਂ ਹੀ ਵਰ ਮੰਗਦਾ ਹੈ ਤੇ ਇਸ ਦੇ ਹੀ ਗੁਣ ਉਚਾਰਨ ਕਰਨਾ ਮੰਗਦਾ ਹੈ।

'ਦੇਹ ਸਿਵਾ ਬਰ ਮੁਹਿ ਇਹੈ' ਵਾਲਾ ਸਵੈਯਾ ਅਸੀਂ ਇਹ ਸਮਝ ਕੇ ਪੜ੍ਹਦੇ ਹਾਂ ਕਿ ਇਹ ਪਾ:10 ਦੀ ਰਚਨਾ ਹੈ। ਇਸ ਭੁੱਲ ਵਿੱਚ ਅਸੀਂ ਦੁਰਗਾ ਕੋਲੋਂ ਵਰ ਮੰਗਦੇ ਹਾਂ, ਇਸ ਸਵੈਯੇ ਦਾ ਪਾਠ ਤੇ ਕੀਰਤਨ ਵੀ ਕਰਦੇ ਹਾਂ। ਇਸ ਕਾਰਨ ਸਾਡੇ ਵਿੱਚ ਲਹੂ ਪੀਣ ਵਾਲੀ ਤੇ ਖੋਪਰੀਆਂ ਦੇ ਹਾਰ ਪਾਉਣ ਵਾਲੀ ਦੁਰਗਾ ਦੇ ਹਿੰਸਾ ਦੇ ਗੁਣ ਗੁਰਸਿੱਖ ਵਿਚ ਆ ਜਾਣਗੇ ਤੇ ਉਹ ਆਂਤਕਵਾਦੀ ਬਣ ਜਾਣਗੇ। 10 ਪਾਤਸ਼ਾਹੀਆਂ ਨੇ ਨਾਮ ਜਪਾ ਕੇ ਖਾਲਸੇ ਨੂੰ ਨਿਰਭੈ ਯੋਧਾ ਬਣਾਇਆਂ ਸੀ। ਖਾਲਸਾ ਜੰਗਾ ਵਿੱਚ ਜੂਝਿਆ ਤੇ ਦਇਆਵਾਨ ਵੀ ਰਿਹਾ। ਭਾਈ ਘਨੈਯਾ ਨੇ ਦੁਸ਼ਮਨਾ ਨੂੰ ਵੀ ਪਾਣੀ ਪਿਲਾਇਆ ਤੇ ਮਲ੍ਹਮ ਪੱਟੀ ਕੀਤੀ।

## ਗੁਰਬਾਣੀ ਉਪਦੇਸ਼

*ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥*

*ਤੂ ਕਹੀਅਤ ਹੀ ਆਦਿ ਭਵਾਨੀ ॥*

*ਮੁਕਤਿ ਕੀ ਬਰੀਆ ਕਹਾ ਛਪਾਨੀ ॥*

(ਪੰਨਾ 874, ਗੁਰੂ ਗ੍ਰੰਥ ਸਾਹਿਬ)

ਚੰਡੀ ਚਰਿਤ੍ਰ ਦੇ ਅਠਵੇਂ ਧਿਆਇ ਵਿੱਚ ਚੰਡੀ, ਦੇਵੀ, ਸ਼ਿਵਪਤਨੀ, ਸ਼ਿਵਾ, ਦੁਰਗਾ, ਭਵਾਨੀ ਦੀ ਉਸਤਤਿ ਹੈ।

***ਛੰਤ ੨੫੭*** (ਪੰਨਾ 118, ਦਸਮ ਗ੍ਰੰਥ)

*ਅਬ ਚੰਡੀ ਚਰਿਤ੍ਰ ਉਸਤਤਿ ਬਰਨਨੰ।। ਭੁਜੰਗ ਪ੍ਰਯਾਤ ਛੰਦ।।*

*ਭਰੇ ਜੋਗਣੀ ਪੱਤ੍ਰ ਚਓਸਠ ਚਾਰੰ।। ਚਲੀ ਠਾਮ ਠਾਮੰ ਡਕਾਰੇ ਡਕਾਰੰ।।*

*ਭਰੇ ਨੇਹ ਗਏ ਬੰਕ ਬੰਕੰ।। ਰੁਲੇ ਸੂਰਬੀਰੰ ਅਹਾੜੰ ਨ੍ਰਿਸੰਕੰ।।*

*(ਬੰਕੰ = ਛੋਟੀਆਂ ਗਿਰਝਾਂ। ਚੌਸਠ ਜੋਗਣੀਆਂ ਨੇ (ਚਾਰੰ) ਨਕੋ ਨਕੋ ਖਪਰ (ਲਹੂ ਦੇ) ਭਰੇ ਹਨ। ਡਕਾਰ ਤੇ ਡਕਾਰ ਮਾਰਦੀਆਂ ਹੋਈਆਂ, ਆਪੋ ਆਪਣੀਆਂ ਜਗ੍ਹਾ ਜਗ੍ਹਾ ਨੂੰ ਤੁਰੀਆਂ ਜਾਂਦੀਆਂ ਹਨ। ਨੇਹ ਦੇ ਭਰੇ ਹੋਏ ਕਾਂ ਤੇ ਗਿਰਝ ਘਰ ਨੂੰ ਚਲੇ ਗਏ ਹਨ। ਰਣ ਭੂਮੀ ਵਿੱਚ ਸੂਰਬੀਰ ਨਿਸੰਗ ਰੁਲ ਰਹੇ ਹਨ।)*

***ਛੰਤ ੨੫੮*** *ਚਲੇ ਨਾਰਦਊ ਊ ਹਾਥ ਬੀਨਾ ਸੁਹਾਏ।।*
*ਬਨੇ ਬਾਰਦੀ ਡੰਕ ਡਊਰੂ ਬਜਾਏ।।*
*ਗਿਰੇ ਬਾਜਿ ਗਾਜੀ ਗਜੀ ਬੀਰਖੇਤੰ।।*
*ਰੁਲੇ ਤੱਛ ਮੁਛੰਨਚੇ ਭੂਤ ਪ੍ਰੇਤੰ।।*

*(ਉਹ ਨਾਰਦ ਭੀ ਚਲਾ ਗਿਆ, ਜਿਸ ਦੇ ਹੱਥ ਵਿੱਚ ਬੀਨਾ ਸੋਭਦੀ ਹੈ। ਸਜੇ ਹੋਏ (ਬਾਰਦ) ਬਲਦ ਵਾਲਾ ਸ਼ਿਵ ਜੀ ਭੀ ਡੁਕ ਡੁਕ ਡਊਰੂ ਵਜਾਉਂਦਾ ਚਲਾ ਗਿਆ ਹੈ। ਰਣਭੂਮੀ ਵਿੱਚ ਬਾਜੀ, ਘੋੜਿਆਂ, ਵਾਜੇ ਗਾਜੀ ਤੇ (ਗਜਬੀਰ), ਹਾਥੀਆਂ ਵਾਲੇ ਸੂਰਮੇ ਡਿੱਗ ਪਏ ਹਨ। ਵੱਡੇ ਟੁਕੇ ਮਰਦੇ ਰੁਲ ਰਹੇ ਹਨ ਅਤੇ ਭੂਤ ਪ੍ਰੇਤ ਨੱਚ ਰਹੇ ਹਨ।)*

ਸਾਡੇ ਕੁਝ ਵਿਦਵਾਨ ਇਸਨੂੰ ਬਹੁਤ ਗੌਰਵਮਈ ਸਾਹਿਤ ਕਹਿੰਦੇ ਹਨ। ਵਿਚਾਰ ਕਰਨ ਯੋਗ ਗੱਲ ਹੈ ਕਿ ਕੀ ਇਹ ਸਾਹਿਤ ਸਭਿਅਤਾ, ਇਤਿਹਾਸ ਉਤੇ ਸਾਨੂੰ ਮਾਣ ਹੋ ਸਕਦਾ ਹੈ। ਵੇਦਾਂ ਸ਼ਾਸਤਰਾਂ ਨੂੰ ਮੰਨਨ ਵਾਲਿਆਂ ਲਈ ਇਹ ਪੁਰਾਤਨ ਸੰਸਕ੍ਰਿਤੀ ਹੈ, ਤੇ ਉਹਨਾਂ ਨੂੰ ਇਸ ਤੇ ਗੌਰਵ ਹੈ। ਗੁਰੂ ਨਾਨਕ ਸਾਹਿਬ ਨੇ ਇਸ ਸਾਰੀ ਪੁਰਾਤਨ ਸੰਸਕ੍ਰਿਤੀ ਦਾ ਖੰਡਨ ਕੀਤਾ ਤੇ ਗੁਰਬਾਣੀ ਨੇ ਸੰਸਾਰ ਨੂੰ ਇਕ ਨਵਾਂ ਸਚਾ ਸੁੱਚਾ, ਨਿਯਾ ਪੂਰਨ, ਇਤਿਹਾਸ ਤੇ ਸੰਸਕ੍ਰਿਤੀ ਬਖਸ਼ੀ।

***ਛੰਤ ੨੫੯***

*ਨਚੇ ਬੀਰ ਬੈਤਾਲ ਅੱਧੰ ਕਮੱਧੰ।। ਬਧੇ ਬੱਧ ਗੋਪਾ ਗੁਲਿਤ੍ਰਾਣ ਬਧੰ।।*
*ਭਏ ਸਾਧੁ ਸੰਬੂਹ ਭੀਤੰ ਅਭੀਤੇ।। ਨਮੋ ਲੋਕ ਮਾਤਾ ਭਵੇ ਸਤ੍ਰ ਜੀਤੰ।।*

*(ਬੀਰ ਬੇਤਾਲ ਤੇ ਅੱਧੇ ਹੋਏ ਧੜ ਨੱਚ ਰਹੇ ਹਨ, ਜਿੰਨ੍ਹਾਂ ਨੇ ਵੈਰੀ ਨੂੰ ਬੱਧ (ਮਾਰਨ ਵਾਸਤੇ) ਹਥਾਂ ਨਾਲ ਗੋਪੀਏ ਬਧੇ ਹੋਏ ਹਨ ਅਤੇ ਹਥਾਂ ਉਤੇ ਗੁਲਿਸਤਾਨ (ਦਸਤਾਨੇ) ਬਧੇ ਹੋਏ ਹਨ। ਜਗਤ ਮਾਤਾ ਦੁਰਗਾ ਨੂੰ ਨਮਸਕਾਰ ਹੈ ਜਿਸ ਨੇ ਭਲੀ ਤਰ੍ਹਾਂ ਨਾਲ ਵੈਰੀ ਜਿੱਤੇ ਹਨ।)*

ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਹਿਤ ਜੰਗਾਂ ਵਿੱਚ ਭਾਈ ਘਨਈਆ





ਜ਼ਖ਼ਮੀ ਮੁਗ਼ਲਾਂ ਤੇ ਸਿੱਖਾਂ ਨੂੰ ਬਿਨਾ ਮਜ਼ਹਬ ਦੇ ਵਿਤਕਰੇ ਪਾਣੀ ਪਿਲਾਉਂਦੇ ਸੀ ਤੇ ਮਲਹਮ ਪੱਟੀ ਕਰਦੇ ਸੀ। ਗੁਰੂ ਜੀ ਨੇ ਭਾਈ ਘਨਈਆ ਨੂੰ ਸਾਬਾਸ ਦਿੱਤੀ ਤੇ ਮਾਨਵਤਾ ਦਾ ਸਬਕ ਦਿੱਤਾ।

***ਛੰਤ ੨੬੦***

***ਪੜੈ ਮੂੜ ਯਾਕੋ ਧਨੰ ਧਾਮ ਬਾਢੇ।।***
***ਸੁਨੈ ਸੂਮ ਸੋਫੀ ਲਰੈ ਜੁਧ ਗਾਢੈ।।***
***ਜਗੈ ਰੈਣ ਜੋਗੀ ਜਪੈ ਜਾਪ ਯਾਕੋ।।***
***ਧਰੈ ਪਰਮ ਜੋਗੰ ਲਹੈ ਸਿਧਤਾ ਕੋ।।***

*(ਜੋ ਮੂਰਖ ਭੀ ਇਸ ਚਰਿਤ੍ਰ ਨੂੰ ਪੜ੍ਹੇਗਾ, ਉਸਦੇ ਘਰ ਧਨ ਵੱਧੇਗਾ। ਜੋ ਮਹਾਂ ਕਾਇਰ ਭੀ ਇਸ ਚਰਿਤ੍ਰ ਨੂੰ ਸੁਣੇਗਾ, ਉਸ ਵਿੱਚ ਬੀਰ ਰਸ ਜਾਗੇਗਾ ਅਤੇ ਉਹ ਮਹਾ ਜੰਗ ਵਿੱਚ ਅੱਗੇ ਹੋ ਕੇ ਲੜੇਗਾ। ਜੋ ਜੋਗੀ ਇਸ ਨਾਮ ਨੂੰ ਜਪੇਗਾ, ਦੁਰਗਾ ਨੂੰ ਧਿਆਏਗਾ, ਉਹ ਸਿਧਤਾ ਨੂੰ ਪ੍ਰਾਪਤ ਕਰ ਲਏਗਾ।)*

**ਸ਼ਾਇਦ ਸਾਡੇ ਵਿਦਵਾਨ ਇਸੇ ਲਈ ਕਹਿੰਦੇ ਹਨ ਕਿ ਬਾਣੀ ਪਾ:੧੦ ਦੀ ਹੈ, ਤੇ ਬੀਰ ਰਸ ਜਗਾਉਣ ਲਈ ਹੈ। ਸਾਰੀ ਰਚਨਾ ਨੂੰ ਧਿਆਨ ਨਾਲ ਪੜ੍ਹੀਏ ਤਾਂ ਇਹ ਸਾਰੀ ਗੁਰਉਪਦੇਸ਼ ਵਿਰੁਧ ਹੈ, ਤੇ ਕਿਸੇ ਕਵੀ ਦੀ ਰਚਨਾ ਹੀ ਹੋ ਸਕਦੀ ਹੈ।**

***ਛੰਤ ੨੬੨***

***ਦੋਹਰਾ***

***ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈ ਸੰਤ।।***
***ਅੰਤ ਲਹੈਗੇ ਮੁਕਤਿ ਫਲ ਪਾਵਹਿਗੇ ਭਗਵੰਤ।***

*(ਹੇ ਦੁਰਗਾ ਮਾਂ, ਸ਼ਕਤੀ ਰੂਪ ਜਿਹੜੇ ਜਿਹੜੇ ਸੰਤ, ਰੋਜ਼ ਉਠ ਕੇ ਤੇਰੇ ਧਿਆਨ ਨੂੰ ਧਰਨਗੇ, ਉਹ ਅੰਤ ਨੂੰ ਮੁਕਤ ਰੂਪ ਫਲ ਲੱਭ ਲੈਣਗੇ, ਤੇ ਭਗਵੰਤ ਵਿੱਚ ਅਭੇਦਤਾ ਪਾ ਲੈਣਗੇ।)*

**ਇਸ ਦੋਹਰੇ ਵਿਚ ਦੁਰਗਾ ਮਾਂ ਨੂੰ ਧਿਆਉਣ ਵਾਲੇ ਕਵੀ ਨੇ ਦੁਰਗਾ ਨੂੰ ਭਗਵੰਤ ਕਿਹਾ ਹੈ। ਇਸ ਦੋਹਰੇ ਨੂੰ ਪੜ੍ਹਣ ਵਾਲੇ ਦੁਰਗਾ ਨੂੰ ਹੀ ਪਾਉਣਗੇ। ਗੁਰਬਾਣੀ ਨੇ ਅਕਾਲ ਪੁਰਖ ਨੂੰ ਭਗਵੰਤ ਕਿਹਾ ਹੈ।**

# 4. ਵਾਰ ਸ੍ਰੀ ਭਗਉਤੀ ਜੀ ਕੀ

(ਦਸਮ ਗ੍ਰੰਥ ਪੰਨਾ 119)

*ੴ ਵਾਹਿਗੁਰੂ ਜੀ ਕੀ ਫਤਹ।। ਸ੍ਰੀ ਭਗਉਤੀ ਜੀ ਸਹਾਇ।।*

*ਵਾਰ ਸ੍ਰੀ ਭਗਉਤੀ ਜੀ ਕੀ।। ਪਾਤਸ਼ਾਹੀ ੧੦।।*

**ਭੂਮਿਕਾ**

ਇਸ ਭਗਉਤੀ ਕੀ ਵਾਰ ਵਿੱਚ, ਕਵੀ ਨੇ ਦੇਵੀ ਭਗਉਤੀ ਦੇ ਰਾਖਸਾਂ ਨਾਲ ਜੰਗ ਅਤੇ ਰਾਖਸਾਂ ਦੇ ਸੰਘਾਰ ਦਾ ਵਰਣਨ ਕੀਤਾ ਹੈ। 'ੴ ਵਾਹਿਗੁਰੂ ਜੀ ਕੀ ਫਤਹ' ਲਿਖ ਕੇ ਕਵੀ ਸ੍ਰੀ ਭਗਉਤੀ ਤੋਂ ਸਹਾਇਤਾ ਦਾ ਜਾਚਕ ਹੈ।

*ਪ੍ਰਿਥਮ ਭਗਉਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ।।*

ਕਵੀ ਦਾ ਇਸ਼ਟ ਭਗਉਤੀ ਹੈ। ਆਪਣੇ ਇਸ਼ਟ ਨੂੰ ਸਿਮਰ ਕੇ ਕਵੀ ਗੁਰੂ ਨਾਨਕ ਤੋਂ ਗੁਰੂ ਤੇਗ਼ ਬਹਾਦਰ ਤਕ ਦਾ ਨਾਮ ਲੈਂਦਾ ਹੈ।

*ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ।।*

*ਅਰਜਨ ਹਰਿ ਗੋਬਿੰਦ ਨੂੰ ਸਿਮਰੌਂ ਸ੍ਰੀ ਹਰਿ ਰਾਇ।।*

*ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭ ਦੁਖ ਜਾਇ।।*

*ਤੇਗ ਬਹਾਦਰ ਸਿਮਰੀਐ ਘਰਿ ਨਉ ਨਿਧਿ ਆਵੈ ਧਾਇ।।*

*ਸਭ ਥਾਈ ਹੋਇ ਸਹਾਇ।।*

ਜੋ ਮਨੁੱਖ ਭਗਉਤੀ ਨੂੰ ਜਾਣੇ ਅਨਜਾਣੇ ਸਿਮਰਦੇ ਹਨ, ਉਹਨਾਂ ਵਿੱਚ ਭਗਉਤੀ ਦੇ ਕਰੂਰ ਰੂਪ, ਹਿੰਸਕ ਗੁਣ ਜ਼ਰੂਰ ਆ ਜਾਂਦੇ ਹਨ। ਭਗਉਤੀ ਵਿੱਚ ਅਕਾਲ ਪੁਰਖ ਦੇ ਤੇ ਗੁਰੂ ਨਾਨਕ ਸਾਹਿਬ ਦੇ ਦਇਆ ਤੇ ਖਿਮਾ ਦੇ ਗੁਣ ਨਹੀਂ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਦ, ਸਿੱਖਾਂ ਦੇ ਸਿਰਾਂ ਦੇ ਮੁੱਲ ਮੁਗਲੀਆ ਸਰਕਾਰ ਦਿੰਦੀ ਸੀ। ਇਕੱਲਾ ਇਕੱਲਾ ਯਾ ਦੋ ਦੋ ਸਿੱਖ ਜੰਗਲਾਂ ਵਿੱਚ ਭੁੱਖੇ ਘੁੰਮਦੇ ਸਨ। ਉਹ ਗੁਰਬਾਣੀ ਪੜ੍ਹਦੇ ਸਨ ਤੇ ਗੁਰੂ ਨਾਨਕ ਤੇ ਗੁਰਮੰਤ੍ਰ ਨਾਮ (ਵਾਹਿਗੁਰੂ) ਨੂੰ ਸਿਮਰਦੇ ਸਨ। ਉਹਨਾਂ ਧਰਮ ਨਹੀਂ





ਹਾਰਿਆ, ਕੇਸਾਂ ਨੂੰ ਜਾਨ ਤੋਂ ਵੱਧ ਸੰਭਾਲਿਆ। ਉਹ ਆਪਣੀ ਜਾਨ ਤਲੀ ਤੇ ਰੱਖ ਕੇ, ਦੀਨ ਦੁਖੀਆਂ ਦੀ ਸਹਾਇਤਾ, ਬਿਨਾ ਲਿਹਾਜ਼ ਮਜ਼ਹਬ ਦੇ ਕਰਦੇ ਸਨ। ਉਹ ਦਯਾਵਾਨ ਸਨ, ਉਹਨਾਂ ਵਿੱਚ ਦਇਆ ਤੇ ਖਿਮਾ ਦੇ ਗੁਣ ਸਨ, ਸੱਚ ਆਚਾਰ ਸੀ।

ਸਾਡੀ ਅੱਜ ਦੀ ਅਰਦਾਸ ਦਾ ਮੁੱਢ ਪ੍ਰਿਥਮ ਭਗਉਤੀ ਸਿਮਰਿ ਕੇ ਹੈ।

ਇਹ ਸਭ ਬ੍ਰਾਹਮਨੀ ਮਤ ਦੇ ਆਧਾਰ ਤੇ ਅਰਦਾਸ ਜੋ ਦਸਮ ਗ੍ਰੰਥ ਵਿੱਚ ਲਿਖੀ ਹੈ, ਭਗਉਤੀ ਅੱਗੇ ਹੋ ਰਹੀ ਹੈ। ਗੁਰੂ ਜੀ ਬਖਸ਼ੰਦ ਹਨ, ਭੁੱਲਾਂ ਬਖਸ਼ ਦਿੰਦੇ ਹਨ।

ਪਰ ਹੁਣ ਇਤਨੀ ਜਾਣਕਾਰੀ ਤੋਂ ਬਾਦ ਭੁੱਲ ਕਰੀ ਜਾਣਾ, ਬਖਸ਼ਨ ਲਾਇਕ ਭੁੱਲ ਨਹੀਂ। ਪਹਿਲਾਂ ਅਸੀਂ ਆਪਣੀ ਭੁੱਲ ਨੂੰ ਸੁਧਾਰੀਏ ਤਾਂ ਹੀ ਗੁਰੂ ਜੀ ਬਖਸ਼ ਦੇਣਗੇ। ਸਿੱਖ ਪੰਥ ਅੱਗੇ ਇਹ ਵੱਡੀ ਚੁਣੌਤੀ ਹੈ। ਇਸ ਪੱਖ ਨੂੰ ਗੰਭੀਰਤਾ ਨਾਲ ਵਿਚਾਰਨ ਤੇ ਸੋਧਣ ਦੀ ਲੋੜ ਹੈ।

ਇਸ ਚਲਦੀ ਰਚਨਾ ਵਿੱਚ ਅਰਦਾਸ ਤੋਂ ਅੱਗੇ ਕਵੀ ਲਿਖਦਾ ਹੈ -

*ਛੰਤ ੪* (ਪੰਨਾ 119, ਦਸਮ ਗ੍ਰੰਥ)

*ਪਉੜੀ ਇਕ ਦਿਹਾੜੇ ਨ੍ਹਾਵਣ ਆਈ ਦੁਰਗਸ਼ਾਹ।।*

*ਇੰਦ੍ਰ ਬ੍ਰਿਥਾ ਸੁਣਾਈ ਅਪਣੇ ਹਾਲ ਦੀ।। ...*

*ਛੀਨ ਲਈ ਠੁਕਰਾਈ ਸਾਤੇ ਦਾਨਵੀ।।*

*ਲੋਕੀ ਤਿਹੀ ਫਿਰਾਈ ਦੋਹੀ ਆਪਣੀ।।*

*ਦਿਤੈ ਦੇਵ ਭਜਾਈ ਸਭਨਾ ਰਾਖਸ਼ਾਂ।।*

*ਕਿਨੈ ਨ ਜਿੱਤਾ ਜਾਈ ਮਰਖੇ ਦੈਤ ਨੂੰ।।*

*ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ।।* (4)

*ਪਉੜੀ ਛੰਤ ੫੫* (ਪੰਨਾ 127, ਦਸਮ ਗ੍ਰੰਥ)

*ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ।।*

*ਇੰਦ੍ਰ ਸਦਿ ਬੁਲਾਇਆ ਰਾਜ ਅਭਿਖੇਖ ਨੋ।।*

*ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ।।*

*ਚਉਦੀ ਲੋਕਾ ਛਾਇਆ ਜਸੁ ਜਗਮਾਤ ਦਾ।।*

*ਦੁਰਗਾ ਪਾਠ ਬਣਾਇਆ ਸਭੇ ਪਉੜੀਆ।।*

*ਫੇਰ ਨ ਜੂਨੀ ਆਇਆ ਜਿਨ ਇਹ ਗਾਇਆ।।*

**ਵਾਰ ਸ੍ਰੀ ਭਗਉਤੀ ਵਿੱਚ ੫੫ ਪਉੜੀਆਂ ਹਨ। ਕਵੀ ਭਗਉਤੀ ਨੂੰ ਜਗਮਾਤਾ ਕਹਿੰਦਾ ਹੈ। ਅੰਤਲੀ ਵਾਰ ਵਿੱਚ ਕਵੀ ਕਹਿੰਦਾ ਹੈ, ਇਹ ਸਭ ਪਉੜੀਆਂ ਦੁਰਗਾ ਪਾਠ ਹੈ। ਕਵੀ ਕਹਿੰਦਾ ਹੈ ਜੋ ਇਹ ਪਾਠ ਪੜ੍ਹੇਗਾ, ਉਹ ਜੂਨਾਂ ਵਿੱਚ ਨਹੀਂ ਆਵੇਗਾ। ਇਸ ਰਚਨਾਂ ਵਿਚ ਕਵੀ ਭਗੌਤੀ ਦੇ ਅਰਥ ਦੁਰਗਾ, ਜਗਮਾਤਾ ਕਰਦਾ ਹੈ। ਸਿਖਾਂ ਨੇ ਭਗੌਤੀ ਦੇ ਅਰਥ ਅਕਾਲ ਪੁਰਖ ਇਸ ਭੁੱਲ ਵਿੱਚ ਕਰ ਲਏ ਕਿ ਰਚਨਾ ਪਾ:੧੦ ਦੀ ਹੈ।**

**ਗੁਰੂ ਗੋਬਿੰਦ ਸਿੰਘ ਜੀ ਗੁਰਮਤਿ ਉਪਦੇਸ਼ ਵਿਰੁੱਧ ਕੋਈ ਰਚਨਾ ਨਹੀਂ ਕਰ ਸਕਦੇ, ਨਾ ਹੀ ਗੁਰਸਿੱਖਾਂ ਨੂੰ ਇਸ ਤਰ੍ਹਾਂ ਦੇ ਪਾਠ ਦੀ ਆਗਿਆ ਦੇ ਸਕਦੇ ਹਨ।**

ਇਕ ਵੱਡੀ ਭੁੱਲ ਪੰਜਾਬੀ ਸਾਹਿਤ ਦੇ ਵਿਦਵਾਨਾਂ ਤੋਂ ਹੋਈ ਹੈ। ਪੰਜਾਬ ਤੇ ਫਿਰ ਪੰਜਾਬੀ ਯੂਨੀਵਰਸਿਟੀ ਅਤੇ ਇਸ ਨਾਲ ਸਬੰਧਿਤ ਸਾਰੇ ਸਕੂਲਾਂ ਕਾਲਜਾਂ ਵਿੱਚ ਪੰਜਾਬੀ ਦੀਆਂ ਪੁਸਤਕਾਂ ਵਿੱਚ ਚੰਡੀ ਦੀ ਵਾਰ ਪੂਰੀ ਜਾਂ ਅਧੂਰੀ ਜਾਂ ਕੁਝ ਛੰਦ, ਪਾਠਕਰਮ ਵਜੋਂ ਪੜ੍ਹਾਏ ਜਾਂਦੇ ਹਨ। ਐਸਾ ਪਿਛਲੇ ਪੰਜਾਹ ਸਾਲਾਂ ਤੋਂ ਹੋ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਦੇ ਵਿਦਵਾਨਾਂ ਨੇ ਭੀ ਇਸੇ ਪਾਠਕਰਮ ਨੂੰ ਚਲਾਇਆ ਹੈ। ਅੱਜ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਮੰਨ ਕੇ ਪੜ੍ਹੀਆਂ ਪੜ੍ਹਾਈਆਂ ਜਾ ਰਹੀਆਂ ਹਨ। ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੇ ਸਭ ਗੁਰਦੁਆਰਿਆਂ ਵਿੱਚ ਇਹਨਾਂ ਰਚਨਾਵਾਂ ਦਾ ਪਾਠ, ਕੀਰਤਨ ਹੋ ਰਿਹਾ ਹੈ। ਸਾਡੇ ਪਾਠ, ਕੀਰਤਨ, ਸਕੂਲ ਕਾਲਜਾ ਦੇ ਵਿਚ ਸੁਧਾਰ ਅਤਿ ਜਰੂਰੀ ਹੈ।



# 5. ਅਬ ਗਿਆਨ ਪ੍ਰਬੋਧ

(ਦਸਮ ਗ੍ਰੰਥ ਪੰਨਾ 127 - 155)

*੧ੴ ਸਤਿਗੁਰ ਪ੍ਰਸਾਦਿ।। ਸ੍ਰੀ ਭਗਉਤੀ ਜੀ ਸਹਾਇ।।*

*ਅਬ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ।। ਪਾ:੧੦।।*

ਮੰਗਲਾਚਰਣ ਵਿੱਚ ਕਵੀ ਨੇ ਲਿਖਿਆ ਹੈ ਸ੍ਰੀ ਭਗਉਤੀ ਜੀ ਸਹਾਇ। ਸਪਸ਼ਟ ਹੈ ਕਿ ਕਵੀ ਭਗਉਤੀ ਦੇਵੀ ਦਾ ਉਪਾਸ਼ਕ ਹੈ।

ਗੁਰੂ ਗੋਬਿੰਦ ਸਿੰਘ ਜੀ ਇੱਕੋ ਇੱਕ ਸਦੀਵ ਹਸਤੀ ਇੱਕ ਏਕੰਕਾਰ, ਅਕਾਲ ਪੁਰਖ ਦੇ ਉਪਾਸ਼ਕ ਹਨ। ਇਸ ਲਈ ਇਹ ਰਚਨਾ ਪਾ:10 ਦੀ ਬਾਣੀ ਨਹੀਂ।

ਗਿਆਨੀ ਭਾਗ ਸਿੰਘ ਨੇ ਆਪਣੀ ਪੁਸਤਕ 'ਦਸਮ ਗ੍ਰੰਥ ਦਰਪਣ' ਵਿੱਚ ਇਸ ਰਚਨਾ ਦਾ ਨਿਰਣਾ ਕੀਤਾ ਹੈ, ਜਿਸ ਦੀ ਨਕਲ ਅਸੀਂ ਹੇਠਾਂ ਕੀਤੀ ਹੈ। ਇਹ ਵਿਚਾਰ ਦਸਮ ਗ੍ਰੰਥ ਦੀਆਂ ਸਭ ਰਚਨਾਵਾਂ ਤੇ ਲਾਗੂ ਹੈ।

ਉਪ੍ਰੋਕਤ ਸਿਰਲੇਖ ਨੂੰ ਸਾਧਾਰਨ ਦ੍ਰਿਸ਼ਟੀ ਨਾਲ ਵੇਖਿਆ ਇਹ ਭਾਸਦਾ ਹੈ ਕਿ ਇਸ ਰਚਨਾ ਵਿੱਚ ਈਸ਼ਵਰੀ ਗਿਆਨ ਪ੍ਰਬੋਧਿਆ ਹੈ ਅਤੇ 'ਪਾਤਸ਼ਾਹੀ 10' ਹੋਣ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਬਾਣੀ ਦਸ਼ਮੇਸ਼ ਕ੍ਰਿਤ ਹੈ ਪਰ ਦੀਰਘ ਵਿਚਾਰ ਕੀਤਿਆਂ ਇਸ ਰਚਨਾ ਵਿਚਲੀ ਸਮਗ੍ਰੀ 'ਈਸ਼ਵਰ ਗਿਆਨ' ਸਿੱਧ ਨਹੀਂ ਹੁੰਦੀ ਤੇ ਨਾ ਹੀ ਇਹ ਰਚਨਾ ਦਸ਼ਮੇਸ਼ ਕ੍ਰਿਤ ਹੈ। **ਕਾਰਣ ਇਹ ਕਿ ਉਪ੍ਰੋਕਤ ਸਿਰਲੇਖ ਨਾਲ 'ਸ੍ਰੀ ਭਗਉਤੀ ਜੀ ਸਹਾਇ' ਵੀ ਲਿਖਿਆ ਹੈ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਰਚਨਾ ਉਸ ਕਵੀ ਦੀ ਹੈ ਜੋ ਮਹਾਕਾਲ ਅਤੇ ਭਗੌਤੀ ਦੇਵੀ ਦਾ ਉਪਾਸ਼ਕ ਹੈ, ਜਿਸਨੇ ਇਸ ਰਚਨਾ ਦੀ ਸਫਲਤਾ ਹਿਤ ਆਰੰਭ ਵਿੱਚ 'ਸ੍ਰੀ ਭਗੌਤੀ ਜੀ ਸਹਾਇ' ਲਿਖ ਕੇ ਇਸ਼ਟ ਭਗੌਤੀ ਤੋਂ ਸਹਾਇਤਾ ਮੰਗੀ ਹੈ।**

**ਗਿਆਨੀ ਭਾਗ ਸਿੰਘ ਅਨੁਸਾਰ, ਦਸਮ ਗ੍ਰੰਥ ਦਸਵੇਂ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋ ਵੀ ਬਹੁਤ ਸਮਾਂ ਪਿਛੇ ਵਜੂਦ ਵਿੱਚ ਆਇਆ, ਜਿਸ ਵਿੱਚ ਅਡੋ-ਅੱਡ ਲਿਖਾਰੀਆਂ ਨੇ ਵਖੋ-ਵੱਖ ਬੀੜਾਂ ਅੰਦਰ ਆਪੋ-ਆਪਣੀ ਰੁਚੀ ਅਤੇ ਸੂਝ ਅਨੁਸਾਰ ਜਿਥੇ ਅਨੇਕ ਪਾਠਾਂ ਵਿੱਚ ਅੰਤਰੇ ਪਾ ਦਿੱਤੇ, ਉਥੇ ਸਿਰਲੇਖ ਦੇਣ ਵੇਲੇ ਵੀ ਯੋਗ-ਅਯੋਗ ਥਾਵਾ ਦੀ ਵਿਚਾਰ ਨਹੀਂ ਕੀਤੀ ਪਰ 'ਸ੍ਰੀ ਭਗੌਤੀ ਜੀ**

**ਸਹਾਇ' ਜਾਂ 'ਸ੍ਰੀ ਭਗੌਤੀ ਜੀ ਨਮਹ' ਮੂਲਕ ਸਿਰਲੇਖਾਂ ਤੋਂ ਅਵੱਸ਼ ਹੀ ਪ੍ਰਤੱਖ ਹੋ ਜਾਂਦਾ ਹੈ ਕਿ ਇਹ ਕ੍ਰਿਤੀਆਂ ਭਗੌਤੀ ਉਪਾਸ਼ਕ ਸਾਕਤ ਕਵੀਆਂ ਦੀਆਂ ਹਨ।**

ਪਾਠਕਾਂ ਦੀ ਗਿਆਤ ਲਈ ਸੰਖੇਪਕੀ ਵੇਰਵਾ ਇਹ ਹੈ ਕਿ ਇਸ ਰਚਨਾ ਦੇ ਕੁਲ 336 ਅੰਕ ਹਨ ਅਤੇ ਦੋ ਭਾਗਾਂ ਵਿੱਚ ਇਨ੍ਹਾਂ ਦੀ ਵੰਡ ਹੈ, ਜਿੰਨ੍ਹਾਂ ਵਿਚੋਂ ਮਹਾਕਾਲ ਅਤੇ ਕਾਲੀ ਦੇਵੀ ਦੇ ਉਪਾਸ਼ਕ ਸਾਕਤ ਕਵੀ ਨੇ 126 ਅੰਕ ਤਕ ਮਹਾਕਾਲ ਦੀ ਉਸਤਤਿ ਕੀਤੀ ਹੈ ਜਿਵੇਂ ਕਿ -

ਪੰਨਾ 128, ਦਸਮ ਗ੍ਰੰਥ -

*ਸਿਰੰ ਕਿਰੀਟ ਧਾਰੀਯੰ॥ ਦਿਨੇਸ਼ ਕ੍ਰਿਤ ਹਾਰੀਯੰ॥* (ਅੰਕ 18)

*ਬਿਸਾਲ ਲਾਲ ਲੋਚਨੰ॥ ਮਨੋਜ ਮਾਨ ਮੋਚਨੰ॥*

*ਸੁਭੰਤ ਸੀਸ ਸੁ ਪ੍ਰਭਾ॥ ਚਕ੍ਰਿਤ ਚਾਰ ਚੰਦਕਾ॥* (ਅੰਕ 19)

*ਕੰਜਲਕ ਨੈਨ, ਕੰਬ ਗ੍ਰੀਵ ਕਟਿ ਕੇਹਰ ਕੁਜਿੱਰ ਗਵਨ॥*

*ਕਦਲੀ ਕਰੰਕ ਕਰਪੂਰ ਗਤਿ ਬਿਨਿ ਅਕਾਲ ਦੂੱਜੋ ਕਵਨ॥*

(ਅੰਕ 37)

*ਸੁਭੰਤ ਦੰਤ ਪਦੁਤਕੰ॥ ਜਲੰਤ ਸਾਮ ਸੁ ਘਟੰ॥*

(ਅੰਕ 84)

*ਸਿਰੀ ਸੁ ਸੀਸ ਸੁਭੀਯੰ॥ ਘਟਾਕ ਥਾਨ ਉਭੀਯੰ॥* (ਅੰਕ 85)

*ਚਲੰਤ ਦੰਤ ਪੱਤਕੰ॥ ਭਜੰਤ ਦੇਖਿ ਦੁਦਲੰ॥* (ਅੰਕ 86)

ਭਾਵ - ਮਹਾਕਾਲ ਜੀ ਦਾ ਮੁਕਟ ਵੇਖ ਸੂਰਜ ਦੀਆਂ ਕਿਰਨਾਂ ਲਜਿੱਤ ਹੁੰਦੀਆਂ ਹਨ ਅਤੇ ਵੱਡੇ ਵੱਡੇ ਲਾਲ ਨੇਤ੍ਰ ਹਨ ਕੰਵਲ ਫੁਲ ਵਰਗੀਆਂ ਅੱਖਾਂ, ਸੰਖ ਵਰਗੀ ਗ੍ਰੀਵ (ਗਰਦਨ), ਸ਼ੇਰ ਵਰਗਾ ਲੱਕ, ਹਾਥੀ ਵਰਗੀ ਚਾਲ, ਕਪੂਰ ਜਿਹੀ ਸੁਗੰਧੀ, ਹਿਰਨ ਵਰਗੀਆਂ ਛਾਲਾਂ, ਚਿੱਟੇ-ਚਿੱਟੇ ਵੱਡੇ-ਵੱਡੇ ਦੰਦਾਂ ਦੀਆਂ ਪਾਲਾਂ, ਜਦੋਂ ਮਹਾਕਾਲ ਜੀ ਦੰਦ ਕਰੀਚਦੇ ਹਨ, ਉਦੋਂ ਭੈ ਖਾ ਕੇ ਫ਼ੌਜਾਂ ਨੱਸ ਜਾਂਦੀਆਂ ਹਨ ਆਦਿਕ। ਕਵੀ ਇਹ ਵੀ ਕਹਿੰਦਾ ਹੈ ਤੇਰੇ ਤੋਂ ਬਿਨਾ ਦੂਜਾ ਕਉਨ ਅਕਾਲ ਹੈ।

**ਅਵੱਸ਼ ਮੰਨਣਾ ਪਵੇਗਾ ਕਿ ਇਹ ਨਿਸ਼ਾਨੀਆਂ ਸਾਕਤ ਮਤੀਏ ਕਵੀਆਂ ਦੇ ਇਸ਼ਟ ਮਹਾਂਕਾਲ ਦੀਆਂ ਹਨ ਅਤੇ ਇਸ ਮਹਾਂਕਾਲ ਨੂੰ ਸਾਕਤ ਲੋਕ ਨਿਰੰਕਾਰ, ਨਿਰਵਿਕਾਰ, ਅਕਾਲ ਅਸਕੇਤ, ਖੜਗਪਾਨ ਆਦਿਕ ਨਾਵਾਂ ਨਾਲ ਸੰਬੋਧਦੇ ਹਨ, ਜਿਵੇਂ ਕਿ 'ਹਮਰੀ ਕਰੋ ਹਾਥ ਦੈ ਰਛਾ' ਵਾਲੀ ਚੌਪਈ ਅਤੇ ਹੋਰ ਵੀ ਕਈ ਥਾਂਈ ਇਸੇ ਪੁਸਤਕ ਵਿੱਚ**





ਦੱਸਿਆ ਗਿਆ ਹੈ। (ਇਹ ਜਾਣਕਾਰੀ ਧਿਆਨ ਯੋਗ ਹੈ ਕਿ ਮਹਾਕਾਲ ਨੂੰ ਸਾਕਤ ਅਕਾਲ ਵੀ ਕਹਿੰਦੇ ਹਨ।)

ਇਸ ਤੋਂ ਅੱਗੇ 126ਵੇਂ ਬੰਦ ਤੋਂ 130ਵੇਂ ਅੰਕ ਤਕ ਆਤਮਾ ਰਾਮ ਦੀਆਂ ਪਰਮਾਤਮਾ ਤੋਂ ਭਗਵਤ ਗੀਤਾ ਦੇ ਇਸ਼ਾਰਿਆਂ ਉਤੇ ਅਧਾਰਿਤ ਕਵੀ ਵਲੋਂ ਪੁੱਛਾਂ ਹਨ। ਉਪ੍ਰੰਤ ਯੁਧਿਸ਼ਟਰ ਆਦਿਕ ਪਾਂਡਵਾਂ ਵੱਲੋਂ ਰਾਜਸੂਅ ਅਤੇ ਅਸੂਮੇਧ ਜੱਗ ਲਿਖੇ ਹਨ, ਫਿਰ ਰਾਜਾ ਪ੍ਰੀਛਤ ਵੱਲੋਂ ਗੱਜਮੇਧ ਅਤੇ ਉਸਦੇ ਪੁੱਤਰ ਰਾਜਾ ਜਨਮੇਜਾ ਵੱਲੋਂ ਅਹਿ (ਸਰੱਪ) ਮੇਧ ਜੱਗ ਦਾ ਵਰਨਣ ਹੈ।

ਨੋਟ - ਉਪ੍ਰੋਕਤ ਜੱਗਾਂ ਸਬੰਧੀ ਗਿਆਨੀ ਭਾਗ ਸਿੰਘ ਦੀ ਪੁਸਤਕ ਵਿੱਚ 'ਚਾਰ ਜੱਗ' ਸਿਰਲੇਖ ਹੇਠ ਸੰਕੋਚਵਾਂ ਵੇਰਵਾ ਹੈ।

ਫਿਰ ਜਨਮੇਜਾ ਦੇ ਪੁੱਤਰਾਂ ਵੱਲੋਂ ਕੀਤੇ ਪਸੂਮੇਧ ਜੱਗ ਅਤੇ ਆਪੋ ਵਿਚਲੀ ਲੜਾਈ-ਭਿੜਾਈ ਦਰਸਾ ਕੇ 336 ਅੰਕ ਉਤੇ ਕਵੀ ਨੇ ਗਿਆਨ ਪ੍ਰਬੋਧ ਵਾਲੀ ਰਚਨਾ ਦੀ ਸਮਾਪਤੀ ਕੀਤੀ ਹੈ। ਜਿਸ ਤੋਂ ਸਪਸ਼ਟ ਹੋਇਆ ਕਿ ਗਿਆਨ ਪ੍ਰਬੋਧ ਵਾਲੀ ਰਚਨਾ ਈਸ਼ਵਰੀ ਗਿਆਨ ਨਹੀਂ ਤੇ ਨਾ ਹੀ ਗੁਰੂ ਦਸ਼ਮੇਸ਼ ਜੀ ਇਸ ਦੇ ਰਚੈਤਾ ਹਨ।

## ਗਿਆਨ ਪ੍ਰਬੋਧ ਵਿਚਲੇ ਜੱਗਾਂ

ਗੁਰੂ ਘਰ ਵਿੱਚ ਅਸੂਮੇਧ, ਗਜ ਮੇਧ, ਆਦਿਕ ਫੋਕਟ ਕਰਮ ਮਿੱਥੇ ਗਏ ਹਨ, ਜਿੰਨ੍ਹਾਂ ਦਾ ਸਬੂਤ ਪਾਠਕ ਗੁਰਬਾਣੀ ਵਿੱਚ ਅਨੇਕਾਂ ਥਾਈਂ ਵੇਖ ਸਕਦੇ ਹਨ, ਯਥਾ -

*ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥*

*ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥*

*ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥*

(ਪੰਨਾ 873, ਗੁਰੂ ਗ੍ਰੰਥ ਸਾਹਿਬ)

*ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ*

*ਅਗਨਿ ਦਹੈ ਕਾਇਆ ਕਲਪੁ ਕੀਜੈ ॥*

*ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ*

*ਰਾਮ ਨਾਮ ਸਰਿ ਤਊ ਨ ਪੂਜੈ ॥*

(ਪੰਨਾ 973, ਗੁਰੂ ਗ੍ਰੰਥ ਸਾਹਿਬ)

*ਸਭਿ ਤੀਰਥ ਵਰਤ ਜਗ ਪੁੰਨ ਤੁੋਲਾਹਾ ॥*

*ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥*

(ਪੰਨਾ 699, ਗੁਰੂ ਗ੍ਰੰਥ ਸਾਹਿਬ)

***ਹੋਮ, ਜੱਗ, ਭੋਗ, ਨਈਵੇਦ ਕੈ ਅਨੇਕ ਪੂਜਾ,***
***ਜਪੁ, ਤਪੁ, ਸੰਜਮ, ਅਨੇਕ ਪੁੰਨ ਦਾਨ ਕੈ।।***
***ਜਲ, ਥਲ, ਗਿਰ, ਤਰ, ਤੀਰਥ, ਭਵਨ ਭੂਅ,***
***ਹਿਮਾਚਲ ਧਾਰਾ ਅਗ੍ਰ ਅਰਪਨ ਪ੍ਰਾਣ ਕੈ।।***
***ਸਿਮਰਤ, ਪੁਰਾਨ, ਬੇਦ, ਸ਼ਾਸਤ੍ਰ, ਸੰਗੀਤ ਬਹੁ,***
***ਸਹਜ ਸਮਾਧ ਸਾਧ ਕੋਟ ਜੋਗ ਧਿਆਨ ਕੈ।।***
***ਗੁਰਸਿੱਖ ਸਾਧ ਸੰਗ ਨਿਮਖਿਕ ਪ੍ਰੇਮ ਪਰੈ,***
***ਵਾਰ ਡਰਿਉਂ ਨਿਗ੍ਰ ਹਿ ਹੱਠ ਕੋਟਨ ਕੋਟਾਨ ਕੈ।।***

(ਵਾਰ, ਭਾ: ਗੁਰਦਾਸ ਜੀ)

ਇਤਿਆਦਿਕ ਜੰਗ ਅਤੇ ਕਰਮ ਕਾਂਡਾਂ ਦਾ ਗੁਰੂ ਘਰ ਵਿੱਚ ਮੁੱਲ ਕੱਚੀ ਕੌਡੀ ਵੀ ਨਹੀਂ, ਪ੍ਰੰਤੂ ਦਸਮ ਗ੍ਰੰਥ ਵਿਚਲੀ ਗਿਆਨ ਪ੍ਰਬੋਧ ਨਾਮ ਦੀ ਰਚਨਾ (ਜੋ ਪੰਨਾ 127 ਤੋਂ ਆਰੰਭ ਹੋ ਕੇ 155 ਤੇ ਮੁੱਕਦੀ ਹੈ, ਜਿਸ ਦੇ 336 ਅੰਕ ਹਨ) ਵਿੱਚ ਰਾਜਸੂਅ ਅਤੇ ਅਸ੍ਵਮੇਧ ਤਥਾ ਗੱਜਮੇਧ ਪੁਨਾ ਅਹਿ (ਸਰਪ) ਮੇਧ ਚਾਰ ਜੱਗ ਲਿਖੇ ਹਨ ਜੋ ਪੁਰਾਣਕ ਕਥਾਵਾਂ ਨੂੰ ਵੀ ਪਿੱਛੇ ਸੁੱਟਦੇ ਹਨ, ਜਿੰਨ੍ਹਾਂ ਦਾ ਵੇਰਵਾ ਕੇਵਲ ਵੰਨਗੀ ਮਾਤ੍ਰ ਹੀ ਹੇਠ ਦਿੱਤਾ ਜਾਂਦਾ ਹੈ।

## ਰਾਜਸੂਅ ਜੱਗ

ਪਾਂਡਵਾਂ ਵੱਲੋਂ ਜੋ ਪਹਿਲਾ ਰਾਜਸੂਅ ਜੱਗ ਕੀਤਾ ਗਿਆ, ਉਸਦਾ ਥੋੜਾ ਜਿਹਾ ਵੇਰਵਾ, ਦਸਮ ਗ੍ਰੰਥ ਦੇ ਹਾਮੀਆਂ ਨੂੰ ਉਚੇਚਾ ਦੱਸਿਆ ਜਾਂਦਾ ਹੈ। ਉਹ ਮੇਰੇ ਵੀਰ ਧਿਆਨ ਨਾਲ ਪੜ੍ਹਨ ਯਥਾ -

ਕਰੋੜਾਂ ਰਿੱਤਜ (ਰਿਗ ਵੇਦ ਅਨੁਸਾਰ ਜੱਗ ਕਰਾਉਣ ਵਾਲੇ ਬ੍ਰਾਹਮਣ) ਅਤੇ ਕਰੋੜਾਂ ਹੀ ਕਈ-ਕਈ ਜਾਤੀਆਂ ਦੇ ਹੋਰ ਬ੍ਰਾਹਮਣ ਸੱਦੇ ਗਏ ... ਇਕ-ਇਕ ਬ੍ਰਾਹਮਣ ਨੂੰ ਸੌ-ਸੌ ਹਾਥੀ ਅਤੇ ਸੌ-ਸੌ ਰਥ ਤੇ ਦੋ-ਦੋ ਹਜ਼ਾਰ ਘੋੜੇ ਤਥਾ ਸੋਨੇ ਦੇ ਸਿੰਗਾਂ ਨਾਲ ਜੜੀਆਂ ਹੋਈਆਂ ਚਾਰ-ਚਾਰ ਹਜ਼ਾਰ ਮਹਿਖੀਆਂ (ਮੱਝਾਂ) ਤੇ ਨਾਲ ਹੀ ਹਰੇਕ ਬ੍ਰਾਹਮਣ ਨੂੰ ਇਕ-ਇਕ ਭਾਰ (ਢਾਈ-ਢਾਈ ਮਣ ਪੱਕਾ) ਸੋਨਾ





... ਰੁਕਮ (ਚਾਂਦੀ) ... ਤਾਬਾ .... ਅੰਨ .... ਰੇਸ਼ਮੀ ਬਸਤ੍ਰ ਆਦਿਕ ਇਤਨੇ ਦਿੱਤੇ ਜੋ ਮੰਗਤੇ ਵੀ ਰਾਜੇ ਹੋ ਗਏ।

ਚਾਰ ਕੋਹਾਂ ਵਿੱਚ ਹਵਨ-ਕੁੰਡ ਬਣਾਇਆ, ਇਕ ਹਜ਼ਾਰ ਪਰਨਾਲਾ ਆਹੂਤੀਆਂ ਵਾਸਤੇ ਲਵਾਇਆ, ਇਕ-ਇਕ ਪਰਨਾਲੇ ਵਿੱਚੋਂ ਹਾਥੀ ਦੇ ਸੁੰਡ ਜਿਤਨੀ ਵੱਡੀ ਘਿਉ ਦੀ ਧਾਰ, ਹੀਰੇ, ਮੋਤੀ, ਕਸਤੂਰੀ ਆਦਿਕ ਸੁਗੰਧਤ ਸਮੱਗ੍ਰੀ .... ਸਮੂਹ ਤੀਰਥਾਂ ਦੀ ਮਿੱਟੀ .... ਅਤੇ ਸਾਰੇ ਮੁਲਕਾਂ ਦੀਆਂ ਲਕੜੀਆਂ ਤਥਾ ਸਾਰੇ ਮੁਲਕਾਂ ਦੀ ਅੱਗ, ਹਰ ਦੇਸ਼ ਦਾ ਪਾਣੀ ਆਦਿਕ ਵਸਤੂਆਂ ਇਕਤ੍ਰ ਕੀਤੀਆਂ ਗਈਆਂ, ਯਥਾ -

***ਕੋਟਿ ਕੋਟਿ ਬੁਲਾਹਿ ਰਿਤੱਜ ਕੋਟਿ ਬ੍ਰਹਮ ਬੁਲਾਇ।।***
***ਕੋਟਿ ਕੋਟਿ ਬਨਾਇ ਬਿੰਜਨ ਭੋਗੀਅਹਿ ਬਹੁ ਭਾਇ।।***
***ਜੰਤ੍ਰ ਤੱਤ੍ਰ ਸਮਗ੍ਰਕਾ ਕਹੂੰ ਲਾਗ ਹੈ ਨ੍ਰਿਪਰਾਇ।।***
***ਰਾਜਸੂ ਇਕ ਕਹਿ ਲਗੇ ਸਭ ਧਰਮ ਕੋ ਚਿਤ ਚਾਇ।। ੧੪੨।***
***ਏਕ ਏਕ ਸੁਵਰਨ ਕੋ ਦਿਜ ਏਕ ਦੀਜੈ ਭਾਰ।।***
***ਏਕ ਸਉ ਗਜ ਏਕ ਸਉ ਰਣਿ ਦੁਇ ਸਹੰਸ੍ਰ ਤੁਖਾਰ।।***
***ਸਹੰਸ੍ਰ ਚਤੁਰ ਸੁਵਰਨ ਸਿੰਗੀ ਮਹਿਖਦਾਨ ਅਪਾਰ।।***
***ਏਕ ਏਕਹਿ ਦੀਜੀਐ ਸੁਨ ਰਾਜ ਅਉਤਾਰ।। ੧੪੩।***
***ਸੁਵਰਨ ਦਾਨ ਸੁ ਰੁਕਮ ਦਾਨ ਸੁ ਤਾਂਬ੍ਰ ਦਾਨ ਅਨੰਤ।।***
***ਅੰਨ ਦਾਲ ਅਨੰਤ ਦੀਜਤ ਦੇਖ ਦੀਨ ਦੁਰੰਤ।।***
***ਬਸਤ੍ਰ ਦਾਨ, ਪਟੰਬਰ ਦਾਨ, ਸੁ ਸ਼ਸਤ੍ਰ ਦਾਨ ਦਿਹੰਤ।।***
***ਭੂਪ ਭਿੱਛਕ ਹੋਇ ਗਏ ਸਭ ਦੇਸ ਦੇਮ ਦੁਰੰਤ।। ੧੪੪।***
***ਚਤ੍ਰ ਕੋਸ ਬਨਾਇ ਕੁੰਡਕ ਸਹਸ੍ਰ ਲਾਇ ਪਰਨਾਰ।।***
***ਸਹਸ੍ਰ ਹੋਮ ਕਰੈ ਲਗੈ ਦਿਜ ਬੇਦ ਬਿਆਸ ਅਉਤਾਰ।।***
***ਹਸਤ ਸੁੰਡ ਪ੍ਰਮਾਨ ਘ੍ਰਿਤ ਕੀ ਪਰਤ ਧਾਰ ਅਪਾਰ।। ੧੪੫।***
***ਹੋਤ ਭਸਮ ਅਨੇਕ ਬਿੰਜਨ ਲਪਟ, ਝਪਟ ਕਰਾਲ।।***
***ਮ੍ਰਿਤਕਾ ਸਭ ਤੀਰਥ ਕੀ ਸਭ ਤੀਰਥ ਕੋ ਲੈ ਬਾਰ।।***
***ਕਾਸਟਕਾ ਸਭ ਦੇਸ ਕੀ, ਸਭ ਦੇਸ ਕੀ ਜਿਊਨਹਾਰ।।***
***ਭਾਂਤ ਭਾਂਤਨ ਕੈ ਮਹਾਰਸ ਹੋਮੀਐ ਤਿਹ ਮਾਹਿ।। ੧੪੬।*** ...

## ਅਸ੍ਵਮੇਧ

*ਫੇਰ ਕੈ ਸਭ ਦੇਸ ਮੈ ਹੈ (ਘੋੜਾ) ਮਾਰਿਓ ਮੱਖ ਜਾਇ॥*

*ਕਾਟ ਹੈ ਤਿਹ ਕੋ ਤਬੈ ਪਲ (ਮਾਸ) ਕੈ ਕਰੈ ਚਤੁ ਭਾਇ॥*

*ਏਕ ਬਿਪ੍ਰਨ, ਏਕ ਛਤ੍ਰਨ, ਏਕ ਬਿਸਤ੍ਰਨ ਦੀਨ॥*

*ਚਤ੍ਰ ਅੰਸ ਬਚਿਯੋ ਜੁ ਤਾਂ ਤੇ ਹੋਮ ਮੈ ਵਹ ਕੀਨ॥ ੧੫੫।*

ਭਾਵ - ਘੋੜੇ ਦਾ ਮਾਸ ਇਕ ਹਿੱਸਾ ਬ੍ਰਾਹਮਣਾਂ ਅਤੇ ਛਤ੍ਰੀਆਂ, ਇਕ-ਇਕ ਹਿੰਸਾ ਜੱਗ ਵਿੱਚ ਬੈਠੇ ਹੋਏ ਸਾਰਿਆਂ ਲੋਕਾਂ ਨੇ ਖਾਧਾ। ਤਥਾ ਚੌਥਾ ਹਿੱਸਾ ਅਗਨ ਵਿੱਚ ਹੋਮ ਕੀਤਾ ਗਿਆ।

ਘੋੜੇ ਦਾ ਮਾਸ ਖਾਣਾ ਪੜ੍ਹ ਕੇ ਪਾਠਕ ਅਸਚਰਜ ਨਾ ਹੋਣ ਕਿਉਂਕਿ ਘੋੜਾ ਮਾਰ ਕੇ ਖਾਣਾ ਤਾਂ ਕਿਤੇ ਰਿਹਾ, ਦਸਮ ਗ੍ਰੰਥ ਵਿੱਚ ਲਿਖੇ ਅਨੁਸਾਰ ਕਾਲੀ ਦੇਵੀ (ਮਹਾਂਕਾਲੀ) ਕਲਕੱਤੇ ਵਾਲੀ ਦੇ ਭਵਨ ਵਿੱਚ ਸਾਲ ਦੇ ਸਾਲ ਮਹਿਖਾ (ਭੈਂਸਾ) ਭਾਵ ਝੋਟਾ ਮਾਰ ਕੇ ਭੇਟ ਕਰਨ ਪਿਛੋਂ ਖਾਂਦੇ ਹਨ, ਯਥਾ -

*ਮਹਿਖਾਸੁਰ ਕੱਹ ਮਾਰ ਕਰਿ ਪ੍ਰਫੁਲਤਭੀ ਜਗ ਮਾਇ॥*

*ਤਾਂ ਦਿਨ ਤੇ ਮਹਿਖੈ ਬਲੈ, ਦੇਤ ਜਗਤ ਸੁਖ ਪਾਇ॥*

(ਚੰਡੀ ਚਰਿਤ੍ਰ ਅਧਿਆਇ 1, ਅੰਕ 38)

ਕੇਵਲ ਭੈਂਸਾ ਹੀ ਨਹੀਂ 'ਪਸ਼ੂ ਮੇਧ' ਜੱਗ ਵਿੱਚ ਹਾਥੀ, ਖੋਤੇ, ਬਕਰੇ, ਰਿੱਛ, ਭੇਡ, ਗਊਆਂ ਆਦਿਕ ਪੂੰਛ ਵਾਲੇ ਜਾਨਵਰ ਮਾਰੇ ਜਾਂਦੇ ਸਨ।

## ਗੱਜਮੇਧ

ਚਿੱਟੇ ਦੰਦਾਂ ਵਾਲੇ ਅਨਗਿਣਤ ਹਾਥੀ ਹੋਮਨ ਵਾਸਤੇ .... ਅੱਠਾਂ ਕੋਹਾਂ ਵਿੱਚ ਕੁੰਡ ਬਣਾਇਆ .... ਅੱਠ ਹਜ਼ਾਰ ਰਿੱਤਜ (ਜੱਗ ਕਰਾਵੁਣ ਵਾਲੇ ਬ੍ਰਾਹਮਣ) ਅਤੇ ਅੱਠ ਲੱਖ ਹੋਰ ਬ੍ਰਾਹਮਣ ਬੁਲਾਏ .... ਅੱਠ ਹਜ਼ਾਰ ਪਰਨਾਲਾ ਜਿੰਨ੍ਹਾਂ ਰਾਹੀਂ ਹਾਥੀ ਸੁੰਡ ਜਿਤਨੀ ਘਿਉ ਦੀ ਧਾਰ ਪਾਈ ਗਈ, ਯਥਾ -

*ਅਸਟ ਸਹੰਸ੍ਰ ਬੁਲਾਇ ਰਿੱਤਜੁ, ਅਸ਼ਟ ਲੱਛ ਦਿਜਾਨ॥*

*ਭਾਂਤ ਭਾਂਤ ਬਨਾਇ ਕੈ ਤਹਾਂ ਅਸ਼ਟ ਸਹੰਸ੍ਰ ਪਰਨਾਰ॥*

*ਹਸਤ ਸੁੰਡ ਪ੍ਰਮਾਨ ਤਾਮਹਿ ਹੋਮੀਐ ਘ੍ਰਿਤ ਹਾਰ॥ ੧੫੮।*





## ਅਹਿ (ਸਰਪ) ਮੇਧ

ਰਾਜੇ ਜਨਮੇਜਾ ਨੇ ਆਪਣੇ ਪਿਤਾ ਰਾਜੇ ਪ੍ਰੀਛਤ ਦਾ ਤੱਛਕ ਸਰਪ ਤੋਂ ਬਦਲਾ ਲੈਣ ਹਿਤ ਅਹਿਮੇਧ ਜੱਗ ਅਰੰਭਿਆ, ਯਥਾ -

*ਪਿਤਰ ਕੇ ਬੱਧ ਕੋਪ ਤੇ ਸਭ ਬਿਪ੍ਰ ਲੀਨ ਬੁਲਾਇ॥*

*ਸਰਪ ਮੇਧ ਕਰਯੋ ਲਗੇ, ਮੱਖ ਘਰਮ ਕੇ ਚਿਤ ਚਾਇ॥ ੧੬੪।*

*ਏਕ ਕੋਸ ਪ੍ਰਮਾਨ ਲੌ ਮੱਖ ਕੁੰਡ ਕੀਨ ਬਨਾਇ॥*

*ਮੰਤ੍ਰ ਸਕਤ ਕਰਨੈ ਲਗੇ ਤਿਹ ਸਰਪ ਕੋਟ ਅਪਾਰ॥*

*ਜਤ੍ਰ ਤਤ੍ਰ ਉਠੀ ਜੈਤ ਧੁਨ ਭਮ, ਭੂਰ ਉਦਾਰ॥ ੧੬੬।*

ਭਾਵ - ਇਸ ਹਵਨ-ਕੁੰਡ ਵਿੱਚ ਮੰਤ੍ਰਾਂ ਦੀ ਸ਼ਕਤੀ ਨਾਲ ਕਰੋੜਾਂ ਸੱਪ ਆ ਕੇ ਗਿਰੇ ਤੇ ਸੜਨ ਲਗੇ ਜੋ ਕਿ ਇਕ ਹੱਥ, ਦੋ ਹੱਥ ਤੋਂ ਲੈ ਕੇ ਹਜ਼ਾਰ-ਹਜ਼ਾਰ ਹੱਥ ਲੰਮੇ ਤਥਾ ਛੋਟਿਆਂ ਤੋਂ ਛੋਟੇ ਅੰਗੁਸ਼ਟ ਪਰਮਾਣ (ਹੱਥ ਦੇ ਅੰਗੂਠੇ ਜਿਤਨੇ ਛੋਟੇ) .... ਫਿਰ ਸੰਡਿਆਂ ਤੋਂ ਵੱਡੇ ਹਜ਼ਾਰ-ਹਜ਼ਾਰ, ਦੋ-ਦੋ ਹਜ਼ਾਰ, ਤਿੰਨ-ਤਿੰਨ ਹਜ਼ਾਰ ਯੋਜਨ ਲੰਮੇ ਤੇ ਚੌੜੇ ਸੱਪ ਆ ਕੇ ਸੜਨ ਲਗੇ। (ਅੰਕ 167 ਤੋਂ 171)

ਨੋਟ - ਕਵੀ ਜੀ ਨੇ ਇਕ ਕੋਸ (ਕੋਹ) ਦਾ ਹਵਨ-ਕੁੰਡ ਦੱਸਿਆ ਹੈ, ਪ੍ਰੰਤੂ ਦੋ-ਦੋ, ਤਿੰਨ-ਤਿੰਨ ਹਜ਼ਾਰ ਯੋਜਨ ਲੰਮੇ ਸੱਪ ਕੁੰਡ ਵਿੱਚ ਸੜਦੇ ਲਿਖੇ ਹਨ, ਕਿਤਨਾ ਹਾਸੋ ਹੀਣਾ ਝੂਠ ਹੈ।

# 6. ਅਬ ਚਉਬੀਸ ਅਵਤਾਰ

(ਦਸਮ ਗ੍ਰੰਥ ਪੰਨਾ 155- 709)

*੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ।। ਪਾਤਸ਼ਾਹੀ ੧੦।।*

***ਅਬ ਚਉਬੀਸ ਅਉਤਾਰ***

ਭੂਮਿਕਾ

ਪੁਰਾਣਾਂ ਅਨੁਸਾਰ ਕਿਸੇ ਦੇਵਤਾ ਦਾ ਦੇਹ ਵਿੱਚ ਪ੍ਰਗਟ ਹੋਣਾ ਅਵਤਾਰ ਧਾਰਨਾ ਹੈ। ਕੁਝ ਅਵਤਾਰ 16 ਕਲਾ ਸੰਪੂਰਨ ਮੰਨੇ ਗਏ ਹਨ। ਅਸੀਂ ਕੁਝ ਅਵਤਾਰਾਂ ਦੀ ਵਿਚਾਰ ਤੇ ਅਰਥ ਕਰਕੇ ਇਹ ਜਾਣਕਾਰੀ ਹਾਸਿਲ ਕਰਾਂਗੇ। ਇਹ ਕਥਾਵਾਂ ਹਿੰਦੂ ਧਰਮ ਗ੍ਰੰਥਾਂ ਦੀਆਂ ਹਨ, ਇਹਨਾਂ ਵਿੱਚ ਅਵਤਾਰਾਂ ਦਾ ਚੰਗਾ ਜਾਂ ਮਾੜਾ ਜੀਵਨ ਚਰਿਤ੍ਰ ਹੈ। ਇਹਨਾਂ ਕਥਾਵਾਂ ਵਿੱਚ ਇਕੋ ਇਕ ਸਦੈਵੀ ਹਸਤੀ ਇਕ ਏਕੰਕਾਰ ਪਾਰਬ੍ਰਹਮ ਨੂੰ ਪਾਉਣ ਦਾ ਗੁਰਮਤਿ ਅਨੁਕੂਲ ਕੋਈ ਉਪਦੇਸ਼ ਨਹੀਂ।

**ਮਹਾਨ ਕੋਸ਼ ਦੇ ਕਰਤਾ ਨੇ ੫੨ ਕਵੀਆਂ ਦੇ ਨਾਮ ਦਿੱਤੇ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਰਹਿੰਦੇ ਸਨ। ਉਹਨਾਂ ੫੨ ਕਵੀਆਂ ਦੇ ਨਾਮ ਦੇ ਕੇ ਤੇਰਵਾਂ ਕਵੀ ਸਯਾਮ ਤੇ ੪੯ਵੇਂ ਕਵੀ ਦਾ ਨਾਮ ਸਿਯਾਮ ਦਿੱਤਾ ਗਿਆ ਹੈ। ਕਵੀਆਂ ਦੇ ਨਾਮ ਕੁਝ ਰਚਨਾਵਾਂ ਵਿੱਚ ਦਿੱਤੇ ਹਨ। ਇਹਨਾਂ ਵਿਚੋਂ ਕੁਝ ਕਵੀ ਗੁਰੂ ਜੀ ਦੇ ਸਿੱਖ ਸਨ, ਤੇ ਬਾਕੀ ਕਵੀ ਵੈਦਕ ਧਰਮ, ਵੇਦਾਂ ਸ਼ਾਸਤਰਾਂ ਸਿੰਮ੍ਰਿਤੀਆਂ ਨੂੰ ਮੰਨਣ ਵਾਲੇ ਵੀ ਸਨ, ਜਿੰਨ੍ਹਾਂ ਦੀਆਂ ਰਚਨਾਵਾਂ ਦਾ ਆਧਾਰ ਹਿੰਦੂ ਧਰਮ ਪੁਸਤਕਾਂ ਹਨ।**

(ਪੰਨਾ 155 ਦਸਮ ਗ੍ਰੰਥ)

*੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ।। ਪਾਤਸ਼ਾਹੀ ੧੦।।*

*ਚਉਬੀਸ ਅਵਤਾਰ।।*

*ਚਉਪਈ।।*

*ਅਬ ਚਉਬੀਸ ਉਚਰੋ ਅਵਤਾਰਾ। ਜਿਹ ਬਿਧ ਤਿਨ ਕਾ ਲਖਾ ਅਪਾਰਾ।।*

*ਸੁਨੀਅਹੁ ਸੰਤ ਸਭੈ ਚਿਤ ਲਾਈ। ਬਰਨਤ ਸਯਾਮ ਜਥਾ ਮਤਿ ਭਾਈ।।*





*(ਇਹ ਕਥਾ ਸਯਾਮ ਕਵੀ ਨੇ ਉਚਾਰੀ ਹੈ। ਹੁਣ ਮੈਂ ਚੌਵੀ ਅਵਤਾਰਾਂ ਦੀ ਕਥਾ ਕਹਿੰਦਾ ਹਾਂ। ਜਿਸ ਤਰ੍ਹਾਂ ਉਹਨਾਂ ਦਾ ਅਪਾਰ ਖੇਲ ਜਾਨਿਆ ਹੈ, ਹੇ ਸਾਰੇ ਸੰਤੋ, ਚਿੱਤ ਲਾ ਕੇ ਸੁਣੋ। ਸਯਾਮ ਕਵੀ ਉਸ ਤਰ੍ਹਾਂ ਨਾਲ ਵਰਣਨ ਕਰਦਾ ਹੈ ਜਿਸ ਤਰ੍ਹਾਂ ਉਸ ਦੀ ਬੁਧ ਨੂੰ ਚੰਗਾ ਲੱਗਾ ਹੈ।)*

***ਚੌਪਈ।।***

***ਜਬ ਸਬ ਹੋਤ ਅਰਿਗਦ ਅਪਾਰਾ।।***

***ਤਬ ਤਬ ਦੇਹ ਧਰਮ ਅਵਤਾਰਾ।।***

***ਕਾਲ ਸਭਨ ਕੋ ਪੇਖ ਤਮਾਸਾ।। ਅੰਤਹ ਕਾਲ ਕਰਤ ਹੈ ਨਾਸਾ।।***

*(ਜਦੋਂ ਜਦੋਂ ਪਰਜਾ ਨੂੰ ਦੁਖ ਦੇਣ ਵਾਲੇ ਬਹੁਤੇ ਹੋ ਜਾਂਦੇ ਹਨ, ਤਦੋਂ ਤਦੋਂ ਅਵਤਾਰ ਦੇਹ ਧਾਰਦੇ ਹਨ। (ਸਤ ਅਵਤਾਰ ਬ੍ਰਹਮਾ ਵਿਸ਼ਨੂੰ ਮਹੇਸ਼ ਦੇ ਵਤਿਆਂ ਦੇ ਹਨ ਜੋ ਬਾਰ-ਬਾਰ ਜੰਮਦੇ ਮਰਦੇ ਰਹਿੰਦੇ ਹਨ)। ਕਾਲ ਸਭ ਤਮਾਸ਼ੇ ਨੂੰ ਵੇਖਦਾ ਹੈ, ਅੰਤ ਨੂੰ ਕਾਲ ਹੀ ਸਭ ਦਾ ਨਾਸ਼ ਕਰਦਾ ਹੈ।)* (ਕਵੀ ਕਾਲ ਨੂੰ ਹੀ ਪਰਮੇਸਰ ਸਮਝਦਾ ਹੈ, ਤੇ ਉਸ ਨੂੰ ਸਭ ਤੋਂ ਉੱਚੀ ਹਸਤੀ ਮੰਨਦਾ ਹੈ। ਕਵੀ ਕਾਲ ਮਹਾਂਕਾਲ ਦਾ ਉਪਾਸ਼ਕ, ਮਹਾਂਕਾਲੀ, ਦੁਰਗਾ ਆਦਿ ਉਸੇ ਦੇ ਰੂਪ ਹਨ। ਸਾਕਤ ਕਵੀ ਮਹਾਕਾਲ ਨੂੰ ਅਕਾਲ ਵੀ ਕਹਿੰਦੇ ਹਨ।)

ਗੁਰਬਾਣੀ ਜੋਤਿ ਰੂਪ ਇਕੋ ਇਕ ਸਦੈਵੀ ਹਸਤੀ ਨੂੰ, ਅਕਾਲ ਪੁਰਖ ਕਹਿੰਦੀ ਹੈ, ਜੋ ਕਾਲ ਦਾ ਵੀ ਕਾਲ ਹੈ। ਇਹ ਕਵੀ ਨਹੀਂ ਜਾਣਦਾ ਤੇ ਵੇਦ ਸ਼ਾਸਤਰ ਨਹੀਂ ਜਾਣਦੇ। *("ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ।।" (ਪੰਨਾ 920) ਸਿੰਮ੍ਰਿਤ ਸ਼ਾਸਤਰਾਂ ਦੀ ਵਿਚਾਰ ਸੰਸਾਰ ਦੇ ਪਾਪ ਪੁੰਨਾਂ ਤਕ ਸੀਮਤ ਹੈ। ਉਹ ਪੁੰਨ ਪਾਪਾਂ ਤੋਂ ਉਪਰ ਹਸਤੀ ਅਕਾਲ ਪੁਰਖ, ਜੋਤਿ ਰੂਪ ਪਰਮਤੱਤ ਦੀ ਸਾਰ ਨਹੀਂ ਜਾਣਦੇ।)*

ਗੁਰਬਾਣੀ ਅਨੁਸਾਰ ਅਕਾਲ ਪੁਰਖ ਨੇ ਓਅੰਕਾਰ ਧੁੰਨ ਉਚਾਰ ਕੇ ਸੰਸਾਰ ਰਚਨਾ ਬਣਾਈ ਤੇ ਕਾਲ ਸ਼ੁਰੂ ਹੋਇਆ। ਸਾਰਾ ਜਨਮ ਮਰਨ ਪਲਨਾ, ਕਾਲ ਦੇ ਚੱਕਰ ਵਿੱਚ ਹੋ ਰਿਹਾ ਹੈ। ਪਰ ਇਹ ਜੁਗਾਂ ਜਗਾਂਤਰਾਂ ਦਾ ਚੱਕਰ ਅਕਾਲ ਪੁਰਖ ਦੇ ਹੁਕਮ ਵਿੱਚ ਹੈ, ਕਾਲ ਦੇ ਵੱਸ ਕੁਝ ਵੀ ਨਹੀਂ।

***ਚਉਪਈ।।***

***ਕਾਲ ਸਭਨ ਕਾ ਕਰਤ ਪਸਾਰਾ।। ਅੰਤ ਕਾਲ ਸੋਈ ਖਾਪਣਹਾਰਾ।।***

***ਆਪਨ ਰੂਪ ਅਨੰਤਨ ਧਰ ਹੀ।। ਆਪਹਿ ਮਧਿ ਲੀਨ ਪੁਨ ਕਰਹੀ।।***

*(ਕਾਲ ਸਭ ਦਾ ਪਸਾਰਾ ਕਰਦਾ ਹੈ, ਅੰਤ ਨੂੰ ਕਾਲ ਹੀ ਉਹਨਾਂ ਨੂੰ*

*ਖਪਾਉਨ ਵਾਲਾ ਹੈ। ਆਪਣੇ ਵਿਚੋਂ ਹੀ ਅਨੇਕਾਂ ਰੂਪ ਧਾਰਦਾ ਹੈ ਤੇ ਫੇਰ ਆਪਣੇ ਵਿੱਚ ਹੀ ਅਭੇਦ ਕਰ ਲੈਂਦਾ ਹੈ।)* ਗੁਰਬਾਣੀ ਅਨੁਸਾਰ ਸੰਸਾਰ ਦਾ ਜੰਮਨ ਮਰਨਾ ਅਕਾਲ ਪੁਰਖ ਦੇ ਹੁਕਮ ਵਿੱਚ ਹੈ। *(ਹੁਕਮੇ ਜੰਮਨ ਹੁਕਮੇ ਮਰਨਾ)*

***ਪਦਾ ੨੯*** (ਪੰਨਾ 157, ਦਸਮ ਗ੍ਰੰਥ)

***ਪ੍ਰਿਥਮ ਕਾਲ ਸਭ ਜਗ ਕੋ ਤਾਤਾ।। ਤਾ ਤੇ ਭਯੋ ਤੇਜ ਬਧਯਾਤਾ।।***

***ਸੋਈ ਭਵਾਨੀ ਨਾਮੁ ਕਹਾਈ ਜਿਨ ਸਗ੍ਰੀ ਇਹ ਸ੍ਰਿਸਟ ਉਪਾਈ।।***

*(ਜਦੋਂ ਸੰਸਾਰ ਦੀ ਸਿਰਜਨਾ ਹੋਈ, ਕਾਲ ਜੋ ਸਾਰੇ ਜਗਤ ਦਾ ਪਿਤਾ ਹੈ, ਉਸ ਤੋਂ ਇਕ ਤੇਜ ਪ੍ਰਕਾਸ਼ ਪ੍ਰਗਟ ਹੋਇਆ। ਉਹੀ ਭਵਾਨੀ ਨਾਮ ਕਹਾਉਣ ਲੱਗੀ ਜਿਸ ਨੇ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ।)*

ਗੁਰਬਾਣੀ ਉਪਦੇਸ਼ ਹੈ, ਇਕ ਏਕੰਕਾਰ, ਪਾਰਬ੍ਰਹਮ ਜੋਤਿ ਰੂਪ ਹੈ। ਇੱਕ ਏਕੰਕਾਰ ਨੇ ਜਦੋਂ ਸੁੰਨ ਸਮਾਧ ਤੋਂ ਸੰਸਾਰ ਦੀ ਰਚਨਾ ਕਰਨ ਦਾ ਮੰਤਵ ਬਣਾਇਆ ਤਾਂ ਉਸ ਨੇ ਹੁਕਮ ਨਾਲ ਓਅੰਕਾਰ ਧੁੰਨ ਉਚਾਰੀ। ਇਸ ਓਅੰਕਾਰ ਧੁੰਨ ਤੋਂ ਸੰਸਾਰ ਦੇ ਜੀਵ ਜੰਤ ਪੈਦਾ ਹੋਣ, ਪਲਣ ਤੇ ਖੈ ਹੋਣ ਲੱਗੇ, ਤਾਂ ਸਾਰੇ ਸੰਸਾਰ ਦਾ ਕਾਲ ਚੱਕਰ ਉਸ ਇਕ ਏਕੇ ਦੇ ਹੁਕਮ ਵਿੱਚ ਚਲ ਰਿਹਾ ਹੈ।

***ਪਦਾ ੩੦*** (ਪੰਨਾ 158, ਦਸਮ ਗ੍ਰੰਥ)

***ਚਉਪਈ।।***

***ਪ੍ਰਿਥਮੇ ਓਅੰਕਾਰ ਤਿਨ ਕਹਾ।। ਸੋ ਧੁਨ ਪੂਰ ਜਗਤ ਮੇ ਰਹਾ।।***

***ਤਾ ਤੇ ਜਗਤ ਭਯੋ ਬਿਸਥਾਰਾ।। ਪੁਰਖ ਪ੍ਰਕ੍ਰਿਤ ਜਬ ਦੁਹਹੁ ਬਿਚਾਰਾ।।***

*(ਪਹਿਲੇ ਉਸ ਜਗਤ ਪਿਤਾ ਕਾਲ ਨੇ ਓਅੰਕਾਰ/ਓਮਕਾਰ ਕਿਹਾ। ਉਹ ਓਅੰਕਾਰ ਰੂਪ ਧੁਨ ਜਗਤ ਵਿੱਚ ਫੈਲ ਰਹੀ ਹੈ। ਉਸ ਤੋਂ ਜਗਤ ਦਾ ਪਸਾਰਾ ਹੋਇਆ। ਇਹ ਦੋਵੇਂ ਪੁਰਖ ਤੇ ਪ੍ਰਕ੍ਰਿਤਿ ਵੀਚਾਰਨੇ ਚਾਹੀਦੇ ਹਨ। ਕਵੀ ਓਅੰਕਾਰ ਨੂੰ ਪੁਰਖ ਕਹਿੰਦਾ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ।)*

ਵੇਦ ਮਤ ਓਮ ਨੂੰ ਓਅੰਕਾਰ/ਓਮਕਾਰ ਵੀ ਕਹਿੰਦਾ ਹੈ। ਗੁਰੂ ਨਾਨਕ ਸਾਹਿਬ ਓਮ ਨੂੰ ਤ੍ਰਿਭਨ ਸਾਰ ਕਹਿੰਦੇ ਹਨ, ਜਿਸ ਦਾ ਅਰਥ ਹੈ ਮਾਇਆ ਦਾ ਜੰਜਾਲ। (ਬਾਣੀ ਬਾਵਨ ਅਖਰੀ)

***ਪਦਾ ੩੪***

***ਚੌਪਈ***

***ਜਿਤਿਕ ਜਗਤਿ ਕੇ ਜੀਵ ਬਖਾਨੋ।। ਏਕ ਜੋਤਿ ਸਭ ਹੀ ਮਹਿ ਜਾਨੋ।।***





***ਕਾਲ ਰੂਪ ਭਗਵਾਨ ਭਨੈਬੋ।। ਤਾ ਮਹਿ ਲੀਨ ਜਗਤਿ ਸਭ ਹਵੈਬੋ।।***

*(ਜਿੰਨੇ ਜਗਤ ਦੇ ਜੀਵ ਕਹੇ ਜਾਂਦੇ ਹਨ, ਇਹਨਾਂ ਸਭਨਾ ਵਿੱਚ ਇੱਕ ਦੀ ਹੀ ਜੋਤਿ ਜਾਨੋ, ਜੋ ਕਾਲ ਰੂਪ ਜਾਂ 'ਭਗਵਾਨ' ਨਾਮ ਕਰ ਕੇ ਕਿਹਾ ਜਾਂਦਾ ਹੈ। ਅੰਤ ਨੂੰ ਸਾਰੇ ਜਗਤ ਦੇ ਜੀਵ ਉਸ ਵਿੱਚ ਹੀ ਲੀਨ ਹੋ ਜਾਨਗੇ।)*

ਕਵੀ ਕਾਲ ਰੂਪ ਨੂੰ ਭਗਵਾਨ ਕਹਿੰਦਾ ਹੈ। ਇਹ ਵਿਚਾਰ ਵੇਦਾਂ ਸ਼ਾਸਤਰਾਂ ਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਗੁਰਬਾਣੀ ਦੇ ਉਪਦੇਸ਼ ਅਨੁਕੂਲ ਪਰਚਾਰ ਕਰਦੇ ਸਨ। ਵੇਦਾਂ ਸ਼ਾਸਤਰਾਂ ਨੂੰ ਤੇ ਕਵੀ ਨੂੰ ਅਕਾਲ ਪੁਰਖ ਦਾ ਗਿਆਨ ਨਹੀਂ, ਅਨੁਮਾਨ ਜ਼ਰੂਰ ਲਗਾਉਂਦੇ ਹਨ। **ਪਾ:੧੦ ਇਹ ਰਚਨਾ ਨਹੀਂ ਕਰ ਸਕਦੇ , ਨਾ ਹੀ ਗੁਰਸਿਖਾਂ ਨੂੰ ਇਹ ਰਚਨਾਵਾਂ ਪੜ੍ਹਨ ਦਾ ਉਪਦੇਸ਼ ਦੇ ਸਕਦੇ ਹਨ।**

ਦਸਮ ਗ੍ਰੰਥ ਦੇ ਪੰਨਾ 188 ਤੋਂ ਰਾਮ ਅਵਤਾਰ ਸ਼ੁਰੂ ਹੁੰਦਾ ਹੈ। ਇਹ ਬੀਸਵਾਂ ਅਵਤਾਰ ਹੈ। ਰਾਮ ਕਥਾ ਦੇ ਅੰਤ ਵਿੱਚ ਪੰਨਾ 254 ਤੇ ਭਗਉਤੀ ਦਾ ਉਪਾਸ਼ਕ ਕਵੀ ਲਿਖਦਾ ਹੈ।

***ਪਦਾ ੮੬੩ ਸਵੈਯਾ।।***

***ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕਊ ਆਖ ਤਰੇ ਨਹੀ ਆਨਿਯੋ।।***

***ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨਾ ਮਾਨਿਯੋ।।***

***ਸਿਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨਾ ਜਾਨਯੋ।।***

***ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਬ ਤੋਹਿ ਬਖਾਨਯੋ।।***

ਸ੍ਰੀ ਅਸਪਾਨ ਦੇ ਅਰਥ ਹਨ ਸੁੰਦਰ ਤਲਵਾਰ। ਸ਼੍ਰੀ ਅਸਪਾਨ ਦੁਰਗਾ ਜਾ ਭਵਾਨੀ ਨੂੰ ਕਿਹਾ ਗਿਆ ਹੈ।

***ਪਦਾ ੮੬੪ ਦੋਹਰਾ।।***

***ਸਗਲ ਦੁਆਰਿ ਕਉ ਛਾਡ ਕੈ, ਗਹਯੋ ਤੁਹਾਰੋ ਦੁਆਰ।।***

***ਬਾਹੇ ਗਹੇ ਕੀ ਲਾਜ ਅਸਿ, ਗੋਬਿੰਦ ਦਾਸ ਤੁਹਾਰ।।***

**ਗੋਬਿੰਦ ਦਾਸ, ਕਵੀ ਦਾ ਹੀ ਨਾਮ ਹੈ।** ਇਹ ਸਵੈਯਾ ਤੇ ਦੋਹਰਾ, ਭਵਾਨੀ ਦੀ ਉਸਤਤਿ ਵਿੱਚ ਕਵੀ ਨੇ ਉਚਾਰੇ ਹਨ। (ਦੇਖੋ ਪਦਾ 29)

ਅਕਾਲ ਪੁਰਖ ਦੇ ਦਰਸ਼ਨ ਸਭ ਜੁਗਾਂ ਵਿੱਚ ਕੇਵਲ ਉਹਨਾਂ ਮਨੁੱਖਾਂ ਨੂੰ ਹੋਏ ਜਿੰਨ੍ਹਾਂ ਨੇ ਕਿਸੇ ਜੁਗ ਵਿੱਚ ਵੀ ਪੂਰੇ ਸਤਿਗੁਰੂ ਤੋਂ ਉਪਦੇਸ਼ ਲੈ ਕੇ ਗੁਰਮਤਿ ਨਾਮ ਦਾ ਸਿਮਰਨ ਕੀਤਾ। ਐਸੇ ਭਗਤ, ਜਿਸ ਤਰ੍ਹਾਂ ਧ੍ਰ, ਪ੍ਰਹਿਲਾਦ, ਸਭ ਜੁਗਾਂ

ਵਿੱਚ ਸਨ। ਕੇਵਲ ਐਸੇ ਸੰਤਾਂ ਭਗਤਾਂ ਨੇ ਸੰਸਾਰ ਦੇ ਮਨੁੱਖਾਂ ਨੂੰ ਅਵਗੁਣ, ਵਿਕਾਰਾਂ, ਪਾਪਾਂ, ਕ੍ਰੋਧ, ਹੰਕਾਰ ਆਦਿ ਤੋਂ ਬਚਾਇਆ; ਤੇ ਅਕਾਲ ਪੁਰਖ ਦੀ ਭਗਤੀ ਸਿਮਰਨ ਅਰਾਧਨਾ ਕਰਾ ਕੇ ਸਤ ਸੰਤੋਖ ਦਇਆ ਧਰਮ ਦੇ ਗੁਣ ਸੰਸਾਰੀ ਜੀਵਾਂ ਨੂੰ ਦਿੱਤੇ।

ਗੁਰਬਾਨੀ ਸਮਝਾਉਂਦੀ ਹੈ, *ਜੁਗ ਚਾਰੇ ਗੁਰਸਬਦਿ ਪਛਾਤਾ* - ਚੋਹਾਂ ਜੁਗ ਵਿੱਚ ਗੁਰੂ ਦਾ ਸ਼ਬਦ ਲੈ ਕੇ, ਇਕ ਏਕੇ ਅਕਾਲ ਪੁਰਖ ਦਾ ਸਿਮਰਨ ਭਗਤੀ ਕਰਕੇ, ਗੁਰਮੁਖ ਨੂੰ ਇੱਕ ਏਕੇ ਦੀ ਪਛਾਣ ਹੋਈ।

***ਸਤਿਜੁਗ ਧਰਮੁ ਪੈਰ ਹੈ ਚਾਰਿ ॥ ਗੁਰਮੁਖਿ ਬੂਝੈ ਕੋ ਬੀਚਾਰਿ ॥***

ਇਸ ਤੋਂ ਅੱਗੇ ਗੁਰਬਾਨੀ ਸਮਝਾਉਂਦੀ ਹੈ ਰਾਜਾ ਰਾਮ ਤੇ ਕ੍ਰਿਸ਼ਨ ਦੇ ਸਮੇਂ ਵਿੱਚ ਚੋਹਾਂ ਪੈਰਾਂ ਵਾਲੇ ਧਰਮ ਦੇ ਪੈਰ ਟੁੱਟਦੇ ਤੇ ਘੱਟਦੇ ਰਹੇ।

*ਤ੍ਰੇਤੈ ਇਕ ਕਲ ਕੀਨੀ ਦੂਰਿ ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥*

*(ਤ੍ਰੇਤੈ ਵਿੱਚ ਧਰਮ ਦੀ ਇਕ ਕਲ ਦੂਰ ਹੋਈ, ਰਾਜਾ ਰਾਮ ਨੂੰ ਭਗਵਾਨ ਕਰਕੇ ਮੰਨਿਆ ਗਿਆ। ਇਸ ਸਮੇਂ ਪਾਖੰਡ ਵਰਤਿਆ, ਇਹਨਾਂ ਅਕਾਲ ਪੁਰਖ ਨੂੰ ਨਹੀਂ ਜਾਨਿਆ।)*

*ਦੁਆਪੁਰਿ ਧਰਮਿ ਦੁਇ ਪੈਰ ਰਖਾਏ॥*

(ਪੰਨਾ 880, ਗੁਰੂ ਗ੍ਰੰਥ ਸਾਹਿਬ)

*(ਦੁਆਪਰਿ ਵਿੱਚ ਦ੍ਵੈਤ ਭਾਵ ਹੋ ਗਏ, ਵੇਦਾਂ ਨੇ ਪ੍ਰਕ੍ਰਿਤੀ ਤੇ ਏਕਾ ਪੁਰਖ ਅਕਾਲ ਪੁਰਖ ਨੂੰ ਦੋ ਮੰਨਿਆ, ਦੁਬਿਧਾ ਹੋ ਗਈ, ਹਉਂ ਦੇ ਭਰਮ ਵਿੱਚ ਰਹੇ, ਧਰਮ ਦੇ ਦੋ ਪੈਰ ਹੋ ਗਏ।)*

ਦਸਮ ਗ੍ਰੰਥ ਦੇ ਪੰਨਾ 254 ਤੋਂ 570 ਤਕ ਕ੍ਰਿਸ਼ਨ ਅਵਤਾਰ ਹੈ।

***ੴ ਵਾਹਿਗੁਰੂ ਜੀ ਕੀ ਫਤਹ॥***

***ਅਬ ਕ੍ਰਿਸਨਾ ਅਵਤਾਰ ਇਕੀਸਮੋ ਅਵਤਾਰ ਕਥਨੰ॥ ਚੌਪਈ॥***

***ਅਬ ਬਰਣੋ ਕ੍ਰਸਨਾ ਅਵਤਾਰੂ॥ ਜੈਸੇ ਭਾਂਤ ਬਪੁ ਧੂਰੋ ਮੁਰਾਰੂ॥***

***ਪਰਮ ਪਾਪ ਤੇ ਭੂਮਿ ਡਰਾਨੀ॥ ਭਗਮਗਾਤ ਬਿਧ ਤੀਰ ਸਿਧਾਨੀ॥***

*(ਹੁਣ ਕ੍ਰਿਸ਼ਨ ਅਵਤਾਰ ਦਾ ਪ੍ਰਸੰਗ ਕਥਨ ਕਰਦਾ ਹਾਂ। ਜਿਸ ਤਰ੍ਹਾਂ ਵਿਸ਼ਨੂੰ ਨੇ ਕ੍ਰਿਸ਼ਨ ਦਾ ਸ਼ਰੀਰ ਧਾਰਿਆ ਸੀ। ਘੋਰ ਪਾਪਾਂ ਕਰਕੇ ਧਰਤੀ ਡਰ ਗਈ ਅਤੇ ਡੱਕੋ ਡੋਲੇ ਖਾਂਦੀ ਹੋਈ ਬ੍ਰਹਮਾ ਦੇ ਕੋਲ ਚਲੀ ਗਈ।)*

***ਪਦਾ ੨ ਚੌਪਈ॥***





***ਬ੍ਰਹਮਾ ਗਯੋ ਛੀਰਨਿਧਿ ਜਹਾਂ। ਕਾਲ ਪੁਰਖ ਇਸਥਿਤ ਤੇ ਤਹਾਂ॥***

***ਕਹੋ ਬਿਸਨ ਕਹ ਨਿਕਟ ਬੁਲਾਈ। ਕ੍ਰਿਸਨ ਅਵਤਾਰ ਧਰੋ ਤੁਮ ਜਾਈ॥***

*(ਜਿਥੇ ਖੀਰ ਸਮੁੰਦਰ ਹੈ, ਉਥੇ ਬ੍ਰਹਮਾ ਗਿਆ ਕਿਉਂਕਿ ਕਾਲ ਪੁਰਖ ਜੀ ਉਥੇ ਹੀ ਬਿਰਾਜਦੇ ਸਨ। ਉਹਨਾਂ ਨੇ ਵਿਸ਼ਨੂੰ ਨੂੰ ਆਪਣੇ ਕੋਲ ਬੁਲਾ ਕੇ ਕਿਹਾ, ਤੁਸੀਂ ਕ੍ਰਿਸ਼ਨ ਅਵਤਾਰ ਧਾਰਨ ਕਰੋ ਅਤੇ ਮਾਤ ਲੋਕ ਵਿੱਚ ਜਾਓ।)*

***ਪਦਾ ੩ ਦੋਹਰਾ***

***ਕਾਲ ਪੁਰਖ ਕੇ ਬਚਨ ਤੇ ਸੰਤਨ ਹੇਤ ਸਹਾਇ॥***

***ਮਥਰਾ ਮੰਡਲ ਕੇ ਬਿਖੈ ਜਨਮ ਧਰੋ ਹਰਿ ਰਾਇ॥***

***ਕਵੀ ਕਹਿ ਰਿਹਾ ਹੈ ਕਿ ਕਾਲ ਪੁਰਖ ਦੇ ਬਚਨ ਤੋ ਕ੍ਰਿਸ਼ਨ ਨੇ ਅਵਤਾਰ ਧਾਰਿਆ। ਕ੍ਰਿਸ਼ਨ ਵਿਸ਼ਨੂ ਦਾ ਅਵਤਾਰ ਹੈ।***

***ਪਦਾ ੪ ਚੌਪਈ***

***ਜੇ ਜੇ ਕ੍ਰਿਸ਼ਨ ਚਰਿਤ੍ਰ ਦਿਖਾਇ॥***

***ਦਸਮ ਬੀਚ ਸਭ ਭਾਖ ਸੁਨਾਏ॥***

***ਗਯਾਰਾ ਸਹਸ ਬਾਨਵੇ ਛੰਦਾ॥ ਕਹੇ ਦਸਮ ਪੁਰ ਬੈਠ ਅਨੰਦਾ॥***

*(ਜਿਹੜੇ ਜਿਹੜੇ ਚਰਿਤ੍ਰ ਕ੍ਰਿਸ਼ਨ ਜੀ ਦੇ ਹਨ, ਉਹ ਸਾਰੇ ਭਾਗਵਤ ਦੇ ਦਸਵੇਂ ਸਕੰਧ ਵਿੱਚ ਸੁਣਾਏ ਹਨ। ਉਸ ਦੇ ਯਾਰਾ ਸੌ ਬਾਨਵੇ ਛੰਦ ਅਸਾਂ ਅਨੰਦਪੁਰ ਵਿੱਚ ਬੈਠ ਕੇ ਕਹੇ ਹਨ ਅਤੇ ਬਾਕੀ ਦੇ 1300 ਛੰਦ ਪਾਉਂਟੇ ਸਾਹਿਬ ਉਚਾਰੇ ਹਨ। ਇਸ ਦਸਮ ਸਬੰਧ ਵਿੱਚ ਕ੍ਰਿਸ਼ਨ ਲੀਲਾ ਦੇ ਸਾਰੇ 2492 ਛੰਦ ਹਨ।)*

ਰਚਨਾ ਮੁਤਾਬਕ ਇਹ ਬਾਣੀ ਪਾ:10 ਦੀ ਉਚਾਰੀ ਹੈ। ਪਾ:10 ਕਾਲ ਮਹਾਕਾਲ ਦੇਵੀ ਦੇਵੀਤੀਆ ਦਾ ਪ੍ਰਚਾਰ ਕਰਨ ਨਹੀਂ ਆਏ ਸਨ ? ਇਸ ਤੋਂ ਅੱਗੇ ਦੇਵੀ ਦੀ ਉਸਤਤਿ ਹੈ। ਕੀ ਪਾ:10 ਦੇਵੀ ਦੀ ਉਸਤਤਿ ਕਰ ਸਕਦੇ ਹਨ।

***ਅਬ ਦੇਵੀ ਜੀ ਕੀ ਉਸਤਤਿ ਕਥਨ***

***ਪਦਾ ੫ ਸਵੈਯਾ॥***

***ਹੋਇ ਕ੍ਰਿਪਾ ਤੁਮਰੀ ਹਮ ਪੈ ਤੁ ਸਬੈ ਸਗਨੰ ਗੁਨ ਹੀ ਧਰਿ ਹੋ॥***

***ਜੀਆਂ ਧਾਰ ਬਿਚਾਰ ਤਬੈ ਬਰ ਬੋਧਿ ਮਹਾ ਅਗਨੰਗੁਨ ਕੋ ਕਰਿ ਹੋਂ॥***

***ਬਿਨ ਚੰਡ ਕ੍ਰਿਪਾ ਤੁਮਰੀ ਕਬਹੂੰ ਮੁਖ ਤੇ ਨਹੀ ਅੱਛਰ ਹਉ ਕਰ ਹੋਂ॥***

*(ਹੇ ਚੰਡਕਾ, ਤੇਰੀ ਕ੍ਰਿਪਾ ਤੋਂ ਬਿਨਾ ਮੈਂ ਕਦੇ ਇਕ ਅਖਰ ਭੀ ਮੂੰਹੋਂ ਨਹੀਂ ਉਚਾਰ ਸਕਾਂਗਾ।)*

***ਪਦਾ ੬ ਦੋਹਰਾ***

***ਰੇ ਮਨ ਭਜ ਤੂ ਸਾਰਦਾ ਅਨਗਨ ਗੁਨ ਹੈ ਜਾਹਿ।।***

***ਰਚੌਂ ਗ੍ਰੰਥ ਇਹ ਭਾਗਵਤ ਜਉ ਵੈ ਕ੍ਰਿਪਾ ਕਰਾਹਿ।।***

*(ਹੇ ਮਨ, ਤੂੰ ਸਾਰਦਾ ਦਾ ਸਿਮਰਨ ਕਰ ਜਿਸ ਦੇ ਅਣਗਿਣਤ ਗੁਣ ਹਨ। ਜਦ ਉਹ ਮੇਰੇ ਉਤੇ ਕ੍ਰਿਪਾ ਕਰੇਗੀ, ਤਦ ਮੈਂ ਭਾਗਵਤ ਰੂਪ ਗ੍ਰੰਥ ਬਨਾਵਾਂਗਾ।)*

**ਇਥੇ ਪਾ:੧੦ ਦੇ ਮੁਖੋਂ ਇਹ ਕਹਾਇਆ ਗਿਆ ਹੈ, ਹੇ ਮਨ ਤੂੰ ਸਾਰਦਾ ਦੇਵੀ ਦਾ ਸਿਮਰਨ ਕਰ, ਜਦੋਂ ਉਹ ਮੇਰੇ ਉੱਤੇ ਕ੍ਰਿਪਾ ਕਰੇਗੀ, ਤਾਂ ਮੈਂ ਭਾਗਵਤ ਗ੍ਰੰਥ ਰਚਾਂਗਾ। ਦੇਵੀ ਦੇਵਤਿਆਂ ਦਾ ਸਿਮਰਨ ਤੇ ਉਸਤਤਿ ਗੁਰਬਾਣੀ ਉਪਦੇਸ਼ ਵਿਰੁੱਧ ਹੈ। ਪਾ:੧੦ ਇਸ ਤਰ੍ਹਾਂ ਦੀ ਬਾਣੀ ਨਹੀਂ ਰਚ ਸਕਦੇ।**

ਇਥੋਂ ਇਸ ਵਿਚਾਰ ਵਿੱਚ ਕੋਈ ਸ਼ੱਕ ਨਹੀਂ ਕਿ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਵਿਉਂਤ ਅਨੁਸਾਰ, ਪਾ:10 ਦੀਆਂ ਰਚਨਾਵਾਂ ਕਹਿ ਕੇ, ਦਸਮ ਗ੍ਰੰਥ ਵਿੱਚ, ਦਰਜ ਕੀਤਾ ਗਿਆ।

ਗੁਰਸਿੱਖਾਂ ਵਿੱਚ ਆਈਆਂ ਕਮਜ਼ੋਰੀਆਂ ਦਾ ਕਾਰਣ ਇਹ ਹੀ ਹੋ ਸਕਦਾ ਹੈ ਕਿ ਪਹਿਲੇ ਸਾਡੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਬ੍ਰਾਹਮਣੀ ਵਿਚਾਰ ਵਾਲੇ ਮਹੰਤਾਂ ਦੇ ਹੱਥ ਵਿੱਚ ਸੀ। ਉਹ ਹਮੇਸ਼ਾ ਤੋਂ ਨਿਰੋਲ ਸਿੱਖੀ ਪ੍ਰਚਾਰ ਦੇ ਵਿਰੁਧ ਸਨ, ਤੇ ਗੁਰੂ ਨਾਨਕ ਸਾਹਿਬ ਦੇ ਤੇ ਦਸ ਪਾਤਸ਼ਾਹੀਆਂ ਦੇ ਪ੍ਰਚਾਰ ਨੂੰ ਹਿੰਦੂ ਪਰੰਪਰਾ ਵਿੱਚ ਜਜ਼ਬ ਕਰਨਾ ਚਾਹੁੰਦੇ ਸਨ। ਇਹ ਪਹਿਲੇ ਵੀ ਭਾਰਤ ਦੀ ਤਵਾਰੀਖ ਵਿੱਚ ਹੁੰਦਾ ਆਇਆ ਹੈ। ਜਿਵੇਂ ਵੇਦਾਂ ਸ਼ਾਸਤਰਾਂ ਦੇ ਪ੍ਰਚਾਰ ਦੀ ਮੁਖਾਲਫ਼ਤ ਕਰਨ ਵਾਲੇ ਬੁਧ ਧਰਮ ਦਾ ਭਾਰਤ ਵਿੱਚ ਬਹੁਤ ਪ੍ਰਸਾਰ ਹੋ ਗਿਆ, ਕੋਈ ਵਿਰਲਾ ਹਿੰਦੂ ਰਹਿ ਗਿਆ। ਫਿਰ ਸ਼ੰਕਰਾਚਾਰਯਾ ਆਇਆ, ਲੜਾਈਆਂ ਜੰਗਾਂ ਹੋਈਆਂ, ਬਹੁਤ ਬੁਧ ਮਾਰੇ ਗਏ ਤੇ ਵੇਦ ਧਰਮ ਵਿੱਚ ਫੇਰ ਭਾਰਤ ਵਰਸ਼ ਦੇ ਲੋਕਾਂ ਨੂੰ ਜਬਰਦਸਤੀ ਲਿਆਂਦਾ ਗਿਆ। ਫਿਰ ਬੁੱਧ ਧਰਮ ਭਾਰਤ ਵਿੱਚ ਨਾਮ ਮਾਤ੍ਰ ਰਹਿ ਗਿਆ ਤੇ ਬੁੱਧ ਮਤ ਦਾ ਪ੍ਰਸਾਰਨ ਚੀਨ ਤੇ ਜਾਪਾਨ ਵਿੱਚ ਹੋ ਗਿਆ।

ਕੀ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆ ਹੋਇਆਂ ਇਹ ਬ੍ਰਾਹਮਣੀ ਵਿਚਾਰਧਾਰਾ, ਸੱਚੇ ਨਾਮ ਧਰਮ ਨੂੰ ਖਤਮ ਕਰ ਸਕੇਗੀ ? **ਇਹ ਖ਼ਾਲਸਾ ਪੰਥ ਤੇ ਨਿਰਭਰ ਹੈ।**

ਦਸਮ ਗ੍ਰੰਥ ਨੂੰ ਪਾ:10 ਦੀ ਬਾਣੀ ਮੰਨ ਲੈਣ ਦੇ ਕਾਰਨ ਤੇ ਨਿਰਮਲੇ





ਤੇ ਵੇਦਕ ਵਿਚਾਰਧਾਰਾ ਨੂੰ ਮੰਨਨ ਵਾਲੇ ਹਿੰਦੂ ਮਹੰਤਾਂ ਦੇ ਪਰਚਾਰ ਦੇ ਕਾਰਨ, ਸਿੱਖ ਧਰਮ ਵਿੱਚ ਵੇਦਾਂ ਸ਼ਾਸਤਰਾਂ ਦੀ ਵਿਚਾਰਧਾਰਾ ਘਰ ਕਰ ਗਈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੇਦਾਂ ਸ਼ਾਸਤਰਾਂ, ਦੇਵੀ ਦੇਵਤਿਆਂ ਦੀ ਪੂਜਾ ਤੇ ਮੂਰਤੀ ਪੂਜਾ ਦਾ ਖੰਡਨ ਗੁਰਬਾਣੀ ਨੇ ਕੀਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਨ ਤੋਂ ਬਾਦ, ਦਸਮ ਗ੍ਰੰਥ, ਨਿਰਮਲੇ ਤੇ ਮਹੰਤਾਂ ਦੀ ਪਰਚਾਰ ਨੇ ਨਿਰੋਲ ਗੁਰਬਾਣੀ ਪਰਚਾਰ ਨੂੰ ਬਹੁਤ ਠੇਸ ਪਹੁੰਚਾਈ। ਬ੍ਰਾਹਮਣੀ ਮਤ ਨੇ ਵਿਉਂਤ ਅਨੁਸਾਰ, ਬਚਿਤ੍ਰ ਨਾਟਕ ਨੂੰ ਦਸਮ ਗ੍ਰੰਥ ਕਰਕੇ ਗੁਰਬਾਣੀ ਤੁੱਲ ਕਰਾਰ ਦਿੱਤਾ ਤੇ ਦਸਮ ਗ੍ਰੰਥ ਨੂੰ ਸਿੱਖਾਂ ਦਾ ਗ੍ਰੰਥ ਬਣਾ ਦਿੱਤਾ। ਇਸ ਤਰ੍ਹਾਂ ਦਸਮ ਗ੍ਰੰਥ ਸਿੱਖਾਂ ਵਿੱਚ ਗਿਰਾਵਟ ਦਾ ਮੁੱਢ ਕਾਰਨ ਬਣ ਗਿਆ।

ਗੁਰੂ ਗ੍ਰੰਥ ਸਾਹਿਬ ਜੀ ਤਾਂ ਅਜੇ ਵੀ ਅਗਵਾਈ ਦੇ ਰਹੇ ਹਨ, ਲੋੜ ਕੇਵਲ ਇਤਨੀ ਹੈ, ਕਿ ਸੱਚੇ - ਸੁੱਚੇ ਆਚਾਰ ਵਾਲੇ ਭਗਤੀ ਵਿੱਚ ਪਰਪੱਕ ਗੁਰਸਿੱਖ, ਨਿਰੋਲ ਸਿੱਖੀ ਦਾ ਪਰਚਾਰ ਕਰਨ। ਪਤਿਤ ਸਿੱਖਾਂ ਨੂੰ ਤੇ ਹਿੰਦੂਆਂ ਨੂੰ ਗੁਰਬਾਣੀ ਉਪਦੇਸ਼ ਸਮਝਾਇਆ ਜਾਵੇ ਕਿ ਨਾਮ ਧਰਮ ਹੀ ਇੱਕ ਮਾਤ੍ਰ, ਉੱਤਮ ਧਰਮ ਹੈ। ਜੋ ਨਾਮ ਧਰਮ ਵਿੱਚ ਆਉਣਗੇ, ਉਹ ਹੀ ਮਾਇਆ ਦੇ ਹੱਲਿਆਂ ਤੋਂ ਬਚ ਸਕਨਗੇ। ਪਤਿਤ ਸਿੱਖਾਂ ਨੂੰ ਇਹ ਸਮਝਣ ਦੀ ਲੋੜ ਹੈ, ਕਿ ਗੁਰੂ ਨਾਨਕ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਐਸੇ ਸਿੱਖਾਂ ਨੂੰ ਸਿੱਖ ਪਰਵਾਨ ਨਹੀਂ ਕਰਦੇ। ਅਜੇ ਵੀ ਉਹ ਭੁੱਲ ਬਖਸ਼ਾ ਕੇ ਸਿੱਖ ਸੱਜ ਸਕਦੇ ਹਨ।

# 7. ਰਾਮਕਲੀ ਪਾਤਸ਼ਾਹੀ ੧੦

(ਦਸਮ ਗ੍ਰੰਥ ਪੰਨਾ 709 - 711)

*ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥*

*ਰਾਮਕਲੀ ਪਾਤਸ਼ਾਹੀ ੧੦॥*

*ਖ਼ਿਆਲ ਪਾਤਸ਼ਾਹੀ ੧੦॥*
*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਨਾ॥*
*ਤੁਧੁ ਬਿਨੁ ਰੋਗ ਰਜਾਈਆ ਦਾ ਓਢਨ ਨਾਗ ਨਿਵਾਸਾ ਦੇ ਰਹਣਾ॥*
*ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆ ਦਾ ਸਹਿਣਾ॥*
*ਯਾਰੜੇ ਦਾ ਸਾਨੂੰ ਸਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ॥*

ਖ਼ਿਆਲ ਪਾਤਸ਼ਹੀ ਦਸ ਦੀ ਵਿਚਾਰ ਗਿਆਨੀ ਭਾਗ ਸਿੰਘ ਨੇ ਆਪਣੀ ਪੁਸਤਕ ਦੇ ਪੰਨਾ 28 ਤੋਂ ਪੰਨਾ 31 ਤਕ ਕੀਤੀ ਹੈ ਜੋ ਹੇਠਾਂ ਕਾਪੀ ਕੀਤੀ ਗਈ ਹੈ।

**ਜਿਵੇਂ 'ਦੇਹ ਸਿਵਾ ਬਰ ਮੋਹਿ' ਵਾਲਾ ਗੀਤ ਕਈ ਰਾਗੀ ਸੱਜਣਾਂ ਨੇ (ਅਰਥ ਬੋਧ ਦੀ ਅਣਹੋਂਦ ਕਾਰਨ) ਵੇਖੋ-ਵੇਖੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੜ੍ਹੀ ਜਾਣਾ ਨੇਮ ਬਣਾ ਲਿਆ ਹੈ, ਤਿਵੇਂ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ' ਵਾਲਾ ਗੀਤ ਵੀ ਪ੍ਰਚਲਤ ਕਰ ਦਿੱਤਾ ਹੋਇਆ ਹੈ।**

ਉਪ੍ਰੋਕਤ ਗੀਤ ਦੀ ਪ੍ਰੋੜ੍ਹਤਾ ਹਿਤ ਕੋਈ ਕਹਿੰਦਾ ਹੈ ਕਿ ਭਾਈ ਨੰਦ ਲਾਲ ਜੀ ਦੇ ਪ੍ਰਲੋਕ ਗਮਨ ਸਮੇਂ ਗੁਰੂ ਕਲਗੀਧਰ ਜੀ ਨੇ ਭਾਈ ਸਾਹਿਬ ਰਾਹੀਂ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸੰਦੇਸ਼ ਭੇਜਿਆ। ਕੋਈ ਦੱਸਦਾ ਹੈ ਕਿ ਬੱਚੇ ਸ਼ਹੀਦ ਹੋਣ ਉਪ੍ਰੰਤ ਚਮਕੌਰ ਦੀ ਗੜ੍ਹੀਓਂ ਨਿਕਲ ਕੇ ਮਾਛੀਵਾੜੇ ਵਿੱਚ ਭੁੰਜੇ ਸੁੱਤਿਆਂ ਹੋਇਆਂ ਆਪਣਾ ਖਿਆਲ ਅਕਾਲ ਪੁਰਖ ਪ੍ਰਤੀ ਦਰਸਾਇਆ ਹੈ।

## ਨਿਰਣਾ

ਪਹਿਲਾਂ ਤਾਂ ਉਪ੍ਰੋਕਤ ਦੋਵੇਂ ਸਬੂਤ ਪ੍ਰਸਪਰ ਵਿਰੋਧੀ ਹੋਣ ਕਰਕੇ ਪ੍ਰਮਾਣੀਕ ਸਿੱਧ ਨਹੀਂ ਹੋ ਸਕਦੇ। ਦੂਜੇ ਇਹਨਾਂ ਸਬੂਤਾਂ ਦੀ ਕੋਈ ਪ੍ਰਮਾਣੀਕ ਇਤਿਹਾਸ ਵੀ ਪੁਸ਼ਟੀ ਨਹੀਂ ਕਰਦਾ ਤੇ ਨਾ ਹੀ ਮਿਤ੍ਰ ਪਿਆਰੇ ਵਾਲੇ ਸ਼ਬਦ ਦੀ





ਵਿਚਲੀ "*ਸੂਲ ਸੁਰਾਹੀ ਖੰਜਰ ਪਿਆਲਾ*" ਵਾਲੀ ਰਚਨਾ ਨਾਲ ਮੇਲ ਖਾਂਦੇ ਹਨ, ਜਿਸ ਹਿਤ ਇਸ ਸਬੰਧੀ ਯਥਾਰਥ ਵਿਚਾਰ ਦੀ ਅਤਿਅੰਤ ਲੋੜ ਅਨੁਭਵ ਕਰਕੇ ਹੇਠ ਲਿਖੀ ਸੰਖੇਪਕ ਵੀਚਾਰ ਦਿੱਤੀ ਹੈ।

## ਵੀਚਾਰ

ਉਪ੍ਰੋਕਤ ਸ਼ਬਦ 1428 ਸਫ਼ਿਆਂ ਵਾਲੇ ਪ੍ਰਕਾਸ਼ਤ ਦਸਮ ਗ੍ਰੰਥ ਦੇ ਸਫ਼ਾ 709 ਤੋਂ 712 ਤਕ 10 ਸ਼ਬਦਾਂ ਵਾਲੇ ਸੰਗ੍ਰਹਿ ਵਿੱਚ ਛੇਵਾਂ ਸ਼ਬਦ ਹੈ। ਇਹਨਾਂ ਸ਼ਬਦਾਂ ਦੇ ਸਿਰਲੇਖਾਂ ਨਾਲ ਪਾ:10 ਲਿਖਿਆ ਹੈ ਅਤੇ ਇਹ ਸ਼ਬਦ ਉਪਦੇਸ਼, ਬੇਨਤੀ, ਅਕਾਲ ਉਪਾਸਨਾ ਤਥਾ ਮੂਰਤੀ ਪੂਜਾ ਖੰਡਨ ਰੂਪ ਹਨ ਤੇ ਨਾਲ ਹੀ ਰਾਮਕਲੀ, ਸੋਰਠ, ਕਲਿਆਣ ਆਦਿਕ ਰਾਗਾਂ ਵਿੱਚ ਹਨ, ਪ੍ਰੰਤੂ ਇਹਨਾਂ ਵਿਚੋਂ ਇਸ ਛੇਵੇਂ ਸ਼ਬਦ ਦਾ ਸਿਰਲੇਖ ਇਹਨਾਂ ਤੋਂ ਵਿਲੱਖਣ 'ਖ਼ਿਆਲ ਪਾਤਸ਼ਾਹੀ ੧੦' ਹੈ ਅਤੇ ਇਸ ਵਿਚਲੀ ਭਾਵਨਾ ਵੀ ਦੂਜੇ ਸ਼ਬਦਾਂ ਤੋਂ ਅਸੰਗਤਿ ਬਲਕਿ ਬੋਲੀ ਵੀ ਦੂਜੇ ਸ਼ਬਦਾਂ ਵਾਲੀ ਬ੍ਰਿਜ ਭਾਸ਼ਾ ਦੇ ਉਲਟ ਨਿਰੋਲ ਪੰਜਾਬੀ ਹੈ, ਜਿਸ ਤੋਂ ਸਿੱਧ ਹੋਇਆ ਕਿ ਇਹ ਸ਼ਬਦ ਦਸਮ ਪਾਤਸ਼ਾਹ ਦੀ ਰਚਨਾ ਸਿੱਧ ਕਰਨ ਹਿਤ ਜਾਣ-ਬੁੱਝ ਕੇ ਦੂਜੇ ਸ਼ਬਦਾਂ ਵਿੱਚ ਘੁਸੇੜਿਆ ਗਿਆ ਹੈ ਜੋ ਸੁਤੇ ਹੀ ਕਿਸੇ ਨਸ਼ਿਆਂ ਦੇ ਪ੍ਰੇਮੀ ਵੱਲੋਂ ਵਿੱਛੜੇ ਯਾਰ ਲਈ ਕਵੀ ਨੇ ਖ਼ਿਆਲ ਦਿੱਤਾ ਹੈ ਜਿਸ ਦਾ ਸੰਕੋਚਕ ਵੇਰਵਾ ਹੇਠ ਲਿਖੇ ਅਨੁਸਾਰ ਹੈ -

## ਖ਼ਿਆਲ

ਖ਼ਿਆਲ ਸ਼ਬਦ ਤੋਂ ਧਿਆਨ, ਵਿਚਾਰ, ਸੰਕਲਪ ਆਦਿਕ ਕਈ ਭਾਵ ਲਏ ਜਾ ਸਕਦੇ ਹਨ, ਜਿਵੇਂ ਕਿ -

ਧਿਆਨ : ਤੇਰਾ ਧਿਆਨ ਕਿੱਧਰ ਹੈ, ਤੇਰਾ ਖ਼ਿਆਲ ਕਿੱਧਰ ਹੈ।

ਵਿਚਾਰ : ਤੇਰੀ ਹੁਣ ਕੀ ਵਿਚਾਰ ਹੈ, ਤੇਰਾ ਹੁਣ ਕੀ ਖ਼ਿਆਲ ਹੈ।

ਸੰਕਲਪ : ਮੇਰੇ ਅੰਦਰ ਸੰਕਲਪ ਫੁਰਿਆ, ਮੇਰੇ ਅੰਦਰ ਖ਼ਿਆਲ ਆਇਆ।

ਇਤਿਆਦਿਕ ਹੋਰ ਵੀ ਅਨੇਕਾਂ ਭਾਵ ਲਏ ਜਾ ਸਕਦੇ ਹਨ।

ਨੋਟ - ਮੁਸਲਮਾਨ ਗਵੱਈਏ ਰਾਗ ਗਾਉਣ ਸਮੇਂ ਜਦੋਂ ਵਿੱਚ-ਵਿੱਚ ਅਲਾਪਕ ਪ੍ਰਮਾਣ ਦਿੰਦੇ ਹਨ, ਉਨ੍ਹਾਂ ਨੂੰ ਵੀ 'ਖ਼ਿਆਲ', 'ਦੋਹੜਾ' ਜਾਂ 'ਟੱਪਾ' ਆਖਦੇ ਹਨ।

ਹੁਣ ਲੋੜ ਇਹ ਹੈ ਕਿ "ਯਾਰੜੇ ਦਾ ਸਾਨੂੰ ਸੱਥਰ ਚੰਗਾ" ਵਾਲਾ ਖ਼ਿਆਲ ਜਿਸਨੇ ਪ੍ਰਗਟ ਕੀਤਾ ਹੈ, ਉਹ ਵਿਅਕਤੀ ਦਰਸਾਇਆ ਜਾਵੇ।

ਉਹ ਵਿਅਕਤੀ ਹੀਰ ਹੈ, ਜਿਸਨੇ ਰਾਂਝੇ ਦੇ ਵਿਛੋੜੇ ਵਿੱਚ ਉਪ੍ਰੋਕਤ ਖ਼ਿਆਲ ਪ੍ਰਗਟ ਕੀਤਾ ਹੈ, ਜਿਸ ਸਬੰਧੀ 'ਵਾਰਸਸ਼ਾਹ' ਅਤੇ 'ਦਮੋਦਰ' ਆਦਿਕਾਂ ਵੱਲੋਂ ਕਿੱਸੇ ਵੀ ਬਣੇ ਹੋਏ ਹਨ ਅਤੇ ਭਾਈ ਗੁਰਦਾਸ ਜੀ ਨੇ ਵੀ ਦ੍ਰਿਸ਼ਟਾਂਤ ਵਜੋਂ ਲਿਖਿਆ ਹੈ ਕਿ - "*ਰਾਂਝਾ ਹੀਰ ਵਖਾਣੀਐ ਉਹ ਪਿਰਮ ਪਿਰਾਤੀ*"।

ਹਰੇਕ ਜਾਣਦਾ ਹੈ ਕਿ 'ਰਾਂਝਾ ਜਾਤਿ' ਦਾ ਇੱਕ ਨੌਜੁਆਨ, ਧੀਦੋ ਨਾਮ ਕਰਕੇ ਤਖ਼ਤ ਹਜ਼ਾਰੇ (ਪਾਕਿਸਤਾਨ) ਦਾ ਵਸਨੀਕ ਸੀ ਅਤੇ ਝੰਗ ਸ਼ਹਿਰ (ਪਾਕਿਸਤਾਨ) ਦੀ ਹੀਰ ਨਾਮ ਕਰ ਕੇ, 'ਸਿਆਲ ਜਾਤਿ' ਦੀ ਜੱਟੀ ਚੂਚਕ ਦੀ ਧੀ ਹੈ ਸੀ। ਰਾਂਝੇ ਤੇ ਹੀਰ ਦਾ ਆਪੋ ਵਿੱਚ ਅਥਾਹ ਪਿਆਰ ਪੈ ਗਿਆ, ਪਰ ਮਾਪਿਆਂ ਨੇ ਜ਼ਬਰਦਸਤੀ ਹੀਰ ਦਾ ਵਿਆਹ 'ਰੰਗਪੁਰ ਖੇੜਿਆਂ' ਵਿੱਚ ਕਰ ਦਿੱਤਾ।

ਖੇੜੇ ਇੱਕ ਮੰਨੀ ਪ੍ਰਮੰਨੀ ਉਂਘੀ ਜਾਤਿ ਹੈ ਅਤੇ ਜ਼ਿਲਾ ਝੰਗ ਵਿੱਚ ਇਹਨਾਂ ਦੇ ਨਾਮ ਉੱਤੇ ਰੰਗਪੁਰ ਖੇੜਿਆਂ ਦਾ ਇੱਕ ਪਿੰਡ ਹੈ। ਇਹ ਖੇੜੇ ਭਾਵੇਂ ਸਰਦੇ-ਪੁੱਜਦੇ ਬਹੁਤ ਹੀ ਅਮੀਰ ਸਨ ਪਰ ਹੀਰ ਦਾ ਖ਼ਿਆਲ (ਧਿਆਨ) ਹਰ ਸਮੇਂ ਰਾਂਝੇ ਵੱਲ ਹੀ ਸੀ, ਜਿਸ ਲਈ ਉਹ ਰਾਂਝੇ ਪ੍ਰਤੀ ਆਪਣਾ ਖ਼ਿਆਲ ਇੰਝ ਪ੍ਰਗਟ ਕਰਦੀ ਹੈ ਕਿ ਤੇਰੇ ਵਿਛੋੜੇ ਵਿੱਚ ਇਹ ਰਜਾਈਆਂ ਮੇਰੇ ਵਾਸਤੇ ਰੋਗ 'ਦੁਖਦਾਈ' ਹਨ ਬਲਕਿ ਨਾਗਾਂ ਵਾਂਗੂ ਡੱਸਦੀਆਂ ਹਨ।

ਤੇਰੇ ਵਿਜੋਗ ਵਿੱਚ ਹੁਣ ਮੈਨੂੰ ਸੁਰਾਹੀ (ਸ਼ਰਾਬ ਵਾਲੀ ਮਟਕੀ) ਅਤੇ (ਸ਼ਰਾਬ ਪੀਣ ਵਾਲਾ) ਪਿਆਲਾ ਸੂਲੀ ਅਤੇ ਖੰਜਰ ਦਿੱਸਦੇ ਹਨ।

ਤੇਰਾ ਵਿਛੋੜਾ ਕਸਾਈਆਂ ਦੇ ਬਿੰਗ ਸਹਾਰਣ ਵਾਂਗੂ ਹੈ। ਕਸਾਈ ਲੋਕ ਇੱਕ ਲੋਹੇ ਦਾ ਬਿੰਗ ਜਿਸ ਨੂੰ 'ਸੂਆ' ਵੀ ਆਖਦੇ ਹਨ, ਜੋ ਵਿਚੋਂ ਪੋਲਾ ਹੁੰਦਾ ਹੈ, ਗਰਮ ਕਰਕੇ ਦੁੰਬੇ ਦੀ ਪਿਛਲੀ ਚੱਕੀ ਵਿੱਚ ਖੋਭ ਕੇ ਪੰਘਰੀ ਹੋਈ ਚਰਬੀ ਕੱਢ ਕੇ ਪੀਂਦੇ ਹਨ। ਦੁੰਬਾ ਵਿਚਾਰਾ ਤੜਫਦਾ ਰਹਿੰਦਾ ਹੈ।

'*'ਯਾਰੜੇ ਦਾ ਸਾਨੂੰ ਸੱਥਰ ਚੰਗਾ*' ਭਾਵ ਤੇਰੇ ਕੋਲ ਹੁੰਦਿਆਂ ਸਾਨੂੰ (ਮੈਨੂੰ) ਸੱਥਰ (ਭੁੰਜੇ ਸੌਣਾ) ਵੀ ਚੰਗਾ ਸੁਖਦਾਈ ਸੀ ਪਰ ਖੇੜਿਆਂ ਵਿੱਚ ਰਹਿਣਾ ਮੇਰੇ ਵਾਸਤੇ ਤਪਦਾ-ਬਲਦਾ ਭੱਠ ਹੈ।

ਉਪ੍ਰੋਕਤ ਵਿਛੋੜੇ ਅਤੇ ਮਿਲਾਪ ਦੇ ਦੁਖ-ਸੁਖ ਗੁਰਬਾਣੀ ਵਿੱਚ ਵੀ ਦਰਸਾਏ ਹਨ, ਜਿਵੇਂ ਕਿ -

***ਨਾਨਕ ਬਿਜੁਲੀਆ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ ॥***

***ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ ॥***

(ਸਲੋਕ ਮਾਰੂ ਵਾਰ ਮ: ੫, 1102)





ਭਾਵ - ਉਪ੍ਰੋਕਤ ਭਿਆਨਕ ਦ੍ਰਿਸ਼ ਵੀ ਪਿਰੀ (ਪਰਮਾਤਮਾ) ਦੇ ਮਿਲਾਪ ਨਾਲ ਸੁਖਦਾਈ ਹੈ, ਇਸਦੇ ਉਲਟ

***ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ ॥***

***ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ ॥***

***ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ ॥***

(ਮਾਰੂ ਵਾਰ ਮ: ੫, 1102)

ਭਾਵ - ਉਪ੍ਰੋਕਤ ਸੁਹਾਵਣਾ ਅਤੇ ਮਨੋਰੰਜਕ ਦ੍ਰਿਸ਼ ਵੀ ਪ੍ਰਭੂ ਵਿਛੋੜੇ ਵਿੱਚ ਦੁਖਦਾਈ ਹੈ।

***ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥***

***ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥***

(ਸਲੋਕ ਵਾਰਾਂ ਤੇ ਵਧੀਕ ਮ: ੫, 1425)

ਹੁਣ ਪਾਠਕ ਆਪ ਹੀ ਵਿਚਾਰਨ ਕਿ ਇੱਕ ਗੋਰੀ, ਚਿੱਟੀ ਚਮੜੀ ਨਾਲ ਪਿਆਰ ਕਰਨ ਵਾਲੀ ਜੱਟੀ ਹੀਰ ਦਾ ਵਿਜੋਗੀ ਖ਼ਿਆਲ ਕਿੱਥੇ ਤੇ ਨਿਰੰਕਾਰ, ਅਕਾਲ ਪੁਰਖ ਪ੍ਰੀਤਮ ਦੇ ਪ੍ਰੇਮੀਆਂ ਦਾ ਪਿਆਰ ਕਿੱਥੇ।

ਇੱਕ ਹੋਰ ਗੱਲ ਇਹ ਕਿ ਮਿਤ੍ਰ ਪਿਆਰੇ ਵਾਲੇ ਸ਼ਬਦ ਵਿੱਚ "ਸੂਲ ਸੁਰਾਹੀ ਖੰਜਰ ਪਿਆਲਾ", ਜੋ ਮੁਹਾਵਰਾ ਵਰਤਿਆ ਹੈ, ਉਸਦਾ ਅਰਥ ਪਾਣੀ ਵਾਲੀ ਸੁਰਾਹੀ ਤਾਂ ਹੋ ਹੀ ਨਹੀਂ ਸਕਦਾ। ਤਾਂ ਤੇ ਇਹ ਮੁਹਾਵਰਾ ਕੋਈ ਸ਼ਰਾਬ ਪੀਣ ਵਾਲਾ ਸ਼ਰਾਬੀ ਤੇ ਵਿੱਸ਼ਈ ਹੀ ਯਾਰ ਦੇ ਵਿਛੋੜੇ ਵਿੱਚ ਵਰਤ ਸਕਦਾ ਹੈ ਜੋ ਹੀਰ ਜੱਟੀ ਨੇ ਰਾਂਝੇ ਯਾਰ ਦੇ ਵਿਛੋੜੇ ਵਿੱਚ ਵਰਤਿਆ, ਜਿਸ ਨੂੰ ਕਵੀ ਨੇ ਕਵਿਤਾ ਦਾ ਰੂਪ ਦਿੱਤਾ ਹੈ। ਪਰ ਧੰਨ ਹਨ ਅਜੋਕੇ ਉਹ ਗੁਰਸਿੱਖ ਵੀਰ ਜੋ ਬਿਨਾ ਵਿਚਾਰੇ ਹੀਰ ਜੱਟੀ ਦੇ ਖ਼ਿਆਲ ਆਦਿਕ ਕੱਚੀਆਂ ਬਾਣੀਆਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਝੂਮ-ਝੂਮ ਕੇ ਪੜ੍ਹਦੇ ਹੋਏ ਫੁੱਲੇ ਨਹੀਂ ਸਮਾਉਂਦੇ, ਹਾਲਾਂਕਿ ਭੱਠ ਖੇੜਿਆਂ ਦਾ ਰਹਿਣਾ ਅਤੇ 'ਸੁਰਾਹੀ-ਪਿਆਲਾ' ਕੇਵਲ ਹੀਰ ਹੀ ਆਖ ਸਕਦੀ ਹੈ।

ਮੁੱਕਦੀ ਗੱਲ, ਸੁਰਾਹੀ ਅਤੇ ਪਿਆਲਾ ਤਥਾ ਖੇੜੇ ਆਦਿਕ ਸ਼ਬਦਾਂ ਦੀ ਵਰਤੋਂ ਗੁਰੂ ਪਾਤਸ਼ਾਹ ਕਦੇ ਵੀ ਨਹੀਂ ਕਰ ਸਕਦੇ। ਇਹ ਕੇਵਲ ਨਸ਼ਿਆਂ ਦੇ ਪ੍ਰੇਮੀ ਸਾਕਤ ਮਤੀਏ ਕਵੀ ਨੇ ਗੁਰਸਿੱਖਾਂ ਨੂੰ ਧੋਖਾ ਦਣ ਵਾਸਤੇ ਆਪਣੀ ਰਚਨਾ ਗੁਰੂ ਪਾਤਸ਼ਾਹ ਵੱਲੋਂ ਦਰਸਾਉਣ ਹਿਤ 'ਮਿਤ੍ਰ ਪਿਆਰੇ' ਵਾਲੇ ਦਾ

ਸਿਰਲੇਖ ਪਾ:10 ਲਿਖਿਆ ਹੈ।

ਨੋਟ - ਪਾਠਕਾਂ ਨੂੰ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਜੋ ਬੀੜ ਸਭ ਤੋਂ ਪਹਿਲਾਂ ਭਾਈ ਮਨੀ ਸਿੰਘ ਵਾਲੀ 1770 ਵਿੱਚ ਲਿਖੀ ਦੱਸੀ ਜਾਂਦੀ ਹੈ ਅਤੇ ਗੁਰਪੁਰਵਾਸੀ ਰਾਜਾ ਗੁਲਾਬ ਸਿੰਘ ਸੇਠੀ ਦੇ ਘਰ ਦਿੱਲੀ ਵਿੱਚ ਸੀ ਹੁਣ ਨਹੀ ਹੈ। ਉਸ ਵਿੱਚ ਉਪ੍ਰੋਕਤ "ਮਿਤ੍ਰ ਪਿਆਰੇ" ਵਾਲਾ ਗੀਤ ਸ਼ਬਦ ਹਜ਼ਾਰੇ ਵਾਲੇ 10 ਸ਼ਬਦਾਂ ਸਮੇਤ ਹੈ ਹੀ ਨਹੀਂ।

ਕਈ ਬੀੜਾਂ ਵਿੱਚ ਉਪ੍ਰੋਕਤ "ਮਿਤ੍ਰ ਪਿਆਰੇ" ਵਾਲੇ ਖ਼ਿਆਲ ਪਾਤਸ਼ਾਹੀ ੧੦ ਨੂੰ ਛੱਡ ਕੇ ਕੇਵਲ 9 ਸ਼ਬਦ ਹੀ ਹਨ।

ਫਿਰ ਕਈ ਬੀੜਾਂ ਵਿੱਚ ਮੁਰੀਦਾਂ ਦੀ ਥਾਵੇਂ "*ਹਾਲ ਫਕੀਰਾਂ ਦਾ*" ਲਿਖਿਆ ਹੈ। ਸੱਚ ਪੁੱਛੋ ਤਾਂ ਉਪ੍ਰੋਕਤ ਸੰਗ੍ਰਹਿ ਵਾਲੇ ਸਾਰੇ 10 ਸ਼ਬਦ ਹੀ ਦਸ਼ਮੇਸ਼ ਰਚਨਾ ਮੰਨਣ ਸਬੰਧੀ ਦੀਰਘ ਵਿਚਾਰ ਗੋਚਰੇ ਹਨ।

***ਤਿਲੰਗ ਕਾਫੀ ੧੦*** (ਪੰਨਾ 711, ਦਸਮ ਗ੍ਰੰਥ)

***ਕੇਵਲ ਕਾਲ ਈ ਕਰਤਾਰ।***

***ਆਦਿ ਅੰਤ ਅਨੰਤ ਮੂਰਤਿ ਗੜਨ ਭੰਜਨਹਾਰ। ....***

ਕਵੀ ਕਾਲ ਨੂੰ ਕਰਤਾਰ ਕਹਿੰਦਾ ਹੈ। ਗੁਰਬਾਣੀ ਅਕਾਲ ਪੁਰਖ ਨੂੰ ਕਰਤਾਰ ਜਾਂ ਕਰਤਾ ਪੁਰਖ ਕਹਿੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਕਾਲ ਨੂੰ ਕਰਤਾਰ ਨਹੀਂ ਮੰਨ ਸਕਦੇ। ਰਚਨਾ ਕਵੀ ਦੀ ਸਿੱਧ ਹੁੰਦੀ ਹੈ।

ਦਸਮ ਗ੍ਰੰਥ ਦੀਆਂ ਰਚਨਾਵਾਂ ਦੀ ਵਿਚਾਰ ਕਰਦੇ ਹੋਏ ਅਸੀਂ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ ਕਵੀ ਰਚਨਹਾਰ ਕਰਤਾਰ ਕਾਲ ਨੂੰ ਹੀ ਸਮਝਦਾ ਹੈ। ਗੁਰਬਾਣੀ ਇੱਕ ਏਕੰਕਾਰ ਜੋਤਿ ਰੂਪ ਪਾਰਬ੍ਰਹਮ ਨੂੰ ਅਕਾਲ ਪੁਰਖ ਕਹਿੰਦੀ ਹੈ। ਤੇ ਗੁਰਬਾਣੀ ਉਪਦੇਸ਼ ਅਨੁਸਾਰ ਅਕਾਲ ਪੁਰਖ, ਹੀ ਸਭ ਸੰਸਾਰ ਦਾ ਕਰਤਾ ਹੈ। ਇਹ ਰਚਨਾ ਤਿਲੰਗ ਕਾਫੀ ਗੁਰਬਾਣੀ ਉਪਦੇਸ਼ ਦੇ ਵਿਰੁੱਧ ਹੈ।

ਰਾਮਕਲੀ ਪਾ:10 ਦੇ ਹੋਰ ਸ਼ਬਦ ਵੀ ਕਾਲ ਨੂੰ ਪ੍ਰਭੂ ਸਮਝ ਕੇ ਉਚਾਰੇ ਗਏ ਪ੍ਰਤੀਤ ਹੁੰਦੇ ਹਨ। ਪਾ:10 ਨੇ ਕੋਈ ਬਾਣੀ ਰਚੀ ਹੁੰਦੀ ਤਾਂ ਉਹ ਗੁਰੂ ਗ੍ਰੰਥ ਸਾਹਿਬ ਵਿੱਚ ਨਾਨਕ ਛਾਪ ਨਾਲ ਦਰਜ ਕਰ ਦਿੰਦੇ।



# 8. ੩੩ ਸਵੈਯੇ

(ਦਸਮ ਗ੍ਰੰਥ ਪੰਨਾ 712 - 716)

***੧ੳ ਵਾਹਿਗੁਰੂ ਜੀ ਕੀ ਫਤਹ॥***

***ਸ੍ਰੀ ਮੁਖਵਾਕ ਸ੍ਵੈਯਾ : ਪਾ:੧੦***

*ਤੇਤੀ ਸਵੈਯੇ*

ਤੇਤੀ ਸਵੈਯਾਂ ਵਿੱਚ ਕਵੀ ਸਪਸ਼ਟ ਰੂਪ ਵਿੱਚ ਆਪਣੇ ਆਪ ਨੂੰ ਕਾਲ ਦਾ ਪੁਜਾਰੀ ਦੱਸਦਾ ਹੈ। ਅਸੀਂ ਦੋ ਸਵੈਯਾ ਦੀ ਵਿਚਾਰ ਸੰਖੇਪ ਵਿੱਚ ਕਰਦੇ ਹਾਂ।

*ਪਦਾ 24*

*ਕਾਲ ਹੀ ਪਾਇ ਭਇਓ ਬ੍ਰਹਮਾ ਗਹਿ ਦੰਡ ਕਮੰਡਲ ਭੂਪ ਭ੍ਰਤਾਨਯੋ॥*

*(ਕਾਲ ਦੇ ਹੁਕਮ ਨਾਲ ਹੀ ਬ੍ਰਹਮਾ ਹੋਇਆ ਜੋ ਡੰਡਾ ਕਮੰਡਲ ਫੜ ਕੇ ਧਰਤੀ ਪੁਰ ਫਿਰਦਾ ਰਿਹਾ ਹੈ।)*

*ਕਾਲ ਹੀ ਪਾਇ ਸਦਾ ਸ਼ਿਵਜੂ*

*ਸਭ ਦੇਸ ਬਿਦੇਸ ਭਇਆ ਹਮ ਜਾਨਯੋ॥*

*ਕਾਲ ਹੀ ਪਾਇ ਭਯੋ ਮਿਟ ਗਯੋ ਜਗ ਯਾਹੀ ਤੇ ਤਾਹਿ ਸਭੋ ਪਹਿਚਾਨਯੋ॥*

*ਬੇਦ ਕਤੇਬ ਕੇ ਭੇਦ ਸਭੈ ਤੰਜਿ ਕੇਵਲ ਕਾਲ ਕ੍ਰਿਪਾ ਨਿਧ ਮਾਨਯੋ॥*

*(ਕਾਲ ਦਾ ਹੁਕਮ ਪਾ ਕੇ ਹੀ ਵਿਸ਼ਨੂੰ ਹੋਇਆ ਹੈ, ਅਤੇ ਮਿਟ ਗਿਆ ਹੈ, (ਯਾਹੀ ਤੇ) ਇਸੇ ਕਰਕੇ ਹੀ ਉਸੇ ਕਾਲ ਨੂੰ ਅਸਾਂ ਸਾਰੇ ਰੂਪਾਂ ਵਿੱਚ ਪਛਾਨਿਆ ਹੈ। ਵੇਦਾਂ ਕਤੇਬਾਂ (ਦੇ ਦੱਸੇ ਹੋਏ) ਸਾਰੇ ਭੇਦ ਫਰਕ ਛੱਡ ਕੇ ਅਸਾਂ ਕਾਲ ਨੂੰ ਹੀ ਕ੍ਰਿਪਾ ਦਾ ਸਮੁੰਦਰ ਮੰਨਿਆਂ ਹੈ।)*

*ਪਦਾ 25*

*ਕਾਲ ਗਯੋ ਇਨ ਕਾਮਨ ਸਿਓ ਜੜ ਕਾਲ ਕ੍ਰਿਪਾਲ ਹੀਐ ਨ ਚਿਤਾਰਯੋ॥ ਲਾਜ ਕੋ ਛਾਡਿ ਨ੍ਰਿਲਾਜ ਅਰੇ ਤਜ ਕਾਜ ਅਕਾਜ ਕੋ ਕਾਜ ਸਵਾਰਯੋ॥ ਬਾਜ ਬਨੇ ਰਾਜਰਾਜ ਬਡੋ ਖਰ ਕੋ ਚੜਿਬੋ ਚਿਤ*

*ਬੀਚ ਬਿਚਾਰਯੋ।। ਸ੍ਰੀ ਭਗਵੰਤ ਭਜਾਯੋ ਨ ਅਰੇ ਜੜ ਲਾਜ ਹੀ ਲਾਜ ਸੁ ਕਾਜੁ ਬਿਗਾਰਯੋ।।*

*(ਹੇ ਜੜ ਇਨ੍ਹਾਂ ਕੰਮਾਂ ਨਾਲ ਹੀ ਸਮਾਂ ਬੀਤ ਗਿਆ ਹੈ ਤੇ ਕਾਲ ਕ੍ਰਿਪਾਲ ਦਿਲ ਵਿੱਚ ਯਾਦ ਨਹੀ ਕੀਤਾ ਹੈ। ਮੂਰਖ ਸ਼ਰਮ ਨੂੰ ਛੱਡ ਕੇ ਬੇਸ਼ਰਮ (ਹੋ ਰਿਹਾਂ ਹੈ ਅਤੇ) ਚੰਗੇ ਕਰਮਾਂ ਦਾ ਕਰਨਾ ਛੱਡ ਕੇ, ਨਾ ਕਮ ਔਣ ਵਾਲੇ ਬੁਰੇ ਕੰਮਾਂ ਨੂੰ ਕਰ ਰਿਹਾ ਹੈ। (ਉਹੀ ਗੱਲ ਕੀਤੀ, ਕਿ ਤੇਰੇ ਕੋਲ) ਵੱਡੇ (ਸੁੰਦਰ) ਘੋੜੇ ਤੇ ਰਾਜ ਹਾਥੀ ਸ਼ੋਭ ਰਹੇ ਹਨ। ਪਰ ਤੂੰ ਉਹਨਾਂ ਨੂੰ ਛੱਡ ਕੇ ਖੋਤੇ ਉੱਤੇ ਚੜਨ ਦਾ ਵਿਚਾਰ ਚਿੱਤ ਵਿੱਚ ਕੀਤਾ ਹੈ। ਹੇ ਮੂਰਖ ਸ੍ਰੀ ਭਗਵੰਤ (ਕਵੀ ਕਾਲ ਨੂੰ ਸ੍ਰੀ ਭਗਵੰਤ ਕਹਿੰਦਾ ਹੈ), ਦਾ ਭਜਨ ਨਹੀ ਕੀਤਾ ਹੈ ਅਤੇ ਸ਼ਰਮ ਹੀ ਸ਼ਰਮ ਵਿੱਚ ਕੰਮ ਨੂੰ ਵਿਗਾੜ ਲਿਆ ਹੈ।)*

*ਉਪਰ ਦਿੱਤੀ ਕਵੀ ਦੀ ਵਿਚਾਰ ਤੋ ਸਪਸ਼ਟ ਹੈ ਕਿ ਇਹ ਕਾਲ ਦੇ ਪੁਜਾਰੀ ਕਵੀ ਦੀ ਰਚਨਾਂ ਹੈ।*

*ਇਹ ਰਚਨਾ ਇਕੋ ਇੱਕ ਅਬਿਨਾਸੀ ਹਸਤੀ, ਅਕਾਲ ਪੁਰਖ ਜਾਨਣ ਪਛਾਨਣ ਤੇ ਸਿਮਰਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੀ ਨਹੀ।*



# 9. ਖਾਲਸਾ ਮਹਿਮਾ

(ਦਸਮ ਗ੍ਰੰਥ, ਪੰਨਾ 716)

***ੴ ਸ੍ਰੀ ਵਹਿਗੁਰੂ ਜੀ ਕੀ ਫਤਹ***

ਸ਼੍ਰੀ ਮੁਖਵਾਕ ਪਾਤਿਸ਼ਾਹੀ "10"

ਛਾਪੇ ਦੇ ਗ੍ਰੰਥ ਵਿਚ ਸਿਰਲੇਖ ਖਾਲਸਾ ਮਹਿਮਾ ਨਹੀ ਲਿਖਿਆ। ਪੰਡਿਤ ਨਰੈਣ ਸਿੰਘ ਦੇ ਟੀਕੇ ਵਿੱਚ ਖਾਲਸਾ ਮਹਿਮਾ ਦੀ ਉਥਾਨਕਾ ਨੋਟ ਰੂਪ ਵਿੱਚ ਪੰਡਿਤ ਜੀ ਨੇ ਲਿਖੀ ਹੈ।

ਨੋਟ- ਪੰਡਤਾਂ ਦੇ ਪਾਜ ਉਘੇੜਨ ਲਈ ਸਤਿਗੁਰੂ ਜੀ ਨੇ ਨੈਨਾਂ ਦੇਵੀ ਤੇ ਯੱਗ ਕਰਨਾ ਅਰੰਭ ਕੀਤਾ, ਨਿਯਤ ਕੀਤੇ ਹੋਏ ਸਮੇ ਨਾਲੋ ਭੀ ਬਹੁਤ ਜਿਆਦਾ ਸਮਾ ਗੁਜਰ ਜਾਣ ਪੁਰ ਸਤਿਗੁਰੂ ਜੀ ਨੇ ਕੇਸ਼ਵ ਦਾਸ ਪੰਡਤ ਨੂੰ ਕਿਹਾ- ਕੀ ਕਾਰਣ ਹੈ, ਜੋ ਅਜੇ ਤਕ ਦੁਰਗਾ ਪ੍ਰਗਟ ਨਹੀਂ ਹੋਈ। ਪੰਡਿਤ ਨੇ ਸੋਚਿਆ ਅਜਿਹਾ ਪੱਜ ਲਾਈਏ, ਜਿਸ ਨੂੰ ਗੁਰੂ ਜੀ ਪੂਰਾ ਨਾ ਕਰ ਸਕਨ ਤੇ ਸਾਨੂੰ ਝੂਠਾ ਨਾ ਹੋਣਾ ਪਵੇ। ਇਸ ਲਈ ਉਸ ਨੇ ਕਹਿ ਦਿੱਤਾ-ਹੁਣ ਭਗਵਤੀ ਦੇ ਪਰਗਟ ਹੋਣ ਦੇ ਚਿੰਨ੍ਹ ਪਰਗਟ ਹੋ ਰਹੇ ਹਨ ਕੇਵਲ ਕੁਲੀਨਂ ਪੁਰਸ਼ ਦੀ ਬਲੀ ਦੇਣ ਦੀ ਲੋੜ ਹੈ। ਆਪ ਕੋਈ ਕੁਲੀਨ ਪੁਰਸ਼ ਮੰਗਵਾਓ, ਜਿਸਦੀ ਬਲੀ ਦਿੰਦਿਆਂ ਹੀ ਦੁਰਗਾ ਪਰਗਟ ਹੋ ਪਏਗੀ। ਇਹ ਸੁਣਦਿਆਂ ਹੀ ਸਤਿਗੁਰੂ ਜੀ ਨੇ ਫਰਮਾਨ ਕੀਤਾ ਕਿ ਆਪ ਦੇ ਹੁੰਦਿਆਂ ਮੈਨੂੰ ਹੋਰ ਕਿਸੇ ਕੁਲੀਨ ਦੀ ਆਵਸ਼ਕਤਾ ਹੀ ਕੀ ਹੈ। ਆਪਦੀ ਬਲੀ ਦੇਕੇ ਦੁਰਗਾ ਪਰਗਟ ਕਰਦਾ ਹਾਂ, ਅਤੇ ਭਗਵਤੀ ਤੋ ਵਰ ਲੈਕੇ ਫਿਰ ਆਪ ਨੂੰ ਜੀਂਉਂਦਾ ਕਰ ਲਾਵਾਂਗਾਂ। ਇਹ ਸੁਣਕੇ ਪੰਡਿਤ ਦੀ ਖਾਨਿਉ ਗਈ, ਝੱਟ ਇਸ਼ਨਾਨ ਦੇ ਬਾਹਨੇ ਪਹਾੜ ਤੋਂ ਹੇਠਾਂ ਉਤਰਿਆ, ਤੇ ਹਵਾ ਦਾ ਰੂਪ ਹੋ ਕੇ ਲਾ ਪਤਾ ਹੋ ਗਿਆ। ਕੇਸ਼ਵ ਦਾਸ ਨੂੰ ਗੁੰਮ ਹੁੰਦਾ ਵੇਖ ਕੇ ਅਤੇ ਉਸ ਨਾਲ ਹੋਏ ਬਚਨ ਬਿਲਾਸਾਂ ਨੂੰ ਯਾਦ ਕਰਦੇ, ਦੂਜੇ ਬ੍ਰਹਮਨਾ ਨੂੰ ਭੀ ਜਾਨ ਦੇ ਲੱਾਲੇ ਪੈ ਗਏ, ਉਹ ਭੀ ਕਈ ਤਰ੍ਹਾਂ ਦੇ ਹੀਲੇ ਬਹਾਨੇ ਬਣਾਕੇ ਖਿਸਕ ਗਏ। ਅੰਤ ਨੂੰ ਹਵਨ ਦੀ ਸਮਗ੍ਰੀ ਦੇ ਢੇਰ ਦੇ ਕੋਲ ਸਾਹਿਬ ਸ਼੍ਰੀ ਗੋਬਿੰਦ ਸਿੰਘ ਜੀ ਸਵਾ ਲਖ (ਇਕੱਲੇ) ਹੀ ਨੈਂਨਾ ਦੇਵੀ ਦੇ ਮੰਦਰ

ਕੋਲ ਰਹਿ ਗਏ। ਆਪ ਜੀ ਨੇ ਪੰਡਤਾਂ ਦਾ ਛਲ-ਫਰੇਬ ਤੇ ਕਪਟ ਵੇਖ ਲਿਆ, ਉਸੇ ਵੇਲੇ ਹੀ ਸਾਰੀ ਸਾਮਗਰੀ ਕੁੰਡ ਦੇ ਵਿਚ ਸੁਟ ਦਿਤੀ। ਜਿਸਦੀ ਬੁਲੰਦ ਲਾਟ ਚੌਂਹ: ਕੁੰਟਾਂ ਵਿੱਚ ਦੂਰ-ਦੂਰ ਤਕ ਨਿਕਲੀ ਦਿਸਦੀ ਸੀ। ਭਜੇ ਜਾਂਦੇ ਕੇਸ਼ਵ ਦਾਸ ਨੂੰ ਅਨੁਮਾਨ ਹੋਇਆ ਕਿ ਦੇਵੀ ਪਰਗਟ ਹੋ ਗਈ ਹੈ, ਜਿਸਦਾ ਪ੍ਰਕਾਸ਼ ਇਹ ਚਮਕ ਰਿਹਾ ਹੈ, ਇਹ ਖਿਆਲ ਆਉਂਦਿਆਂ ਹੀ ਪਿਛੇ ਨੂੰ ਮੁੜ ਪਿਆ ਤੇ ਆਨੰਦ ਪੁਰ ਆ ਗਿਆ। ਹਵਨ ਦੀ ਸਾਰੀ ਸਾਮਗਰੀ ਇਕੋ ਵਾਰੀ ਅਗਨਿ ਵਿੱਚ ਪਾ ਕੇ ਸ਼੍ਰੀ ਗੁਰੂ ਜੀ ਭਗਉਂਤੀ (ਤਲਵਾਰ) ਨੂੰ ਹਥ ਵਿੱਚ ਫੜੇ ਹੋਏ ਅਨੰਦਪੁਰ ਆ ਗਏ, ਅਤੇ ਇਥੇ ਜੋ ਕੁਝ ਜਗੱ ਦੀ ਸਾਮਗਰੀ ਸੀ, ਉਹ ਸਭ ਨੂੰ ਵਰਤਾ ਦਿੱਤੀ। ਏਨੇ ਨੂੰ ਕੇਸ਼ਵ ਦਾਸ ਨੇ ਆਨ ਕੇ ਕਿਹਾ ਕਿ ਦੁਰਗਾ ਨੂੰ ਪਰਗਟ ਕਰਾਕੈ, ਮੈ ਆਪ ਜੀ ਨੂੰ ਏਡੇ ਪ੍ਰਤਾਪ ਵਾਲਾ ਕੀਤਾ ਹੈ, ਪਰ ਆਪ ਜੀ ਨੇ ਮੇਨੂੰ ਤਾਂ ਕਿਤੇ ਰਿਹਾ ਕਿਸੇ ਹੋਰ ਬ੍ਰਾਹਮਨ ਨੂੰ ਭੀ ਕੁਝ ਨਹੀ ਦਿੱਤਾ, ਅਤੇ ਜਿਹੜੇ ਪਦਾਰਥ ਸਾਡੇ ਹੱਕ ਦੇ ਸਨ, ਉਹ ਭੀ ਇਨ੍ਹਾਂ ਸ਼ੂਦਰ ਸਿੱਖਾਂ ਨੂੰ ਵੰਡ ਦਿੱਤੇ ਹਨ। ਇਹ ਆਪ ਨੇ ਯੋਗ ਨਹੀ ਕੀਤਾ। ਸਤਿਗੁਰੂ ਜੀ ਨੇ ਉਸ ਵੇਲੇ ਖਾਲਸੇ ਦੀ ਉਪਮਾ ਵਿੱਚ ਇਹ ਸ਼ਬਦ ਉਚਾਰੇ ਸਨ।

**ਇਸ ਨੋਟ ਮੁਤਾਬਕ ਪੰਡਤ ਕੇਸ਼ਵ ਦਾਸ ਸਿੱਖਾਂ ਨੂੰ ਸ਼ੂਦਰ ਕਹਿੰਦਾ ਸੀ।** ਹਿੰਦੂ ਸਮਾਜ ਵਿੱਚ ਜਾਤਪਾਤ ਦਾ ਭੇਦ ਦਸ ਗੁਰੂ ਪਾਤਸ਼ਾਹੀਆਂ ਨੇ ਮਿਟਾ ਦਿੱਤਾ ਸੀ। ਸਭ ਜਾਤੀਆਂ ਦੇ ਮਨੁਖ ਨਰ ਨਾਰੀ ਗੁਰੂ ਦਰਬਾਰ ਵਿੱਚ ਸੰਗਤਿ ਰੂਪ ਵਿਚ ਬੈਠਦੇ ਸਨ ਤੇ ਗੁਰੂ ਜੀ ਸਭ ਜਾਤੀਆਂ ਨੂੰ ਇੱਕ ਹੀ ਗੁਰਉਪਦੇਸ਼ ਦਿੰਦੇ ਸਨ।

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਝਾ।।*
*ਗੁਰਮੁਖਿ ਨਾਮੁ ਜਪੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ।।*
(ਪੰਨਾ 747 ਗੁਰੂ ਗ੍ਰੰਥ ਸਾਹਿਬ)

ਵੇਦ ਮਤ ਅਨੁਸਾਰ ਬ੍ਰਾਹਮਣ ਸਭ ਤੋਂ ਉੱਚੀ ਜਾਤੀ ਹੈ, ਗਿਆਨ ਦਾਤਾ ਹੈ ਤੇ ਗੁਰੂ ਹੈ। ਖਤ੍ਰੀ ਸਦਾ ਦੇਸ ਦੀ ਰਖਿਆ ਲਈ ਜੰਗੀ ਸਿਖਿਆ ਸਿਖਦੇ ਹਨ, ਤੇ ਧਰਮਯੁਧ ਵਿੱਚ ਜਾਨਾਂ ਵਾਰਦੇ ਸਨ। ਹੋਰ ਜਾਤੀਆਂ ਸ਼ੂਦਰ ਨੂੰ ਛੋਹਦੇਂ ਨਹੀ, ਸ਼ੂਦਰ ਨੂੰ ਮੰਦਰ ਵਿੱਚ ਜਾਨ ਦਾ ਤੇ ਭਗਤੀ ਦਾ ਹੱਕ ਨਹੀ।

ਇਹ ਰਚਨਾ ਪੰਡਤ ਕੇਸ਼ਵ ਦਾਸ ਨੂੰ ਮੁਖਾਤਬ ਕਰ ਕੇ ਪ:10 ਦੀ ਉਚਾਰੀ ਦਰਸਾਈ ਗਈ ਹੈ। ਅਸੀ ਕੁਝ ਪਦਿਆ ਦੇ ਅਰਥ ਕਰਦੇ ਹਾਂ।

**ਸਵੈਯਾ**

*ਜੋ ਕਛੁ ਲੇਖ ਲਿਖਿਓ ਬਿਧਨਾ ਸੋਈ ਪਾਈਯਤ ਮਿਸ਼ਰਜੂ ਸ਼ੋਕ*





*ਨਿਵਾਰੋ।। ਮੇਰੋ ਕਛੂ ਅਪਰਾਧ ਨਹੀ ਗਯੋ ਯਾਦ ਤੇ ਭੂਲ ਨਹ ਕੋਪੁ ਚਿਤਾਰੋ।। ਬਾਗੋ ਨਿਹਾਲੀ ਪਠੈ ਦੈਹੋ ਆਜੁ ਭਲੇ ਤੁਮ ਕੋ ਨਿਸਚੈ ਜੀਅ ਧਾਰੋ।। ਛੱਤ੍ਰੀ ਸਭੈ ਕ੍ਰਿਤ ਬਿੱਪਨ ਕੇ ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ।।੧।।*

1 ਜੋ ਕੁਝ ਵਿਧਾਤਾ ਨੇ ਲੇਖ ਲਿਖਿਆ ਹੈ, ਉਹੀ ਮਿਲਦਾ ਹੈ, ਹੇ ਮਿਸਰ ਜੀ। ਸ਼ੋਕ ਦੂਰ ਕਰ ਦਿਉ। ਇਸ ਵਿੱਚ ਮੇਰਾ ਕੋਈ ਅਪਰਾਧ ਨਹੀਂ। ਤੂੰ ਆਪ ਹੀ ਭਜੱ ਗਿਆ ਸੀ। ਤੈਨੂੰ ਸਭ ਯਾਦ ਹੈ। ਭੁੱਲ ਨਹੀ ਗਿਆ। ਹੁਣ ਮੇਰੇ ਵਲ ਕਰੋਧ ਭਰੇ ਨੈਣਾ ਨਾਲ ਨਾ ਵੇਖੋ।

2 ਮੈ ਅਜੇ ਹੀ ਤੈਨੂੰ ਚੰਗੇ ਚੰਗੇ ਪੋਸ਼ਾਕੇ ਤੇ ਬਿਸਤਰੇ ਭੇਜ ਦਿੰਦਾ ਹਾਂ, ਇਸ ਗਲ ਉਤੇ ਭਰੋਸਾ ਰਖ।

3 ਜਿਨਾ ਨੂ ਸੂਦਰ ਕਹਿੰਦੇ ਹੋ ਇਹ ਸਾਰੇ ਛਤ੍ਰੀ ਹਨ, ਅਤੇ ਬ੍ਰਹਮਨਾ ਦੇ ਕਰਮ ਕਰਨ ਵਾਲੇ ਹਨ, ਇਸ ਲਈ ਇਨਾਂ ਉਤੇ ਕ੍ਰਿਪਾ ਦੀ ਨਜਰ ਕਰ ਕੇ ਵੇਖੋ।

**ਅਸੀਂ ਵਿਚਾਰ ਕਰੀਏ**

1. ਕੀ ਬ੍ਰਹਮਣ ਦੀ ਹਿੰਮਤ ਹੋ ਸਕਦੀ ਸੀ ਕਿ ਗੁਰੂ ਜੀ ਵਲ ਕ੍ਰੋਧ ਭਰੇ ਨੇਣਾਂ ਨਾਲ ਵੇਖੇ ?

2. ਕੀ ਗੁਰੂ ਜੀ ਬ੍ਰਹਮਣ ਨੂੰ ਦਾਨ ਦਿੰਦੇ ਸਨ ? ਗੁਰੂ ਜੀ ਤਾਂ ਉੱਚੀ ਨੀਂਵੀ ਜਾਤੀ ਨੂੰ ਇਕੋ ਜਿਹੇ ਦੇਖਦੇ ਸਨ।

3. ਕੀ ਗੁਰੂ ਜੀ ਬ੍ਰਹਮਣ ਨੂੰ ਕਹਿ ਸਕਦੇ ਸਨ ਕਿ ਜਿਨਾਂ ਗੁਰਸਿੱਖਾ ਨੂੰ ਤੁਸੀ ਸ਼ੂਦਰ ਕਹਿੰਦੇ ਹੋ, ਇਹ ਸਾਰੇ ਛਤ੍ਰੀ ਹਨ। ਕੀ ਗੁਰਸਿੱਖ ਛਤ੍ਰੀ ਹਨ ? ਗੁਰੂ ਜੀ ਨੇ ਜਾਤਪਾਤ ਦਾ ਭੇਦ ਗੁਰੂ ਨਾਨਕ ਦੇ ਸਮੇ ਤੋ ਮਿਟਾ ਚੁਕੇ ਸਨ।

ਇਸ ਤਰ੍ਹਾਂ ਦੀ ਰਚਨਾ ਗੁਰੂ ਜੀ ਨੇ ਉਚਾਰੀ ਹੋਵੇ, ਇਹ ਮੁਮਕਿਨ ਨਹੀਂ।

***ਜੁਧ ਜਿਤੇ ਇਨਹੀ ਕੇ ਪ੍ਰਸਾਦ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।।***
***ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ***
***ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।।***

*(ਇਹਨਾਂ ਸਿੱਖਾਂ ਦੀ ਕਿਰਪਾ ਦੇ ਨਾਲ ਹੀ ਜੰਗ ਜਿੱਤੇ ਹਨ ਅਤੇ ਇਹਨਾਂ ਸਿੱਖਾਂ ਦੀ ਕਿਰਪਾ ਨਾਲ ਹੀ ਦਾਨ ਕੀਤੇ ਹਨ। ਇਹਨਾਂ ਸਿੱਖਾਂ ਦੀ ਕ੍ਰਿਪਾ ਨਾਲ ਸਾਰੇ ਪਾਪ ਮਿੱਟ ਗਏ ਹਨ ਅਤੇ ਇਹਨਾਂ ਸਿੱਖਾਂ ਦੀ ਕ੍ਰਿਪਾ ਨਾਲ ਹੀ ਪਦਾਰਥਾਂ ਨਾਲ ਘਰ ਭਰੇ ਹੋਏ ਹਨ।)*

***ਇਨਹੀ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸੱਤ੍ਰ ਮਰੇ***
***ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋਸੋ ਗਰੀਬ ਕਰੋਰ ਪਰੇ।।***

ਹੁਣ ਵਿਚਾਰ ਕਰੋ, ਕੀ ਗੁਰੂ ਜੀ ਦਾਨ ਲੈਣ ਦੀ ਬ੍ਰਾਹਮਣੀ ਰੀਤੀ ਦੇ

ਕਾਇਲ ਸਨ ? ਗੁਰਬਾਨੀ ਨੇ ਇਸ ਦਾ ਖੰਡਨ ਕੀਤਾ ਹੈ।

ਕੀ ਗੁਰੂ ਜੀ ਕਹਿ ਸਕਦੇ ਹਨ ਕਿ ਮੈਂ ਪਾਪ ਕੀਤੇ ਹਨ ਤੇ ਸਿੱਖਾਂ ਦੀ ਕ੍ਰਿਪਾ ਨਾਲ ਕੱਟੇ ਗਏ ਹਨ ? ਕੀ ਗੁਰੂ ਜੀ ਨੇ ਸਿੱਖਾਂ ਦੀ ਕ੍ਰਿਪਾ ਨਾਲ ਵਿੱਦਿਆ ਲਈ ?

ਪਾਤਸ਼ਾਹੀ ਦਸਵੀਂ ਦੀ ਸ਼ਖਸੀਅਤ ਅਸੀਂ ਗੁਰਬਾਨੀ ਵਿਚਾਰ ਵਿੱਚ ਬਿਆਨ ਕੀਤੀ ਹੈ। ਇਹ ਸਭ ਰਚਨਾ ਕਿਸੇ ਕਵੀ ਦੀ ਹੈ, ਤੇ ਗੁਰੂ ਜੀ ਦਾ ਅਪਮਾਨ ਹੈ। ਇਸ ਤੋਂ ਅੱਗੇ ਸਵੈਯਾ ਹੈ।

***ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ।।***

***ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨਾ ਲਾਗਤ ਨੀਕੋ।।***

***ਆਗੈ ਫਲੈ ਇਨਹੀ ਕੋ ਦਿਯੋ ਜਗੁ ਮੈ ਜਸੁ ਅਉਰ ਦਯੋ ਸਭ ਫੀਕੋ।।***

***ਮੋ ਗ੍ਰਿਹਿ ਮਹਿ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਬ ਇਨਹੀ ਕੋ।।***

**ਬ੍ਰਾਹਮਣੀ ਮਤ ਅਨੁਸਾਰ ਸੇਵਾ ਬ੍ਰਾਹਮਣ ਦੀ ਹੁੰਦੀ ਹੈ, ਦਾਨ ਬ੍ਰਾਹਮਣ ਨੂੰ ਦਿੱਤਾ ਜਾਂਦਾ ਹੈ ਤੇ ਬ੍ਰਾਹਮਣ ਨੂੰ ਦਾਨ ਦਿੱਤੇ ਦੇ ਫਲ ਹਨ। ਗੁਰਮਤਿ ਵਿੱਚ ਬ੍ਰਾਹਮਣ ਜਾਂ ਹੋਰ ਗ੍ਰੰਥੀ ਆਦਿ, ਗੁਰੂ ਨਹੀਂ।** ਨਾ ਹੀ ਇਸ ਤਰ੍ਹਾਂ ਦੇ ਦਾਨ ਦੇ ਕੋਈ ਗਰੀਬ ਗੁਰਬੇ ਦੀ ਸੇਵਾ ਨਾਲੋਂ ਵੱਧ ਫਲ ਹਨ। ਇਹ ਵਿਚਾਰ ਕੇਵਲ ਬ੍ਰਾਹਮਣ ਕਵੀ ਪ੍ਰਗਟ ਕਰ ਸਕਦਾ ਹੈ। ਅੱਗੇ ਵਾਲਾ ਦੋਹਰਾ ਇਹ ਪੂਰੀ ਤਰ੍ਹਾਂ ਸਾਬਿਤ ਕਰਦਾ ਹੈ ਕਿ ਇਹ ਚਲਦੀ ਰਚਨਾ ਬ੍ਰਾਹਮਣ ਕਵੀ ਦੀ ਹੈ।

***ਚਟਮਟਾਇ ਚਿਤ ਮੈ ਜਰਯੋ ਤ੍ਰਿਣ ਜਿਉ ਕ੍ਰੋਧਿਤ ਹੋਇ।।***

***ਖੋਜ ਰੋਜ ਕੇ ਹੇਤ ਲਗ ਦਯੋ ਮਿਸ੍ਰ ਜੂ ਰੋਇ।।***

*(ਇਹ ਗੱਲ ਸੁਣਦੇ ਹੀ ਪੰਡਤ ਕੇਸ਼ਵ ਦਾਸ ਕ੍ਰੋਧਤ ਹੋ ਕੇ ਘਬਰਾ ਗਿਆ। ਰੋਜ਼ੀ ਦੇ ਆਸਰੇ ਲਗੇ ਹੋਏ ਮਿਸਰ ਜੀ, ਇਸਦੇ ਨਾਸ ਹੋ ਜਾਣ ਦੇ ਕਾਰਣ ਰੋ ਦਿੱਤਾ।) ਕੀ ਗੁਰੂ ਜੀ ਪੰਡਿਤ ਕੇਸਵ ਦਾਸ ਦੀ ਰੋਜੀ ਦਾ ਆਸਰਾ ਸਨ ?*

ਗੁਰੂ ਜੀ ਕੋਈ ਬ੍ਰਾਹਮਣੀ ਰਹੁ ਰੀਤ ਨਹੀਂ ਕਰਦੇ ਸਨ। ਬ੍ਰਾਹਮਣ ਖਤਰੀ ਸ਼ੂਦਰ, ਮੁਸਲਮਾਨ ਗੁਰੂ ਜੀ ਦੇ ਦਰਬਾਰ ਵਿੱਚ ਗੁਰਮਤਿ ਸਿਖਨ ਲਈ ਆਉਂਦੇ ਸਨ।



# 10. ਸ਼ਸਤ੍ਰ ਨਾਮ ਮਾਲਾ

(ਦਸਮ ਗ੍ਰੰਥ ਪੰਨਾ 731 - 808)

***੧ੴ ਵਾਹਿਗੁਰੂ ਜੀ ਕੀ ਫ਼ਤਹਿ***

***ਸ੍ਰੀ ਭਗਉਤੀ ਜੀ ਸਹਾਇ।।***

***ਅਥ ਸ੍ਰੀ ਸਸਤ੍ਰ ਨਾਮ ਮਾਲਾ ਪੁਰਾਣ ਲਿਖ੍ਯਤੇ।।***

***ਪਾਤਿਸਾਹੀ ੧੦।।***

ਹੁਣ ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ ਲਿਖਦੇ ਹਾਂ। ਕਵੀ ਰਚਨਾ ਆਰੰਭ ਕਰਨ ਤੋਂ ਪਹਿਲਾਂ ਸ੍ਰੀ ਭਗਉਤੀ ਜੀ ਸਹਾਇ ਲਿਖਦਾ ਹੈ। ਕਵੀ ਭਗਉਤੀ ਦੇਵੀ ਦਾ ਉਪਾਸ਼ਕ ਹੈ, ਤੇ ਭਗਉਤੀ ਤੋਂ ਸਹਾਇਤਾ ਮੰਗਦਾ ਹੈ।

ਅਨੇਕਾਂ ਅਸਤ੍ਰਾਂ ਸੰਸਤ੍ਰਾਂ ਵਿੱਚ ਭਗਉਤੀ ਦੀ ਸ਼ਕਤੀ ਵਰਤਦੀ ਹੈ। ਕਵੀ ਕਹਿੰਦਾ ਹੈ ਤਲਵਾਰ, ਕ੍ਰਿਪਾਨ ਆਦਿ ਤੂੰ ਹੀ ਹੈਂ। ਸੰਸਤਰ ਅਸਤਰ ਮੇਰੇ ਪੀਰ ਅਥਵਾ ਗੁਰੂ ਹਨ। ਕਵੀ ਸਸਤਰਾਂ ਅਸਤਰਾਂ ਦੀ ਪੂਜਾ ਕਰਦਾ ਹੈ ਤੇ ਸਸਤਰਾਂ ਦੇ ਨਾਮ ਲੈ ਕੇ ਸ਼ਸਤਰਾਂ ਦਾ ਜਪ ਕਰਦਾ ਹੈ।

ਗੁਰਮਤਿ ਵਿੱਚ ਪੂਜਾ ਸਭ ਦੇ ਮਾਲਕ, ਇਕੋ ਇਕ ਸਦੀਵ ਹਸਤੀ, ਹੁਕਮ ਰੂਪ ਅਕਾਲ ਪੁਰਖ ਦੀ ਹੁੰਦੀ ਹੈ। ਕਿਸੇ ਸ਼ਸਤਰ, ਦੇਵੀ ਦੇਵਤੇ ਦੀ ਪੂਜਾ ਤੋਂ ਗੁਰੂ ਜੀ ਵਰਜਦੇ ਹਨ।

ਪਾਤਸ਼ਾਹੀ 10, ਭਗਉਤੀ ਦੇ ਉਪਾਸ਼ਕ ਨਹੀਂ ਤੇ ਸ਼ਸਤਰਾਂ ਨੂੰ ਪੀਰ ਅਥਵਾ ਗੁਰੂ ਨਹੀਂ ਮੰਨਦੇ। ਇਹ ਰਚਨਾ ਪਾ:10 ਕ੍ਰਿਤ ਨਹੀਂ ਹੋ ਸਕਦੀ।

ਦਸਮ ਪਾਤਸ਼ਾਹ, ਬ੍ਰਹਮ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਸਿੱਖ ਧਨ, ਸ਼ਸਤ੍ਰ, ਤਲਵਾਰ, ਬੰਦੂਕ, ਨੇਜ਼ਾ ਆਦਿ ਲਿਆ ਕੇ ਪਾ:10 ਦੇ ਚਰਨਾਂ ਵਿੱਚ ਭੇਟਾ ਰਖਦੇ ਸਨ, ਤੇ ਅਰਦਾਸ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹਾਂ ਦੇ ਪਾਤਸ਼ਾਹ ਪਾਸ ਹੁੰਦੀ ਸੀ। ਸ਼ਸਤ੍ਰਾਂ ਦਾ ਸਥਾਨ ਗੁਰੂ ਚਰਨਾਂ ਵਿੱਚ ਸੀ, ਧਨ ਪਦਾਰਥਾਂ ਦਾ ਸਥਾਨ ਵੀ ਗੁਰ ਚਰਨਾਂ ਵਿੱਚ ਸੀ। ਇਹ ਵਿਧਾਨ ਛੇਵੇਂ ਪਾਤਸ਼ਾਹ ਦੇ ਸਮੇਂ ਵਿੱਚ ਵੀ ਸੀ, ਜੋ ਸ਼ਸਤਰਧਾਰੀ ਸੀ, ਜਿੰਨ੍ਹਾਂ ਨੇ ਚਾਰ ਜੰਗ ਲੜੇ ਤੇ ਸਭ ਵਿੱਚ ਜਿੱਤ ਪ੍ਰਾਪਤ ਕੀਤੀ।

ਸ਼ਸਤਰ ਨਾਮ ਮਾਲਾ ਦੇ ਕੁਝ ਪਦੇ ਅਸੀਂ ਹੇਠਾਂ ਦਿੱਤੇ ਹਨ :

*ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ।*

*ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ। 3।*

*(ਤਲਵਾਰ, ਕ੍ਰਿਪਾਨ, ਖੰਡਾ, ਖੜਗ, ਬੰਦੂਕ, ਤਬਰ (ਛਵੀ), ਸੈਫ, ਸਰੋਹੀ ਅਤੇ ਸੈਹਥੀ (ਬਰਛੀ) ਆਦਿਕ ਇਹ (ਸ਼ਸਤ੍ਰ) ਮੇਰੇ ਪੀਰ (ਅਥਵਾ ਗੁਰੂ) ਹਨ।)*

*ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰਿ।*

*ਨਾਮ ਤਿਹਾਰੋ ਜੋ ਜਪੈ ਭਏ ਸਿੰਧੁ ਭਵ ਪਾਰ। 4।*

*(ਹੇ ਭਗਉਤੀ ਦੇਵੀ ! ਤੂੰ ਹੀ ਤੀਰ ਹੈਂ, ਤੂੰ ਹੀ ਬਰਛੀ ਹੈਂ, ਤੂੰ ਹੀ ਛਵੀ ਅਤੇ ਤਲਵਾਰ ਹੈਂ। ਹੇ ਭਗਉਤੀ, ਜੋ ਤੇਰੇ ਨਾਮ ਨੂੰ ਜਪਦਾ ਹੈ (ਉਹ) ਭਵਸਾਗਰ ਤੋਂ ਪਾਰ ਹੋ ਜਾਂਦਾ ਹੈ।)*

*ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ।*

*ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗਬੀਰ। 5।*

*(ਤੂੰ ਹੀ ਕਾਲ ਹੈਂ, ਤੂੰ ਹੀ ਕਾਲੀ ਹੈਂ, ਤੂੰ ਹੀ ਤੇਗ ਅਤੇ ਤੀਰ ਹੈਂ। ਤੂੰ ਹੀ ਜਿੱਤ ਦੀ ਨਿਸ਼ਾਨੀ ਹੈਂ ਅਤੇ ਅੱਜ ਤੂੰ ਹੀ ਜਗਤ ਵਿੱਚ ਪਰਮ ਸ੍ਰੇਸ਼ਠ ਸੂਰਮਾ ਹੈਂ।)*

*ਸ੍ਰੀ ਤੁਹੀ ਸਭ ਕਾਰਨ ਤੁਹੀ ਤੂ ਬਿਦਯਾ ਕੋ ਸਾਰ।*

*ਤੁਮ ਸਭ ਕੋ ਉਪਹਾਜਹੀ ਤੁਮਹੀ ਲੇਹੁ ਉਬਾਰ। 8।*

*(ਤੂੰ ਹੀ ਮਾਇਆ ਹੈਂ, ਸਭ ਦਾ ਕਾਰਨ ਰੂਪ ਤੂੰ ਹੀ ਹੈਂ, ਤੂੰ ਹੀ ਵਿੱਦਿਆ ਦਾ ਸਾਰ ਹੈਂ। ਤੂੰ ਸਭ ਨੂੰ ਉਤਪੰਨ ਕਰਨ ਵਾਲੀ ਹੈਂ ਅਤੇ ਤੂੰ ਹੀ (ਸਾਰਿਆਂ ਨੂੰ) ਉਬਾਰਦੀ ਹੈਂ (ਰਖਿਆ ਕਰਦੀ ਹੈਂ)।)*

*(ਇਤਿ ਸ੍ਰੀ ਨਾਮ ਮਾਲਾ ਪੁਰਾਣ 27 ਪਦਿਆਂ ਉਪਰੰਤ ਲਿਖਿਆ ਹੈ। ਸ੍ਰੀ ਭਗਉਤੀ ਉਸਤਤ ਪ੍ਰਥਮ ਧਿਆਇ ਸਮਾਪਤਮ ਸਭ ਸੁਭਮ ਸਤ।)*

ਗੁਰਮਤਿ ਵਿੱਚ ਜਪ, ਸਿਮਰਣ, ਅਰਾਧਨਾ, ਪੂਜਾ ਇੱਕ ਏਕੰਕਾਰ, ਇਕੋ ਇੱਕ ਸਦੀਵ ਹਸਤੀ, ਅਕਾਲ ਪੁਰਖ ਦੀ ਹੁੰਦੀ ਹੈ। ਕਿਸੇ ਹੋਰ ਸ਼ਕਤੀ, ਦੇਵੀ ਦੇਵਤਾ ਦੀ ਪੂਜਾ ਤੋਂ ਸਤਿਗੁਰੂ ਜੀ ਵਰਜਦੇ ਹਨ।

* **ਹਰਿ ਸਿਮਰਿ ਏਕੰਕਾਰ ਸਾਚਾ ਸਭੁ ਜਗਤੁ ਜਿੰਨ ਉਪਾਇਆ।।**

(ਪੰਨਾ 1113, ਗੁਰੂ ਗ੍ਰੰਥ ਸਾਹਿਬ)





* **ਮਾਈ ਆਨ ਸਿਮਰਿ ਮਰ ਜਾਹਿ।।**

**ਤਿਆਗ ਗੋਬਿੰਦ ਜੀਅਨ ਕੋ ਦਾਤਾ ਮਾਇਆ ਸੰਗ ਲਪਟਾਹਿ।।**

**ਨਾਮ ਬਿਸਾਰ ਚਲੇ ਅਨਮਾਰਗ ਨਰਕ ਘੋਰ ਮਹਿ ਪਾਹਿ।।**

(ਪੰਨਾ 1225, ਗੁਰੂ ਗ੍ਰੰਥ ਸਾਹਿਬ)

**ਇਸ ਰਚਨਾ ਨੂੰ ਸ੍ਰੀ ਮੁਖਵਾਕ ਪਾ:੧੦, ਪਾ:੧੦ ਕ੍ਰਿਤ ਮੰਨੀਏ ਤਾਂ ਗੁਰੂ ਗੋਬਿੰਦ ਸਿੰਘ ਜੀ ਦੇਵੀ ਦੇਵਤਿਆਂ ਨੂੰ ਤੇ ਸ਼ਸਤਰਾਂ ਅਸਤਰਾਂ ਨੂੰ ਪੂਜਣ ਵਾਲੇ ਸਨ।**

ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਪਾ:10 ਕ੍ਰਿਤ ਦੇ ਮੰਨਨ ਕਰਕੇ ਹਜ਼ੂਰ ਸਾਹਿਬ ਵਿੱਚ ਸ਼ਸਤਰਾਂ ਦੀ ਪੂਜਾ ਹੁੰਦੀ ਹੈ ਤੇ ਦਸਮ ਗ੍ਰੰਥ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਵਿੱਚ ਕੀਤਾ ਜਾਂਦਾ ਹੈ।

ਅਸੀਂ ਹਥਲੀ ਪੁਸਤਕ ਦੇ ਪਹਿਲੇ ਭਾਗ ਵਿੱਚ ਵਿਚਾਰ ਕਰ ਚੁੱਕੇ ਹਾਂ ਕਿ 1725 ਤੋਂ ਬਾਦ 18ਵੀਂ ਤੇ 19ਵੀਂ ਸਦੀ ਵਿੱਚ, ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਤੇ ਅਨੇਕਾਂ ਰਹਿਤਨਾਮੇ ਛਪੇ। ਇਹਨਾਂ ਪੁਸਤਕਾਂ ਨੂੰ ਲਿਖਣ ਦਾ ਮੰਤਵ, ਸਿੱਖਾਂ ਨੂੰ ਗੁਮਰਾਹ ਕਰਨਾ ਸੀ ਤੇ ਸਿੱਖ ਮਤ ਨੂੰ ਵੇਦ ਮਤ ਵਿੱਚ ਰਲਾਨ ਦਾ ਸੀ। ਸਾਡੇ ਵਿਦਵਾਨਾਂ ਨੇ ਇਹਨਾਂ ਨੂੰ ਪਾ:10 ਕ੍ਰਿਤ ਮੰਨਨ ਵਿੱਚ ਵੱਡੀ ਭੁੱਲ ਕੀਤੀ।

ਹੁਣ ਸਮਾਂ ਆ ਗਿਆ ਹੈ ਕਿ ਅਸੀਂ ਗੁਰਬਾਣੀ ਦੇ ਆਧਾਰ ਤੇ ਵਿਚਾਰ ਕਰਕੇ ਇਹਨਾਂ ਪੁਸਤਕਾਂ ਨੂੰ ਗੁਰਮਤਿ ਵਿਰੋਧੀ ਇਤਿਹਾਸ ਘੋਸ਼ਿਤ ਕਰੀਏ।

**ਮਹਾਂਕਾਲ ਅਤੇ ਕਾਲਕਾ (ਮਹਾਂਕਾਲੀ) ਦੇ ਉਪਾਸ਼ਕਾਂ ਵਾਸਤੇ ਸ਼ਸਤਰਾਂ ਦੇ ਨਾਮ ਰਟਨੇ ਅਤੇ ਉਹਨਾਂ ਦੀ ਪੂਜਾ ਕਰਨੀ ਜ਼ਰੂਰੀ ਹੈ। ਇਹ ਸ਼ਸਤਰ ਨਾਮ ਮਾਲਾ ਪੁਰਾਣ ਕਿਸੇ ਸਾਕਤ ਮਤੀਏ ਕਵੀ ਦੀ ਰਚਨਾ ਹੈ।**

ਗਿਆਨੀ ਭਾਗ ਸਿੰਘ ਨੇ ਆਪਣੀ ਪੁਸਤਕ 'ਦਸਮ ਗ੍ਰੰਥ ਦਰਪਣ' ਵਿੱਚ ਸ਼ਸਤ੍ਰ ਨਾਮ ਮਾਲਾ ਪੁਰਾਣ ਬਾਰੇ ਆਪਣੇ ਵਿਚਾਰ ਦਿੱਤੇ ਹਨ। ਇਸ ਤੋਂ ਅੱਗੇ ਸਾਰੇ ਵਿਚਾਰ ਗਿਆਨੀ ਭਾਗ ਸਿੰਘ ਦੇ ਲਿਖੇ ਹਨ।

ਪੁਸਤਕ ਦੇ ਪੰਨਾ 23 ਤੇ 24 ਵਿੱਚ ਲਿਖਿਆ ਹੈ - "ਅਠ੍ਹਾਰਾਂ ਪੁਰਾਣਾਂ ਵਿੱਚ ਉਪ੍ਰੋਕਤ 'ਸ਼ਸਤ੍ਰ ਨਾਮ ਮਾਲਾ ਪੁਰਾਣ' ਕੋਈ ਨਹੀਂ ਤੇ ਨਾ ਹੀ ਇਸ ਰਚਨਾ ਨੂੰ ਪੁਰਾਣ ਕਿਹਾ ਜਾ ਸਕਦਾ ਹੈ ਕਿਉਂਕਿ ਰਿਖੀ ਵਿਆਸ ਜੀ ਦੇ ਰਚੇ ਪ੍ਰਾਚੀਨ ਪ੍ਰਸੰਗਾਂ ਨੂੰ ਪੁਰਾਣ ਕਹਿੰਦੇ ਹਨ। ਦੂਜੀਆਂ ਭਾਸ਼ਾਵਾਂ ਵਿੱਚ ਪੁਰਾਣ ਨੂੰ 'ਇਤਿਹਾਸ' ਅਥਵਾ 'ਤ੍ਵਾਰੀਖ' ਜਾਂ 'ਹਿਸਟਰੀ' ਵੀ ਕਿਹਾ ਜਾਂਦਾ ਹੈ। ਜਿਵੇਂ ਕਿ ਵਿਸ਼ਨੂੰ,

ਬ੍ਰਹਮਾਂਡ ਅਤੇ ਭਵਿੱਸ਼ ਪੁਰਾਨ ਦੇ ਪੰਜ ਲੱਖਣ ਦਰਸਾਏ ਗਏ ਹਨ, ਯਥਾ -

ਸਰਗਸ੍ ਚ੍, ਪ੍ਰਤਿਸਰਗਸ਼ਚ੍ ਵਸ਼ੋ, ਮਨਵੰਤ੍ਰਾਨਿਚ।

ਵੰਸ਼ਾਨੁਚਰਿਤ ਚੈਵ, ਪੁਰਾਣੰ ਪਚ ਲਕਸ਼ਣੰ।

ਭਾਵ, ਸ੍ਰਿਸ਼ਟੀ ਦੀ ਸਾਜਨਾ, ਪ੍ਰਲੈ, (ਦੇਵਤਿਆਂ ਅਤੇ ਪਿਤਰਾਂ ਦੀ) ਬੰਸਾਵਲੀ ਮਨਵੰਤਰਾਂ (ਮਨੂ ਦੇ ਰਾਜ ਦੇ ਸਮੇਂ ਦੀ ਗਿਆਤ) ਅਤੇ ਵੰਸ਼ਾਂ ਦੇ ਚਰਿਤ੍ਰਾਂ (ਕਾਰਨਾਮਿਆਂ) ਦਾ ਜਿਸ ਗ੍ਰੰਥ ਵਿੱਚ ਵਰਨਣ ਹੋਵੇ, ਉਸਨੂੰ ਪੁਰਾਣ ਕਿਹਾ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਦੇ ਪੁਰਾਤਨ ਕੋਸ਼ 'ਅਮਰਕੋਸ਼' ਵਿੱਚ ਵੀ ਪੁਰਾਣ ਦੇ ਇਹੀ ਪੰਜ ਲੱਛਨ ਦੱਸੇ ਗਏ ਹਨ। ਅਤੇ ਇਸ ਦੀ ਪੁਸ਼ਟੀ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਤ ਪੁਸਤਕ 'ਹਿੰਦੂ ਮਿਥਿਹਾਸ ਕੋਸ਼' ਦੇ ਪੰਨਾ 353 ਉਤੇ ਪੁਰਾਣਾਂ ਸਬੰਧੀ ਵੇਰਵੇ ਤੋਂ ਵੀ ਹੁੰਦੀ ਹੈ।

ਤਾਂ ਤੇ ਦਸਮ ਗ੍ਰੰਥ ਵਿਚਲੀ ਸ਼ਸਤ੍ਰ ਨਾਮ ਮਾਲਾ ਪੁਰਾਣ ਨਾਮੀ ਰਚਨਾ ਪੁਰਾਣਾਂ ਦੇ ਉਪ੍ਰੋਕਤ ਲੱਛਨਾਂ ਤੇ ਪੂਰੀ ਨਹੀਂ ਉਤਰਦੀ ਤੇ ਨਾ ਹੀ ਇਸ ਰਚਨਾ ਵਿੱਚ ਇਤਿਹਾਸ ਨਾਲ ਮਿਲਦੇ ਕਿਸੇ ਪ੍ਰਸੰਗ ਦਾ ਵਰਨਣ ਹੈ। ਬਲਕਿ ਪਹਿਲੇ ਅਧਿਆਏ ਵਿੱਚ ਸ਼ਸਤਰਾਂ ਦੇ ਨਾਮ ਲੈ ਕੇ ਭਗਉਤੀ ਦੀ ਉਸਤਤਿ ਕਰਨ ਉਪ੍ਰੰਤ ਪਹੇਲੀਆਂ (ਬੁਝਾਰਤਾਂ) ਦੇ ਰੂਪ ਵਿੱਚ ਸ਼ਸਤਰਾਂ ਦੇ ਨਾਮ ਲਿਖੇ ਹਨ ਜਿੰਨ੍ਹਾਂ ਨੂੰ ਸਮਝਣ ਲਈ ਸਾਧਾਰਣ ਮਨੁੱਖ ਤਾਂ ਕਿਤੇ ਰਹੇ, ਚੰਗੀ ਭਲੀ ਸੂਝ-ਬੂਝ ਵਾਲੇ ਵਿਦਵਾਨਾਂ ਲਈ ਵੀ ਕਠਿਨ ਹੈ।

ਭਗਉਤੀ ਉਸਤਤਿ ਸਮੇਤ ਇਸ ਰਚਨਾ ਵਿੱਚ ਕੁਲ ਪੰਜ ਅਧਿਆਇ ਹਨ। ਖੜਗ (ਕ੍ਰਿਪਾਨ), ਚਕ੍ਰ, ਬਾਣ (ਤੀਰ), ਪਾਸ (ਫਾਹੀ) ਅਤੇ ਬੰਦੂਕ ਇਹ ਪੰਜ ਸ਼ਸਤਰ ਮੁਖ ਗਿਣੇ ਹਨ ਪ੍ਰੰਤੂ ਸ਼ਸਤਰਾਂ ਦੇ ਚਲਾਉਣ ਆਦਿਕ ਕਿਸੇ ਜੰਗੀ ਕਰਤਬ ਦੀ ਸਿੱਖਿਆ ਇਸ ਵਿੱਚ ਉੱਕੀ ਹੀ ਨਹੀਂ ਦਿੱਤੀ।

**ਇਸ ਗ੍ਰੰਥ ਦੇ ਪਹਿਲੇ ਅਧਿਆਏ ਦੇ ਸ਼ੁਰੂ ਵਿੱਚ ਹੀ ਸ਼ਸਤਰਾਂ ਨੂੰ ਪੀਰ ਮੰਨਿਆ ਗਿਆ ਹੈ ਜੋ ਗੁਰਮਤਿ ਦੇ ਵਿਰੁਧ ਹੈ ਕਿਉਂਕਿ ਸਿੱਖ ਪੰਥ ਲਈ ਸ਼ਸਤਰਧਾਰੀ ਹੋਣਾ ਅਤੇ ਸ਼ਸਤਰਾਂ ਦੀ ਸਫਾਈ ਤਥਾ ਸੁਰਤ ਸੰਭਾਲ ਰਖਣੀ ਤਾਂ ਜ਼ਰੂਰੀ ਹੈ ਪਰ ਸ਼ਸਤਰਾਂ ਦੇ ਕੇਵਲ ਨਾਮ ਰੱਟਣੇ ਜਾਂ ਉਹਨਾਂ ਦੀ ਪੂਜਾ ਕਰਨੀ, ਸ਼ਸਤਰਾਂ ਅੱਗੇ ਮੱਥਾ ਟੇਕਣਾ, ਚੜ੍ਹਾਵੇ ਚਾੜ੍ਹਨੇ ਆਦਿਕ ਉਸੇ ਤਰ੍ਹਾਂ ਨਿਰੋਲ ਮਨਮਤਿ ਹੈ ਜਿਵੇਂ ਕਿ ਇਕ ਅਕਾਲ ਪੁਰਖ ਤੋਂ ਬਿਨਾ ਕਿਸੇ ਦੇਵੀ ਦੇਵਤੇ ਦੀ ਪੂਜਾ ਕਰਨੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਹੋਰ ਕਿਸੇ ਨੂੰ ਗੁਰੂ ਮੰਨਣਾ ਗੁਰਮਤਿ ਵਿਰੁੱਧ ਹੈ।**

ਤਾਂ ਤੇ ਉਪ੍ਰੋਕਤ 'ਸ਼ਸਤ੍ਰ ਨਾਮ ਮਾਲਾ ਪੁਰਾਣ' ਕਿਸੇ ਸਾਕਤ ਮਤੀਏ





ਕਵੀ ਨੇ ਆਪਣੀ ਮਨੌਤ ਅਨੁਸਾਰ ਲਿਖਿਆ ਹੈ ਕਿਉਂਕਿ ਮਹਾਂਕਾਲ ਅਤੇ ਕਾਲਿਕਾ (ਮਹਾਂਕਾਲੀ) ਦੇ ਉਪਾਸ਼ਕਾਂ ਵਾਸਤੇ ਸ਼ਸਤ੍ਰਾਂ ਦੇ ਨਾਮ ਰੱਟਣੇ ਅਤੇ ਉਹਨਾਂ ਦੀ ਪੂਜਾ ਕਰਨੀ ਜ਼ਰੂਰੀ ਹੈ। ਜਿਵੇਂ ਈਸਾਈ ਮਤ ਵਿੱਚ ਬਪਤਿਸਮਾ, ਹਿੰਦੂ ਕਰਮ ਕਾਂਡੀ ਵਾਸਤੇ ਯਗਯੋਪਵੀਤ (ਜਨੇਊ), ਮਸਲਮਾਨ ਲਈ ਸੁੰਨਤ ਦੀ ਰਸਮ, ਸਿੱਖਾਂ ਹਿਤ ਅੰਮ੍ਰਿਤ ਸੰਸਕਾਰ ਦੀ ਅਤਿਅੰਤ ਅਵੱਸ਼ਕਤਾ ਹੈ, ਤਿਵੇ ਂ ਹੀ ਸਾਕਤਾਂ ਵਾਸਤੇ ਉਹਨਾਂ ਦੇ ਇਸ਼ਟ ਸ਼ਕਤੀ ਦੇ ਹੇਤੂ ਸ਼ਸਤਰਾਂ ਦੀ ਪੂਜਾ ਨਿਹਾਇਤ ਜ਼ਰੂਰੀ ਹੈ। ਤਦੇ ਹੀ ਇਸ ਸ਼ਸਤ੍ਰ ਨਾਮ ਮਾਲਾ ਦੀ ਅਰੰਭਤਾ ਤੋਂ ਪਹਿਲਾਂ ਕਵੀ ਨੇ ਆਪਣੇ ਇਸ਼ਟ ਦਾ ਸੰਕੇਤ ਦਿੰਦਿਆਂ 'ਸ੍ਰੀ ਭਗਉਤੀ ਜੀ ਸਹਾਇ' ਲਿਖਿਆ ਹੈ ਅਤੇ ਸ਼ਸਤ੍ਰਾਂ ਦੇ ਨਾਮ ਲੈ-ਲੈ ਕੇ ਉਸ ਨੂੰ ਸੰਬੋਧਨ ਕੀਤਾ ਹੈ। ਤਾਂ ਤੇ ਮੰਨਣਾ ਪਵੇਗਾ ਕਿ 'ਸ਼ਸਤ੍ਰ ਨਾਮ ਮਾਲਾ ਪੁਰਾਣ' ਗੁਰਮਤਿ ਦਾ ਗ੍ਰੰਥ ਨਹੀਂ, ਅਸਲ ਵਿੱਚ ਇਹ ਸਾਕਤ ਮਤ ਦਾ ਗ੍ਰੰਥ ਹੈ ਜਿਸਨੂੰ ਇਸ ਸਾਕਤ ਮਤੀਏ ਕਵੀ ਨੇ ਆਪਣੇ ਵਲੋਂ ਰਚ ਕੇ ਗੁਰੂ ਕਲਗੀਧਰ ਜੀ ਵਲੋਂ ਦਰਸਾਉਣ ਹਿਤ ਇਸ ਦੇ ਸਿਰਲੇਖ ਨਾਲ 'ਪਾਤਸ਼ਾਹੀ ੧੦' ਲਿਖ ਦਿੱਤਾ ਹੈ ਤਾਂ ਕਿ ਸਿੱਖ ਪੰਥ ਇਸ ਰਚਨਾ ਨੂੰ ਦਸ਼ਮੇਸ਼ ਕ੍ਰਿਤ ਸਮਝ ਕੇ ਪ੍ਰਮਾਣੀਕ ਮੰਨ ਲਵੇ ਅਤੇ ਇਸ ਤਰ੍ਹਾਂ ਅਕਾਲ ਪੁਰਖ ਦੀ ਪੂਜਾ ਦੇ ਮੁਕਾਬਲੇ ਉਤੇ ਭਾਂਤ-ਭਾਂਤ ਦੇ ਸ਼ਸਤਰਾਂ ਅਤੇ ਮਹਾਂਕਾਲ-ਕਾਲਿਕਾ ਦਾ ਉਪਾਸ਼ਕ ਜਾਂ ਪੁਜਾਰੀ ਬਣ ਜਾਵੇ। ਇਸ ਪ੍ਰਯੋਜਨ ਹਿਤ ਹੀ ਤਾਂ ਕਵੀ ਨੇ 1318 ਅੰਕੜਿਆਂ ਲਈ 91 ਸਫ਼ੇ ਕਾਲੇ ਕੀਤੇ ਹਨ।

**ਉਪ੍ਰੋਕਤ ਵਿਚਾਰ ਤੋਂ ਸਿੱਧ ਹੋਇਆ ਕਿ ਇਹ 'ਸ਼ਸਤ੍ਰ ਨਾਮ ਮਾਲਾ ਪੁਰਾਣ' ਨਾਮੀ ਰਚਨਾ ਸਿੱਖ ਧਰਮ ਨੂੰ ਢਾਹ ਲਾਉਣ ਦੀਆਂ ਪੰਥ ਵਿਰੋਧੀ ਅਨਮਤੀਆਂ ਵਲੋਂ ਅਨੇਕਾਂ ਚਾਲਾਂ ਵਿਚੋਂ ਇਕ ਪ੍ਰਬਲ ਚਾਲ ਹੈ, ਜਿਸ ਤੋਂ ਸੁਚੇਤ ਅਤੇ ਸਾਵਧਾਨ ਰਹਿਣਾ ਅਤੀ ਜ਼ਰੂਰੀ ਹੈ।**

## 11. ਤ੍ਰਿਆ ਚਰਿਤ੍ਰ

(ਦਸਮ ਗ੍ਰੰਥ, ਪੰਨਾ 809 - 1388)

***ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।।***

***ਸ੍ਰੀ ਭਗਉਤੀ ਜੀ ਸਹਾਇ।।***

***ਅਬ ਪਖਿਆਨ ਚਰਿਤ੍ਰ ਲਿਖਯਤੇ।। ਪਾਤਸ਼ਾਹੀ ੧੦।।***

***ਭੁਜੰਗ ਛੰਦ।। ਤ੍ਵਪ੍ਰਸਾਦਿ।।*** (ਪੰਨਾ 809, ਦਸਮ ਗ੍ਰੰਥ)

ਮੰਗਲਾਚਰਨ ਵਿੱਚ ਕਵੀ ਭਗਉਤੀ ਦੇਵੀ ਤੋਂ ਸਹਾਇਤਾ ਦਾ ਜਾਚਕ ਹੈ। ਹਿੰਦੂ ਧਰਮ ਗ੍ਰੰਥ ਚਿਰਿਤੋਕ ਨਾਮੇ ਦਾ ਉਲੱਥਾ ਚਰਿਤ੍ਰੋਪਾਖਿਆਨ ਹੈ। ਇਸ ਰਚਨਾ ਵਿੱਚ 404 ਤ੍ਰੀਯ ਚਰਿਤ੍ਰ ਜਾਂ ਕਹਾਣੀਆਂ ਹਨ। ਇਨ੍ਹਾਂ ਚਰਿਤ੍ਰਾਂ ਵਿੱਚ ਉਨ੍ਹਾਂ ਇਸਤ੍ਰੀਆਂ ਦੀਆਂ ਕਹਾਣੀਆਂ ਹਨ, ਜੋ ਮਕਰ ਫ਼ਰੇਬ ਨਾਲ ਘਰ ਦੇ ਬਾਹਰ ਮਰਦਾਂ ਨੂੰ ਆਪਣੀ ਕਾਮ ਵਾਸ਼ਨਾ ਦੀ ਪੂਰਤੀ ਲਈ ਬੁਲਾਉਂਦੀਆਂ ਹਨ ਤੇ ਮਜਬੂਰ ਕਰ ਦਿੰਦੀਆਂ ਹਨ। ਇਹ ਆਪਣੇ ਇਸ਼ਟ 'ਭਗਉਤੀ/ਕਾਲ' ਆਦਿ ਪਾਸ ਬੇਨਤੀਆਂ ਵੀ ਕਰਦੀਆਂ ਹਨ। ਇਨ੍ਹਾਂ ਚਰਿਤ੍ਰਾਂ ਨੂੰ ਪੜ੍ਹਨ ਸੁਣਨ ਵਾਲੇ ਮਨੁੱਖਾਂ ਅਤੇ ਤ੍ਰੀਮਤਾਂ ਦੇ ਮਨਾਂ ਵਿੱਚ ਕਾਮ ਦਾ ਇਤਨਾ ਪ੍ਰਭਾਉ ਪੈਦਾ ਹੁੰਦਾ ਹੈ ਕਿ ਅਕਲ ਅਤੇ ਮਤ ਦਾ ਸੰਤੁਲਨ ਬਿਗੜ ਜਾਂਦਾ ਹੈ। ਸਦਾਚਾਰੀ ਮਨੁੱਖ ਵੀ ਕਾਮ ਦੇ ਅਧੀਨ ਹੋ ਕੇ ਕੁਕਰਮ ਕਰਦਾ ਹੈ। ਫੜਿਆ ਜਾਵੇ ਤਾਂ ਸਮਾਜ ਵਿੱਚ ਸ਼ਰਮਸਾਰ ਅਤੇ ਖੁਆਰ ਹੁੰਦਾ ਹੈ, ਤੇ ਸਰਕਾਰ ਕਰੜੇ ਦੰਡ ਦਿੰਦੀ ਹੈ। ਇਸ ਅਪਰਾਧ ਨੂੰ ਧਰਮ ਰਾਜ ਅੱਗੇ ਛੁਪਾਇਆ ਨਹੀਂ ਜਾ ਸਕਦਾ ਤੇ ਉਹ ਵੀ ਮਰਨ ਉਪਰੰਤ ਦੰਡ ਦਿੰਦਾ ਹੈ। ਇਹ ਚਰਿਤ੍ਰ ਕਿਸੇ ਘਰ ਵੀ ਪੜ੍ਹੇ, ਸੁਣੇ ਨਹੀਂ ਜਾ ਸਕਦੇ।

ਗੁਰਬਾਣੀ ਇਸ ਤਰ੍ਹਾਂ ਉਪਦੇਸ਼ ਦਿੰਦੀ ਹੈ :

***ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥***

***ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥***

(ਪੰਨਾ 616, ਗੁਰੂ ਗ੍ਰੰਥ ਸਾਹਿਬ)

ਮਨੁੱਖ ਦਰਵਾਜ਼ੇ ਬੰਦ ਕਰਕੇ ਅਨੇਕਾਂ ਪਰਦਿਆਂ ਵਿੱਚ ਪਰਾਈ ਇਸਤ੍ਰੀ ਨਾਲ





ਕੁਕਰਮ ਕਰਦਾ ਹੈ, ਜਦੋਂ ਧਰਮਰਾਜ ਦੇ ਦੂਤ ਹਿਸਾਬ ਮੰਗਣਗੇ ਤਦੋਂ ਕੋਈ ਵੀ ਉਨ੍ਹਾਂ ਦੀਆਂ ਕਰਤੂਤਾਂ ਉੱਤੇ ਪਰਦਾ ਨਹੀਂ ਪਾ ਸਕਦਾ।

ਸਾਡੇ ਕੁਝ ਵਿਦਵਾਨ ਇਸ ਰਚਨਾ ਨੂੰ ਪਾਤਸ਼ਾਹੀ 10 ਦੀ ਕ੍ਰਿਤ ਸਾਬਤ ਕਰਨ ਲਈ ਦਲੀਲ ਦਿੰਦੇ ਹਨ ਕਿ ਗੁਰੂ ਜੀ ਨੇ ਇਨ੍ਹਾਂ ਵਿਭਚਾਰੀ ਔਰਤਾਂ ਦੇ ਚਰਿਤ੍ਰ ਇਸ ਲਈ ਵਰਨਣ ਕੀਤੇ ਹਨ ਕਿ ਗੁਰਸਿੱਖ ਇਨ੍ਹਾਂ ਨੂੰ ਪੜ੍ਹ ਕੇ ਆਪਣੇ ਸਵੈ ਧਰਮ ਜਤ ਸਤ ਵਿੱਚ ਪਰਪੱਕ ਰਹਿਣ। ਇਹ ਉਨ੍ਹਾਂ ਦੀ ਗ਼ਲਤ ਸੋਚ ਅਤੇ ਗ਼ਲਤ ਬਿਆਨੀ ਹੈ। ਇਹ ਅਜੀਬ ਸੋਚ ਹੈ। ਕੀ ਉਹ ਭੁੱਲ ਗਏ ਕਿ ਇਨ੍ਹਾਂ ਚਰਿਤ੍ਰਾਂ ਨੂੰ ਪੜ੍ਹ ਸੁਣ ਕੇ ਕਾਮ ਵਾਸ਼ਨਾ ਭੜਕਦੀ ਹੈ ਤੇ ਮਨੁੱਖ ਬੇਬਸ ਹੋ ਕਾਮ ਦੀ ਪੂਰਤੀ ਲਈ ਕੁਕਰਮ ਕਰ ਬੈਠਦਾ ਹੈ।

ਸਾਡੇ ਵਿਦਵਾਨ ਭਗਉਤੀ ਦੇ ਅਰਥ ਪਰਮਾਤਮਾ, ਅਕਾਲ ਪੁਰਖ, ਇਹ ਭਰੋਸਾ ਦੁਆਉਣ ਲਈ ਕਰਦੇ ਹਨ ਕਿ ਰਚਨਾ ਪਾਤਸ਼ਾਹੀ ਦਸਵੀਂ ਦੀ ਕ੍ਰਿਤ ਹੈ।

ਭਗਉਤੀ ਦਾ ਸਰੂਪ ਕਵੀ ਨੇ ਰਚਨਾ ਦੇ ਆਰੰਭ ਵਿੱਚ ਹੀ ਬਿਆਨ ਕੀਤਾ ਹੈ। ਇਹੋ ਹੀ ਭਗਉਤੀ ਦਾ ਸਹੀ ਸਰੂਪ ਹੈ। ਇਸ ਵਿੱਚ ਭਗਉਤੀ ਦੇਵੀ ਦੇ ਅਨੇਕ ਨਾਮਾਂ ਦੀ ਸੂਚੀ ਦਿੱਤੀ ਹੈ। ਅਸੀਂ ਰਚਨਾ ਦੇ ਪਹਿਲੇ ਪਦੇ ਤੋਂ ਸ਼ੁਰੂ ਕਰਦੇ ਹਾਂ।

***ਤੁਹੀ ਖੜਗਧਾਰਾ, ਤੁਹੀ ਬਾਢਵਾਰੀ।। ਤੁਹੀ ਤੀਰ ਤਰਵਾਰ ਕਾਤੀ ਕਟਾਰੀ।।***
***ਹਲੱਬੀ ਜੁਨੱਬੀ ਮਗਰਬੀ ਤੁਹੀ ਹੈਂ।। ਨਿਹਾਰੋ ਜਹਾਂ ਆਪੁ ਠਾਢੀ ਵਹੀ ਹੈ।੧।***

ਅੰਕ 1 - ਭਗਉਤੀ ਦੇਵੀ ਤੂੰ ਹੀ ਖੜਗ ਦੀ ਧਾਰ ਅਤੇ ਤੂੰ ਹੀ ਵੱਢਣ ਵਾਲੀ ਤਲਵਾਰ ਹੈਂ। ਤੂੰ ਹੀ ਤੀਰ, ਤਲਵਾਰ, ਕਾਤੀ, ਕਟਾਰੀ, ਹਲਬੀ, ਜੁਨਬੀ, ਮਗਰਬੀ (ਆਦਿ ਇਲਾਕਿਆਂ ਦੇ ਸ਼ਸਤ੍ਰ ਅਸਤ੍ਰ) ਹੈਂ। ਜਿਥੇ ਵੀ ਵੇਖਦਾ ਹਾਂ, ਉਥੇ ਹੀ (ਤੂੰ) ਆਪ ਖੜੋਤੀ ਹੋਈ ਹੈਂ।

***ਤੁਹੀ ਜੋਗ ਮਾਯਾ ਤੁਹੀ ਬਾਕ ਬਾਨੀ।। ਤੁਹੀ ਆਪੁ ਰੂਪਾ ਤੁਹੀ ਸ੍ਰੀ ਭਵਾਨੀ।।***
***ਤੁਹੀ ਬਿਸਨ ਤੂੰ ਬ੍ਰਹਮ ਤੂ ਰੁਦ੍ਰ ਰਾਜੈ। ਤੁਹੀ ਬਿਸਵਮਾਤਾ ਸਦਾ ਜੈ ਬਿਰਾਜੈ।।***

ਅੰਕ 2 - ਤੂੰ ਹੀ ਜੋਗ ਮਾਇਆ, ਤੂੰ ਹੀ ਸਰਸਵਤੀ, ਤੂੰ ਹੀ ਚੁਸਤ (ਅਪੁ) ਰੂਪ ਵਾਲੀ ਅਤੇ ਤੂੰ ਹੀ ਸ੍ਰੀ ਭਵਾਨੀ ਹੈਂ। ਤੂੰ ਹੀ ਵਿਸ਼ਨੂੰ, ਬ੍ਰਹਮਾ ਅਤੇ ਰੁਦ੍ਰ (ਦੇ ਰੂਪ ਵਿੱਚ) ਸੁਭਾਇਮਾਨ ਹੈਂ। ਤੂੰ ਹੀ ਵਿਸ਼ਵ ਮਾਤਾ (ਵਜੋਂ) ਸਦਾ ਵਿਜੈਈ (ਰੂਪ ਵਿੱਚ) ਬਿਰਾਜਮਾਨ ਹੈਂ।

***ਤੁਹੀ ਦੇਵ ਤੂ ਦੈਤ ਤੈ ਜਛੁ ਉਪਾਏ। ਤੁਹੀ ਤੁਰਕ ਹਿੰਦੂ ਜਗਤ ਮੈ ਬਨਾਏ***
***ਤੁਹੀ ਪੰਥ ਹ੍ਵੈ ਅਵਤਰੀ ਸ੍ਰਿਸਟਿ ਮਾਹੀ। ਤੁਹੀ ਬਕ੍ਰਤ ਤੇ ਬ੍ਰਹਮ ਬਾਦੋ ਬਕਾਹੀ।***

ਅੰਕ 3 - ਤੂੰ ਹੀ ਦੇਵਤੇ, ਦੈਂਤ, ਯਕਸ਼, ਤੁਰਕ, ਹਿੰਦੂ ਆਦਿ ਨੂੰ ਜਗਤ

ਵਿੱਚ ਬਣਾਇਆ ਹੈ। ਤੂੰ ਹੀ ਇਸ ਸ੍ਰਿਸ਼ਟੀ ਵਿੱਚ (ਭਿੰਨ ਭਿੰਨ) ਪੰਥਾਂ (ਮਾਰਗਾਂ) ਦੇ ਰੂਪ ਵਿੱਚ ਉਤਰੀ ਹੈਂ। ਤੂੰ ਹੀ ਮੂੰਹ ਤੋਂ ਬ੍ਰਹਮ ਸਬੰਧੀ ਵਾਦ-ਵਿਵਾਦ ਕਰਨ ਵਾਲਿਆਂ ਨੂੰ ਪੈਦਾ ਕੀਤਾ ਹੈ।

***ਤੁਹੀ ਬਿਕ੍ਰਤ ਤੁਹੀ ਚਾਰੁ ਨੈਨਾ। ਤੁਹੀ ਰੂਪ ਬਾਲਾ ਤੁਹੀ ਬਕ੍ਰ ਬੈਨਾ।***

***ਤੁਹੀ ਬਕ੍ਰ ਤੇ ਬੇਦ ਚਾਰੋ ਉਚਾਰੇ। ਤੁਮੀ ਸੁੰਭ ਨੈਸੁੰਭ ਦਾਨੌ ਸੰਘਾਰੇ। ੪।***

ਅੰਕ 4 - ਤੰ ਹੀ ਭਿਆਨਕ ਰੂਪ ਵਾਲੀ ਅਤੇ ਸੁੰਦਰ ਨੈਣਾਂ ਵਾਲੀ ਹੈਂ। ਤੂੰ ਹੀ ਬਾਲਿਕਾ ਰੂਪ ਵਾਲੀ ਅਤੇ ਟੇਢੇ ਬੋਲਾਂ ਵਾਲੀ ਹੈਂ। ਤੂੰ ਹੀ (ਆਪਣੇ) ਮੂੰਹ ਤੋਂ ਚਾਰ ਵੇਦ ਉਚਾਰੇ ਹਨ। ਤੂੰ ਹੀ ਸੁੰਭ ਅਤੇ ਨਿਸੁੰਭ (ਨਾਂ ਵਾਲੇ) ਦੈਂਤਾਂ ਨੂੰ ਮਾਰਿਆ ਹੈ।

***ਤੁਹੀ ਰਾਮ ਦ੍ਵੈਕੈ ਹਠੀ ਦੈਤ ਘਾਯੋ।।*** (ਅੰਕ 6)

***ਤੁਹੀ ਕ੍ਰਿਸਨ ਹਵੈ ਕੇਸ ਕੇਸੀ ਖਪਾਯੋ। ਤੁਹੀ ਜਾਲਪਾ ਕਾਲਕਾ ਕੈ ਬਖਾਨੀ।***

*(ਤੈਨੂੰ ਹੀ ਕਾਲਕਾ ਕਿਹਾ ਜਾਂਦਾ ਹੈ)*

***ਤੁਮੈ ਲੋਗ ਉਗ੍ਰਾ ਅਤਿਉਗ੍ਰਾ ਬਖਾਨੈ। ਤੁਮੈ ਅਦ੍ਰਜਾ ਬ੍ਯਾਸ ਬਾਨੀ ਪਛਾਨੈ।***

***ਤੁਮੀ ਸੇਸ ਕੀ ਆਪੁ ਸੇਜਾ ਬਨਾਈ। ਤੁਹੀ ਕੇਸਰ ਬਾਹਨੀ ਕੈ ਕਹਾਈ। ੮।***

ਅੰਕ 8 - ਤੈਨੂੰ ਹੀ ਲੋਕੀਂ ਕ੍ਰੋਧ ਕਰਨ ਵਾਲੀ ਅਤਿ ਉਗ੍ਰਾ ਕਹਿੰਦੇ ਹਨ। ਤੈਨੂੰ ਹੀ ਪਾਰਬਤੀ (ਅਦ੍ਰਜਾ) ਅਤੇ ਬਿਆਸ-ਬਾਣੀ ਵਜੋਂ ਪਛਾਣਦੇ ਹਨ। ਤੂੰ ਆਪ ਹੀ ਸ਼ੇਸ਼ਨਾਗ ਦੀ ਸੇਜ ਬਣਾਈ ਹੈ। ਤੂੰ ਹੀ ਸ਼ੇਰ ਦੇ ਵਾਹਨ ਵਾਲੀ ਅਖਵਾਉਂਦੀ ਹੈਂ।

ਗੁਰਬਾਣੀ ਅਨੁਸਾਰ ਸਭ ਦੇਵੀ ਅਤੇ ਦੇਵਤੇ ਅਕਾਲ ਪੁਰਖ ਦੀ ਮਾਇਆ ਹਨ। ਗੁਰਬਾਣੀ ਕੇਵਲ ਇੱਕ ਏਕੰਕਾਰ, ਇਕੋ ਇੱਕ ਸਦੀਵ ਹਸਤੀ ਜੋਤਿ ਰੂਪ ਅਕਾਲ ਪੁਰਖ ਦੀ ਸਿਫ਼ਤ ਸਾਲਾਹ ਤੇ ਜਪ ਸਿਮਰਨ ਦਾ ਉਪਦੇਸ਼ ਦਿੰਦੀ ਹੈ। ਦੇਵੀ ਦੇਵਤਿਆਂ ਦੀ ਉਸਤਤਿ ਜਪ ਅਤੇ ਸਿਮਰਨ ਵੇਦ ਮਤ ਹੈ। ਦਸਾਂ ਪਾਤਸ਼ਾਹੀਆਂ ਨੇ ਵੇਦ ਮਤ ਦਾ ਖੰਡਨ ਕੀਤਾ ਅਤੇ ਹਿੰਦੂਆਂ ਤੋਂ ਸਿੱਖ ਬਣੇ।

***ਤੁਹੀ ਚੋਦਹੂ ਲੋਕ ਕੀ ਰਾਜਧਾਨੀ।...ਤੁਹੀ ਅਸ਼ਟਹਾਥ ਮੈ ਅਸਤ੍ਰ ਧਾਕੇ।੧੧।***

*(ਤੁਹੀ ਅਠ ਬਾਹਾਂ ਤੇ ਅਠ ਹੱਥ ਵਿੱਚ ਅਸਤ੍ਰ ਫੜੇ ਹਨ)*

***ਜਯੰਤੀ ਤੁਹੀ ਮੰਗਲਾ ਰੂਪ ਕਾਲੀ।।*** (ਦੇਵ, ਦੇਵੀ) (ਅੰਕ 12)

*(ਤੂੰ ਹੀ ਕਾਲੀ ਦੇਵੀ ਹੈ)*

***ਕਪਾਲਨਿ ਤੁਹੀ ਹੈ ਤੂੰ ਹੀ ਭੱਦ੍ਰਕਾਲੀ।।***

*(ਤੂੰ ਹੀ ਮੁਰਦਿਆਂ ਦੀਆਂ ਖੋਪਰੀਆਂ ਗਲ ਪਾਉਣ ਵਾਲੀ ਹੈ)*





***ਦੁਰਗਾ ਤੂੰ ਛਿਮਾ ਤੂੰ ਸਿਵਾ ਰੂਪ ਤੋਰੋ।।***

*(ਦੁਰਗਾ ਤੇ ਸਿਵਾ ਤੇਰੇ ਹੀ ਰੂਪ ਹਨ)*

***ਤੁਧਾਤ੍ਰੀ ਸ੍ਵਾਹਾ ਨਮਸਕਾਰ ਮੋਰੋ।।***

*(ਕਵੀ ਦੇਵੀ ਦੇ ਅਨੇਕ ਰੂਪ ਦਰਸਾਉਂਦਾ ਹੈ ਤੇ ਇਸ ਭਗਉਤੀ ਦੇਵੀ ਨੂੰ ਨਮਸਕਾਰ ਕਰਦਾ ਹੈ)*

ਚੰਡੀ ਚਰਿਤ੍ਰ ਦੇ ਪਹਿਲੇ ਅਧਿਆਏ ਵਿੱਚ 48 ਅੰਕ ਹਨ। ਉਪ੍ਰੰਤ ਲਿਖਿਆ ਹੈ -

***ਇਤਿ ਸ੍ਰੀ ਚਰਿਤ੍ਰ ਪਖਯਾਨੇ ਚੰਡੀ ਚਰਿਤ੍ਰ ਪ੍ਰਥਮ ਧਯਾਇ।।***

***ਸਮਾਪਤਮ ਸਤੁ ਸੁਭਗ ਸਤ*** *(48)* ***ਅਫਜੂ*** (ਚਲਦਾ ਪ੍ਰਸੰਗ)

ਇਸ ਰਚਨਾ ਵਿੱਚ ਦੇਵੀ ਭਗਉਤੀ ਨੂੰ ਨਮਸਕਾਰ ਕਰਦੇ ਹੋਇਆਂ ਉਸ ਦੇ ਸਰੂਪ, ਸਮਰਥਾ ਅਤੇ ਕਰਤਵਾਂ ਉਤੇ ਝਾਤ ਪਾਈ ਹੈ। ਤੇ ਉਸ ਤੋਂ ਹੀ ਸਾਰੀ ਸ੍ਰਿਸ਼ਟੀ, ਸਾਰੇ ਦੇਵੀ ਦੇਵਤਿਆਂ ਦੇ ਕੌਤਕਾਂ ਦੀ ਹੋਂਦ ਦੱਸੀ ਗਈ ਹੈ। ਸਾਰੀ ਰਚਨਾ ਪਾ:10 ਦੇ ਦਰਬਾਰ ਨੂੰ ਬਦਨਾਮ ਕਰਨ ਦਾ ਉਪਰਾਲਾ ਹੈ।

**(ਪੰਨਾ** 1359, **ਦਸਮ ਗ੍ਰੰਥ**, 404 **ਵਾਂ ਚਰਿਤ੍ਰ)**

***ਸਬੁਧਿ ਬਾਚ।। ਚੌਪਈ।। ਸੱਤ ਸੰਧਿ ਇਕ ਭੂਪ ਭਨਿਜੈ।। ਪ੍ਰਥਮੇ ਸਤਿਜੁਗ ਬੀਚ ਕਹਿਜੈ।। ਜਿਹ ਜਸ ਪੁਰੀ ਚੌਦਹੂੰ ਛਾਯੋ।। ਨਾਰਦ ਰਿਖਿ ਤਬ ਰਾਇ ਮੰਗਾਯੋ।।੧।। ਸਭ ਦੇਵਨ ਕੋ ਰਾਜਾ ਭਯੋ।। ਬ੍ਰਹਮਾ ਤਿਲਕ ਆਪੁ ਤਿਹ ਦਿਯੋ।। ਨਿਹਕੰਟਕ ਸੁਰ ਕਿਯਾ ਸਬ।। ਦਾਨਵ ਮਾਰ ਨਿਕਾਰ ਦਏ ਜਬ।।੨।। ਇਤਿ ਦਿਸਿ ਦੂਲਹ ਦੇਈ ਕੁਮਾਰੀ।। ਸੱਸਤਰ ਸਾਜਿ ਰਥਿ ਕਰੀ ਸਵਾਰੀ।। ਸਸਤਰਨ ਕਰਿ ਪ੍ਰਨਾਮ ਤਿਹਕਾਲਾ।। ਛਾਡਤ ਭੀ ਰਨ ਬਿਸਿਖਿ ਕਰਾਲਾ ।। ੪੧।।*** *(ਹਥਿਆਰਾਂ ਨੂੰ ਨਮਸਕਾਰ ਕੀਤੀ।)* ***ਚਿੱਤ ਮੋਂ ਕਿਯਾ ਕਾਲਕਾ ਧਯਾਨਾ।। ਦਰਸਨ ਦਿਆ ਆਨਿ ਭਗਵਾਨਾ।।***

*(ਚਿੱਤ ਵਿੱਚ ਕਾਲਕਾ ਦਾ ਧਿਆਨ ਧਰਿਆ, ਕਾਲਕਾ ਭਗਵਾਨ ਨੇ ਦਰਸ਼ਨ ਦਿੱਤਾ।)*

***ਕਰਿ ਪ੍ਰਨਾਮ ਚਰਨਨ ਉਠਿ ਪਰੀ ਬਿਨਤੀ ਭਾਂਤਿ ਅਨਿਕ ਤਨ ਕਰੀ।।੫੨।।***

***ਸੱਤ ਕਾਲ ਮੈ ਦਾਸ ਤਿਹਾਰੀ।। ਅਪਨੀ ਜਾਨ ਕਰੋ ਪ੍ਰਤਿਪਾਰੀ।।***

*(ਬਾਲਾ ਨੇ ਉਠ ਕੇ ਪ੍ਰਨਾਮ ਕੀਤਾ ਅਤੇ ਉਨ੍ਹਾ ਦੇ ਚਰਨਾ ਉਤੇ ਡਿੱਗ ਪਈ ਤੇ ਅਨੇਕ ਤਰਾਂ ਬੇਨਤੀ ਕੀਤੀ। ਹੇ ਸੱਤ ਕਾਲ ਮੇ ਤੁਹਾਡੀ ਦਾਸੀ ਹਾਂ। ਆਪਣੀ ਜਾਣ ਕੇ ਮੇਰੀ ਪ੍ਰਤਿਪਾਲਣਾ ਕਰੋ। ਕਵੀ ਕਾਲਕਾ ਨੂੰ ਸਤਕਾਲ*

*ਕਹਿੰਦਾ ਹੈ।)*

***ਗੁਨ ਅਵਗੁਨ ਮੁਰ ਕਛੁ ਨ ਨਿਹਾਰਹੁ।।***

***ਬਾਹਿ ਗਹੇ ਕੀ ਲਾਜ ਬਿਚਾਰਹੁ।।੫੩।।***

*(ਮੇਰਾ ਗੁਨ ਅਵਗੁਨ ਨ ਬਿਚਾਰੋ, ਲੜ ਲਗੀ ਦੀ ਲਾਜ ਰਖੋ।)*

***ਹਮ ਹੈ ਸਰਨਿ ਤੋਰ ਮਹਾ ਰਾਜਾ।। ਤੁਮ ਕਹਿ ਬਾਂਹਿ ਗਹੇ ਕੀ ਲਾਜਾ।।***

***ਜੌ ਤਵ ਭਗਤ ਨੈਕ ਦੁਖ ਪੈਹੈ। ਦੀਨ ਦਇਆਲ ਪ੍ਰਭ ਬਿਰਦੁ ਲਜੈ ਹੈ।।***

***ਔ ਕਹ ਲਗਿ ਮੈ ਕਰੌ ਪੁਕਾਰਾ।। ਤੈ ਘਟਿ ਘਟਿ ਕੀ ਜਾਨਨਹਾਰਾ।।***

*(ਇਹ ਸਭ ਬੇਨਤੀਆਂ ਕਾਲਕਾ ਭਗਵਾਨ ਪਾਸ ਹੋ ਰਹੀਆਂ ਹਨ।)*

ਹਥਿਆਰਾਂ ਨੂੰ ਨਮਸਕਾਰ ਕੀਤੀ।

ਕਾਲਕਾ ਦਾ ਧਿਆਨ ਧਰਿਆ - ਕਾਲਕਾ ਨੂੰ ਭਗਵਾਨ ਕਿਹਾ।

ਕਾਲਕਾ ਨੂੰ ਸੱਤ ਕਾਲ ਕਿਹਾ ਹੈ।

ਜੋ ਤੁਹਾਡੇ ਭਗਤਾਂ ਨੂੰ ਦੁਖ ਦਿੰਦੇ ਹਨ -

ਤੁਸੀਂ ਘਟਿ ਘਟਿ ਦੇ ਜਾਨਨਹਾਰ ਹੋ।

ਜਦੋਂ ਅਸੀਂ ਪੰਨਾ 1386 ਤੇ ਕਬਿਯੋਬਾਚ ਬੇਨਤੀ ਚੌਪਈ ਦੀ ਵਿਚਾਰ ਕਰਾਂਗੇ, ਤਾਂ ਉਪਰ ਦਿੱਤੇ ਸਭ ਸ਼ਬਦ ਕਾਲਕਾ, ਖੜਗਕੇਤ ਆਦਿ ਲਈ ਵਰਤੇ ਹਨ।

ਵੇਦ ਸ਼ਾਸਤਰ ਸਿੰਮ੍ਰਿਤੀਆਂ ਓਮ ਨੂੰ ਸੱਤ ਕਹਿੰਦੇ ਹਨ, ਕਾਲ ਨੂੰ ਸੱਤ ਕਹਿੰਦੇ ਹਨ, ਕਾਲਕਾ ਦਾ ਧਿਆਨ ਧਰਦੇ ਹਨ, ਕਾਲਕਾ ਨੂੰ ਹੀ ਭਗਵਾਨ ਪਰਮੇਸਰ ਜਾਣਦੇ ਹਨ, ਉਸਨੂੰ ਹੀ ਪ੍ਰਨਾਮ ਕਰਦੇ ਹਨ। ਭਗਤ ਵੀ ਉਸ ਦੇ ਹੀ ਹਨ, ਕਾਲਕਾ ਨੂੰ ਹੀ ਘਟਿ ਘਟਿ ਦਾ ਜਾਨਨਹਾਰ ਕਹਿੰਦੇ ਹਨ। ਇਹਨਾਂ ਨੂੰ ਕਾਲ ਤੇ ਅਕਾਲ ਵਿੱਚ ਫਰਕ ਨਹੀਂ ਦਿੱਸਦਾ।

ਗੁਰਬਾਨੀ ਕੇਵਲ ਅਕਾਲ ਪੁਰਖ ਦੀ ਉਸਤਤਿ ਅਰਾਧਨਾ, ਜਪ ਸਿਮਰਨ ਗੁਰਸ਼ਬਦਿ ਦੁਆਰਾ ਕਰਦੀ ਹੈ। ਕਾਲ, ਅਕਾਲ ਪੁਰਖ ਦੇ ਹੁਕਮ ਵਿੱਚ ਕਾਰ ਕਰਦਾ ਹੈ। ਇਹ ਵਿਚਾਰ ਅਸੀਂ ਭਾਗ 3 ਵਿੱਚ ਕਰ ਚੁਕੇ ਹਾਂ।

ਅੰਕ 74ਦਾਨਵ ਮਹਾਕਾਲ ਨੂੰ ਮਾਰਨ ਲਈ ਆਏ।

ਅੰਕ 76

***ਚਾਹਤ ਮਹਾਕਾਲ ਕਹ ਮਾਰੋ।। ਮਹਾ ਮੂਰਖ ਨਹਿ ਕਰਤ ਬਿਚਾਰੋ।।***

***ਜਿਨ ਸਭ ਜਗ ਕਾ ਕਰਾ ਪਸਾਰਾ।। ਤਾਂਹਿ ਚਾਹਤ ਹੈ ਮੂੜ੍ਹ ਸੰਘਾਰਾ।।***





ਅੰਕ 77

***ਠੋਕਿ ਠੋਕਿ ਭੁਜ ਦੰਡਨ ਜੋਧਾ।। ਧਾਵਤ ਮਹਾਕਾਲ ਪਰ ਕ੍ਰੋਧਾ।।***

***ਬੀਸ ਪਦੁਮ ਦਾਨਵ ਤਵ ਭਯੋ।। ਨਾਸ ਕਰਨ ਕਾਲੀ ਕੋ ਭਯੋ।।***

ਸਾਰੀ ਕਹਾਣੀ ਕਾਲੀ ਦੇਵੀ ਆਦਿ ਤੇ ਦੈਤਾਂ ਦੇ ਯੁਧਾਂ ਦੀ ਹੈ।।

ਅੰਕ 91

***ਤੁਮ ਹੋ ਸਕਲ ਲੋਕ ਸਿਰਤਾਜਾ।। ਗਰਬਨ ਗੰਜ ਗਰੀਬ ਨਿਵਾਜਾ।।***

***ਆਦਿ ਅਕਾਲ ਅਜੋਨਿ ਬਿਨਾ ਭੈ, ਨਿਰਭੈ ਨਿਰਲੰਬ ਜਗਤ ਮੈ।।***

ਇਸ ਕਥਾ ਵਿਚ ਕਵੀ ਕਾਲ ਨੂੰ ਅਕਾਲ ਕਹਿੰਦਾ ਹੈ, ਅਜੋਨੀ ਕਹਿੰਦਾ ਹੈ, ਨਿਰਭੈ ਆਦਿ ਕਹਿੰਦਾ ਹੈ। ਕਵੀ ਨੂੰ ਕਾਲ ਤੇ ਅਕਾਲ ਵਿੱਚ ਭੇਦ ਨਹੀਂ ਦਿੱਸਦਾ।

ਮੂਲ ਮੰਤ੍ਰ ਦੀ ਵਿਚਾਰ ਵਿੱਚ ਅਸੀਂ ਦੇਖਿਆ ਸੀ ਕਿ ਕੇਵਲ ਅਕਾਲ ਪੁਰਖ ਇਕ ਏਕੰਕਾਰ ਜੋਤਿ ਰੂਪ ਹੀ ਅਜੋਨੀ ਹੈ, ਨਿਰਭੈ ਹੈ, ਅਕਾਲ ਹੈ। ਕਾਲ ਆਦਿ ਸਭ ਸੰਸਾਰ ਉਸ ਦੇ ਭੈ ਤੇ ਹੁਕਮ ਵਿੱਚ ਹਨ। ਕੇਵਲ ਅਕਾਲ ਹੀ ਅਜੂਨੀ ਹੈ, ਉਹ ਅਬਿਨਾਸ਼ੀ ਹੈ, ਉਹ ਨਿਰਵੈਰ ਹੈ, ਉਥੇ ਸ਼ਸਤਰ, ਲੜਾਈ, ਜੰਗ ਯੁੱਧ ਨਹੀਂ। ਉਥੇ ਕਾਮ ਨਹੀਂ, 'ਨਾ ਤਿਸੁ ਕਾਮ ਨ ਨਾਰੀ' ਵਾਲੀ ਨਿਰਗੁਣ ਅਵਸਥਾ ਹੈ।

ਉਪਰ ਦਿੱਤੇ ਵਿਚਾਰਾਂ ਨੂੰ ਸਮਝ ਕੇ ਜਦੋਂ ਅਸੀਂ ਕਬਿਯੋਬਾਚ ਬੇਨਤੀ ਚੌਪਈ ਦੀ ਵਿਚਾਰ ਕਰਾਂਗੇ, ਤਾਂ ਸਾਨੂੰ ਸਪਸ਼ਟ ਦਿੱਸੇਗਾ ਕਿ ਸਾਰੀ ਰਚਨਾ ਤੇ ਚੌਪਈ ਕਵੀ ਦੀ ਕਾਲ ਕਾਲਕਾ, ਭਵਾਨੀ, ਭਗਵਾਨ ਦੁਰਗਾ ਦੇਵੀ ਦੀ ਉਸਤਤਿ ਵਿੱਚ ਲਿਖੀ ਹੈ। ਅਸੀਂ ਇਸ ਬਿਖਮ ਭੁੱਲ ਕਰਕੇ ਇਸ ਬਿਖ ਰੂਪ ਚੌਪਈ ਦੇ ਪਾਠ ਕਰਦੇ ਹਾਂ। ਇਥੋਂ ਤਾਈਂ ਅੰਮ੍ਰਿਤ ਛਕਾਨ ਵੇਲੇ ਵੀ, ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਲਈ ਕਬਿਯੋਬਾਚ ਬੇਨਤੀ ਚੌਪਈ ਦਾ ਪਾਠ ਕੀਤਾ ਜਾਂਦਾ ਹੈ। ਨਹੀਂ ਜਾਣਦੇ ਇਸ ਬਿਖ ਰੂਪ ਬਾਣੀ ਦਾ ਅਸਰ ਕਿੰਨਾ ਅੰਮ੍ਰਿਤ ਸੰਚਾਰ ਵੇਲੇ ਗੁਰਸਿੱਖਾਂ ਵਿੱਚ ਹੁੰਦਾ ਹੈ। ਸ਼ਾਇਦ ਇਸੇ ਭੁੱਲ ਕਾਰਣ ਪੰਥ ਵਿੱਚ ਗਿਰਾਵਟ ਆ ਰਹੀ ਹੈ। ਅਸੀਂ ਨਵੀਂ ਜਾਣਕਾਰੀ ਤੋਂ ਬਾਦ ਵੀ ਸੁਧਾਰ ਕਰ ਲਈਏ ਤਾਂ ਗੁਰੂ ਜੀ ਤੋਂ ਭੁੱਲ ਬਖਸ਼ਾ ਸਕਦੇ ਹਾਂ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਸਮੇਂ ਪਾ:10 ਨੇ ਪੰਜ ਬਾਣੀਆਂ ਦਾ ਪਾਠ ਕੀਤਾ, ਜਿਸ ਵਿੱਚ ਇਹ ਚੌਪਈ ਵੀ ਸੀ। ਕੁਝ ਵਿਦਵਾਨ ਕਹਿੰਦੇ ਹਨ ਕਿ ਗੁਰੂ ਜੀ ਨੇ ਕੇਵਲ ਤਿੰਨ ਬਾਣੀਆਂ ਦਾ ਪਾਠ ਕੀਤਾ। ਕੁਝ ਵਿਦਵਾਨਾਂ ਅਨੁਸਾਰ ਪਾ:10 ਨੇ ਬਾਣੀ ਦਾ

ਪਾਠ ਕਰਦਿਆਂ ਅੰਮ੍ਰਿਤ ਤਿਆਰ ਕੀਤਾ। ਕਿਹੜੀਆਂ ਬਾਣੀਆਂ ਦਾ ਪਾਠ ਗੁਰੂ ਜੀ ਨੇ ਕੀਤਾ, ਭਾਈ ਮਨੀ ਸਿੰਘ ਤੇ ਨਵਾਬ ਕਪੂਰ ਸਿੰਘ ਆਦਿ ਨੇ ਕੀਤਾ, ਵਿਚਾਰ ਯੋਗ ਮਸਲਾ ਹੈ।

***ਕਬਿਯੋਬਾਚ ਬੇਨਤੀ।।***

***ਚੌਪਈ।।***

***ਹਮਰੀ ਕਰੋ ਹਾਥ ਦੈ ਰਛਾ।।***

ਇਹ ਸਾਰੀ ਰਛਾ ਕਾਲੀ, ਮਹਾਂਕਾਲ ਤੋਂ ਕਵੀ ਮੰਗ ਰਿਹਾ ਹੈ। ਅਸੀਂ ਵਿਚਾਰ ਕਰ ਚੁਕੇ ਹਾਂ ਕਿ ਗੁਰਸਿੱਖ ਗੁਰਮਤਿ ਸਿਮਰਨ ਕਰਦੇ ਹਨ ਤੇ ਕਾਲ ਉਤੇ ਜਿੱਤ ਪ੍ਰਾਪਤ ਕਰਕੇ, ਅਬਿਨਾਸੀ, ਸਦ ਜੀਵਤ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ।

ਅੰਕ 381 ***ਸ੍ਰੀ ਅਸਿਧੁਜ ਜੁ ਕਰੀਯਹੁ ਰਛਾ।।***

ਸ੍ਰੀ ਅਸਿਧੁਜ - ਤਲਵਾਰ ਧਾਰਨ ਵਾਲੀ ਦੇਵੀ ਦੁਰਗਾ।

ਅੰਕ 392 ***ਤਾ ਕਉ ਕਰਿ ਪਾਹਨ ਅਨੁਮਾਨਤ।।***

***ਮਹਾ ਮੂੜ ਕਛ ਭੇਦ ਨ ਜਾਨਤ।।***

***ਮਹਾਂ ਦੇਵ ਕਉ ਕਹਤ ਸਦਾ ਸਿਵ।।***
***ਨਿਰੰਕਾਰ ਕਾ ਚੀਨਤਿ ਨਹ ਭਿਵ।।***

ਕਵੀ ਕਾਲ ਕਾਲਕਾ ਨੂੰ ਹੀ ਨਿਰੰਕਾਰ ਕਹਿੰਦਾ ਹੈ। ਗੁਰਸਿੱਖ ਅਕਾਲ ਪੁਰਖ ਨੂੰ ਨਿਰੰਕਾਰ ਕਹਿੰਦੇ ਹਨ, ਇਸੇ ਲਈ ਸਿੱਖ ਧੋਖੇ ਵਿੱਚ ਚੌਪਈ ਨੂੰ ਪੜ੍ਹਦੇ ਹਨ।

ਚਰਿਤ੍ਰ ਪਖਿਆਨ ਦੀ ਸੋਲ੍ਹਵੀਂ ਤੇ ਇਕੀਸਵੀਂ ਕਥਾ ਦੀ ਵਿਚਾਰ ਅਸੀਂ ਹੇਠਾਂ ਲਿਖੀ ਹੈ।

**ਸੋਲ੍ਹਵੀਂ ਕਥਾ ਛੱਜੀਆਂ ਦੀ** : (ਪੰਨਾ 829, ਦਸਮ ਗ੍ਰੰਥ)

ਇਸ ਕਥਾ ਵਿਚ ਕਵੀ ਨੇ ਇਸ ਨੂੰ ਪਾ:10 ਦੀ ਆਤਮ ਕਥਾ ਜਨਾਉਣ ਦੀ ਘਿਨੌਨੀ ਹਰਕਤ ਕੀਤੀ ਹੈ।

ਸਤਲੁਜ ਦਰਿਆ ਦੇ ਕੰਢੇ ਇਕ ਰਾਜਾ ਬੜਾ ਸੁਖੀ ਰਹਿੰਦਾ ਸੀ। ਇਕ ਸੁੰਦਰ ਵੇਸ਼ਵਾ ਛੱਜੀਆ ਸੀ। ਉਹ ਪੈਸਿਆਂ ਦਾ ਲਾਲਚ ਕਰਕੇ ਰਾਜੇ ਦੇ ਘਰ ਆਈ ਤੇ ਤੱਕਦਿਆਂ ਹੀ ਰਾਜੇ ਤੇ ਮੋਹਤ ਹੋ ਗਈ ਤੇ ਉਸਨੂੰ ਇਕਾਂਤ ਵਿੱਚ ਮਿਲਣ ਲਈ ਜੰਤ੍ਰ, ਮੰਤ੍ਰ, ਜਾਦੂ ਟੋਣੇ ਤੇ ਚਲਿੰਤਰ ਕੀਤੇ, ਪਰ ਰਾਜਾ ਵੱਸ ਵਿੱਚ ਨਹੀਂ ਆਇਆ।





ਹਾਰ ਕੇ ਛੱਜੀਆ ਨੇ ਭਗਵੇ ਬਸਤਰ ਪਾ ਕੇ ਜੋਗੀ ਦਾ ਭੇਸ ਬਣਾਇਆ ਤੇ ਰਾਜੇ ਦੇ ਦਰਬਾਰ ਵਿੱਚ ਜਾ ਕੇ ਨਮਸਕਾਰ ਕੀਤੀ, ਜਿਸਨੂੰ ਤੱਕ ਕੇ ਰਾਜਾ ਬਹੁਤ ਪ੍ਰਸੰਨ ਹੋਇਆ।

ਰਾਜੇ ਦਿਲ ਵਿੱਚ ਸੋਚਿਆ ਕਿ ਜਾਤੇ ਕਛ ਸੰਗ੍ਰਹੋ ਮੰਤ੍ਰ, ਅਰਥਾਤ ਕੁਝ ਮੰਤਰ ਸਿੱਖਣ ਲਈ ਜੋਗੀ ਦੇ ਘਰ ਇਕ ਦੂਤ ਭੇਜਿਆ।

ਰਾਜਾ ਮੰਤ੍ਰ ਸਿੱਖਣ ਲਈ ਐਨਾ ਉਤਾਵਲਾ ਸੀ ਕਿ ਉਹ ਦੂਤ ਦੇ ਕਹਿਣ ਅਨੁਸਾਰ ਅੱਧੀ ਰਾਤ ਦੇ ਸਮੇਂ ਵੇਸਵਾ ਦੇ ਘਰ ਪਹੁੰਚਿਆ। ਵੇਸਵਾ ਨੇ ਆਪਣੀ ਜਿਨਸੀ ਭੁੱਖ ਮਿਟਾਉਣ ਲਈ ਬਹੁਤ ਤਰਲੇ ਕੀਤੇ ਪਰ ਰਾਜਾ ਨਾ ਮੰਨਿਆ ਤੇ ਧਮਕੀਆਂ ਦੀ ਕੋਈ ਪਰਵਾਹ ਨ ਕਰਦਿਆਂ, ਬਹੁਤ ਮੁਸ਼ਕਲ ਨਾਲ, ਝੂਠਾ ਚਰਿੱਤਰ ਵੇਖ ਕੇ ਧਰਮ ਬਚਾ ਕੇ ਵਾਪਸ ਆਇਆ।

**ਇਕੀਸਵੀਂ ਕਥਾ ਅਨੂਪ ਕੌਰ ਦੀ** : (ਪੰਨਾ 838, ਦਸਮ ਗ੍ਰੰਥ)

ਇਸ ਕਥਾ ਵਿੱਚ ਵੀ ਇਕ ਰਾਜਾ ਅਨੰਦਪੁਰ ਗਾਂਵ ਵਿੱਚ, ਸਤਲੁਜ ਦੇ ਕੰਢੇ, ਨੈਣਾ ਦੇਵੀ ਦੇ ਨੇੜੇ, ਕਹਿਲੂਰ ਰਿਆਸਤ ਵਿੱਚ ਰਹਿੰਦਾ ਸੀ, ਜਿਸ ਦੀ ਸਿੱਖੀ ਸੇਵਕੀ ਵੀ ਬਹੁਤ ਸੀ ਤੇ ਮਨ ਬਾਂਛਤ ਫਲ ਪਾਉਂਦਾ ਸੀ।

ਇਕ ਧਨਵਾਨ, ਸੁੰਦਰ ਇਸਤ੍ਰੀ ਰਾਜੇ ਤੇ ਮੋਹਿਤ ਹੋ ਗਈ। ਉਸ ਦੇ ਨਾਮ ਅਨੂਪ ਕੌਰ ਤੋਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਉਸ ਦਾ ਸਬੰਧ ਸਿੱਖ ਘਰਾਣੇ ਨਾਲ ਸੀ। ਰਾਜੇ ਦੇ ਮਨ ਵਿੱਚ ਮੰਤ੍ਰ ਸਿੱਖਣ ਦੀ ਪ੍ਰਬਲ ਇੱਛਾ ਸੀ ਤੇ ਇਸੇ ਹੀ ਕਮਜ਼ੋਰੀ ਦਾ ਲਾਭ ਉਠਾਉਂਦਿਆਂ, ਅਨੂਪ ਕੌਰ ਨੇ ਚਾਲ ਖੇਡ ਕੇ ਰਾਜੇ ਨੂੰ ਆਪਣੇ ਘਰ ਵਿੱਚ ਬੁਲਾਉਣ ਦੀ ਵਿਉਂਤ ਬਣਾਈ, ਜਿਹੜੀ ਸਫਲ ਸਿੱਧ ਹੋਈ।

ਰਾਜਾ, ਸਾਧਾਰਣ ਰਾਜਾ ਨਹੀਂ ਸੀ, *ਭਗਵਤੀ ਦਾ ਉਪਾਸ਼ਕ ਸੀ,* ਕਿਉਂਕਿ ਉਹ ਤਪੱਸਵੀ ਦੇ ਭੇਸ ਵਿੱਚ ਭਗਵਤੀ ਦਾ ਸਿਮਰਨ ਕਰਦਾ ਹੋਇਆ ਉਸ ਇਸਤ੍ਰੀ ਦੇ ਘਰ ਪੁੱਜਿਆ। ਅਨੂਪ ਕੌਰ ਦੀ ਕਾਮ ਵਾਸਨਾ ਏਨੀ ਵੱਧ ਗਈ ਕਿ ਉਹ ਇਹ ਕਹਿਣੋ ਰਹਿ ਨ ਸਕੀ ਕਿ ਮੈਂ ਭੋਗ ਕੀਤੇ ਬਿਨਾ ਤੁਹਾਨੂੰ ਜਾਣ ਨਹੀਂ ਦੇਵਾਂਗੀ, ਤੁਹਾਡੇ ਵੈਰਾਗ ਵਿੱਚ ਹੀ ਸੜ ਜਾਵਾਂਗੀ ਤੇ ਜ਼ਹਿਰ ਪੀ ਕੇ ਮਰ ਜਾਵਾਂਗੀ। ਰਾਜਾ ਡਰ ਗਿਆ ਕਿ ਜੇ ਮੈਨੂੰ ਇਹ ਭਗਵਤੀ ਦੀ ਸੌਂਹ ਦੇ ਦੇਵੇਗੀ ਤਾਂ ਮੈਨੂੰ ਨਿਰਸੰਕੋਚ ਹੋ ਕੇ ਇਹਦੇ ਨਾਲ ਰੰਮਣ ਕਰਨਾ ਪਵੇਗਾ। ਇਸ ਮੌਕੇ ਤੇ ਦੋਹਾਂ ਧਿਰਾਂ ਵਲੋਂ ਜਿਹੜੀਆਂ ਦਲੀਲਾਂ ਦਿੱਤੀਆਂ ਗਈਆਂ, ਉਹ ਕਮਾਲ ਦੀਆਂ ਹਨ। ਰਾਜੇ ਦੁਆਰਾ ਇਹ ਉਚਾਰਿਆ ਛੰਦ ਗੁਰ ਇਤਿਹਾਸ ਦਾ ਹਿੱਸਾ ਬਣਿਆ ਹੋਇਆ ਹੈ।

***ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।***

***ਪੁਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ।***
***ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ।***
***ਪਰਨਾਰੀ ਕੀ ਸੇਜ ਭੁਲਿ ਸੁਪਨੇ ਹੂੰ ਨ ਜੈਯਹੁ।***

ਰਾਜੇ ਨੇ ਇਹ ਵੀ ਆਖਿਆ ਕਿ ਹੇ ਇਸਤ੍ਰੀ ! ਸਾਡੇ ਪਾਸ ਦੇਸ ਦੇਸਾਂਤਰਾਂ ਤੋਂ ਮਰਦ ਇਸਤ੍ਰੀਆਂ ਆਉਂਦੇ ਹਨ ਤੇ ਮਨ ਬਾਂਛਤ ਵਰ ਮੰਗ ਕੇ ਤੇ ਗੁਰੂ ਜਾਣ ਕੇ ਸੀਸ ਝੁਕਾਉਂਦੇ ਹਨ। ਉਹ ਸਿੱਖ ਮੇਰੇ ਪੁੱਤਰ ਹਨ ਤੇ ਇਸਤ੍ਰੀਆਂ ਮੇਰੀਆਂ ਧੀਆਂ ਹਨ, ਤੂੰ ਆਪ ਹੀ ਦੱਸ ਇਹਨਾਂ ਨਾਲ ਭੋਗ ਕਿਵੇਂ ਕੀਤਾ ਜਾਵੇ ?

ਅਨੂਪ ਕੌਰ ਨੇ ਚੋਰ-ਚੋਰ ਆਖ ਕੇ ਫੜਾਉਣ ਦੀ ਧਮਕੀ ਦਿੱਤੀ ਤੇ ਆਪਣੇ ਮਨੋਰਥ ਦੀ ਪੂਰਤੀ ਨਾ ਹੋਣ ਕਰਕੇ ਚੋਰ-ਚੋਰ ਦੀ ਉੱਚੀ ਧੁਨੀ ਲਗਾ ਹੀ ਦਿੱਤੀ। ਚੋਰ-ਚੋਰ ਦੀ ਆਵਾਜ਼ ਸੁਣ ਕੇ ਰਾਜਾ ਬਹੁਤ ਡਰਿਆ ਤੇ ਸੁਧ ਬੁਧ ਭੁਲਾ ਕੇ ਆਪਣੀ ਜੁੱਤੀ ਤੇ ਰੇਸ਼ਮੀ ਚਾਦਰ ਛੱਡ ਕੇ ਭੱਜ ਗਿਆ। ਭੁਲੇਖੇ ਵਿੱਚ ਅਨੂਪ ਕੌਰ ਦਾ ਭਰਾ ਫੜਿਆ ਗਿਆ, ਜਿਸ ਦੀ ਦਾਹੜੀ ਫੜ ਲਈ, ਪੱਗ ਉਤਾਰ ਦਿੱਤੀ, ਮੂੰਹ ਤੇ ਜੁੱਤੀਆਂ ਮਾਰੀਆਂ ਤੇ ਉਸੇ ਵੇਲੇ ਜੇਲ੍ਹ ਭੇਜ ਦਿੱਤਾ ਗਿਆ। ਅਗਲੇ ਦਿਨ ਰਾਜੇ ਨੇ ਅਨੂਪ ਕੌਰ ਨੂੰ ਦਰਬਾਰ ਵਿੱਚ ਬੁਲਾਇਆ ਤੇ ਰਾਤ ਦੀ ਘਟਨਾ ਨੂੰ ਮੁੱਖ ਰਖਦਿਆਂ ਯੋਗ ਫੈਸਲਾ ਸੁਣਾਇਆ।

ਇਹਨਾਂ ਦੋਨਾਂ ਕਥਾਵਾਂ ਤੋਂ ਇਹ ਨਿਸ਼ਕਰਸ਼ ਨਿਕਲਦਾ ਹੈ ਕਿ ਇਹ ਕਿਸੇ ਹੋਰ ਰਾਜੇ ਦੀ ਕਥਾ ਨਹੀਂ, ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਹੈ। ਅਨੰਦਪੁਰ ਵਿੱਚ ਕੋਈ ਪੁਰਾਣਾ ਕਸਬਾ ਨਹੀਂ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਮੇਂ ਤੋਂ ਹੀ ਇਸਦਾ ਨਾਉਂ ਅਨੰਦਪੁਰ ਸਾਹਿਬ ਪਿਆ। ਕਿਸੇ ਹੋਰ ਰਾਜੇ ਦੇ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਂਜ ਇਸ ਨਾਲ ਸਾਰੇ ਸਹਿਮਤ ਹਨ।

ਸਿੱਖ ਜਗਤ ਦਾ ਇਕ ਵਰਗ ਇਹਨਾਂ ਕਥਾਵਾਂ ਨੂੰ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦਾ ਹੈ। ਉਹ ਤਾਂ ਇਥੇ ਤਕ ਪਹੁੰਚਦਾ ਹੈ ਕਿ ਜਿਹੜਾ ਪੁਰਸ਼ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਨਹੀਂ ਮੰਨਦਾ, ਉਸਨੂੰ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਦੂਜਾ ਵਰਗ ਕੁਝ ਚੋਣਵੀਂ ਰਚਨਾ ਨੂੰ ਹੀ ਦਸ਼ਮੇਸ਼ ਪਿਤਾ ਦੀ ਰਚਨਾ ਸਮਝਦਾ ਹੈ। ਉਸ ਅਨੁਸਾਰ ਕੋਈ ਪੂਰਨ ਗੁਰਸਿੱਖ ਵੀ ਇਸ ਤਰ੍ਹਾਂ ਦੀਆਂ ਕਥਾਵਾਂ ਰਚਨ ਕਰਨ ਤੋਂ ਸੰਕੋਚ ਕਰਦਾ ਹੋਵੇਗਾ। ਉਹ ਕਿਹੜਾ ਗੁਰਸਿੱਖ ਹੋਵੇਗਾ ਜਿਹੜਾ ਅੱਧੀ ਰਾਤ ਦੇ ਬਾਅਦ ਰਾਜੇ ਨੂੰ ਅੰਮ੍ਰਿਤ ਵੇਲਾ ਸੰਭਾਲਣ ਦੀ ਬਜਾਏ ਇਕ ਨਿਗੂਣੇ ਮੰਤਰ ਦੀ ਖਾਤਰ ਵੇਸਵਾ ਦੇ ਨਰਕ ਘੋਰ ਦੁਆਰ ਵਿੱਚ ਲਿੰਗ ਵਾਸ਼ਨਾ ਦੇ ਚਰਚਾ ਵਿੱਚ ਫੱਸਿਆ ਦਿਖਾਵੇਗਾ, ਜਿਸ ਨੂੰ ਅਕਾਲ ਪੁਰਖ ਵਾਹਿਗੁਰੂ ਗੁਰਮੰਤਰ ਯਾਦ ਨਹੀਂ, ਭਗਵਤੀ ਦਾ ਸਿਮਰਨ ਯਾਦ ਹੈ, ਜਿਸਨੂੰ "ਪਾਰਬ੍ਰਹਮ ਗੁਰ ਨਾਨਕ ਸਾਖੀ" ਜੈਸੀ ਸ਼ਬਦਾਵਲੀ ਦਾ ਪਤਾ





ਨਹੀਂ, ਪਰ ਭਗਵਤੀ ਦੀ ਕਸਮ ਖਾਣ ਉਪ੍ਰੰਤ ਕੁਕਰਮ ਕਰਨ ਦੀ ਬੇਬਸੀ ਜਾਂ ਮਜਬੂਰੀ ਦਾ ਪਤਾ ਹੈ, ਜਿਸ ਦੇ ਸਾਹਮਣੇ ਸਿੱਖੀ ਸਰੂਪ ਦੀ ਦੁਰਦਸ਼ਾ ਹੋਈ, ਦਾਹੜੀ ਫੜੀ ਗਈ, ਪੱਗ ਉਤਾਰੀ ਗਈ ਤੇ ਮੂੰਹ ਤੇ ਜੁੱਤੀਆਂ ਮਾਰੀਆਂ ਗਈਆਂ।

ਦੂਜੇ ਵਰਗ ਦੀ ਸੋਚਣੀ ਅਨੁਸਾਰ ਅਸੀਂ ਬਹੁਤ ਖੁਸ਼ ਹੁੰਦੇ ਹਾਂ ਕਿ ਇਹਨਾਂ ਕਥਾਵਾਂ ਵਿੱਚ ਰਾਜੇ ਦਾ ਚਾਲ-ਚਲਨ ਬਹੁਤ ਚੰਗਾ ਤੇ ਨਿਰਲੇਪ ਦਿਖਾਇਆ ਹੈ। ਇਸ ਪ੍ਰਸੰਨਤਾ ਅਧੀਨ ਸਾਨੂੰ ਗੁਰਮਤਿ ਕਸੌਟੀ ਦੀ ਵਰਤੋਂ ਕਰਨੀ ਵੀ ਜ਼ਰੂਰੀ ਨਹੀਂ ਭਾਸਦੀ। ਇਹਨਾਂ ਕਥਾਵਾਂ ਅਨੁਸਾਰ ਜੇ ਰਾਜੇ ਦੀ ਸਮੁੱਚੀ ਸ਼ਖ਼ਸੀਅਤ ਵੱਲ ਝਾਤ ਮਾਰੀਏ ਤਾਂ ਉਹ ਬੁਜ਼ਦਿਲ, ਡਰਪੋਕ ਤੇ ਬੇਬਸ ਨਜ਼ਰ ਆਵੇਗਾ। ਅਨੂਪ ਕੌਰ ਰਾਜੇ ਤੇ ਐਨੀ ਹਾਵੀ ਹੋ ਚੁਕੀ ਸੀ ਕਿ ਉਹ ਰਾਜੇ ਦੀ ਸ਼ਕਤੀ ਨੂੰ ਤੁੱਛ ਸਮਝਦੀ ਸੀ, ਇਸੇ ਕਰਕੇ ਉਸਨੇ ਰਾਜੇ ਨੂੰ ਆਖਿਆ ਕਿ ਮਨ ਕਰਕੇ ਮੇਰੇ ਨਾਲ ਭੋਗ ਕਰੋ ਨਹੀਂ ਤਾਂ ਮੇਰੀ ਲੱਤ ਥੱਲਿਓਂ ਹੋ ਕੇ ਨਿਕਲ ਜਾਵੋ। ਮਿੱਤਰ ਜੀ, ਅੱਜ ਮੈਂ ਤੁਹਾਨੂੰ ਆਪਣੇ ਹੱਥ ਨਾਲ ਫੜ ਕੇ ਸਾਰੀ ਰਾਤ ਚੂਰ-ਚੂਰ ਕਰਾਂਗੀ।

ਛੱਜੀਆ ਦੀ ਕਥਾ ਅਨੁਸਾਰ ਰਾਜਾ ਨੇ ਆਖਿਆ ਕਿ ਜੇ ਮੈਂ ਭੋਗ ਕਰਦਾ ਹਾਂ ਤਾਂ ਧਰਮ ਜਾਂਦਾ ਹੈ, ਜੇ ਦੌੜਦਾ ਹਾਂ ਤਾਂ ਬੰਨ੍ਹ ਲਿਆ ਜਾਵਾਂਗਾ। ਇਥੋਂ ਰਾਜਾ ਉਸ ਦੀ ਹਾਂ ਵਿੱਚ ਹਾਂ ਮਿਲਾਉਣ ਦਾ ਚਰਿੱਤਰ ਖੇਡ ਕੇ ਨੱਸ ਉੱਠਿਆ ਸੀ। ਰਾਜਾ ਕਿੰਨਾ ਡਰਦਾ ਸੀ, ਇਸ ਦਾ ਅਨੁਮਾਨ ਕਥਾ ਵਿੱਚ ਵਰਤੀ ਸ਼ਬਦਾਵਲੀ ਤੋਂ ਲਾਇਆ ਜਾ ਸਕਦਾ ਹੈ। ਕਦੇ ਉਸਨੂੰ ਘੋਰ ਨਰਕ ਵਿੱਚ ਪੈਣ ਦਾ ਡਰ ਹੈ, ਕਦੇ ਨੀਚ ਕੁਲ ਵਿੱਚ ਜਨਮ ਧਾਰਨ ਦਾ ਡਰ, ਕਦੇ ਭਗਵਤੀ ਦੀ ਸੌਂਹ ਤੋੜਨ ਦਾ ਡਰ। ਡਰ ਦੇ ਮਾਰੇ ਰਾਜੇ ਨੇ ਇਹ ਵੀ ਆਖਿਆ ਕਿ ਬਿਨਾ ਭੋਗ ਕੀਤੇ ਇਹ ਇਸਤ੍ਰੀ ਮਾਰ ਦੇਵੇਗੀ ਤੇ ਕਿੰਨਾ ਚੰਗਾ ਹੁੰਦਾ ਜੇ ਕੋਈ ਸਿੱਖ ਸੇਵਕ ਆ ਕੇ ਮੈਨੂੰ ਬਚਾ ਲਵੇ। ਚੋਰ-ਚੋਰ ਦੀ ਆਵਾਜ਼ ਸੁਣ ਕੇ ਰਾਜਾ ਐਨਾ ਡਰਿਆ ਕਿ ਰੇਸ਼ਮੀ ਚਾਦਰ ਤੇ ਜੁੱਤੀ ਛੱਡ ਕੇ ਭੱਜ ਗਿਆ।

ਅਗਲੇ ਦਿਨ ਰਾਜੇ ਨੇ ਦਰਬਾਰ ਵਿੱਚ ਜੋ ਫੈਸਲਾ ਕੀਤਾ, ਉਹ ਫੈਸਲਾ ਨਹੀਂ, ਸਮਝੌਤਾ ਸੀ। ਇਹ ਫੈਸਲਾ ਦਰਬਾਰ ਵਿੱਚ ਨਹੀਂ, ਇਕਾਂਤ ਵਿੱਚ ਹੋਇਆ ਸੀ ਜਿਸ ਦਾ ਸਾਰ ਇਹ ਸੀ - 'ਇਸ ਤਰ੍ਹਾਂ ਦੀ ਗੱਲ ਮਨ ਵਿੱਚ ਨਹੀਂ ਲਿਆਉਣੀ, ਹੁਣ ਮੇਰਾ ਦੋਸ਼ ਮਾਫ਼ ਕਰਨਾ', ਖੁਸ਼ ਕਰਨ ਲਈ ਵੀਹ ਹਜ਼ਾਰ ਟਕੇ ਛਿਮਾਹੀ ਦਿੱਤੇ ਗਏ।

ਇਹ ਕਥਾਵਾਂ ਪਾ:10 ਦੀ ਸ਼ਖ਼ਸੀਅਤ ਤੇ ਆਚਰਣ ਉੱਤੇ ਵਿਉਂਤ ਅਨੁਸਾਰ ਕੀਤਾ ਗੁੱਝਾ ਵਾਰ, ਕਿਸੇ ਅਨਮਤੀ ਭਗਉਤੀ ਦੇ ਉਪਾਸ਼ਕ ਕਵੀ ਦੀ ਚਾਲ ਹਨ।

## 12. ਜ਼ਫ਼ਰਨਾਮਾ ਪਾ: ੧੦

(ਦਸਮ ਗ੍ਰੰਥ, ਪੰਨਾ 1389 - 1427)

### ਭਮਿਕਾ

ਭਾਈ ਚਤਰ ਸਿੰਘ ਜੀਵਨ ਸਿੰਘ ਦੇ ਛਪੇ ਦਸਮ ਗ੍ਰੰਥ ਵਿੱਚ "ਜ਼ਫਰਨਾਮਹ" ਦਾ ਪਹਿਲਾ ਬੰਦ '*ਕਮਾਲਿ ਕਰਾਮਾਤ ਕਾਇਮ ਕਰੀਮ॥ ਰਜ਼ਾ ਬਖਸ਼ ਰਾਜਿਕ ਰਿਹਾਕੁਨ ਰਹੀਮ॥*' ਹੈ। ਇਸ ਦੇ 115 ਬੰਦ ਹਨ।

ਜ਼ਫਰ ਨਾਮਹ ਸਟੀਕ (ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਪੁਸਤਕ ਨੰ. 160) ਵਿੱਚ ਛਪੇ ਵਾਲੇ ਦਸਮ ਗ੍ਰੰਥ ਤੋਂ ਪਹਿਲਾਂ 23 ਹੋਰ ਬੰਦ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਦੀ ਪੁਸਤਕ "ਕਲਗੀਧਰ ਚਮਤਕਾਰ" ਪੰਨਾ 107, 108, 109 ਵਿੱਚ ਇਹ ਪਹਿਲੇ 23 ਬੰਦ ਹੀ ਅਰਥਾਂ ਸਮੇਤ ਦਿੱਤੇ ਹਨ। ਉਰਦੂ ਬੋਲੀ ਵਿੱਚ ਜ਼ਫਰ ਨਾਮਹ (ਨਾਨਕ ਚੰਦ ਨਾਜ਼) ਇਥੋਂ ਹੀ ਸ਼ੁਰੂ ਹੁੰਦਾ ਹੈ।

ਅਸੀਂ ਜ਼ਫਰ ਨਾਮਹ ਦੀ ਵਿਚਾਰ ਭਾਈ ਸਾਹਿਬ ਵੀਰ ਸਿੰਘ ਦੇ ਅਰਥਾਂ ਤੋਂ ਸ਼ੁਰੂ ਕਰਦੇ ਹਾਂ।

***ਨਾਮਹ (ਪੱਤ੍ਰ), ਗੁਰੂ ਗੋਬਿੰਦ ਸਿੰਘ ਬਾ (ਬਨਾਮ) ਔਰੰਗਜ਼ੇਬ***

***ਬਨਾਮੇ ਖ਼ੁਦਾਵੰਦ ਤੇਗੋ ਤਬਰ ਖ਼ੁਦਾਵੰਦੇ ਤੀਰੋ ਸਨਾਨੋ ਸਿਪਰਾ***

*(ਤਲਵਾਰ ਤੇ ਤਬਰ ਦੇ ਮਾਲਕ (ਖ਼ੁਦਾ) ਦੇ ਨਾਮ ਨਾਲ, ਤੀਰ ਅਣੀ ਤੇ ਢਾਲ ਦੇ ਮਾਲਕ (ਖ਼ੁਦਾ ਦੇ ਨਾਮ ਨਾਲ))*

(ਨਾਨਕ ਚੰਦ ਨਾਜ਼ ਨੇ ਉਰਦੂ ਭਾਸ਼ਾ ਵਿੱਚ ਜ਼ਫਰਨਾਮੇ ਦਾ ਅਨੁਵਾਦ ਕਰਦਿਆਂ, ਬਨਾਮ ਦੇ ਅਰਥ ਕਸਮ ਕੀਤੇ ਹਨ। ਗੁਰੂ ਜੀ ਨੇ ਹਥਿਆਰਾਂ ਦੀ ਕਸਮ ਖਾਣ ਤੋਂ ਬਾਦ ਚਿੱਠੀ ਦਾ ਆਰੰਭ ਕੀਤਾ ਹੈ।) ਅਸੀਂ ਗੁਰਸਿੱਖ ਕਦੇ ਨਹੀਂ ਮੰਨ ਸਕਦੇ ਕਿ ਪਾ:10 ਨੇ ਹਥਿਆਰਾਂ ਦੀ ਕਸਮ ਖਾਧੀ ਹੋਵੇ।

ਤ੍ਰਿਆ ਚਰਿਤ੍ਰ ਦੇ ਮੰਗਲਾਚਰਣ ਤੇ ਅੰਕ ੧ ਵਿੱਚ ਅਸੀਂ ਵਿਚਾਰ ਕੀਤੀ ਸੀ ਕਿ ਦੁਰਗਾ, ਭਗਉਤੀ ਦੇਵੀ ਦਾ ਉਪਾਸ਼ਕ ਕਵੀ ਮੰਗਲਾਚਰਣ ਵਿੱਚ ਕਹਿੰਦਾ ਹੈ ਸ੍ਰੀ ਭਗਉਤੀ ਜੀ ਸਹਾਇ, ਅੰਕ ਪਹਿਲਾ ਵਿੱਚ ਕਹਿੰਦਾ ਹੈ ਕਿ ਹੇ ਭਗਉਤੀ ਮਾਂ ਤੂੰ ਹੀ ਖੜਗਧਾਰੀ ਹੈ, ਤੂਹੀ ਤਲਵਾਰ ਦਾਤੀ ਆਦਿ ਹੈ, ਤੂੰ ਹੀ ਜੋਗ ਮਾਯਾ ਹੈ। ਕਵੀ ਭਗਉਤੀ ਨੂੰ ਸਭ ਤੋਂ ਉੱਚੀ ਹਸਤੀ, ਕਾਲ ਪੁਰਖ





ਤੋਂ ਉਪਜੀ ਭਗਉਤੀ ਨੂੰ ਹੀ ਅਕਾਲ ਪੁਰਖ ਕਹਿੰਦਾ ਹੈ, ਪਰਮੇਸ਼ਰ ਮੰਨਦਾ ਹੈ। ਵੇਦ ਸ਼ਾਸਤਰਾਂ, ਤੇ ਕਵੀ ਨੂੰ ਅਕਾਲ ਪੁਰਖ ਦੀ ਪਛਾਨ ਨਹੀਂ ਤੇ ਇਹ ਕਾਲ ਪੁਰਖ ਨੂੰ ਉਹ ਸਭ ਗੁਣ ਦਿੰਦੇ ਹਨ, ਜੋ ਗੁਣ ਗੁਰਬਾਣੀ ਇੱਕ ਏਕੰਕਾਰ ਇਕੋ ਇੱਕ ਹਸਤੀ, ਅਕਾਲ ਪੁਰਖ ਨੂੰ ਦਿੰਦੀ ਹੈ।

**ਗੁਰੂ ਗੋਬਿੰਦ ਸਿੰਘ ਜੀ ਸ਼ਸਤਰਾਂ ਦੀ ਕਸਮ ਨਹੀਂ ਖਾ ਸਕਦੇ। ਦਸਮ ਗ੍ਰੰਥ ਦੀਆਂ ਰਚਨਾਵਾਂ ਵਿੰਚ ਖੜਗਧਾਰੀ ਤੇ ਸ਼ਸਤਰਾ ਅਸਤ੍ਰਾ ਵਾਲੀ ਦੇਵੀ ਭਗੌਤੀ ਤੇ ਦੁਰਗਾ ਨੂੰ ਕਿਹਾ ਗਿਆ ਹੈ। ਇਸ ਮੁਢਲੀ ਵਿਚਾਰ ਤੋਂ ਹੀ ਅਸੀਂ ਕਹਿ ਸਕਦੇ ਹਾਂ ਕਿ ਇਹ ਰਚਨਾਂ** ਪਾ:10 ਦੀ ਨਹੀਂ ਹੈ। ਸ਼ਸਤਰਾਂ ਦੀ ਵਿਚਾਰ ਅਸੀਂ ਸ਼ਸਤਰ ਨਾਮ ਮਾਲਾ ਵਿੱਚ ਵੀ ਕੀਤੀ ਹੈ।

ਸਿੱਖ ਇਤਿਹਾਸ ਦੇ ਉਘੇ ਲਿਖਾਰੀ ਡਾ. ਸੰਗਤ ਸਿੰਘ ਨੇ ਆਪਣੀ ਪੁਸਤਕ 'ਇਤਿਹਾਸ 'ਚ ਸਿੱਖ' ਪੰਜਾਬੀ ਬੋਲੀ ਵਾਲੀ ਛਾਪ 1999 ਦੇ ਪੰਨਾ 75 ਵਿੱਖ ਲਿਖਿਆ ਹੈ ਕਿ ਮਾਛੀਵਾੜੇ ਦੇ ਜੰਗਲ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦੀਨਾ ਪੁੱਜੇ, ਜਿੱਥੇ ਉਹਨਾਂ ਨੇ ਔਰੰਗਜ਼ੇਬ ਵੱਲ ਦਸੰਬਰ 1705 ਵਿੱਚ ਆਪਣੀ ਫਤਹ ਦਾ ਪੱਤਰ ਜ਼ਫਰਨਾਮਾ ਲਿਖ ਕੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਹੱਥ ਭੇਜਿਆ। ਫੁਟਨੋਟ ਵਿੱਚ ਲਿਖਿਆ ਹੈ ਕਿ ਇਨਾਇਤੁੱਲਾ ਦੀ ਇਹਕਾਮਇ ਆਲਮਗੀਰੀ ਵਿੱਚ ਜ਼ਫਰਨਾਮੇ ਨੂੰ ਗੁਰੂ ਜੀ ਵੱਲੋਂ ਦਿੱਤੀ ਦਰਖਾਸਤ (ਬੇਨਤੀ) ਕਹਿ ਕੇ ਇਸ ਦਾ ਜ਼ਿਕਰ ਕੀਤਾ ਹੋਇਆ ਹੈ। Irwin ਵੀ ਵਾਹਿਦ ਦੇ ਆਧਾਰ ਤੇ ਇਹੋ ਜ਼ਿਕਰ ਕਰਦਾ ਹੈ।

ਸਿੱਖ ਇਤਿਹਾਸ ਦੇ ਪੱਖੋਂ, ਅਸੀਂ ਸਮਝ ਸਕਦੇ ਹਾਂ ਕਿ ਗੁਰੂ ਜੀ ਨੇ ਇੱਕ ਚਿੱਠੀ ਔਰੰਗਜ਼ੇਬ ਬਾਦਸ਼ਾਹ ਨੂੰ ਲਿਖੀ। ਇਤਿਹਾਸ ਸਾਨੂੰ ਇਹ ਨਹੀਂ ਦੱਸਦਾ ਕਿ ਗੁਰੂ ਜੀ ਨੇ ਚਿੱਠੀ ਵਿੱਚ ਕੀ ਸ਼ਬਦ ਵਰਤੇ ਸਨ।

ਗੁਰਸਿੱਖਾਂ ਨੇ ਦਸਮ ਗ੍ਰੰਥ ਵਿੱਚ ਦਰਜ ਚਿੱਠੀ, 'ਜ਼ਫਰਨਾਮਾ ਪਾ:10', ੧ ਓਅੰ ਹੁਕਮ ਸੱਤ, ਸ੍ਰੀ ਵਾਹਿਗੁਰੂ ਜੀ ਕੀ ਫਤਹ, ਜ਼ਫਰਨਾਮਾ ਸ੍ਰੀ ਮੁਖਵਾਕ ਪਾਤਸ਼ਾਹੀ ੧੦, ਪੜ੍ਹ ਕੇ ਇਹ ਸਮਝ ਲਿਆ ਕਿ ਇਹ ਫ਼ਾਰਸੀ ਵਿੱਚ ਕਵਿਤਾ ਰੂਪ ਚਿੱਠੀ, ਪਾ:10 ਨੇ ਲਿਖੀ ਸੀ।

ਅਸੀਂ ਚਿੱਠੀ ਦਾ ਅਨੁਵਾਦ ਕਰਕੇ ਇਹ ਫੈਸਲਾ ਕਰਨਾ ਹੈ ਕਿ ਇਹ ਚਿੱਠੀ ਭਗਉਤੀ ਦੇ ਪੁਜਾਰੀ ਕਿਸੇ ਕਵੀ ਨੇ, ਗੁਰੂ ਜੀ ਵੱਲੋਂ ਲਿਖੀ ਦਰਸਾਈ ਹੈ, ਤੇ ਸਾਨੂੰ ਭੁਲੇਖੇ ਵਿੱਚ ਪਾਉਣ ਲਈ ਮੰਗਲਾਚਰਣ ਵਿੱਚ ਪਾ:10 ਦਾ ਨਾਮ ਲਿਖ ਦਿੱਤਾ ਹੈ। ਰਚਨਾ ਨੂੰ ਪੜ੍ਹਨ ਵਿਚਾਰਨ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਫਤਹ ਦੀ ਚਿੱਠੀ ਨਹੀਂ, ਗੁਜ਼ਾਰਿਸ਼ ਦੀ ਚਿੱਠੀ ਬਣ ਕੇ ਉਭਰੀ ਹੈ।

ਅਸੀਂ ਇਹ ਨਿਰਣਾ ਕਰਨਾ ਹੈ ਕਿ ਕੀ ਨਿਰਭੈ ਯੋਧਾ, ਪਾ:10, ਔਰੰਗਜ਼ੇਬ ਕੋਲ ਆਪਣੀ ਲਾਚਾਰੀ ਦੱਸ ਕੇ, ਬਾਦਸ਼ਾਹ ਨਾਲ ਮੁਲਾਕਾਤ ਲਈ ਹਾੜੇ ਕੱਢਦੇ ਹਨ।

***ੴ ਹੁਕਮਸੱਤ***

***ਸ੍ਰੀ ਵਾਹਿਗੁਰੂ ਜੀ ਕੀ ਫਤਹ।।***

***ਜ਼ਫਰਨਾਮਾ ਸ੍ਰੀ ਮੁਖਵਾਕ ਪਾਤਿਸਾਹੀ ੧੦।।***

ਜ਼ਫਰਨਾਮਾ ਦੇ ਅਰਥ ਹਨ ਫਤਹ ਦੀ ਚਿੱਠੀ। ਕਵੀ ਨੇ ਇਹ ਚਿੱਠੀ ਪਾ:10 ਦੇ ਮੁੱਖ ਤੋਂ ਉਚਾਰੀ ਦਰਸਾਈ ਹੈ।

***ਕਮਾਲੇ ਕਰਾਮਾਤ ਕਾਇਮੁ ਕਰੀਮੁ।।***
***ਰਜਾਬਖ਼ਸ਼ ਰਾਜਿਕ ਰਹਾਕੁਨੰ ਰਹੀਮ।।*** (1)

*(ਉਹ ਕਰਾਮਾਤ ਵਿੱਚ ਪੂਰਾ ਹੈ, ਅਚਲ ਹੈ, ਕ੍ਰਿਪਾਲੂ ਹੈ। ਜਿਹੜਾ ਉਸ ਦੇ ਭਾਣੇ ਵਿੱਚ ਚਲਦਾ ਹੈ, ਉਸ ਤੇ ਬਖਸ਼ਿਸ਼ ਕਰਨ ਵਾਲਾ, ਅੰਨ ਦਾਤਾ ਤੇ ਬੰਧਨ ਕਟਣ ਵਾਲਾ ਦਇਆਲ ਹੈ।)*

***ਗੁਜਾਰਿੰਦ ਏ ਕਾਰਿ ਆਲਮ ਕਬੀਰ।***
***ਸਨਾਜਿੰਦ ਏ ਇਲਮਿ ਆਲਮ ਅਮੀਰ।*** (12)

*(ਜੋ ਸਾਰਿਆਂ ਤੋਂ ਵੱਡਾ ਜਗਤ ਦੇ ਕੰਮਾਂ ਨੂੰ ਚਲਾਉਣ ਵਾਲਾ ਹੈ, ਅਤੇ ਸੰਸਾਰ ਦੇ ਇਲਮ ਨੂੰ ਪਛਾਣਨ ਵਾਲਾ ਹੈ।)*

ਪਹਿਲੇ 12 ਅੰਕਾਂ ਵਿੱਚ ਮੰਗਲਾਚਰਨ ਹੈ, ਅਕਾਲ ਪੁਰਖ ਦੀ ਉਸਤਤਿ ਮਾਲੂਮ ਹੁੰਦੀ ਹੈ। ਅਸੀਂ ਵਿਚਾਰ ਕਰ ਚੁਕੇ ਹਾਂ ਕਿ ਕਵੀ ਕਾਲ ਨੂੰ ਅਕਾਲ ਵੀ ਕਹਿੰਦਾ ਹੈ। ਵਾਸਤਵ ਵਿੱਚ ਇਹ ਕਾਲ ਉਸਤਤਿ ਹੈ।

ਜ਼ਫਰਨਾਮਾ ਦੀਆਂ 12 ਹਿਕਾਇਤਾਂ ਹਨ। ਪਹਿਲੀ ਹਿਕਾਇਤ ਔਰੰਗਜ਼ੇਬ ਨੂੰ ਚਿੱਠੀ ਦੇ ਰੂਪ ਵਿੱਚ ਹੈ। ਹਿਕਾਇਤ ਨੰ. 2 ਤੋਂ 12 ਤਕ ਤ੍ਰਿਯਾ ਚਰਿਤ੍ਰ ਵਰਗੀਆਂ ਫ਼ਾਰਸੀ ਬੋਲੀ ਵਿੱਚ ਵਿਭਚਾਰੀ ਤ੍ਰੀਮਤਾਂ ਦੀਆਂ ਕਹਾਣੀਆਂ ਹਨ। ਅਸੀਂ ਤ੍ਰਿਯਾ ਚਰਿਤ੍ਰ ਦੀ ਵਿਚਾਰ ਵਿੱਚ ਸਮਝ ਚੁੱਕੇ ਹਾਂ ਕਿ ਲਿਖਾਰੀ ਕਵੀ ਭਗਉਤੀ ਦੇਵੀ ਦਾ ਉਪਾਸ਼ਕ ਹੈ।

***ਦਾਸਤਾਨ।। ਹਿਕਾਯਤ ਪਹਿਲੀ।।***
***ਮਰਾ ਏਤਬਾਰ ਬਰੀ ਕਸਤ ਨੇਸਤ।।***
***ਕਿ ਏਜਦ ਗੁਵਾਹ ਹਸਤੁ ਯਜਦਾ ਯਕੇਸਤ।।*** (13)





*(ਐ ਔਰੰਗਜ਼ੇਬ, ਮੈਨੂੰ ਤੇਰੀ ਇਸ ਸੌਂਹ ਤੇ ਯਕੀਨ ਨਹੀਂ ਕਿ ਇਕ ਖ਼ੁਦਾ ਹੀ ਸਾਡੇ ਦੋਹਾਂ ਵਿੱਚ ਗਵਾਹ ਹੈ।)*

***ਨ ਕਰਤਹ ਮਰਾ ਏਤਬਾਰੇ ਬਰੋਸੁ।।***
***ਕਿ ਬਖਸੀ ਵਦੀਵਾਂ ਹਮਹ ਕਿਜਬਗੋਸਤ।।*** (14)

*(ਤੇਰੇ ਫੌਜੀ ਜਰਨੈਲ ਤੇ ਮੁਸਾਹਬ ਸਭ ਝੂਠ ਬੋਲਣ ਵਾਲੇ ਹਨ। ਮੈਨੂੰ ਉਹਨਾਂ ਉਤੇ ਜ਼ਰਾ ਵੀ ਇਤਬਾਰ ਨਹੀਂ।)*

***ਸੁਰਿਜਨਹ ਚਿ ਕਾਰੇ ਕੁਨਦ ਚਿਹਲ ਨਰ।।***
***ਕਿ ਦਹਲਕ ਬਰਾਬਦ ਬਰੇ ਬੇਖਬਰ।।*** (19)

*(ਮੇਰੇ ਚਾਲੀ ਭੁੱਖੇ ਆਦਮੀਆਂ ਤੇ ਦਸ ਲੱਖ ਫੌਜੀ ਅਚਾਨਕ ਆ ਪਏ, ਉਸ ਸਮੇਂ ਉਹ ਕੀ ਕਰ ਸਕਦੇ ਸਨ।)*

ਨੋਟ : ਕੀ ਪਾ:10 ਆਪਣੀ ਲਾਚਾਰੀ ਦੀ ਗਾਥਾ ਔਰੰਗਜ਼ੇਬ ਨੂੰ ਦੱਸਣਾ ਚਾਹੁੰਦੇ ਸਨ ? (ਸਿੱਖ ਇਤਿਹਾਸ ਅਨੁਸਾਰ 40 ਸਿੰਘ ਜੰਗ ਵਿੱਚ ਜੂਝ ਕੇ ਸ਼ਹੀਦ ਹੋਏ ਸਨ।)

***ਨ ਦਾਨਮ ਕਿ ਈਂ ਮਰਦ ਪੈਮਾਂ ਸ਼ਿਕਨ।।***
***ਕਿ ਦੌਲਤ ਪਰਸਤਸਤ ਓ ਈਮਾਂ ਫਿਕਨ।।*** (45)

*(ਮੈਂ ਨਹੀਂ ਜਾਣਦਾ ਕਿ ਇਹ ਮਰਦ (ਔਰੰਗਜ਼ੇਬ) ਇਕਰਾਰ ਤੋੜਨ ਵਾਲਾ ਦੌਲਤ ਦਾ ਪੁਜਾਰੀ ਤੇ ਧਰਮ ਨੂੰ ਧੱਕਾ ਦੇਣ ਵਾਲਾ ਹੈ। ਭਾਵ ਇਸ ਆਦਮੀ ਦਾ ਧਰਮ ਤੇ ਕੋਈ ਯਕੀਨ ਨਹੀਂ।)*

***ਅਗਰ ਚਹਿ ਤੁਰਾ ਏਤਬਾਰ ਆਮਦੇ।।***
***ਕਮਰ ਬਸਤ ਏ ਪੇਸਵਾਰ ਆਮਦੇ।।*** (50)

***ਅਗਰ ਹਜਰਤੇ ਖ਼ੁਦ ਸਿਤਾਦਹ ਸ਼ਵਦ।।***
***ਬ ਜਾਨੋ ਦਿਲੇ ਕਾਰ ਵਾਜ਼ਿਹ ਸ਼ਵਦ।।*** (52)

*(ਐ ਬਾਦਸ਼ਾਹ ! ਜੇ ਤੂੰ ਆਪ ਇਥੇ ਖੜਾ ਹੁੰਦਾ ਤਾਂ ਸਾਰੀ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ।)*

***ਸ਼ੁਮਾ ਰਾ ਫਰਜ਼ ਅਸਤ ਕਾਰੇ ਕੁਨੀ।।***
***ਬਮੂਜਬ ਨਵਿਸ਼ਤਹ ਸ਼ੁਮਾਰੇ ਕੁਨੀ।।*** (53)

*(ਹੁਣ ਤੇਰਾ ਫਰਜ਼ ਬਣਨਾ ਹੈ ਕਿ ਤੂੰ ਜੋ ਵੀ ਅਮਲ ਕਰੇ, ਉਹ ਆਪਣੇ ਲਿਖੇ ਅਨੁਸਾਰ ਵਿਚਾਰ ਕਰਕੇ ਕਰੇ।)*

***ਬਿਯਾ ਤਾ ਸੁਖਨ ਖੁਦ ਜ਼ੁਬਾਨੀ ਕੁਨੇਮ।।***

***ਬਰੂਏ ਸ਼ੁਮਾ ਮਿਹਰਬਾਨੀ ਕੁਨੇਮ।।*** (60)

*(ਤੂੰ ਏਥੇ ਕਾਂਗੜ ਵਿੱਚ ਆ ਜਾਂ ਤਾਂ ਕਿ ਆਹਮੋ ਸਾਹਮਣੇ ਹੋ, ਜ਼ਬਾਨੀ ਗੱਲਬਾਤ ਕਰ ਲਈਏ।)*

***ਯਕੋ ਅਸਪ ਸ਼ਾਇਸਤਏ ਯਕ ਹਜ਼ਾਰ।।***

***ਬਯਾ ਤਾ ਬਗੀਰੀ ਬ ਮਨ ਈਂ ਦਿਯਾਰ।।*** (61)

*(ਇੱਕ ਬਹੁਤ ਸੁੰਦਰ ਇੱਕ ਹਜ਼ਾਰ ਕੀਮਤ ਵਾਲਾ ਘੋੜਾ ਲੈ ਕੇ ਆ, ਫਿਰ ਮੇਰੇ ਕੋਲੋਂ ਇਹ ਇਲਾਕਾ ਲੈ ਲਵੀਂ।)*

ਨੋਟ : ਪਾ:10 ਔਰੰਗਜ਼ੇਬ ਨੂੰ ਘੋੜਾ ਲਿਆਉਣ ਲਈ ਨਹੀਂ ਕਹਿ ਸਕਦੇ। ਪਾ:10 ਕਿਸੇ ਇਲਾਕੇ ਦੇ ਹੁਕਮਰਾਨ ਜਾਂ ਮਾਲਕ ਨਹੀਂ ਸਨ।

***ਸ਼ਹਨਸ਼ਾਹਿ ਰਾ ਬੰਦਹੇ ਚਾਕਰੇਮ।।***

***ਅਗਰਹੁਕਮ ਆਬਦ ਬ ਜਾਂ ਹਾਜਰੇਮ।।*** (62)

*(ਗਿਆਨੀ ਨਰੈਣ ਸਿੰਘ ਨੇ ਇਹ ਅਰਥ ਕੀਤੇ ਹਨ : ਅਕਾਲ ਪੁਰਖ ਜੋ ਬਾਦਸ਼ਾਹ ਹੈ ਉਸ ਦਾ ਮੈਂ ਚਾਕਰ ਤੇ ਸੇਵਕ ਹਾਂ। ਜੇ ਉਸ ਦਾ ਹੁਕਮ ਆ ਜਾਵੇ ਤਾਂ ਮੈਂ ਜਾਨ ਸਮੇਤ ਹਾਜ਼ਰ ਹਾਂ।)* ਨਿਰਪੱਖ ਵਿਚਾਰ ਕਰੀਏ ਤਾਂ, ਸ਼ਾਹਨਸ਼ਾਹ ਨੂੰ ਚਿੱਠੀ ਲਿਖਦਿਆਂ ਕਵੀ ਪਾ:10 ਵੱਲੋਂ ਇਹ ਕਹਿ ਰਿਹਾ ਹੈ, ਔਰੰਗਜ਼ੇਬ ਸ਼ਾਹਿਨਸ਼ਾਹ ਮੈਂ ਤੇਰਾ ਚਾਕਰ ਤੇ ਸੇਵਕ ਹਾਂ। ਜੇ ਤੇਰਾ ਹੁਕਮ ਆ ਜਾਵੇ ਤਾਂ ਮੈਂ ਜਾਨ ਸਮੇਤ ਹਾਜ਼ਰ ਹਾਂ।

ਨੋਟ : ਚਿੱਠੀ ਵਿੱਚ ਔਰੰਗਜ਼ੇਬ ਨੂੰ ਕਹਿਣਾ ਕਿ ਜੇ ਤੇਰਾ ਹੁਕਮ ਹੋਵੇ ਪਾਤਸ਼ਾਹੀ 10 ਦੀ ਸ਼ਖ਼ਸੀਅਤ ਦੇ ਵਿਪਰੀਤ ਹੈ, ਪਾ:10 ਦੀ ਤੌਹੀਨ ਹੈ।

***ਅਗਰਚੇ ਬਿਯਾਮਦ ਬਫੁਰਮਾਨੇ ਮਨ।।***
***ਹਜ਼ੂਰਤ ਬਿਆਯਮ ਹਮਹ ਜਾਨੇ ਤਨ।।*** (63)

*(ਜੇ ਮੈਨੂੰ ਹੁਕਮ ਆ ਗਿਆ ਤਾਂ ਮੈਂ ਤੇਰੇ ਸਾਹਮਣੇ ਜਾਨ ਤੇ ਸਰੀਰ ਕਰਕੇ ਆ ਜਾਵਾਂਗਾ।)*
ਨੋਟ : ਕੀ ਗੁਰੂ ਜੀ ਔਰੰਗਜ਼ੇਬ ਨੂੰ ਚਿੱਠੀ ਲਿਖ ਕੇ ਉਸਦੇ ਹੁਕਮ ਦੀ ਉਡੀਕ ਕਰ ਰਹੇ ਸਨ ? ਇਹ ਕਿਸੇ ਬੇਬਸ ਇਨਸਾਨ ਦਾ ਕਹਿਣਾ ਹੀ ਹੋ ਸਕਦਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਔਰੰਗਜ਼ੇਬ ਦੀ ਹਰ ਕੋਸ਼ਿਸ਼ ਦੇ ਬਾਵਜੂਦ ਉਸਨੂੰ ਦਰਸ਼ਨ ਨਹੀਂ ਦਿੱਤੇ।

***ਅਗਰ ਤੂੰ ਬਯਜਦਾਂ ਪਰਤਸੀ ਕੁਨੀ।।***





***ਬ ਕਾਰੇ ਮਰਾ ਈਂ ਨ ਸੁਸਤੀ ਕੁਨੀ।।***

*(ਜੇਕਰ ਤੂੰ ਪ੍ਰਭੂ ਦਾ ਪੁਜਾਰੀ ਹੈ, ਤਾਂ ਮੇਰੇ ਇਸ ਕੰਮ ਵਿੱਚ ਆਲਸ ਨਾ ਕਰੀ, ਭਾਵ ਮੈਨੂੰ ਮਿਲਨ ਵਿੱਚ ਢਿੱਲ ਨਾ ਕਰੀਂ।)*

ਨੋਟ : ਕੀ ਪਾ:10 ਹਰ ਤਰ੍ਹਾਂ ਨਾਲ ਪਰਮੇਸਰ ਦਾ ਵਾਸਤਾ ਪਾ ਕੇ ਔਰੰਗਜ਼ੇਬ ਨੂੰ ਮਿਲਣ ਲਈ ਬੇਨਤੀ ਕਰ ਰਹੇ ਹਨ ?

ਇਸ ਪਹਿਲੀ ਹਿਕਾਯਤ ਦੀ ਕਹਾਣੀ ਵਿੱਚ 115 ਬੰਦ ਹਨ। ਇਸ ਸਾਰੀ ਚਿੱਠੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਲਾਚਾਰ, ਬੇਬਸ, ਵਕਤ ਦੇ ਬਾਦਸ਼ਾਹ ਕੋਲ ਉਸ ਦੇ ਜਰਨੈਲਾਂ, ਤੇ ਕਾਜ਼ੀਆਂ ਦੀਆਂ ਸ਼ਿਕਾਇਤਾਂ, ਆਪਣੇ ਉਪਰ ਜ਼ੁਲਮ ਕਰਨ ਵਾਲੇ ਔਰੰਗਜ਼ੇਬ ਕੋਲ ਕੀਤੀਆਂ ਦਰਸਾਈਆਂ ਗਈਆਂ ਹਨ। ਇਹ ਉਸ ਨਿਰਭੈ ਯੋਧਾ, ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਉਲਟ ਸੰਦੇਸ਼ ਦੇਣ ਵਾਲੀ ਰਚਨਾ ਹੈ। ਗੁਰੂ ਗੋਬਿੰਦ ਸਿੰਘ ਤੇ ਜੰਗਾਂ ਵਿੱਚ ਸ਼ਹੀਦ ਹੋਏ ਸਿੰਘਾਂ ਤੇ ਹੋਰ ਸਿੰਘ ਬਹਾਦਰਾਂ ਦੀ ਤੌਹੀਨ ਹੈ। ਇਸ ਰਚਨਾ ਨੂੰ ਨਿਰਪੱਖ ਹੋ ਕੇ ਪੜ੍ਹਨ ਨਾਲ ਇਹ ਹੀ ਨਤੀਜਾ ਨਿਕਲਦਾ ਹੈ। ਕਿਸੇ ਹਿੰਦੂ, ਮੁਸਲਮਾਨ, ਈਸਾਈ ਜਾਂ ਹੋਰ ਨਿਰਪੱਖ ਇਨਸਾਨ ਨੂੰ ਇਹ ਰਚਨਾ ਪੜ੍ਹ ਕੇ ਪੁਛੋ ਕਿ ਉਹ ਗੁਰੂ ਗੋਬਿੰਦ ਸਿੰਘ ਬਾਰੇ ਇਸ ਆਧਾਰ ਤੇ ਕੀ ਸੋਚਦਾ ਹੈ ? ਇਸ ਪਹਿਲੀ ਹਿਕਾਅਤ ਤੋ ਅਗੇ ਦੂਸਰੀ ਹੈ ਤੇ ਜਫਰਨਾਮਾ ਦੀ ਸਾਰੀ ਰਚਨਾ 12ਵੀਂ ਹਿਕਾਅਤ ਤੇ ਸਮਾਪਤ ਹੁੰਦੀ ਹੈ।

ਗਿਆਨੀ ਭਾਗ ਸਿੰਘ ਆਪਣੀ ਪੁਸਤਕ ਵਿੱਚ ਕੁਝ ਹਿਕਾਇਤਾਂ ਦੀ ਵਿਚਾਰ ਵਿਸਥਾਰ ਨਾਲ ਕਰਦੇ ਹਨ। ਹਿਕਾਇਤਾਂ ਤ੍ਰਿਯ ਚਰਿਤ੍ਰ ਵਰਗੀਆਂ ਫ਼ਾਰਸੀ ਬੋਲੀ ਵਿੱਚ ਵਿਭਚਾਰੀ ਤ੍ਰੀਮਤਾਂ ਦੀਆਂ ਕਹਾਣੀਆਂ ਹਨ। ਇਸ ਤੋਂ ਅੱਗੇ ਗਿਆਨੀ ਭਾਗ ਸਿੰਘ ਜੀ ਦੀ ਪੁਸਤਕ ਦੇ ਪੰਜ ਪੰਨਿਆਂ ਦੀ ਨਕਲ ਹੈ (ਪੰਨਾ 101 ਤੋਂ 105) -

ਦੂਜੀ ਹਿਕਾਇਤ ਦੇ 139 ਬੰਦ ਹਨ ਜਿੰਨ੍ਹਾਂ ਦਾ ਸੰਖੇਪਕ ਸਾਰ ਇਹ ਹੈ ਕਿ ਇਕ ਉੱਤਰ ਦੇਸ਼ ਦਾ ਰਾਜਾ ਹਰਿਦੁਆਰ ਆ ਕੇ ਆਪਣੀ ਕੰਨਯਾ ਬਚਿਤ੍ਰਮਤੀ ਦਾ ਸੂਯੰਬਰ ਰਚਦਾ ਹੈ। ਉਹ ਅਨੇਕਾਂ ਰਾਜਕੁਮਾਰਾਂ ਵਿਚੋਂ ਇਕ ਸੂਰਮਾ ਸੁਭਟ ਸਿੰਘ ਪਸੰਦ ਕਰਦੀ ਹੈ। ... ਸੁਭਟ ਸਿੰਘ ਕਹਿੰਦਾ ਹੈ ਕਿ ਮੇਰੀ ਇਕ ਰਾਣੀ ਅਗੇ ਹੈ, ਇਸ ਲਈ ਮੈਂ ਦੂਜਾ ਵਿਆਹ ਨਹੀਂ ਕਰਾਉਂਦਾ ... ਰਾਜੇ ਵਲੋਂ ਇਕ ਮੰਨਿਆ-ਪ੍ਰਮੰਨਿਆ ਕਰਮ-ਕਾਂਡੀ ਬ੍ਰਾਹਮਣ ਜਾ ਕੇ ਸੁਭਟ ਸਿੰਘ ਨੂੰ ਬਚਿਤ੍ਰਮਤੀ ਲਈ ਮਜਬੂਰ ਕਰਦਾ ਹੈ ... ਸੁਭਟ ਸਿੰਘ ਕੁਰਾਨ ਅਤੇ ਰਸੂਲ ਦੀ ਕਸਮ ਚੁਕ ਕੇ ਕਹਿੰਦਾ ਹੈ ਕਿ ਮੈਂ ਦੂਜਾ ਵਿਆਹ ਨਹੀਂ ਕਰਾਉਣਾ, ਜਿਵੇਂ ਕਿ-

***ਕਿ ਈਂ ਰਾ ਮਨ ਹਰਗਿਜ਼ ਨ ਕਰਦਮ ਕਬੂਲ,***

***ਕਿ ਕਉਲੇ ਕੁਰਾਨਸਤ ਕਸਮੇ ਰਸੂਲ॥*** (ਬੰਦ 35)

ਬਚਿਤ੍ਰਮਤੀ ਗੁੱਸੇ ਵਿੱਚ ਆ ਕੇ ਕਹਿੰਦੀ ਹੈ ਕਿ ਹੁਣ ਮੈਂ ਉਸ ਨੂੰ ਵਰ੍ਹਾਂਗੀ ਜੋ ਮੇਰੇ ਨਾਲ ਜੁੱਧ ਕਰਕੇ ਮੈਨੂੰ ਹਰਾਵੇ ... ਜੰਗ ਛਿੜਦੀ ਹੈ ਜਿਸ ਵਿੱਚ ਬੰਦੀ, ਜੋਧਪੁਰ, ਅੰਬੇਰ, ਚੀਨ ਆਦਿਕ ਵਡਿਆਂ-ਵਡਿਆਂ ਮੁਲਕਾਂ ਦੇ ਅਨੇਕਾਂ ਰਾਜੇ ਇਕੱਲੀ ਬਚਿਤ੍ਰਮਤੀ ਹਥੋਂ ਮਾਰੇ ਜਾਂਦੇ ਹਨ। ਸੁਭਟ ਸਿੰਘ ਦੀ ਵਾਰੀ ਆਉਂਦੀ ਹੈ ਜਿਸ ਨੂੰ ਮੱਥੇ ਵਿੱਚ ਤੀਰ ਮਾਰ ਕੇ ਡੇਗਦੀ ਹੈ ... ਇਕ ਹੋਰ ਤੀਰ ਉਸਦੀ ਸ਼ਾਹਰੱਗ ਵਿੱਚ ਮਾਰ ਕੇ ਬੇਹੋਸ਼ ਕਰ ਦਿੰਦੀ ਹੈ, ਫਿਰ ਉਸਦੀ ਪਹਿਲੀ ਰਾਣੀ ਦਾ ਰੂਪ ਬਣਾ ਕੇ ਪਾਣੀ ਪਿਲਾਉਂਦੀ ਹੋਈ, ਉਸਨੂੰ ਹੋਸ਼ ਵਿੱਚ ਲਿਆਉਂਦੀ ਹੈ ... ਸੁਭਟ ਸਿੰਘ ਉਸਨੂੰ ਆਪਣੀ ਪਹਿਲੀ ਰਾਣੀ ਸਮਝ ਕੇ ਆਉਣ ਦਾ ਕਾਰਣ ਪੁੱਛਦਾ ਹੈ ਜਿਸ ਦਾ ਉਤਰ ਇਹ ਦਿੰਦੀ ਹੈ ਕਿ ਤੁਸੀਂ ਜਿਊਂਦੇ ਹੋਵੋ ਤਾਂ ਮਲ੍ਹਮ-ਪੱਟੀ ਆਦਿਕ ਦੀ ਸੇਵਾ ਕਰਾਂਗੀ, ਨਹੀਂ ਤਾਂ ਤੁਹਾਡੀ ਲਾਸ਼ ਲੈ ਆਵਾਂਗੀ ... ਸੁਭਟ ਸਿੰਘ ਪ੍ਰਸੰਨ ਹੋ ਕੇ ਕਹਿੰਦਾ ਹੈ ਕਿ ਕੁਝ ਮੰਗ ... ਉਤਰ ਇਹ ਦਿੰਦੀ ਹੈ ਕਿ ਤੁਸੀਂ ਮਰ ਕੇ ਨਵੇਂ ਸਿਰ ਜਨਮ ਲਿਆ ਹੈ, ਇਸ ਲਈ ਤੁਸੀਂ ਮੇਰੇ ਨਾਲ ਨਵੇਂ ਸਿਰਿਓਂ ਲਾਵਾਂ ਲੈ ਲਵੋ। ਫਿਰ ਅਗਨੀ ਪ੍ਰਚੰਡ ਕਰਕੇ ਚਾਰ ਫੇਰੇ ਲੈਣ ਉਪ੍ਰੰਤ ਰਥ ਵਿੱਚ ਬਿਠਾ ਕੇ ਆਪਣੇ ਡੇਰੇ ਲਿਆਉਂਦੀ ਹੈ। ਸੁਭਟ ਸਿੰਘ ਚੰਗੀ ਹੋਸ਼ ਆ ਜਾਣ ਤੇ ਪੁੱਛਦਾ ਹੈ ਕਿ ਹੁਣ ਮੈਂ ਕਿਥੇ ਹਾਂ ਅਤੇ ਤੂੰ ਕੌਣ ਹੈ, ਜਿਸਦਾ ਉਤਰ ਇਹ ਦਿੰਦੀ ਹੈ ਕਿ ਮੈਂ ਬਚਿਤ੍ਰਮਤੀ ਹਾਂ ਜਿਸਨੇ ਤੁਸਾਨੂੰ ਜੰਗ ਵਿੱਚ ਬੇਹੋਸ਼ ਕਰਨ ਉਪ੍ਰੰਤ ਤੁਸਾਡੇ ਨਾਲ ਫੇਰੇ ਲੈ ਕੇ ਵਿਆਹ ਕਰਾ ਲਿਆ ਹੈ ... ਇਸ ਤੋਂ ਅੱਗੇ ਅਸ਼ਲੀਲਕ ਵਰਨਣ ਹੈ, ਉਹ ਲਿਖਣ ਤੋਂ ਲੇਖਣੀ ਕੰਬਦੀ ਹੈ - ਪਾਠਕ ਆਪ ਹੀ ਵੇਖ ਸਕਦੇ ਹਨ।

ਨੋਟ : ਇਸ ਹਿਕਾਇਤ ਅਤੇ 52ਵੇਂ ਤ੍ਰਿਯਾ ਚਰਿਤ੍ਰ ਵਿੱਚ ਕੋਈ ਭਿੰਨ-ਭੇਦ ਨਹੀਂ, ਕੇਵਲ ਹਿੰਦੀ ਭਾਸ਼ਾ ਅਤੇ ਫ਼ਾਰਸੀ ਜ਼ਬਾਨ ਦਾ ਅੰਤਰ ਹੈ। ਤ੍ਰਿਯਾ ਚਰਿਤ੍ਰ ਵਿੱਚ ਬਚਿਤ੍ਰਮਤੀ ਦੇ ਪਿਤਾ ਦਾ ਨਾਮ ਬਿਜੈ ਸਿੰਘ ਹੈ ਅਤੇ ਉਸਨੂੰ ਸੂਰਜਬੰਸ਼ੀ ਲਿਖਿਆ ਹੈ ਪਰ ਕੁਰਾਨ ਆਦਿਕ ਦੀ ਸੌਗੰਧ ਨਹੀਂ ਲਿਖੀ। ਕਦੇ ਇਸ ਹਿਕਾਇਤ ਦੇ ਸ਼ਾਇਰ ਤੋਂ ਪੁਛਿਆ ਜਾਵੇ ਕਿ ਹਿੰਦੂ ਧਰਮ ਦੇ ਇਕ ਮੰਨੇ-ਪ੍ਰਮੰਨੇ ਮਹਾਨ ਤੀਰਥ ਹਰਿਦੁਆਰ ਉਤੇ ਇਕ ਸੂਰਜਬੰਸ਼ੀ ਹਿੰਦੂ ਰਾਜੇ ਵਲੋਂ ਸੁਅੰਬਰ ਹੈ ਅਤੇ ਇਕ ਕਰਮਕਾਂਡੀ ਬ੍ਰਾਹਮਣ ਵਿਚੋਲਗੀ ਕਰ ਰਿਹਾ ਹੈ ਪਰ ਇਕ ਹਿੰਦੂ ਸੁਭਟ ਸਿੰਘ ਕੁਰਾਨ ਸ਼ਰੀਫ਼ ਅਤੇ ਹਜ਼ਰਤ ਮੁਹੰਮਦ ਸਾਹਿਬ ਦੀ ਕਸਮ ਚੁਕਦਾ ਹੈ, ਤਾਂ ਕੀ ਉਤਰ ਦੇਵੇਗਾ।

ਮੁੱਕਦੀ ਗੱਲ ਇਹ ਕਿ ਇਹ ਹਿਕਾਇਤ ਜੋ ਤ੍ਰੀਯਾ ਚਰਿਤ੍ਰਾਂ ਵਿਚੋਂ 52ਵੇਂ ਚਰਿਤ੍ਰ ਦਾ ਦੂਜਾ ਰੂਪ ਅਤੇ ਨਿਰਾ ਕੁਫ਼ਰ ਤੋਲਿਆ ਹੋਇਆ ਹੈ, ਉਹ





ਦਸਵੇਂ ਗੁਰਦੇਵ ਵਲੋਂ ਔਰੰਗਜ਼ੇਬ ਨੂੰ ਲਿਖ ਭੇਜਣੀ ਸਿੱਧ ਕਰਨ ਵਾਲਾ ਜਾਣ-ਬੁੱਝ ਕੇ ਗੁਰਸਿੱਖਾਂ ਨੂੰ ਧੋਖਾ ਨਹੀਂ ਦੇ ਰਿਹਾ, ਤਾਂ ਹੋਰ ਕੀ ਹੈ ?

ਹਿਕਾਇਤ ਚੌਥੀ ਦੇ ਕੁਲ 51 ਬੰਦ ਹਨ, ਜਿੰਨ੍ਹਾਂ ਦਾ ਨਿਚੋੜ ਇਹ ਹੈ ਕਿ ਇਕ ਕਾਜ਼ੀ ਦੀ ਔਰਤ ਇਕ ਰਾਜੇ ਉਤੇ ਮੋਹਿਤ ਹੋ ਕੇ ਆਪਣੀ ਮਲੀਨ ਵਾਸ਼ਨਾ ਪ੍ਰਗਟ ਕਰਦੀ ਹੈ ... ਰਾਜਾ ਕਹਿੰਦਾ ਹੈ ਕਿ ਤੂੰ ਪਹਿਲਾਂ ਆਪਣੇ ਘਰਵਾਲੇ ਦਾ ਸਿਰ ਵੱਢ ਲਿਆਵੇਂ ਤਾਂ ਮੈਂ ਤੈਨੂੰ ਆਪਣੇ ਘਰ ਰਖ ਲਵਾਂਗਾ ... ਤੁਰਕਨੀ ਘਰ ਆ ਕੇ ਸੁੱਤੇ ਪਏ ਕਾਜ਼ੀ ਦਾ ਸਿਰ ਵੱਢ ਕੇ ਲਹੂ ਲਿਬੜਿਆ ਸਿਰ ਰਾਜੇ ਨੂੰ ਆ ਕੇ ਵਿਖਾਉਂਦੀ ਹੈ ... ਰਾਜਾ ਸਿਰ ਵੇਖ ਕੇ ਡਰਦਾ ਹੋਇਆ ਕਹਿੰਦਾ ਹੈ ਕਿ ਤੂੰ ਆਪਣੇ ਖਸਮ ਨੂੰ ਵੱਢ ਛੱਡਿਆ ਹੈ, ਰੱਬ ਜਾਣੇ ਕਿ ਤੂੰ ਮੇਰੇ ਨਾਲ ਕੀ ਕੁਝ ਕਰੇਂਗੀ, ਇਸ ਲਈ ਇਥੋਂ ਚਲੀ ਜਾ।

ਤੁਰਕਨੀ ਗੁੱਸੇ ਨਾਲ ਭਰੀ ਹੋਈ ਰਾਜੇ ਦੀ ਅਖੋਂ ਬਚਾ ਕੇ ਵੱਢਿਆ ਹੋਇਆ ਸਿਰ ਉਥੇ ਹੀ ਰਖ ਦਿੰਦੀ ਹੈ ਤੇ ਘਰ ਆ ਕੇ ਰੋਣ-ਪਿੱਟਣ ਲਗ ਜਾਂਦੀ ਹੈ ... ਲੋਕਾਂ ਦਾ ਇਕੱਠ ਹੋ ਜਾਣ ਤੇ ਕਹਿੰਦੀ ਹੈ ਕਿ ਕੋਈ ਜ਼ਾਲਮ ਕਾਜ਼ੀ ਸਾਹਿਬ ਦਾ ਸਿਰ ਵੱਢ ਕੇ ਲੈ ਗਿਆ ਹੈ ... ਫਿਰ ਵੱਢੇ ਹੋਏ ਸਿਰ ਵਿਚੋਂ ਡੁਲ੍ਹਦੇ ਲਹੂ ਦੇ ਨਿਸ਼ਾਨਾਂ ਉਤੇ ਲੋਕਾਂ ਨੂੰ ਲਿਜਾ ਕੇ ਸਿਰ ਵਿਖਾਉਂਦੀ ਹੈ ... ਲੋਕ ਵੱਢੇ ਹੋਏ ਸਿਰ ਸਮੇਤ ਰਾਜੇ ਨੂੰ ਜਹਾਂਗੀਰ ਦੇ ਪੇਸ਼ ਕਰਦੇ ਹਨ ... ਜਹਾਂਗੀਰ ਰਾਜੇ ਨੂੰ ਤੁਰਕਨੀ ਦੇ ਹਵਾਲੇ ਕਰ ਦਿੰਦਾ ਹੈ। ਤੁਰਕਨੀ ਉਸਨੂੰ ਜਲਾਦਾਂ ਦੇ ਹਵਾਲੇ ਕਰਨ ਲਗਦੀ ਹੈ ਤਾਂ ਰਾਜੇ ਵਲੋਂ ਅੱਖ ਦੇ ਇਸ਼ਾਰੇ ਰਾਹੀਂ ਤੁਰਕਨੀ ਦੀ ਰਜ਼ਾਮੰਦੀ ਮੰਨ ਜਾਣ ਉਤੇ ਉਸਦੀ ਜਾਨ ਬਖ਼ਸ਼ੀ ਕਰਕੇ ਆਪ ਮੱਕੇ ਵੱਲ ਨੂੰ ਟੁਰ ਪੈਂਦੀ ਹੈ ... ਕੁਝ ਦੂਰ ਜਾ ਕੇ ਲੋਕਾਂ ਵਲੋਂ ਅੱਖ ਬਚਾਉਂਦੀ ਹੋਈ ਰਾਜੇ ਕੋਲ ਆ ਜਾਂਦੀ ਹੈ।

ਹੁਣ ਵੇਖੋ ਤ੍ਰੀਯਾ ਚਰਿਤ੍ਰਾਂ ਵਿਚੋਂ 267ਵਾਂ ਚਰਿਤ੍ਰ ਜਿਸਦੇ ਕੁਲ 22 ਬੰਦ ਹਨ ਅਤੇ ਇੰਨ-ਬਿੰਨ ਉਤੇ ਲਿਖੀ ਚੌਥੀ ਹਿਕਾਇਤ ਦਾ ਹਿੰਦੀ ਭਾਸ਼ਾ ਵਿੱਚ ਰੂਪ ਚਿਤਰਿਆ ਹੈ ਤੇ ਨਾਲ ਹੀ ਉਸ ਰਾਜੇ ਦਾ ਨਾਮ ਵੀ ਰੂਪ ਸੈਨ ਲਿਖਿਆ ਹੋਇਆ ਹੈ।

ਸ਼ੋਕ ਕਿ ਇਹੋ ਜਿਹੇ ਗਪੌੜ (ਜਿੰਨ੍ਹਾਂ ਤੋਂ ਵੱਡੇ-ਵੱਡੇ ਗਪੌੜੀ ਵੀ ਨੱਕ ਵੱਟ ਲੈਣ) ਵੀ ਅਰਸ਼ੀ ਪ੍ਰੀਤਮ ਦਸ਼ਮੇਸ਼ ਵਲੋਂ ਔਰੰਗਜ਼ੇਬ ਨੂੰ ਲਿਖ ਭੇਜਣੇ ਦਰਸਾਉਣ ਵਾਲੇ ਵਿਦਵਾਨ ਸੱਜਣ ਜ਼ਫ਼ਰਨਾਮੇ ਤੋਂ ਪਿਛਲੀਆਂ ਹਿਕਾਇਤਾਂ ਅਤੇ ਤ੍ਰੀਯਾ ਚਰਿਤ੍ਰਾਂ ਦਾ ਪਾਜ ਉਘੇੜਨ ਦੀ ਥਾਵੇਂ ਉਲਟੀ ਦਸ਼ਮੇਸ਼ ਸਿੱਧ ਕਰਨ ਉਤੇ ਤੁਲੇ ਹੋਏ ਹਨ।

ਜ਼ਫ਼ਰਨਾਮੇ ਤੋਂ ਬਿਨਾ 11ਵੀਂ ਅੰਤਲੀ ਹਿਕਾਇਤ ਦੇ 21 ਬੰਦ ਹਨ ਜਿੰਨ੍ਹਾਂ ਦਾ ਸਿੱਟਾ ਇਹ ਹੈ ਕਿ ਇਕ ਰਹੀਮ ਖ਼ਾਨ ਪਠਾਣ ਦੀ ਔਰਤ ਆਪਣੇ

ਯਾਰ ਹਸਨ ਖ਼ਾਨ ਨੂੰ ਘਰ ਬੁਲਾ ਕੇ ਵਿਭਚਾਰ ਕਰਦੀ ਹੈ ... ਕੋਈ ਆਦਮੀ ਰਹੀਮ ਖ਼ਾਨ ਨੂੰ ਖਬਰ ਦਿੰਦਾ ਹੈ ... ਉਹ ਗੁੱਸੇ ਭਰਿਆ ਤਲਵਾਰ ਫੜ ਕੇ ਘਰ ਆਉਂਦਾ ਹੈ ... ਪਠਾਣੀ ਆਪਣੇ ਯਾਰ ਨੂੰ ਵੇਖ ਕੇ ਦੇਗ਼ ਅੰਦਰ ਗੋਸ਼ਤ ਰਿੰਨ੍ਹ ਕੇ ਰਹੀਮ ਖ਼ਾਨ ਨੂੰ ਖੁਆ ਕੇ ਖੁਸ਼ ਕਰ ਦਿੰਦੀ ਹੈ, ਉਹ ਖਬਰ ਦੇਣ ਵਾਲੇ ਨੂੰ ਉਲਟਾ ਝੂਠਾ ਸਮਝ ਕੇ ਵੱਢ ਛੱਡਦਾ ਹੈ।

ਕੁਰਬਾਨ ਜਾਈਏ ਇਸ ਸ਼ਾਇਰ ਤੋਂ ਜੋ ਅੱਖ ਦੇ ਪਲਕਾਰੇ ਵਿੱਚ ਹਸਨ ਖ਼ਾਨ ਨੂੰ ਵੱਢ ਕੇ ਉਸਦਾ ਖ਼ੂਨ ਅਤੇ ਹੱਡੀ-ਪਸਲੀ ਆਦਿਕ ਉਸੇ ਵੇਲੇ ਕਿਨਾਰੇ ਲਾ ਕੇ ਗੋਸ਼ਤ ਵੀ ਖਾ-ਖੁਵਾ ਦਿੰਦਾ ਹੈ, ਹਾਲਾਂਕਿ ਇਹ ਘਟਨਾ ਸੁਪਨੇ ਵਿੱਚ ਵੀ ਵੇਖੀ ਜਾਵੇ ਤਾਂ ਵੀ ਕੁਝ ਨਾ ਕੁਝ ਵਕਤ ਜ਼ਰੂਰ ਲਗ ਜਾਂਦਾ ਹੈ।

ਹੁਣ ਵੇਖੋ ਤ੍ਰੀਯਾ ਚਰਿਤ੍ਰ 221 ਜਿਸਦੇ ਕੇਵਲ 7 ਬੰਦ ਹਨ ਪਰ ਹਿੰਦੀ ਭਾਸ਼ਾ ਦੇ ਲਿਬਾਸ ਵਿੱਚ ਪ੍ਰਤੱਖ ਹੀ ਉਪਰਲੀ ਹਿਕਾਇਤ ਦਿੱਸਦੀ ਹੈ। ਹਾਂ, ਕੁਝ ਨਾਵਾਂ ਵਿੱਚ ਅਦਲਾ-ਬਦਲੀ ਹੈ ਜਿਵੇਂ ਕਿ ਹਿਕਾਇਤ ਵਿੱਚ ਪਠਾਣ ਦਾ ਨਾਮ ਰਹੀਮਖ਼ਾਨ ਲਿਖਿਆ ਹੈ ਪਰ ਇਥੇ ਸੰਮਨਖ਼ਾਨ ਹੈ ਅਤੇ ਪਠਾਣੀ ਦਾ ਨਾਮ ਹਿਕਾਇਤ ਵਿੱਚ ਤਾਂ ਹੈ ਹੀ ਨਹੀਂ ਪਰ ਇਥੇ 'ਸ੍ਰੀ ਮ੍ਰਿਗਰਾਜਮਤੀ' ਲਿਖਿਆ ਹੈ (ਵਾਹ ਰੇ ਕਵੀ ਜੀ ਮਹਾਰਾਜ) ਘਰਵਾਲੇ ਦਾ ਨਾਮ ਸੰਮਨਖ਼ਾਨ ਪਰ ਘਰਵਾਲੀ ਦਾ ਨਾਮ ਸ੍ਰੀ ਮ੍ਰਿਗਰਾਜਮਤੀ - 'ਮੂੰਹ ਗਊ ਦਾ, ਧੜ ਗਧੇ ਦਾ' ਵਾਲੀ ਕਹਾਵਤ ਵਾਂਗੂ ਕਿਹਾ ਢੁਕਵਾਂ ਜੋੜ ਹੈ। ਪਠਾਣੀ ਦੇ ਯਾਰ ਦਾ ਹਿਕਾਇਤ ਵਿੱਚ ਨਾਮ ਹਸਨਖ਼ਾਨ ਹੈ ਪਰ ਇਥੇ ਸ਼ਾਦੀਖ਼ਾਨ ਲਿਖਿਆ ਹੈ।

8 ਵੀਂ ਹਿਕਾਇਤ ਦੇ 47 ਬੰਦ ਹਨ ਪਰ ਕਹਾਣੀ 40 ਬੰਦਾਂ ਉੱਤੇ ਮੱਕ ਜਾਂਦੀ ਹੈ, ਬਾਕੀ ਦੇ ਅੰਕ ਅਉਕਵੇਂ ਜਿਹੇ ਹਨ ਭਾਵ ਹਿਕਾਇਤ ਨਾਲ ਮੇਲ ਨਹੀਂ ਖਾਂਦੇ। ਹਿਕਾਇਤ ਦਾ ਸੰਕੋਚਵਾਂ ਸਾਰ ਇਹ ਹੈ ਕਿ ਬਾਦਸ਼ਾਹ ਆਜ਼ਮਸ਼ਾਹ ਦੀ ਬੇਗ਼ਮ ਆਪਣੇ ਯਾਰ ਨੂੰ ਘਰ ਬੁਲਾਉਂਦੀ ਹੈ, ਜਿਸ ਦੇ ਦੋ-ਦੋ ਨੌਜਵਾਨ ਹਾਥੀਆਂ ਵਰਗੀ ਡੀਲ-ਡੌਲ ਵਾਲੇ ਪੁੱਤਰਾਂ ਨੂੰ ਸੁਤਿਆਂ ਵੇਖ ਉਹ ਘਬਰਾ ਕੇ ਕਹਿੰਦਾ ਹੈ ਕਿ ਇਹਨਾਂ ਨੂੰ ਜਾਗ ਆ ਗਈ ਤਾਂ ਮੈਨੂੰ ਮਾਰ ਸੁਟਣਗੇ, ਇਸ ਲਈ ਪਹਿਲੇ ਇਹਨਾਂ ਦਾ ਕੋਈ ਬੰਦੋਬਸਤ ਕਰਕੇ ਫਿਰ ਮੈਨੂੰ ਬੁਲਾਈਂ, ਇਹ ਕਹਿ ਕੇ ਵਾਪਸ ਚਲਾ ਜਾਂਦਾ ਹੈ।

ਬੇਗ਼ਮ ਦੋਹਾਂ ਪੁੱਤਰਾਂ ਨੂੰ ਸ਼ਰਾਬ ਰਾਹੀਂ ਮਸਤ ਕਰਕੇ ਵੱਢ ਸੁੱਟਣ ਉਪ੍ਰੰਤ ਰੋਣ-ਪਿੱਟਣ ਲਗ ਜਾਂਦੀ ਹੈ ... ਲੋਕਾਂ ਦਾ ਇਕੱਠ ਵੇਖ ਕੇ ਇਹ ਦੱਸਦੀ ਹੈ ਕਿ ਇਹਨਾਂ ਦੋਹਾਂ ਸ਼ਰਾਬ ਪੀ ਕੇ ਬੇਹੋਸ਼ੀ ਵਿੱਚ ਇਕ-ਦੈਜੇ ਨੂੰ ਕਤਲ ਕਰ ਦਿੱਤਾ ਹੈ ... ਫਿਰ ਫਟੇ-ਪੁਰਾਣੇ ਕਪੜੇ ਪਾ ਕੇ ਫਕੀਰਨੀ ਰੂਪ ਵਿੱਚ ਜੰਗਲ ਚਲੀ ਜਾਂਦੀ ਹੈ ... ਉਜਾੜ ਵਿੱਚ ਸ਼ਿਵ ਜੀ ਮਹਾਰਾਜ ਦਰਸ਼ਨ ਦੇ ਕੇ ਪੁੱਛਦੇ ਹਨ ਕਿ ਤੂੰ





'ਹੂਰ' ਹੈ ਜਾਂ 'ਪਰੀ' ਅਥਵਾ ਆਕਾਸ਼ੋਂ ਉਤਰਿਆ ਚੰਦ੍ਰਮਾ ਹੈ ... ਉਤਰ ਦਿੰਦੀ ਹੈ ਕਿ ਮੈਂ ਬਿਲਸ਼ਿਤਾਂ ਦੇਸ਼ ਦੇ ਬਾਦਸ਼ਾਹ ਦੀ ਬੇਟੀ ਹਾਂ ... ਸ਼ਿਵ ਜੀ ਪ੍ਰਸੰਨ ਹੋ ਕੇ ਕਹਿੰਦੇ ਹਨ ਕਿ ਵਰ ਮੰਗ ... ਵਰ ਇਹ ਮੰਗਦੀ ਹੈ ਕਿ ਮੈਂ ਬੁਢਿਉਂ ਜਵਾਨ ਹੋ ਕੇ ਆਪਣੇ ਯਾਰ ਨੂੰ ਮਿਲ ਪਵਾਂ।

ਵਰ ਪ੍ਰਾਪਤੀ ਉਪ੍ਰੰਤ ਯਾਰ ਦੇ ਖੂਹ ਉਤੇ ਜਾ ਬੈਠਦੀ ਹੈ ... ਯਾਰ ਨੂੰ ਆਉਂਦਿਆਂ ਵੇਖ ਬਾਰ੍ਹਾਂਸਿੰਗ੍ਹੇ ਦਾ ਰੂਪ ਧਾਰ ਕੇ ਦੌੜਦੀ ਹੈ ... ਯਾਰ ਵੀ ਉਸਦੇ ਪਿਛੇ-ਪਿਛੇ ਘੋੜਾ ਦੁੜਾਉਂਦਾ ਹੈ ... ਬਹੁਤ ਦੂਰ ਜਾ ਕੇ ਖ਼ੂਬਸੂਰਤ ਨੌਜਵਾਨ ਬਣ ਜਾਂਦੀ ਹੈ ਅਤੇ ਯਾਰ ਨਾਲ ਚਲੀ ਜਾਂਦੀ ਹੈ।

ਹੁਣ ਉਤੇ ਲਿਖੇ ਕੋਰੇ ਦੇ ਕੋਰੇ ਝੂਠ ਨੂੰ ਸੱਚ ਮੰਨਿਆ ਜਾਵੇ ਤਾਂ ਇਹ ਵੀ ਮੰਨਣਾ ਪਵੇਗਾ ਕਿ ਬਾਦਸ਼ਾਹ ਦੀ ਬੇਗ਼ਮ ਨੇ ਬੁਢਾਪੇ ਵਿੱਚ ਹੁੰਦਿਆਂ ਵੀ ਯਾਰ ਦੀ ਪ੍ਰਸੰਨਤਾ ਲਈ ਆਪਣੇ ਪਾਲੇ-ਪੋਸੇ ਵੱਡੀ ਡੀਲ-ਡੌਲ ਵਾਲੇ ਦੋਹਾਂ ਪੁੱਤਰਾਂ ਨੂੰ ਆਪਣੀ ਹਥੀਂ ਕੋਹ ਸੁੱਟਿਆ .... ਫਿਰ ਹਾਲ ਪਾਹਰਿਆ ਸੁਣ ਕੇ ਆਏ ਲੋਕਾਂ ਵਿਚੋਂ ਕਿਸੇ ਨੂੰ ਵੀ ਉਸਦੀ ਕੋਝੀ ਕਰਤੂਤ ਦਾ ਪਤਾ ਨਾ ਲੱਗਾ ... ਫਿਰ ਉਜਾੜ ਵਿੱਚ ਜਾਂਦੀ ਹੋਈ ਵਿਭਚਾਰਣ ਨੂੰ ਸ਼ਿਵ ਜੀ ਮਹਾਰਾਜ ਦੇ ਦਰਸ਼ਨ ਹੋ ਜਾਣ ਵਾਲੀ ਗੱਪ ਵੀ ਮੰਨਣੀ ਪਵੇਗੀ, ਇਤਨਾ ਹੀ ਨਹੀਂ ਇਹ ਨਿਸ਼ਚਾ ਵੀ ਕਰਨਾ ਪਵੇਗਾ ਕਿ ਤ੍ਰਿਕਾਲਿਗ (ਭੂਤ ਭਵਿਖਯਾਤ ਵਰਤਮਾਨ ਦੇ ਗਯਾਤਾ) ਸ਼ਿਵ ਜੀ ਭਗਵਾਨ ਨੂੰ ਵੀ ਉਸਦੇ ਘੋਰ ਪਾਪ ਦੀ ਗਿਆਤ ਨਾ ਹੋਈ ਜਿਸ ਲਈ ਉਨ੍ਹਾਂ ਨੇ ਪੁੱਛਿਆ ਕਿ ਤੂੰ 'ਹੂਰ' ਹੈਂ ਜਾਂ 'ਪਰੀ' ਅਥਵਾ ...

ਇਥੇ ਹੀ ਬਸ ਨਹੀਂ, ਇਹ ਪ੍ਰਤੀਤ ਵੀ ਕਰਨੀ ਪਵੇਗੀ ਕਿ ਉਸ ਕਾਮਾਗਨੀ ਵਿੱਚ ਸੜੀ-ਭੁੱਜੀ ਵਿਭਚਾਰਣ ਉਤੇ ਸ਼ਿਵਸ਼ੰਕਰ ਇਤਨਾ ਰੀਝੇ ਜੋ ਉਸ ਦੀ ਇੱਛਿਆ ਅਨੁਸਾਰ ਜੋ ਕੁਝ ਵੀ ਬਣਨਾ ਚਾਹੇ, ਉਹ ਰੂਪ ਧਾਰ ਕੇ ਯਾਰ ਨੂੰ ਮਿਲ ਪੈਣ ਦਾ ਵਰ ਦੇਣ ਤਕ ਵੀ ਤਿਆਰ ਹੋ ਗਏ, ਜਿਸ ਕਰਕੇ ਉਸ ਨੇ ਪਹਿਲਾਂ ਬਾਰਾਂਸਿੰਗ੍ਹੇ ਦਾ ਰੂਪ ਧਾਰ ਲਿਆ, ਫਿਰ ਨੌਜਵਾਨ ਕੁੜੀ ਬਣ ਗਈ ... ਇਤਿਆਦਿਕ ਉਪ੍ਰੋਕਤ ਸਾਰੇ ਦੇ ਸਾਰੇ ਗਪੌੜੇ ਸੱਤ-ਸੱਤ ਕਰਕੇ ਮੰਨਣੇ ਪੈਣਗੇ।

ਸੱਚ ਪੁਛੋ ਤਾਂ ਇਹਨਾਂ ਹਿਕਾਇਤਾਂ ਵਿੱਚ ਸ਼ਾਇਰ ਨੇ ਫ਼ਾਰਸੀ ਜ਼ਬਾਨ ਵਰਤ ਕੇ ਹੇਠ ਲਿਖੀ ਪ੍ਰਚਲਤ ਕਹਾਵਤ ਪ੍ਰਤੱਖ ਕਰਕੇ ਵਿਖਾ ਦਿੱਤੀ ਹੈ ਕਿ - ਝੂਠ ਬੋਲੋ ਰੱਜ ਰੱਜ ਕੇ, ਫਿਰ ਸੌਂ ਜਾਵੋ ਮੂੰਹ ਕੱਜ ਕੇ।

ਹਿਕਾਇਤ 9ਵੀਂ ਦੇ 44 ਬੰਦ ਹਨ ਜਿੰਨ੍ਹਾਂ ਦਾ ਸੰਖੇਪਕੀ ਵੇਰਵਾ ਇਹ ਹੈ ਕਿ ਫਿਰੰਗ-ਦੇਸ਼ ਦੇ ਬਾਦਸ਼ਾਹ ਦੀ ਰਾਣੀ ਆਪਣੇ ਯਾਰ ਨੂੰ ਬੁਲਾ ਕੇ ਇਕ ਨਾਈਂ (ਹਜਾਮ) ਕੋਲੋਂ ਮੋਚਨੇ ਨਾਲ ਉਸ ਦੀ ਦਾੜ੍ਹੀ ਦੇ ਵਾਲ ਪੁਟਵਾ ਕੇ ਜਨਾਨੇ ਕਪੜਿਆਂ ਵਿੱਚ ਗੋਲੀ ਦੇ ਰੂਪ ਅੰਦਰ ਆਪਣੇ ਕੋਲ ਵਿਭਚਾਰ ਹਿਤ ਰਖਦੀ ਹੈ।

ਇਕ ਦਿਨ ਬਾਦਸ਼ਾਹ ਉਸ ਨੂੰ ਖੂਬਸੂਰਤ ਔਰਤ ਸਮਝ ਕੇ ਕਾਮ-ਵਾਸ਼ਨਾ ਅਧੀਨ ਇਕ ਨੌਕਰਾਨੀ ਭੇਜ ਕੇ ਬੁਲਾਉਂਦਾ ਹੈ ਜਿਸ ਦਾ ਉਤਰ ਦਿੱਤੇ ਬਿਨਾ ਚੁਪ-ਚਾਪ ਰਾਣੀ ਕੋਲ ਜਾ ਕੇ ਕਹਿੰਦੀ ਹੈ ਕਿ ਮੈਨੂੰ ਸਚ-ਮੁਚ ਦੀ ਇਸਤਰੀ ਸਮਝ ਕੇ ਬਾਦਸ਼ਾਹ ਨੇ ਬੁਲਾਇਆ ਹੈ, ਕਿਹਾ ਚੰਗਾ ਹੋਵੇ ਕਿ ਮੈਂ ਇਥੋਂ ਚਲਾ ਜਾਵਾਂ, ਨਹੀਂ ਤੇ ਭੇਦ ਖੁਲ੍ਹ ਜਾਣ ਉਤੇ ਤੂੰ ਅਤੇ ਮੈਂ ਦੋਵੇਂ ਹੀ ਮਾਰੇ ਜਾਵਾਂਗੇ ... ਰਾਣੀ ਕਹਿੰਦੀ ਹੈ ਕਿ ਡਰ ਨਹੀਂ, ਮੈਂ ਤੈਨੂੰ ਚਾਰ ਮਹੀਨੇ ਹੋਰ ਵੀ ਆਪਣੇ ਕੋਲ ਰਖ ਕੇ ਰੰਗ-ਰਲੀਆਂ ... ਰਾਤ ਨੂੰ ਬਾਦਸ਼ਾਹ ਕਾਮਵਸ ਹੋ ਕੇ ਨਵੀਂ ਬਣੀ ਗੋਲੀ ਕੋਲ ਆਉਂਦਾ ਹੈ ... ਰਾਣੀ ਉਸ ਗੋਲੀ ਨੂੰ ਆਪਣੇ ਕੋਲ ਸੁਵਾ ਲੈਂਦੀ ਹੈ। ਬਾਦਸ਼ਾਹ ਸਮਝਦਾ ਹੈ ਕਿ ਇਸ ਗੋਲੀ ਨੇ ਰਾਣੀ ਨੂੰ ਮੇਰੇ ਬਾਬਤ ਦੱਸ ਦਿੱਤਾ ਹੋਣਾ ਹੈ, ਜਿਸ ਲਈ ਰਾਣੀ ਨੇ ਖਬਰਦਾਰ ਹੋ ਕੇ ਇਸਨੂੰ ਆਪਣੇ ਕੋਲ ਸੁਵਾ ਲਿਆ ਹੈ, ਬਾਦਸ਼ਾਹ ਵਾਪਸ ਚਲਾ ਜਾਂਦਾ ਹੈ।

ਦੂਜੀ ਰਾਤ ਨੂੰ ਫਿਰ ਆਉਂਦਾ ਹੈ ਤਾਂ ਉਸਨੂੰ ਰਾਣੀ ਕੋਲ ਸੁਤਿਆਂ ਵੇਖ ਵਾਪਸ ਮੁੜ ਜਾਂਦਾ ਹੈ ... ਇਸੇ ਤਰ੍ਹਾਂ ਪੰਜ-ਛੇ ਰਾਤਾਂ ਫੇਰ ਮਾਰ-ਮਾਰ ਕੇ ਮੁੜਦਾ ਹੋਇਆ ਕਾਮਾਤੁਰ ਹੋ ਕੇ ਕਚੀਚੀਆਂ ਵੱਟਦਾ-ਵੱਟਦਾ ਆਪਣੇ ਆਪ ਇਹੋ ਜਿਹੀਆਂ ਬੇਸ਼ਰਮ ਗੱਲਾਂ ਕਰਦਾਹੈ ਜੋ ਲਿਖਣ ਤੋਂ ਕਲਮ ਰੁੱਕਦੀ ਹੈ ਅਤੇ ਵਿਚਾਰ ਸ਼ਕਤੀ ਵੀ ਲਿਖਣ ਦੀ ਆਗਿਆ ਦੇਣ ਤੋਂ ਅਸਮਰੱਥ ਹੈ।

ਕੁਝ ਵੀ ਹੋਵੇ ਇਹ ਜ਼ਰੂਰ ਮੰਨਣਾ ਪਵੇਗਾ ਕਿ ਇਹ ਹਿਕਾਇਤਾਂ ਅਤੇ ਚਰਿਤ੍ਰ ਅਸੰਭਵ ਤੋਂ ਵੀ ਅਸੰਭਵ ਹਨ, ਜਿੰਨ੍ਹਾਂ ਨੂੰ ਦਸਮ ਪਿਤਾ ਵਲੋਂ ਔਰੰਗਜ਼ੇਬ ਨੂੰ ਲਿਖ ਭੇਜਣਾ ਸਹੇ ਦੇ ਸਿੰਗਾਂ ਵਾਂਗੂ ਤ੍ਰੈ ਕਾਲ ਅਸੰਭਵ ਹੈ।



# ਅੰਤਕਾ

ਅਸੀਂ ਦਸਮ ਗ੍ਰੰਥ ਦੀਆਂ ਰਚਨਾਵਾਂ ਦੀ ਵਿਚਾਰ, ਗੁਰਬਾਣੀ ਆਧਾਰ ਤੇ ਕੀਤੀ ਹੈ।

ਦਸਮ ਗ੍ਰੰਥ ਦੀ ਹਰ ਰਚਨਾਂ ਵਿਚੋਂ ਕੁਝ ਅੰਸ਼ ਲੈਕੇ ਅਸੀ ਰਚਨਾਵਾਂ ਦੇ ਅਰਥ ਕੀਤੇ ਹਨ ਤੇ ਗੁਰਬਾਣੀ ਦੇ ਉਦ੍ਹਾਰਨ ਦਿਤੇ ਹਨ। ਇਸ ਪੁਸਤਕ ਨੂੰ ਪੜ੍ਹ ਕੇ ਕਿਸੇ ਗੁਰਸਿਖ ਨੂੰ ਸੰਦੇਹ ਨਹੀ ਰਹੇਗਾ ਕਿ ਦਸਮ ਗ੍ਰੰਥ ਦੀਆਂ ਸਭ ਰਚਨਵਾਂ ਵਿਚ ਵੇਦ ਮਤ ਦੇ ਇਸ਼ਟ ਓਮ, ਕਾਲ, ਮਹਾਕਾਲ, ਕਾਲੀ, ਭਗੌਤੀ, ਦੁਰਗਾ, ਚੰਡੀ ਆਦਿ ਦੇਵੀ ਦੇਵਤਿਆਂ ਦੀਆਂ ਸਿਫਤਾਂ, ਕਾਰਨਾਮਿਆਂ, ਕਥਾਵਾਂ, ਅਰਾਧਨਾ ਤੇ ਸਰੂਪ ਦਾ ਵਰਣਨ ਹੈ। ਰਚਨਾਵਾਂ ਵਿਚ ਸ਼ਕਤੀ ਦੇ ਪੁਜਾਰੀਆਂ ਨੇ ਵੇਦ ਮਤ ਦੇ ਗ੍ਰੰਥਾਂ ਦਾ ਅਨੁਵਾਦ ਸੰਸਕ੍ਰਿਤ ਦੀ ਥਾਂ ਤੇ ਸੁਖੱਲੀ ਬੋਲੀ ਵਿਚ ਕੀਤਾ ਹੈ।

ਸਿੱਖ ਗੁਰੂਆਂ ਨੇ ਦੇਵੀ-ਦੇਵਤਿਆ ਤੇ ਮੂਰਤੀ ਪੂਜਾ ਦਾ ਖੰਡਣ ਕੀਤਾ ਹੈ। ਤੇ ਅਕਾਲ ਪੁਰਖ ਦੇ ਜਪ, ਸਿਮਰਨ, ਤੇ ਅਰਾਧਨਾ ਦਾ ਉਪਦੇਸ਼ ਦਿਤਾ ਹੈ। ਗੁਰਬਾਣੀ ਕਹਿੰਦੀ ਹੈ, ਸਭ ਧਰਮਾ ਤੋਂ ਸ੍ਰੇਸ਼ਟ ਧਰਮ ਨਾਮ ਧਰਮ ਹੈ:

*ਸਰਬ ਧਰਮ ਮਹ ਸ੍ਰੇਸ਼ਟ ਧਰਮ ਹਰ ਕੋ ਨਾਮੁ ਜਪਿ ਨਿਰਮਲ ਕਰਮੁ।।*

ਪੰਨਾ 266

ਸ੍ਰੇਸ਼ਟ ਨਾਮ ਧਰਮ ਦਾ ਪ੍ਰਚਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇ ਤਕ ਬ੍ਰਾਹਮਣ ਤੇ ਮੁਸਲਮਾਨ ਹਕੂਮਤ ਦੇ ਵਿਰੋਧ ਦੇ ਬਾਵਜੂਦ ਵੀ ਹੁੰਦਾ ਰਿਹਾ। ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਜੀ ਦੇ ਦਰਬਾਰ ਨੂੰ ਝੂਠ ਦੀ ਦੁਕਾਨ ਕਿਹਾ। ਤੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨਾਮ ਧਰਮ ਦਾ ਪ੍ਰਚਾਰ ਕਰਨ ਲਈ ਹੋਈ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਨ ਤੋਂ ਤਕਰੀਬਨ 60 ਸਾਲ ਬਾਦ ਦਸਮ ਗ੍ਰੰਥ ਦੀ ਰਚਨਾ ਹੋਈ, ਤੇ ਇਸਨੂੰ ਪਾ:10 ਦੀ ਬਾਣੀ ਕਹਿ ਕੇ, ਵਿਉਂਤ ਅਨੁਸਾਰ, ਬ੍ਰਾਹਮਣੀ ਮਤ ਵਾਲਿਆਂ ਨੇ ਸਿੱਖਾਂ ਦਾ ਗ੍ਰੰਥ ਬਣਾ ਦਿੱਤਾ। ਸਾਡੇ ਵਿਦਵਾਨਾ ਤੇ ਟੀਕਾਕਾਰਾਂ ਦੇ ਦਸਮ ਗ੍ਰੰਥ ਦੀਆ ਰਚਨਾਵਾਂ ਨੂੰ ਪਾ:10 ਕ੍ਰਿਤ ਮੰਨ ਲੈਣ ਦੇ ਇਤਿਹਾਸਕ ਕਾਰਨ ਸਨ। ਅਸੀ ਕਿਸੇ ਨੂੰ ਦੋਸ਼ ਨਹੀ ਦਿੰਦੇ।

ਇਸੇ ਭੁੱਲ ਵਿੱਚ ਸਾਡੇ ਨਿੱਤ ਨੇਮ ਵਿੱਚ ਜਾਪੁ ਸਾਹਿਬ, ਸੈਵੱਯੇ ਤੇ ਕਬਿਓਬਾਚ ਬੇਨਤੀ ਚਉਪਈ ਸ਼ਾਮਲ ਹੋਏ। ਤੇ ਖੰਡੇ ਦਾ ਅੰਮ੍ਰਿਤ ਤਿਆਰ ਕਰਨ ਵੇਲੇ ਵੀ ਇਹਨਾਂ ਦਾ ਪਾਠ ਹੋਣ ਲੱਗਾ। ਗੁਰੂ ਨਾਨਕ ਸਾਹਿਬ ਸਮਝਾਉਂਦੇ ਹਨ। ("*ਜੈਸਾ ਸੇਵੈ ਤੈਸੋ ਹੋਇ*/ ਪੰਨਾ 223") ਮਨੁਖ ਜਿਸ ਦਾ ਸਿਮਰਨ ਅਰਾਧਨਾ ਕਰਦਾ ਹੈ ਓਹੋ ਜਿਹਾ ਹੋ ਜਾਂਦਾ ਹੈ।

ਅੱਜ ਅਸੀਂ ਅਰਦਾਸ ਵਿੱਚ ਕਹਿੰਦੇ ਹਾਂ - "ਪ੍ਰਿਥਮ ਭਗਉਤੀ ਸਿਮਰ ਕੇ" - ਅਸੀਂ ਭਗਉਤੀ ਦੇਵੀ ਦਾ ਸਿਮਰਣ ਕਰ ਕੇ ਫਿਰ ਅਰਦਾਸ ਕਰਦੇ ਹਾਂ, ਭਗਉਤੀ ਦੇ ਗੁਣ ਤੇ ਅਵਗੁਣ ਸਾਡੇ ਵਿੱਚ ਆਉਂਦੇ ਹਨ।

ਅਸੀਂ ਪੜ੍ਹਦੇ ਹਾਂ "ਦੇਹ ਸਿਵਾ ਬਰ ਮੁਹਿ ਇਹੈ" - ਅਸੀਂ ਸ਼ਿਵ ਪਤਨੀ ਕੋਲੋਂ ਵਰ ਮੰਗਦੇ ਹਾਂ।

ਅਸੀਂ ਕਬਿਓਬਾਚ ਬੇਨਤੀ ਪੜ੍ਹਦੇ ਕਹਿੰਦੇ ਹਾਂ - "ਹਮਰੀ ਕਰੋ ਹਾਥ ਦ। ਰਛਾ" - ਅਸੀਂ ਭਗਉਤੀ ਤੋਂ ਰਖਿਆ ਮੰਗਦੇ ਹਾਂ। "ਤਵ ਚਰਨਨ ਮਨ ਰਹੇ ਹਮਾਰਾ" - ਭਗਉਤੀ ਦੇ ਚਰਨਾਂ ਵਿੱਚ ਰਹਿਣਾ ਚਾਹੁੰਦੇ ਹਾਂ।

ਅਸੀਂ ਪੜ੍ਹਦੇ ਹਾਂ - "ਸਗਲ ਦੁਆਰ ਕੌ ਛਾਡਿ ਕੈ ਗਹਿਓ ਤੁਹਾਰੋ ਦੁਆਰ" - ਅਸੀਂ ਭਗਉਤੀ/ਦੁਰਗਾ ਦੇਵੀ ਦੇ ਦੁਆਰ ਦਾ ਆਸਰਾ ਮੰਗਦੇ ਹਾਂ।

ਅਸੀਂ ਜਾਪੁ ਸਾਹਿਬ ਵਿੱਚ ਰੋਜ਼ ਪੜ੍ਹਦੇ ਹਾਂ - "ਨਮੋ ਕ੍ਰੂਰ ਰਪੇ" - ਅਸੀਂ ਦੁਖ ਦੇਣ ਵਾਲੀ ਕਰੂਪ ਰੂਪ ਦੇਵੀ ਦੁਰਗਾ ਨੂੰ ਨਮਸਕਾਰਾਂ ਕਰਦੇ ਹਾਂ।

ਅਸੀਂ ਇੰਦ੍ਰ ਦੀ ਆਰਤੀ ਪੜਦੇ ਤੇ ਉਤਾਰਦੇ ਹਾਂ, ਜਦੋਂ ਅਸੀਂ ਆਰਤੀ ਪੜ੍ਹਦੇ ਹਾਂ - "ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈ"।

ਅਸੀਂ ਅਕਾਲ ਉਸਤਤਿ ਵਿੱਚ ਦੇਵੀ ਚੰਡੀ ਦੀ ਉਸਤਤਿ ਸੁਣਦੇ ਹਾਂ। ਦੇਵੀ ਦੁਰਗਾ ਦੇ ਸਮਾਚਾਰ ਸੁਣਦੇ ਹਾਂ, ਮਾਰਕੰਡੇ ਪੁਰਾਨ ਸੁਣਦੇ ਹਾਂ ਮਹਾਕਾਲ, ਕਾਲੀ, ਦੁਰਗਾ ਦੀ ਕਥਾ ਜੰਗਾਂ ਦੀ ਵਡਿਆਈ ਸੁਣਦੇ ਹਾਂ।

ਚਉਬੀਸ ਅਵਤਾਰ ਵਿੱਚ ਦੇਵੀ ਦੇਵਤਿਆਂ, ਅਵਤਾਰਾਂ ਰਾਮ, ਕ੍ਰਿਸ਼ਨ ਆਦਿ ਦੀ ਕਥਾ ਤੇ ਗੁਣਾਣਵਾਦ ਸੁਣਦੇ ਹਾਂ।





ਸ਼ਸਤਰਨਾਮ ਮਾਲਾ ਪੜ੍ਹਦੇ ਤੇ ਸੁਣਦੇ ਹਾਂ, ਸ਼ਸਤਰਾਂ ਦੀ ਪੂਜਾ ਕਰਦੇ ਹਾਂ।

ਤ੍ਰਿਯਾ ਚਰਿਤ੍ਰ ਵਿੱਚ ਅਸ਼ਲੀਲ ਚਰਿਤ੍ਰਾਂ ਦਾ ਵਰਣਨ, ਵਿਭਚਾਰੀ ਔਰਤਾਂ ਦੇ ਮੱਕਾਰਾਂ ਦੀਆਂ ਅਨੇਕਾਂ ਕਹਾਣੀਆਂ ਸੁਣਦੇ ਹਾਂ ਜਿੰਨ੍ਹਾਂ ਵਿੱਚ ਮਰਦਾ ਨੂੰ ਕਾਮ ਵੱਸ ਮੂਰਖ ਜਣਾਇਆ ਗਿਆ ਹੈ। ਇਨ੍ਹਾਂ ਚਰਿਤ੍ਰਾਂ ਵਿੱਚ ਬੇਨਾਮ ਤਰੀਕੇ ਨਾਲ ਪਾ:10 ਵੀਂ ਸ਼ਾਮਲ ਕੀਤੇ ਗਏ ਹਨ ਅਤੇ ਗੁਰੂ ਜੀ ਦੇ ਆਚਰਣ ਉੱਤੇ ਲਾਂਛਨ ਲਗਾਏ ਹਨ। ਇਹ ਚਰਿਤ੍ਰ ਕਿਸੇ ਸਭਯ ਘਰਾਨੇ ਵਿੱਚ ਪੜ੍ਹਨ, ਸੁਣਨ ਲਾਇਕ ਨਹੀਂ।

ਜਫਰਨਾਮਾ ਵਿੱਚ ਇਹ ਦਰਸਾਇਆ ਗਿਆ ਹੈ ਕਿ ਨਿਰਭੈ ਯੋਧਾ ਗੁਰੂ ਗੋਬਿੰਦ ਸਿੰਘ ਜੀ ਨੇ ਚਿੱਠੀ ਰਾਹੀਂ ਔਰੰਗਜੇਬ ਨੂੰ ਇਹ ਫਰਯਾਦ ਲਿਖ ਭੇਜੀ ਕਿ ਜੇ ਤੇਰਾ ਹੁਕਮ ਹੋਵੇ ਤਾਂ ਮੈਂ ਤੇਰੇ ਸਾਹਮਣੇ ਜਾਨ ਤੇ ਸਰੀਰ ਲੈ ਕੇ ਆ ਜਾਵਾਂ। ਜਫਰਨਾਮੇ ਦੇ ਨਾਲ ਜੁੜੀਆਂ ਫਾਰਸੀ ਵਿਚ ਵੀ ਅਸ਼ਲੀਲ ਚਰਿਤ੍ਰਾ ਦਾ ਵਰਣਨ ਹੈ।

ਜੋ ਕੰਮ ਦਸ ਪਾਤਸ਼ਾਹੀਆਂ ਨੇ 239 ਸਾਲ ਵਿੱਚ ਕੀਤਾ ਸੀ, ਸਿੱਖਾਂ ਨੇ ਭੁੱਲ ਦੇ ਕਾਰਨ ਪਿਛੇ ਰੋੜ੍ਹਨਾ ਸ਼ੁਰੂ ਕਰ ਦਿੱਤਾ। (ਪਾ:10 1708 ਵਿੱਚ ਜੋਤੀ ਜੋਤਿ ਸਮਾਏ ਸਨ।) ਇਸ ਸਮੇ ਵਿੱਚ ਇਸਲਾਮ, ਈਸਾਈ ਮੱਤ ਤੇ ਬੁਧ ਮਤ ਦਾ, ਹਰ ਮੁਲਕ ਵਿੱਚ ਬਹੁਤ ਵਾਧਾ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੇ ਨਾਮ ਧਰਮ ਨੂੰ ਮੰਨਣ ਵਾਲੇ ਨਹੀਂ ਵਧੇ। ਸੱਚਾ ਤੇ ਸਭ ਤੋਂ ਉਤਮ ਨਾਮ ਧਰਮ ਕਮਾਉਨ ਵਾਲੇ ਸਿੱਖਾ ਦੀ ਗਿਣਤੀ ਸਭ ਤੋਂ ਘਟ ਹੈ। ਸੰਸਾਰ ਦਾ ਭਲਾ ਕਿੰਵੇ ਹੋਵੇ ?

ਸਿੱਖ ਨਿਰੋਲ ਗੁਰਬਾਣੀ ਪਾਠ, ਵਿਚਾਰ, ਕੀਰਤਨ ਤੇ ਗੁਰਮਤਿ ਨਾਮ ਸਿਮਰਨ ਤੋਂ ਖੁੰਝ ਗਏ। ਜੋ ਸਿੱਖ ਗੁਰੂ ਜੀ ਦੇ ਸਮੇਂ ਤੇ ਉਸ ਤੋਂ ਤਕਰੀਬਨ 100 ਸਾਲ ਬਾਦ ਤਕ ਕੇਸਾਂ ਦੀ ਰੱਖਿਆ ਲਈ ਜਾਨਾਂ ਵਾਰ ਦਿੰਦੇ ਸਨ, ਉਹਨਾਂ ਨੇ ਸਿਰ ਮੁੰਡਾ ਦਿੱਤੇ ਤੇ ਪਤਿਤ ਹੋ ਗਏ। ਉਹਨਾਂ ਨੂੰ ਪਤਾ ਨਹੀਂ ਕਿ ਉਹ ਜਨਮਾਂ ਦੇ ਗੇੜ ਵਿੱਚ ਕਿਤਨੇ ਪਿਛੇ ਚਲੇ ਗਏ। ਜਿੰਨ੍ਹਾਂ ਸਿੱਖਾਂ ਦੀ ਸ਼ਰਨ ਵਿੱਚ ਬੇਸਹਾਰਾ, ਮਜ਼ਲੂਮ ਆਉਂਦੇ ਸਨ, ਉਹਨਾਂ ਕੋਲੋਂ ਹੁਣ ਲੋਕ ਡਰਦੇ ਹਨ। ਸਿੱਖ ਝੂਠੇ, ਮੱਕਾਰ, ਫਰੇਬੀ ਹੋ ਗਏ। ਇਸ ਵੱਧ ਰਹੀ ਮੰਦੀ ਦਸ਼ਾ ਦਾ ਮੁੱਢ ਕਾਰਨ, ਇਹ ਹੈ ਕਿ ਨਿਰੋਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਛਿਪ ਕੇ ਵਿਰੋਧ ਦਸਮ ਗ੍ਰੰਥ ਦੀਆਂ ਕਾਲ ਦੇ ਉਪਾਸ਼ਕ ਕਵੀਆਂ ਦੀਆਂ ਰਚਨਾਵਾਂ ਕਰ ਰਹੀਆਂ ਹਨ।

ਕੀ ਅੱਜ ਦੀ ਜਾਣਕਾਰੀ ਤੋਂ ਬਾਦ ਗੁਰਸਿੱਖ ਹਿੰਦੂ ਧਰਮ ਦੇ ਬ੍ਰਾਹਮਣਾਂ, ਖੱਤ੍ਰੀਆਂ, ਵੈਸ਼ਾਂ ਤੇ ਨੀਵੀਂ ਜਾਤੀ ਦੇ ਸ਼ੂਦਰਾਂ ਨੂੰ ਨਾਮ ਧਰਮ ਦਾ ਉਪਦੇਸ਼ ਦੇਣਗੇ

ਜੋ ਗੁਰੂ ਸਾਹਿਬਾਨ ਨੇ ਦਿੱਤਾ ਸੀ ? ਗੁਰੂ ਜੀ ਨੇ ਵਰਨ ਵੰਡ ਦੂਰ ਕੀਤੀ ਸੀ, ਇਸਤਰੀ ਨੂੰ ਮਰਦ ਦੇ ਬਰਾਬਰ ਦਰਜਾ ਦਿੱਤਾ ਸੀ। ਇਸ ਜ਼ਮਾਨੇ ਵਿੱਚ ਵੀ ਸਰਕਾਰ ਤੇ ਕਚਿਹਰੀਆਂ ਦੀ ਬਰਾਬਰੀ ਦਾ ਦਰਜਾ ਦੇਣ ਦੀ ਕੋਸ਼ਿਸ਼ਾਂ ਦੇ ਬਾਵਜੂਦ ਸਨਾਤਨੀ ਮਤ ਦੀਆਂ ਜੰਜੀਰਾਂ ਢਿੱਲੀਆਂ ਨਹੀਂ ਹੋਈਆਂ। ਮੌਜੂਦਾ ਪੁਸਤਕਾਂ ਤੇ ਰੇਡੀਓ, ਟੀ.ਵੀ. ਦੇ ਜ਼ਮਾਨੇ ਵਿੱਚ ਨਿਰੋਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਨਾਮ ਧਰਮ ਦਾ ਉਪਦੇਸ਼ ਫਿਰ ਸਭ ਮਜ਼ਹਬਾਂ ਜਾਤੀਆਂ ਨੂੰ ਦੇ ਕੇ ਉਹਨਾਂ ਦਾ ਉਧਾਰ ਕਰਨ ਦੀ ਕੋਸ਼ਿਸ਼ ਕਰਨਾ ਸਾਡਾ ਫਰਜ ਹੈ। ਇਹ ਕੰਮ ਦਸ ਪਾਤਸ਼ਾਹੀਆਂ ਨੇ ਕੀਤਾ ਸੀ।

ਵਿਰੋਧੀ ਤਾਕਤਾਂ ਅਜੇ ਵੀ ਸਾਨੂੰ ਸਨਾਤਨੀ ਧਰਮ ਵਿੱਚ ਮਿਲਾਨ ਦੀਆਂ ਕੋਸ਼ਿਸ਼ਾਂ ਕਰਦੀਆਂ ਰਹਿਨਗੀਆਂ। ਸਾਡਾ ਕੰਮ ਇਹਨਾਂ ਦੇ ਹੁੰਦਿਆ ਵੀ ਸੱਚੇ ਨਾਮ ਧਰਮ ਦਾ ਹੋਕਾ ਦੇਣਾ ਹੈ। ਓੜਕ ਸੱਚ ਦੀ ਹੀ ਜਿੱਤ ਹੋਵੇਗੀ।

ਸਿੱਖ ਵਿਦਵਾਨਾ ਪੰਥਕ ਜਥੇਬੰਦੀਆਂ ਤੇ ਪੰਥਕ ਸੰਸਥਾਵਾਂ ਤੇ ਤਖਤਾਂ ਪਾਸ ਦਾਸ ਦੀ ਨਿਮਰਤਾ ਸਹਿਤ ਬੇਨਤੀ ਹੈ ਕਿ ਉਹ ਇਸ ਪੁਸਤਕ ਨੂੰ ਪੜ੍ਹ ਕੇ ਆਪ ਨਿਰਪਖ ਨਿਰਣੇ ਲੈਣ।





# ਬੇਨਤੀ

ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਸਿੱਖ ਮਤ ਦਾ ਸੰਪੂਰਨ ਗ੍ਰੰਥ ਹੈ। ਨਾਮ ਧਰਮ ਸਭ ਤੋਂ ਉੱਤਮ ਧਰਮ ਹੈ।

ਕਿਸੇ ਹੋਰ ਧਰਮ ਗ੍ਰੰਥ ਨੂੰ ਪੜ੍ਹ ਕੇ ਵਿਸ਼ਵਾਸ ਬਨਾਉਣਾ ਉਝੜ ਰਾਹ ਹੈ।

* **ਨਵ ਛਿਅ ਖਟ ਕਾ ਕਰੇ ਬੀਚਾਰੁ॥**

(ਨੌ ਵਿਆਕਰਣ, ਛੇ ਸ਼ਾਸਤ੍ਰ, ਛੇ ਵੇਦਾਂਗ ਦੀ ਵਿਚਾਰ ਕਰੇ।)

**ਨਿਸਿ ਦਿਨੁ ਉਚਰੈ ਭਾਰ ਅਠਾਰ॥**

(ਦਿਨ ਰਾਤ ਮਹਾਭਾਰਤ ਗ੍ਰੰਥ ਪੜ੍ਹੇ।)

**ਤਿਨਿ ਭੀ ਅੰਤੁ ਨਾ ਪਾਇਆ ਤੋਹਿ॥**

**ਨਾਮ ਬਿਹੂਣ ਮੁਕਤਿ ਕਿਉ ਹੋਇ॥**

(ਪੰਨਾ 1237, ਗੁਰੂ ਗ੍ਰੰਥ ਸਾਹਿਬ)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਆਧਾਰਿਤ ਗੁਰਮਤਿ ਦੇ ਪ੍ਰਚਾਰ ਤੇ ਪੰਥ ਦੇ ਹਿਤ ਵਿੱਚ ਹਥਲੀ ਪੁਸਤਕ ਦੀਆਂ 500 ਕਾਪੀਆਂ, ਬਿਨਾ ਮੋਖ, ਪੰਥ ਦੀਆਂ ਉੱਘੀਆਂ ਸੰਸਥਾਵਾਂ ਤੇ ਅਦਾਰਿਆਂ ਨੂੰ ਭੇਜੀਆਂ ਗਈਆਂ ਹਨ।

ਜੋ ਪੰਥ ਹਿਤੈਸ਼ੀ ਗੁਰਸਿੱਖ ਤੇ ਸੰਸਥਾਵਾਂ ਸਿੱਖ ਮਤ ਦੇ ਪ੍ਰਚਾਰ ਲਈ ਇਹ ਪੁਸਤਕ ਵੰਡਨਾ ਚਾਹੁੰਦੇ ਹਨ, ਉਹ ਪੁਸਤਕ ਵਿੱਚ ਦਿੱਤੇ ਮੋਖ ਤੋਂ ਅੱਧੀ ਕੀਮਤ ਦਾ ਚੈਕ (cheque) ਪੁਸਤਕ ਦੇ ਸ਼ੁਰੂ ਵਿੱਚ ਦਿੱਤੇ ਪਤਿਆਂ ਤੇ ਭੇਜ ਕੇ ਧੰਨਵਾਦੀ ਬਣਾਉਣ।

ਇਸ ਪੰਥਕ ਕਾਰਜ ਵਿੱਚ ਸ਼ਾਮਲ ਹੋਣ ਲਈ Donations ਵੀ ਭੇਜਨ ਦੀ ਕ੍ਰਿਪਾ ਕਰੋ, ਤਾਂਕਿ ਪੁਸਤਕ ਹਰ ਸਿੱਖ ਪਰਿਵਾਰ ਵਿੱਚ ਪਹੁੰਚਾਈ ਜਾ ਸਕੇ।

ਦਸਮ ਗ੍ਰੰਥ ਦੀ ਵਿਚਾਰ

ਦਸਮ ਗ੍ਰੰਥ ਦੀ ਵਿਚਾਰ